**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Golden State Realty**
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com
Gurcharan Singh Mann
Insurance Agent
Licence# OC 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ, ਜਿਸ ਦੀ ਦਫਤਰ ਵਲੋਂ ਮਨਜ਼ੂਰੀ ਹੈ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 33, August 13, 2016
20451 N Plum Grove Rd., Palatine, IL 60074
Ph:847-359-0746, Fax:847-705-9388

# 'ਜਥੇਦਾਰਾਂ' ਅੱਗੇ ਪੁਲਿਸ ਬੇਵੱਸ

## ਕੰਮ ਕਾਜ ਵਿਚ ਸਿਆਸੀ ਦਖਲ ਨੇ ਵਿਗਾੜੇ ਹਾਲਾਤ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਨਸ਼ਿਆਂ ਤੋਂ ਬਾਅਦ ਹੁਣ ਪੰਜਾਬ ਵਿਚ ਅਮਨ ਕਾਨੂੰਨ ਦੇ ਮਾੜੇ ਹਾਲਾਤ ਹਾਕਮ ਧਿਰ ਖਿਲਾਫ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਪੰਜਾਬ ਵਿਚ ਕਤਲ ਤੇ ਲੁੱਟ ਖੋਹ ਦੀਆਂ ਵਧ ਰਹੀਆਂ ਵਾਰਦਾਤਾਂ ਨੇ ਹਾਕਮ ਧਿਰ ਨੂੰ ਸਿਆਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਲਿਆ ਧਰਿਆ ਹੈ। ਪੰਜਾਬ ਪੁਲਿਸ ਦੇ ਕੰਮ ਕਾਜ ਵਿਚ ਸ਼੍ਰੋਮਣੀ ਅਕਾਲੀ ਦਲ ਦੇ 'ਜਥੇਦਾਰਾਂ' ਦੀ ਦਖਲਅੰਦਾਜ਼ੀ 'ਤੇ ਵੀ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਇਥੋਂ ਤੱਕ ਕਿ ਕਈ ਪੁਲਿਸ ਅਫਸਰ ਹੁਣ ਅਹਿਮ ਅਹੁਦਿਆਂ 'ਤੇ ਤਾਇਨਾਤੀ ਤੋਂ ਤੌਬਾ ਕਰ ਰਹੇ ਹਨ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਪੁਲਿਸ ਦੇ ਅਹੁਦੇ 'ਤੇ ਤਾਇਨਾਤੀ ਦੇ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੀ ਇਕ ਚੰਗੇ ਅਕਸ ਵਾਲੇ ਅਧਿਕਾਰੀ ਨੇ ਜਵਾਬ ਦੇ ਦਿੱਤਾ। ਪੁਲਿਸ ਅਧਿਕਾਰੀ ਮੰਨਦੇ ਹਨ ਕਿ ਪੰਜਾਬ ਵਿਚ ਕੰਮ ਕਰਨਾ ਮੁਸ਼ਕਿਲ ਹੋ ਗਿਆ ਹੈ।

ਅਪਰਾਧੀਆਂ ਅਤੇ ਨਸ਼ਾ ਤਸਕਰਾਂ ਦੇ ਸਿਆਸੀ ਸੰਪਰਕ ਇੰਨੇ ਡੂੰਘੇ ਹੋ ਗਏ ਹਨ ਕਿ ਬੰਦਾ ਫੜਿਆ ਪਿੱਛੋਂ ਜਾਂਦਾ ਹੈ, ਉਸ ਦੇ ਸਿਆਸੀ ਆਕਾ ਦਾ ਫੋਨ ਪਹਿਲਾਂ ਆ ਜਾਂਦਾ ਹੈ। ਇਹ ਵੀ ਚਰਚਾ ਹੈ ਕਿ ਪੁਲਿਸ ਦਾ ਖੁਫ਼ੀਆ ਵਿੰਗ ਅਪਰਾਧੀਆਂ ਅਤੇ ਅਤਿਵਾਦੀਆਂ ਦੀ ਸੂਹ ਲੈਣ ਦੀ ਥਾਂ ਹੁਕਮਰਾਨ ਧਿਰ ਦੇ ਸਿਆਸੀ ਵਿਰੋਧੀਆਂ ਦੀ ਜਾਸੂਸੀ ਕਰਨ ਲਈ ਵਰਤਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਚੋਣਾਂ ਤੋਂ ਪਹਿਲਾਂ ਪੁਲਿਸ ਅਫਸਰਾਂ ਦੀਆਂ ਧੜਾ ਧੜ ਬਦਲੀਆਂ ਹੋ ਰਹੀਆਂ ਹਨ। ਪੁਲਿਸ ਵਿਚ ਦਲ ਦੇ 'ਜਥੇਦਾਰਾਂ' ਦਾ ਇੰਨਾ ਸਹਿਮ ਹੈ ਕਿ ਪਿਛਲੇ ਦਿਨੀਂ ਅਕਾਲੀ ਆਗੂ ਨਵਦੀਪ ਸਿੰਘ ਗੋਲਡੀ ਸ਼ਰੇਆਮ ਡਿਪਟੀ ਕਮਿਸ਼ਨਰ ਦੀ ਮੌਜੂਦਗੀ ਵਿਚ ਅੰਮ੍ਰਿਤਸਰ ਦੇ ਡਿਪਟੀ ਮੇਅਰ ਨਾਲ ਹੱਥੋਪਾਈ ਹੋਇਆ ਅਤੇ ਆਪਣੇ ਸੁਰੱਖਿਆ ਗਾਰਡ ਦੀ ਏ.ਕੇ.-47 ਲੈ ਕੇ ਫਰਾਰ ਹੋ ਗਿਆ, ਪਰ ਕਿਸੇ ਪੁਲਿਸ ਅਧਿਕਾਰੀ ਨੇ ਉਸ ਨੂੰ ਹੱਥ ਪਾਉਣ ਦੀ ਹਿੰਮਤ ਨਾ ਵਿਖਾਈ।

ਬਾਦਲ ਸਰਕਾਰ ਭਾਵੇਂ ਆਏ ਦਿਨ ਅੰਕੜਿਆਂ ਦੀ ਜਾਦੂਈ ਖੇਡ ਰਾਹੀਂ ਅਪਰਾਧਾਂ ਅਤੇ ਡਰੱਗ ਪੱਖੋਂ ਪੰਜਾਬ ਦੀ ਸਥਿਤੀ ਹੋਰ ਸੂਬਿਆਂ ਤੋਂ ਬਿਹਤਰ ਹੋਣ ਦੇ ਦਾਅਵੇ ਕਰਦੀ ਆ ਰਹੀ ਹੈ, ਪਰ ਸੱਚਾਈ ਇਹ ਹੈ ਕਿ ਆਮ ਲੋਕਾਂ ਸਮੇਤ ਅਕਾਲੀ-ਭਾਜਪਾ ਸਰਕਾਰ ਵੀ ਧੁਰ ਅੰਦਰੋਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਪ੍ਰਤੀ ਝੰਜੋੜੀ ਗਈ ਹੈ। ਆਰ.ਐਸ.ਐਸ. ਪੰਜਾਬ ਬਾਰੇ ਸਹਿ-ਸੰਚਾਲਕ ਜਗਦੀਸ਼ ਗਗਨੇਜਾ ਉਤੇ ਦਿਨ-ਦਿਹਾੜੇ ਕਾਤਲਾਨਾ ਹਮਲੇ ਪਿੱਛੋਂ ਕੇਂਦਰ ਵੱਲੋਂ ਵੀ ਬਾਦਲ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉਠਾਏ ਗਏ ਹਨ।

ਇਸ ਪਿੱਛੋਂ ਦੋਵੇਂ ਬਾਦਲਾਂ ਨੇ ਹਾਲਾਤ ਵਿਗੜਨ ਪਿੱਛੇ ਵਿਦੇਸ਼ੀ ਹੱਥ ਹੋਣ ਦਾ ਦਾਅਵਾ ਠੋਕ ਦਿੱਤਾ। ਇਸ ਤੋਂ ਪਹਿਲਾਂ ਚਾਰ ਅਪਰੈਲ ਨੂੰ ਨਾਮਧਾਰੀ ਡੇਰੇ ਦੀ ਮੁੱਖ ਸੰਚਾਲਕ ਮਾਤਾ ਚੰਦ ਕੌਰ ਨੂੰ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਨਾਲ ਹਲਾਕ ਕਰ ਦਿੱਤਾ ਸੀ। ਇਸੇ ਤਰ੍ਹਾਂ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਜਥੇ 'ਤੇ ਵੀ ਕਾਤਲਾਨਾ ਹਮਲਾ ਹੋ ਚੁੱਕਾ ਹੈ।

*(ਬਾਕੀ ਸਫਾ 6 'ਤੇ)*

### ਗੈਂਗਵਾਰਾਂ ਵੱਡੀ ਵੰਗਾਰ

ਪੰਜਾਬ ਵਿਚ ਸ਼ੁਰੂ ਹੋਈਆਂ ਗੈਂਗਵਾਰ ਨੇ ਪੁਲਿਸ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ। ਪਿਛਲੇ ਸਮੇਂ ਭਾਵੇਂ ਪੰਜਾਬ ਵਿਚਲੇ ਖਤਰਨਾਕ ਗਰੋਹਾਂ ਨੂੰ ਨੱਥ ਪਾਉਣ ਲਈ ਵਿਸ਼ੇਸ਼ ਟੀਮ ਬਣਾਈ ਗਈ ਸੀ, ਪਰ ਤਰਨ ਤਾਰਨ ਵਿਚ ਵਾਪਰੀ ਗੈਂਗਵਾਰ ਦੀ ਤਾਜ਼ਾ ਘਟਨਾ ਨੇ ਮੁੜ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਪੁਲਿਸ ਦੇ ਆਪਣੇ ਅੰਕੜਿਆਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਅਜਿਹੇ 57 ਗਰੋਹ ਸਰਗਰਮ ਹਨ, ਜਿਨ੍ਹਾਂ ਦੇ ਕੁੱਲ 423 ਮੈਂਬਰ ਹਨ। ਇਨ੍ਹਾਂ 423 ਅਪਰਾਧੀਆਂ ਵਿਚੋਂ 310 ਜੇਲ੍ਹਾਂ ਅਤੇ ਜ਼ਮਾਨਤਾਂ ਉਤੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਸੂਬੇ ਵਿਚ ਪੁਲਿਸ ਦੇ ਹੱਥੋਂ ਬਚੇ ਵੱਖ-ਵੱਖ ਗਰੋਹਾਂ ਦੇ ਸਿਰਫ 113 ਮੈਂਬਰ ਹੀ ਸਰਗਰਮ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿਰਫ 113 ਅਜਿਹੇ ਅਪਰਾਧੀਆਂ ਨੇ ਪੰਜਾਬ ਵਿਚ ਦਹਿਸ਼ਤ ਮਚਾਈ ਪਈ ਹੈ, ਜਦੋਂਕਿ ਸਰਕਾਰੀ ਅੰਕੜਿਆਂ ਅਨੁਸਾਰ ਸੂਬੇ ਵਿਚ ਅਮਨ-ਕਾਨੂੰਨ ਵਿਵਸਥਾ ਵਿਚ ਲਗਾਤਾਰ ਸੁਧਾਰ ਹੋਇਆ ਹੈ।

# ਭਾਰਤ-ਪਾਕਿਸਤਾਨ ਫਿਰ ਟਕਰਾਅ ਦੇ ਰਾਹ



*ਕਸ਼ਮੀਰ ਵਿਚ ਹਲਾਕ ਹੋਏ ਨੌਜਵਾਨ ਦੇ ਰਿਸ਼ਤੇਦਾਰ ਵਿਰਲਾਪ ਕਰਦੇ ਹੋਏ।*

**ਸ੍ਰੀਨਗਰ:** ਹਿਜ਼ਬੁਲ ਮੁਜਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ ਨੂੰ ਮੁਕਾਬਲੇ ਵਿਚ ਮਾਰ ਮੁਕਾਉਣ ਤੋਂ ਬਾਅਦ ਕਸ਼ਮੀਰ 'ਚ ਤਣਾਅ ਦਾ ਮਾਹੌਲ ਜਿਉਂ ਦਾ ਤਿਉਂ ਹੈ। ਫੌਜ ਨਾਲ ਟਕਰਾਅ ਵਿਚ ਹੁਣ ਤੱਕ 63 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਘਟਨਾਵਾਂ ਨੇ ਭਾਰਤ ਪਾਕਿਸਤਾਨ ਵਿਚ ਤਣਾਅ ਹੋਣ ਵਧਾ ਦਿੱਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਖੁੱਲ੍ਹ ਕੇ ਕਸ਼ਮੀਰੀ ਲੋਕਾਂ ਦੀ 'ਆਜ਼ਾਦੀ' ਲਈ ਅੱਗੇ ਆਇਆ ਹੈ। ਹੁਣ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਲੋਚਿਸਤਾਨ ਵਿਚ ਪਾਕਿਸਤਾਨ ਸਰਕਾਰ ਵੱਲੋਂ ਕੀਤੀਆ ਜਾ ਰਹੀਆਂ ਕਥਿਤ ਜ਼ਿਆਦਤੀਆਂ ਦਾ ਮੁੱਦਾ ਉਭਾਰ ਦਿੱਤਾ ਹੈ। ਇਸ ਨਾਲ ਦੋਹਾਂ ਮੁਲਕਾਂ ਵਿਚ ਹੋਰ ਟਕਰਾਅ ਪੈਦਾ ਹੋ ਗਿਆ ਹੈ।

ਇਸੇ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੱਲੋਂ ਕਸ਼ਮੀਰ ਦੇ ਹਾਲਾਤ ਬਾਰੇ ਬਿਆਨ ਦੇਣ ਤੋਂ ਬਾਅਦ ਦੋਹਾਂ ਮੁਲਕਾਂ ਵਿਚਕਾਰ ਸ਼ਬਦ ਜੰਗ ਤੇਜ਼ ਹੋ ਗਈ ਹੈ। ਪਾਕਿਸਤਾਨ ਨੇ ਵਾਨੀ ਨੂੰ ਸ਼ਹੀਦ ਦਾ ਰੁਤਬਾ ਦਿੰਦਿਆਂ ਕਸ਼ਮੀਰ ਮਸਲੇ ਨੂੰ ਕੌਮਾਂਤਰੀ ਪੱਧਰ 'ਤੇ ਉਠਾਉਣ ਦੀ ਕੋਸ਼ਿਸ਼ ਕੀਤੀ ਸੀ, ਜਦਕਿ ਭਾਰਤ ਆਖਦਾ ਆ ਰਿਹਾ ਹੈ ਕਿ ਵਾਦੀ ਵਿਚ ਖਰਾਬ ਹਾਲਾਤ ਦੀ ਜੜ੍ਹ ਪਾਕਿਸਤਾਨ ਵੱਲੋਂ ਅਤਿਵਾਦ ਨੂੰ ਸ਼ਹਿ ਦੇਣਾ ਹੈ। ਪਾਕਿਸਤਾਨ ਦੇ ਭਾਰਤ ਵਿਚ ਸਫੀਰ ਅਬਦੁੱਲ ਬਾਸਿਤ ਵੱਲੋਂ ਨਵੀਂ ਦਿੱਲੀ ਵਿਚ ਸਮਾਗਮ ਦੌਰਾਨ ਆਪਣੇ ਆਜ਼ਾਦੀ ਦਿਹਾੜੇ ਨੂੰ ਕਸ਼ਮੀਰ ਦੀ 'ਆਜ਼ਾਦੀ' ਲਈ ਸਮਰਪਿਤ ਕਰਨ ਦੇ ਐਲਾਨ ਨੇ ਦੋਵਾਂ ਦੇਸ਼ਾਂ ਵਿਚ ਕੜੱਤਣ ਹੋਰ ਵਧਾ ਦਿੱਤੀ ਹੈ। ਪਾਕਿਸਤਾਨ ਨੇ ਕਿਹਾ ਹੈ ਕਿ ਉਹ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਕੂਟਨੀਤਕ, ਸਿਆਸੀ ਅਤੇ ਨੈਤਿਕ ਪੱਧਰ ਉਤੇ ਹਮਾਇਤ ਦੇਣਾ ਜਾਰੀ

*(ਬਾਕੀ ਸਫਾ 6 'ਤੇ)*

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ੴ ਪੂਜਾ ਅਕਾਲ ਕੀ॥ ਪਰਚਾ ਸ਼ਬਦ ਕਾ॥ ਦੀਦਾਰ ਖਾਲਸੇ ਕਾ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

2468 Tierra Buena Rd., Yuba City, CA 95992

# ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਚੋਣ

## ਮਿਤੀ: 27 ਅਤੇ 28 ਅਗਸਤ 2016

**ਸਾਧ ਸੰਗਤ ਜੀ, ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜਾ ਅਤੇ ਸੰਗਤਾਂ ਦੀ ਇੱਛਾ ਅਨੁਸਾਰ ਚਲਾਉਣ ਲਈ ਆ ਰਹੀਆਂ ਚੋਣਾਂ ਵਿਚ ਸਾਧ ਸੰਗਤ ਸਲੇਟ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।**




# ਸਾਧ ਸੰਗਤ ਸਲੇਟ ਦੇ ਟੀਚੇ ਅਤੇ ਮਨੋਰਥ

1. ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਭਰੋਸਾ ਕਾਇਮ ਕਰ ਕੇ ਸਿੱਖ ਭਾਈਚਾਰੇ ਨੂੰ ਇਕ ਜੁੱਟ ਕਰਨਾ।
2. ਯੋਗ ਗ੍ਰੰਥੀ ਅਤੇ ਕੀਰਤਨੀ ਜਥੇ ਰੱਖ ਕੇ ਗੁਰੂ ਘਰ ਦੀਆਂ ਸੇਵਾਵਾਂ ਵਿਚ ਸੁਧਾਰ ਲਿਆਉਣਾ।
3. ਭਾਈਚਾਰੇ ਦੀ ਸਲਾਹ ਲੈ ਕੇ ਗੁਰੂ ਘਰ ਦੇ ਕੰਮਾਂ ਵਿਚ ਭਾਈਚਾਰੇ ਦੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ।
4. ਗੁਰੂ ਘਰ ਦੇ ਵਿੱਤੀ ਮਾਮਲਿਆਂ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣਾ, ਵਿੱਤੀ ਰਿਪੋਰਟਾਂ ਬਹੁਤ ਸਾਦਾ ਅਤੇ ਸਮਝ ਆਉਣ ਵਾਲੇ ਤਰੀਕੇ ਨਾਲ ਸਮੇਂ ਸਿਰ ਜਾਰੀ ਕਰਨਾ।
5. ਪੰਜਾਬੀ ਸਕੂਲ, ਖੇਡਾਂ, ਗੋਸ਼ਟੀਆਂ, ਕੈਂਪਾਂ ਅਤੇ ਅੰਗਰੇਜ਼ੀ ਵਿਚ ਪ੍ਰੋਗਰਾਮਾਂ ਰਾਹੀਂ ਗੁਰੂ ਘਰ ਦੇ ਕਾਰਜਾਂ ਵਿਚ ਨਵੀਂ ਪੀੜ੍ਹੀ ਦੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਦੇ ਪ੍ਰੋਗਰਾਮ ਬਣਾਉਣੇ।
6. ਗੁਰੂ ਘਰ ਅੰਦਰ ਤ੍ਰੈਮਾਸਿਕ ਮੈਡੀਕਲ ਕਲਿਨਿਕ ਲਾਉਣ ਲਈ ਸਿਹਤ ਸੰਸਥਾਵਾਂ ਨਾਲ ਰਾਬਤਾ ਬਣਾਉਣਾ।
7. ਗੁਰੂ ਘਰ ਦੀਆਂ ਸੀਵਰ ਤੇ ਜਲ ਸੇਵਾਵਾਂ ਨੂੰ ਸਿਟੀ ਨਾਲ ਜੋੜਨਾ।
8. ਭਵਿੱਖ ਦੀਆਂ ਯੋਜਨਾਵਾਂ ਅਨੁਸਾਰ ਨਵੀਂ ਇਮਾਰਤ, ਜਿਮਨੇਜ਼ੀਅਮ ਅਤੇ ਬਜ਼ੁਰਗਾਂ ਲਈ ਸਹੂਲਤਾਂ ਦਾ ਬੰਦੋਬਸਤ ਕਰਨਾ।
9. ਫਿਊਨਰਲ ਹੋਮ ਬਣਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ।
10. ਭਾਈਚਾਰੇ ਦੇ ਬਹੁਤ ਲੋੜਵੰਦ ਲੋਕਾਂ ਲਈ 24 ਘੰਟੇ ਸੱਤੇ ਦਿਨ ਦੀ ਫੋਨ ਲਾਈਨ ਕਾਇਮ ਕਰਨ ਦੀ ਸੰਭਾਵਨਾ ਦਾ ਪਤਾ ਲਾਉਣਾ।



ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ






ਗੁਰਕਮਲਜੀਤ ਸਿੰਘ ਕਾਲਕਟ | ਹਰਮਿੰਦਰ ਸਿੰਘ | ਕੇਵਲ ਸਿੰਘ ਨਾਗਰਾ | ਲਖਵੀਰ ਸਿੰਘ ਨਾਗਰਾ | ਪਾਲਾ ਸਿੰਘ ਗਿੱਲ | ਸੁਖਜੀਵਨ ਸਿੰਘ ਬਿਹਾਲਾ | ਸੰਦੀਪ ਸਿੰਘ ਡੇਲ | ਸੁਰਜੀਤ ਸਿੰਘ ਬੈਂਸ | ਹਰਭਜਨ ਸਿੰਘ ਸੰਧੂ | ਸੁਰਜੀਤ ਸਿੰਘ

**ਦਿਲਬਾਗ ਸਿੰਘ ਬੈਂਸ, ਬਲਜੀਤ ਸਿੰਘ ਢਿੱਲੋਂ, ਰੇਸ਼ਮ ਸਿੰਘ ਪੁਰੇਵਾਲ, ਹਰਵਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ**

# ਕਾਨੂੰਨੀ ਝਟਕਾ: ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਰੱਦ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਪਰੈਲ 2012 ਵਿਚ 18 ਵਿਧਾਇਕਾਂ ਦੀਆਂ ਮੁੱਖ ਸੰਸਦੀ ਸਕੱਤਰ ਵਜੋਂ ਕੀਤੀਆਂ ਗਈਆਂ ਨਿਯੁਕਤੀਆਂ ਨੂੰ ਰੱਦ ਕਰ ਕੇ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਇਨ੍ਹਾਂ ਨਿਯੁਕਤੀਆਂ ਦੀ ਸੰਵਿਧਾਨਿਕਤਾ ਨੂੰ ਦੋ ਵਕੀਲਾਂ-ਜਗਮੋਹਨ ਸਿੰਘ ਭੱਟੀ ਅਤੇ ਐਚ.ਸੀ. ਅਰੋੜਾ ਨੇ ਇਕ ਜਨਹਿੱਤ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਸੀ। ਇਸ ਸਮੇਂ ਪੰਜਾਬ ਸਰਕਾਰ ਵਿਚ ਮੁੱਖ ਮੰਤਰੀ ਸਮੇਤ 18 ਮੰਤਰੀ ਅਤੇ 24 ਸੰਸਦੀ ਸਕੱਤਰ ਹਨ ਜਦੋਂਕਿ ਮੁਲਕ ਦੇ ਸੰਵਿਧਾਨ ਅਨੁਸਾਰ ਇਹ ਗਿਣਤੀ ਕੁਲ ਵਿਧਾਇਕਾਂ ਦੇ 15 ਫੀਸਦੀ, ਭਾਵ 18 ਤੋਂ ਵੱਧ ਨਹੀਂ ਹੋ ਸਕਦੀ। ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਸੌੜੇ ਸਿਆਸੀ ਮੰਤਵਾਂ ਲਈ ਆਪਣੇ 24 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਬਖ਼ਸ਼ੇ ਹੋਏ ਹਨ ਹਾਲਾਂਕਿ ਸੰਵਿਧਾਨ ਵਿਚ ਇਸ ਅਹੁਦੇ ਦੀ ਕੋਈ ਵਿਵਸਥਾ ਨਹੀਂ ਹੈ।

ਚਾਰ ਸਾਲ ਪਹਿਲਾਂ ਦਾਖਲ ਕੀਤੀ ਗਈ ਪਟੀਸ਼ਨ ਵਿਚ ਸ੍ਰੀ ਭੱਟੀ ਨੇ ਮੰਗ ਕੀਤੀ ਸੀ ਕਿ ਪੰਜਾਬ ਵਿਚ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ ਐਲਾਨਿਆ ਜਾਵੇ। ਉਨ੍ਹਾਂ ਇਹ ਮੰਗ ਕੀਤੀ ਸੀ ਕਿ ਵਿੱਤ ਵਿਭਾਗ ਨੂੰ ਇਨ੍ਹਾਂ ਗੈਰ ਕਾਨੂੰਨੀ ਨਿਯੁਕਤੀਆਂ ਦੇ ਖਰਚੇ ਚੁੱਕਣ ਤੋਂ ਵੀ ਰੋਕਣ ਦੇ ਨਿਰਦੇਸ਼ ਦਿੱਤੇ ਜਾਣ ਜੋ ਦੇਸ਼ ਦੇ ਸੰਵਿਧਾਨ ਦੀ 91ਵੀਂ ਸੋਧ 2004 ਦੀ ਉਲੰਘਣਾ ਹੈ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਸੂਬੇ, ਲੋਕਾਂ ਅਤੇ ਖਜ਼ਾਨੇ ਦੇ ਹਿੱਤਾਂ ਖਾਤਰ ਵਿਧਾਇਕਾਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਨੂੰ ਵੀ ਵਾਪਸ ਲਿਆ ਜਾਵੇ। ਸ੍ਰੀ ਭੱਟੀ ਨੇ ਮੌਜੂਦਾ ਸਰਕਾਰ ਨੂੰ ਬਰਖਾਸਤ ਕਰਨ ਲਈ ਭਾਰਤ ਸਰਕਾਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਸਰਕਾਰ ਨੇ ਆਪਣੇ ਵਫਾਦਾਰਾਂ ਨੂੰ ਪਿਛਲੇ ਦਰਵਾਜ਼ੇ ਤੋਂ ਅਹੁਦਿਆਂ ਨਾਲ ਨਿਵਾਜ ਕੇ ਅਤੇ ਖਾਲੀ ਪਏ ਸਰਕਾਰੀ ਖਜ਼ਾਨੇ ਉਤੇ ਬੋਝ ਪਾ ਕੇ ਸੰਵਿਧਾਨਕ ਹੁਕਮਾਂ ਦੀ ਉਲੰਘਣਾ ਕੀਤੀ ਹੈ।



ਵਿਰਸਾ ਸਿੰਘ ਵਲਟੋਹਾ | ਹਰਮੀਤ ਸਿੰਘ ਸੰਧੂ | ਐਨ. ਕੇ. ਸ਼ਰਮਾ | ਡਾ. ਨਵਜੋਤ ਕੌਰ ਸਿੱਧੂ | ਮਨਤਾਰ ਸਿੰਘ ਬਰਾੜ | ਸਰੂਪ ਚੰਦ ਸਿੰਗਲਾ

ਸ੍ਰੀ ਭੱਟੀ ਨੇ ਦਾਅਵਾ ਕੀਤਾ ਸੀ ਕਿ ਹਿਮਾਚਲ ਪ੍ਰਦੇਸ਼ 'ਚ ਮੁੱਖ ਸੰਸਦੀ ਸਕੱਤਰਾਂ ਅਤੇ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਨੂੰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਖਾਰਜ ਕਰ ਦਿੱਤਾ ਸੀ। ਹੁਕਮਾਂ ਖਿਲਾਫ਼ ਪਾਈ ਗਈ ਐਸ.ਐਲ.ਪੀ. ਨੂੰ ਵਾਪਸ ਲੈ ਲਿਆ ਗਿਆ ਸੀ। ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਪਹਿਲਾਂ ਭਾਜਪਾ ਵੱਲੋਂ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਸੀ, ਪਰ ਭਾਜਪਾ-ਸ਼੍ਰੋਮਣੀ ਅਕਾਲੀ ਦਲ ਸਰਕਾਰ ਨੇ ਪੰਜਾਬ 'ਚ ਮੁੱਖ ਸੰਸਦੀ ਸਕੱਤਰਾਂ ਦੀ ਖੁਦ ਨਿਯੁਕਤੀ ਕਰ ਦਿੱਤੀ। ਹਾਈ ਕੋਰਟ ਨੇ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਨਾਲ ਸਬੰਧਤ ਨਿਯਮਾਂ ਦਾ ਹਵਾਲਾ ਦੇਣ।

ਅਦਾਲਤ ਨੇ ਸੂਬਿਆਂ ਨੂੰ ਮੁੱਖ ਸੰਸਦੀ ਸਕੱਤਰਾਂ ਦੇ ਕੰਮ, ਉਨ੍ਹਾਂ ਦੀਆਂ ਤਨਖਾਹਾਂ ਤੇ ਭੱਤਿਆਂ ਸਬੰਧੀ ਰਿਪੋਰਟ ਵੀ ਪੇਸ਼ ਕਰਨ ਲਈ ਆਖਿਆ ਸੀ। ਕੋਈ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਇਕ ਹੋਰ ਪਟੀਸ਼ਨ ਰਾਹੀਂ ਪੰਜਾਬ 'ਚ ਮੁੱਖ ਸੰਸਦੀ ਸਕੱਤਰਾਂ ਅਤੇ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਨੂੰ ਚੁਣੌਤੀ ਦਿੱਤੀ ਗਈ ਸੀ, ਪਰ ਅਦਾਲਤ ਦੇ ਫੈਸਲੇ ਤੋਂ ਪਹਿਲਾਂ ਹੀ ਉਨ੍ਹਾਂ ਦੀ ਮਿਆਦ ਖਤਮ ਹੋ ਗਈ ਸੀ। ਸਾਲ 2004 'ਚ ਲਾਅਰਜ਼ ਫਾਰ ਸੋਸ਼ਲ ਐਕਸ਼ਨ ਅਤੇ ਇਕ ਹੋਰ ਪਟੀਸ਼ਨਰ ਵੱਲੋਂ 11 ਮੁੱਖ ਸੰਸਦੀ ਸਕੱਤਰਾਂ ਅਤੇ ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਚੁਣੌਤੀ ਦਿੰਦਿਆਂ ਕੇਂਦਰ ਸਰਕਾਰ ਅਤੇ ਹੋਰ ਧਿਰਾਂ ਖਿਲਾਫ਼ ਪਟੀਸ਼ਨ ਪਾਈ ਗਈ ਸੀ।

### ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵਾਂਗੇ: ਬਾਦਲ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਰੱਦ ਕਰਨ ਬਾਰੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਬਾਰੇ ਉਨ੍ਹਾਂ ਸੂਬੇ ਦੇ ਐਡਵੋਕੇਟ ਜਨਰਲ ਨੂੰ ਤੁਰਤ ਕਾਨੂੰਨੀ ਚਾਰਾਜੋਈ ਅਰੰਭਣ ਦੇ ਹੁਕਮ ਦਿੱਤੇ ਹਨ।

### ਵਿਧਾਨ ਸਭਾ ਕੋਲ ਨਹੀਂ ਨਿਯੁਕਤੀਆਂ ਦਾ ਹੱਕ

**ਜਲੰਧਰ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਬਾਰੇ ਦਿੱਤੇ ਫੈਸਲੇ ਵਿਚ ਸਪੱਸ਼ਟ ਕੀਤਾ ਗਿਆ ਕਿ ਰਾਜਪਾਲ ਜਾਂ ਵਿਧਾਨ ਸਭਾ ਕੋਲ ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਲਈ ਨਿਯਮ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ। ਫੈਸਲੇ ਵਿਚ ਸਪੱਸ਼ਟ ਕੀਤਾ ਗਿਆ ਕਿ ਰਾਜ ਸਰਕਾਰ ਵੱਲੋਂ ਇਹ ਨਿਯੁਕਤੀਆਂ ਕਰ ਕੇ ਵਿਧਾਨ ਦੀ ਧਾਰਾ 164 (1) ਏ ਦਾ ਉਲੰਘਣ ਕੀਤੀ ਗਈ ਹੈ, ਜਿਸ ਅਨੁਸਾਰ ਮੰਤਰੀ ਮੰਡਲ ਦੀ ਗਿਣਤੀ ਨਿਰਧਾਰਤ ਕੀਤੀ ਹੋਈ ਹੈ। ਵਰਨਣਯੋਗ ਇਹ ਹੈ ਕਿ ਹਾਈ ਕੋਰਟ ਦੇ ਉਕਤ ਫੈਸਲੇ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਰਾਜ ਸਰਕਾਰ ਮੁੱਖ ਸੰਸਦੀ ਸਕੱਤਰਾਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਨਹੀਂ ਰੱਖਦੀ ਅਤੇ ਇਸ ਫੈਸਲੇ ਅਨੁਸਾਰ ਜੋ ਮੌਜੂਦਾ 6 ਮੁੱਖ ਸੰਸਦੀ ਸਕੱਤਰ ਬਚੇ ਹਨ, ਉਹ ਵੀ ਇਸ ਫੈਸਲੇ ਤੋਂ ਬਚ ਨਹੀਂ ਸਕਣਗੇ।

## ਬਗਦਾਦ ਦੇ ਹਸਪਤਾਲ 'ਚ ਸੜੇ 20 ਨਵਜੰਮੇ ਬੱਚੇ

**ਬਗਦਾਦ:** ਇਰਾਕ ਦੀ ਰਾਜਧਾਨੀ ਬਗਦਾਦ ਦੇ ਸਭ ਤੋਂ ਵੱਡੇ ਹਸਪਤਾਲਾਂ ਵਿਚੋਂ ਇਕ ਯਰਮੁੱਕ ਹਸਪਤਾਲ 'ਚ ਅੱਗ ਲੱਗਣ ਨਾਲ ਘੱਟ ਤੋਂ ਘੱਟ 20 ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਸਿਹਤ ਮੰਤਰਾਲੇ ਦੇ ਬੁਲਾਰੇ ਅਹਿਮਦ ਅਲ ਰੁਦੇਨੀ ਨੇ ਦੱਸਿਆ ਕਿ ਹਾਦਸਾ ਉਸ ਸਮੇਂ ਵਾਪਰਿਆ ਜਦ ਯਰਮੁੱਕ ਹਸਪਤਾਲ ਦੇ ਇਕ ਵਾਰਡ 'ਚ ਬਿਜਲਈ ਨੁਕਸ ਕਾਰਨ ਅੱਧੀ ਰਾਤ ਤੋਂ ਬਾਅਦ ਅੱਗ ਲੱਗੀ।

ਹਾਦਸੇ ਤੋਂ ਬਾਅਦ ਗੁੱਸੇ ਵਿਚ ਆਏ ਬੱਚਿਆਂ ਦੇ ਪਰਿਵਾਰਕ ਮੈਂਬਰ ਹਸਪਤਾਲ ਦੇ ਬਾਹਰ ਇਕੱਠੇ ਹੋ ਗਏ। ਇਰਾਕ ਦੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਅੱਗ ਲੱਗਣ ਕਾਰਨ ਬੱਚਿਆਂ ਦੀ ਮੌਤ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਧੂੰਏਂ ਦੀ ਲਪੇਟ 'ਚ ਆਏ 3 ਬੱਚਿਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਬੱਚਿਆਂ ਦੀ ਛੋਟੀ ਉਮਰ ਅਤੇ ਭਾਰੀ ਅੱਗ ਦੇ ਅਸਰ ਕਾਰਨ ਲਾਸ਼ਾਂ ਦੀ ਪਛਾਣ ਵੀ ਮੁਸ਼ਕਿਲ ਹੋ ਚੁੱਕੀ ਸੀ। ਹਸਪਤਾਲ ਦੀਆਂ ਮੈਡੀਕਲ ਮਸ਼ੀਨਾਂ ਸਮੇਤ ਜ਼ਿਆਦਾਤਰ ਸਮਾਨ ਸੜ ਕੇ ਸੁਆਹ ਹੋ ਗਿਆ।

## ਅਫਗਾਨਿਸਤਾਨ ਦਾ ਆਈ.ਐਸ. ਮੁਖੀ ਡਰੋਨ ਹਮਲੇ 'ਚ ਢੇਰ

**ਪਿਸ਼ਾਵਰ:** ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਇਸਲਾਮਿਕ ਸਟੇਟ ਦਾ ਮੁਖੀ ਹਾਫਿਜ਼ ਸਈਦ ਖਾਨ ਅਮਰੀਕੀ ਡਰੋਨ ਹਮਲੇ ਵਿਚ ਮਾਰਿਆ ਗਿਆ। ਇਹ ਜਾਣਕਾਰੀ ਪਾਕਿਸਤਾਨ ਵਿਚ ਅਫਗਾਨੀ ਰਾਜਦੂਤ ਨੇ ਦਿੱਤੀ। ਅਮਰੀਕਾ ਦੇ ਰੱਖਿਆ ਅਧਿਕਾਰੀ ਨੇ ਵੀ ਖਾਨ ਦੀ ਮੌਤ ਦੀ ਪੁਸ਼ਟੀ ਹੈ।

ਜੇਕਰ ਸਈਦ ਖਾਨ ਦੇ ਮਾਰੇ ਜਾਣ ਦੀ ਖਬਰ ਸਹੀ ਸਾਬਤ ਹੋਈ ਤਾਂ ਇਹ ਇਸਲਾਮਿਕ ਸਟੇਟ ਲਈ ਉਸ ਵੱਲੋਂ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਆਪਣੇ ਪੈਰ ਪਸਾਰਨ ਦੀਆਂ ਕੀਤੀਆਂ ਰਹੀਆਂ ਕੋਸ਼ਿਸ਼ਾਂ ਲਈ ਵੱਡਾ ਝਟਕਾ ਹੈ। ਇਸ ਨੂੰ ਪਿਛਲੇ ਕੁਝ ਮਹੀਨਿਆਂ ਦੌਰਾਨ ਅਮਰੀਕਾ ਵੱਲੋਂ ਇਸ ਖੇਤਰ ਦੇ ਦੂਸਰੇ ਪ੍ਰਮੁੱਖ ਅਤਿਵਾਦੀ ਦਾ ਖਾਤਮਾ ਸਮਝਿਆ ਜਾਵੇਗਾ।

ਮਈ ਮਹੀਨੇ ਅਮਰੀਕਾ ਨੇ ਪਾਕਿਸਤਾਨ ਵਿਚ ਡਰੋਨ ਹਮਲੇ ਨਾਲ ਅਫਗਾਨ ਤਾਲਿਬਾਨ ਮੁਖੀ ਮੁੱਲਾ ਅਖਤਰ ਮਨਸੂਰ ਨੂੰ ਮਾਰ ਦਿੱਤਾ ਸੀ। ਅਫਗਾਨੀ ਰਾਜਦੂਤ ਉਮਰ ਜ਼ਖੀਵਾਲ ਨੇ ਦੱਸਿਆ ਕਿ ਅਫਗਾਨ ਖੁਫ਼ੀਆ ਏਜੰਟਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਡਰੋਨ ਹਮਲੇ ਵਿਚ ਅਫਗਾਨਿਸਤਾਨ ਦੇ ਨੰਗਰਹਾਰ ਸੂਬੇ ਦੇ ਕੋਟ ਜ਼ਿਲ੍ਹੇ ਵਿਚ 27 ਜੁਲਾਈ ਨੂੰ ਖਾਨ ਆਪਣੇ ਸੀਨੀਅਰ ਕਮਾਂਡਰਾਂ ਤੇ ਲੜਾਕਿਆਂ ਸਮੇਤ ਮਾਰਿਆ ਗਿਆ। ਉਂਜ ਖਾਨ ਦੇ ਮਾਰੇ ਜਾਣ ਬਾਰੇ ਪਹਿਲਾਂ ਵੀ ਖਬਰਾਂ ਆਈਆਂ ਸਨ। ਪਿਛਲੇ ਸਾਲ ਅਫਗਾਨ ਖੁਫ਼ੀਆ ਏਜੰਟਾਂ ਨੇ ਦਾਅਵਾ ਕੀਤਾ ਸੀ ਕਿ ਉਹ ਮਾਰਿਆ ਗਿਆ ਹੈ, ਪਰ ਇਸ ਰਿਪੋਰਟ ਦੀ ਕਦੇ ਵੀ ਪੁਸ਼ਟੀ ਨਹੀਂ ਹੋਈ।



## ਖਾਲਿਦਾ ਜ਼ਿਆ ਨੂੰ 9 ਕੇਸਾਂ 'ਚ ਜ਼ਮਾਨਤ

**ਢਾਕਾ:** ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਨੂੰ ਰਾਹਤ ਦਿੰਦਿਆਂ ਇਕ ਅਦਾਲਤ ਨੇ ਉਸ ਨੂੰ ਰਾਜ ਧਰੋਹ ਸਮੇਤ 9 ਕੇਸਾਂ 'ਚ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਰਾਜ ਧਰੋਹ ਦੇ ਮਾਮਲੇ ਵਿਚ ਜ਼ਿਆ ਨੂੰ ਜ਼ਮਾਨਤ ਦਿੱਤੀ।



ਸੁਪਰੀਮ ਕੋਰਟ ਦੇ ਇਕ ਵਕੀਲ ਨੇ ਮੁਕਤੀ ਸੰਗਰਾਮ ਦੇ ਸ਼ਹੀਦਾਂ ਖਿਲਾਫ਼ ਟਿੱਪਣੀ ਕਰਨ ਨੂੰ ਲੈ ਕੇ ਉਨ੍ਹਾਂ 'ਤੇ ਰਾਜ ਧਰੋਹ ਦਾ ਮਾਮਲਾ ਦਰਜ ਕਰਾਇਆ ਸੀ। ਜ਼ਿਆ ਨੇ ਜ਼ਮਾਨਤ ਦੀ ਮੰਗ ਕਰਦਿਆਂ ਆਤਮ ਸਮਰਪਣ ਕੀਤਾ, ਜਿਸ 'ਤੇ ਅਦਾਲਤ ਨੇ ਉਸ ਦੀ ਜ਼ਮਾਨਤ ਦੇ ਹੁਕਮ ਦਿੱਤੇ। ਜ਼ਿਆ ਦੇ ਸਮਰਥਕ ਅਦਾਲਤ ਦੇ ਬਾਹਰ ਮੌਜੂਦ ਸਨ ਅਤੇ ਜਿਵੇਂ ਹੀ ਉਹ ਅਦਾਲਤ ਪੁੱਜੀ ਤਾਂ ਉਨ੍ਹਾਂ ਨੇ ਸਰਕਾਰ ਵਿਰੋਧੀ ਨਾਅਰੇ ਲਾਏ।

# ਪਾਕਿਸਤਾਨ ਜੇਲ੍ਹ ਵਿਚ ਸਰਬਜੀਤ ਦੀ ਮੌਤ ਬਾਰੇ ਅਹਿਮ ਖੁਲਾਸੇ

**ਅੰਮ੍ਰਿਤਸਰ:** ਸਾਲ 2013 ਵਿਚ ਪਾਕਿਸਤਾਨ ਦੀ ਕੋਟ ਲਖਪਤ ਜੇਲ੍ਹ ਵਿਚ ਸਾਥੀ ਕੈਦੀਆਂ ਵੱਲੋਂ ਕਤਲ ਕੀਤੇ ਜਾਣ ਮਗਰੋਂ ਭਾਰਤੀ ਸਰਕਾਰ ਤੋਂ ਸ਼ਹੀਦ ਦਾ ਖਿਤਾਬ ਲੈਣ ਵਾਲੇ ਸਰਬਜੀਤ ਸਿੰਘ ਦੇ ਮਾਮਲੇ ਵਿਚ ਉਸ ਨਾਲ ਜੇਲ੍ਹ 'ਚ ਕੈਦ ਕੱਟ ਚੁੱਕੇ ਇਕ ਪੰਜਾਬੀ ਟਰੱਕ ਡਰਾਈਵਰ ਨੇ ਨਵਾਂ ਖੁਲਾਸਾ ਕੀਤਾ ਹੈ। ਝਬਾਲ ਨਜ਼ਦੀਕ ਪਿੰਡ ਸੋਹਲ ਦਾ ਵਸਨੀਕ ਦਿਲਬਾਗ ਸਿੰਘ ਬਿੱਟੂ ਪੇਸ਼ੇ ਤੋਂ ਟਰੱਕ ਡਰਾਈਵਰ ਹੈ ਤੇ ਪਾਕਿਸਤਾਨ ਨੂੰ ਟਰੱਕ 'ਤੇ ਮਾਲ ਲਿਜਾਣ ਮੌਕੇ ਵਾਹਗੇ ਨੇੜਿਓਂ 2012 ਵਿਚ ਉਸ ਨੂੰ ਪਾਕਿਸਤਾਨ ਸੁਰੱਖਿਆ ਫੋਰਸਾਂ ਵੱਲੋਂ ਜਾਸੂਸੀ ਦੇ ਦੋਸ਼ 'ਚ ਫੜ ਲਿਆ ਗਿਆ ਸੀ।

ਅਦਾਲਤ ਨੇ ਉਸ ਨੂੰ 16 ਮਹੀਨੇ ਦੀ ਕੈਦ ਸੁਣਾਉਂਦਿਆਂ ਕੋਟ ਲਖਪਤ ਜੇਲ੍ਹ ਵਿਚ ਭੇਜ ਦਿੱਤਾ। ਇਸੇ ਜੇਲ੍ਹ 'ਚ ਉਸ ਦੀ ਮੁਲਾਕਾਤ ਸਰਬਜੀਤ ਸਿੰਘ ਨਾਲ ਹੋਈ, ਜੋ ਉਸ ਦੇ ਇਲਾਕੇ ਦਾ ਹੋਣ ਕਾਰਨ ਕਾਫੀ ਘੁਲ-ਮਿਲ ਗਿਆ। ਉਸ ਕੋਲ ਇਕ ਮਣਕਿਆਂ ਦੀ ਮਾਲਾ (ਮੁਤੱਸਵੀ) ਵੀ ਮੌਜੂਦ ਹੈ, ਜੋ ਉਸ ਦੇ ਦਾਅਵੇ ਅਨੁਸਾਰ ਸਰਬਜੀਤ ਨੇ ਆਪ ਬਣਾ ਕੇ ਉਸ ਨੂੰ ਦਿੱਤੀ। ਦਿਲਬਾਗ ਬਿੱਟੂ ਨੇ ਦੱਸਿਆ ਕਿ ਸਰਬਜੀਤ ਸਿੰਘ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਸੀ ਸੋ ਉਨ੍ਹਾਂ ਦੇ ਸੈੱਲ ਆਮ ਕੈਦੀਆਂ ਤੋਂ ਵੱਖਰੇ ਸਨ ਤੇ ਸਰਬਜੀਤ 7ਵੇਂ ਬਲਾਕ ਦੀ 13 ਨੰਬਰ ਚੱਕੀ ਵਿਚ ਬੰਦ ਸੀ। ਉਸ ਨੂੰ ਭਾਵੇਂ ਦੂਸਰੇ ਕੈਦੀਆਂ ਦੇ ਬਹੁਤਾ ਲਾਗੇ ਨਹੀਂ ਸੀ ਜਾਣ ਦਿੱਤਾ ਜਾਂਦਾ, ਪਰ ਸਰਬਜੀਤ ਆਪਣੇ ਪਿੰਡ ਭਿੱਖੀਵਿੰਡ ਦੇ ਨੇੜੇ ਦਾ ਹੋਣ ਕਾਰਨ ਬਿੱਟੂ ਨੂੰ ਆਮ ਕਰ ਕੇ ਮੁਲਾਕਾਤ ਲਈ ਬੁਲਾ ਲੈਂਦਾ ਸੀ। ਉਸ ਦੀ ਭੈਣ ਦਲਬੀਰ ਕੌਰ ਵੱਲੋਂ ਭਾਰਤ 'ਚ ਉਸ ਦੀ ਰਿਹਾਈ ਲਈ ਜਾਰੀ ਲੜਾਈ ਉਤੇ ਸਰਬਜੀਤ ਦੀ ਉਮੀਦ ਟਿਕੀ ਹੋਈ ਸੀ।



ਬਿੱਟੂ ਅਨੁਸਾਰ ਕੋਟ ਲਖਪਤ ਜੇਲ੍ਹ ਵਿਚ ਮੁਸਲਮਾਨ ਕੈਦੀ, ਸਰਬਜੀਤ ਨਾਲ ਨਫਰਤ ਕਰਦੇ ਸਨ, ਪਰ ਉਨ੍ਹਾਂ ਦਾ ਬਾਕੀ ਭਾਰਤੀ ਕੈਦੀਆਂ ਪ੍ਰਤੀ ਵਿਵਹਾਰ ਆਮ ਸੀ। ਅਪਰੈਲ 13 ਦੇ ਅਖੀਰ ਵਿਚ ਸਰਬਜੀਤ ਉਤੇ ਜਾਨ ਲੇਵਾ ਹਮਲੇ ਸਮੇਂ ਵੀ ਉਹ ਉਸੇ ਜੇਲ੍ਹ 'ਚ ਸੀ। ਉਹ ਦੱਸਦਾ ਹੈ ਕਿ ਸਰਬਜੀਤ ਨੂੰ ਮਾਰਨ ਵਾਲੇ ਕੈਦੀ ਵੀ ਮੌਤ ਦੀ ਸਜ਼ਾ ਪ੍ਰਾਪਤ ਸਨ, ਜਿਨ੍ਹਾਂ ਉਸ ਦਿਨ ਦੁਪਹਿਰ ਦੇ ਕਰੀਬ ਢਾਈ ਵਜੇ ਸਰਬਜੀਤ ਲਈ ਵਿਸ਼ੇਸ਼ ਤੌਰ 'ਤੇ ਆਉਂਦੇ ਦੁੱਧ 'ਚ ਨਸ਼ੀਲੀਆਂ ਗੋਲੀਆਂ ਮਿਲਾ ਕੇ ਉਸ ਨੂੰ ਬੇਹੋਸ਼ ਕਰ ਦਿੱਤਾ ਤੇ ਫਿਰ ਮੱਥੇ 'ਤੇ ਰਾਡ ਨਾਲ ਹਮਲੇ ਮਗਰੋਂ ਪੀਪਿਆਂ ਦੇ ਪੱਤਰੇ ਤੋਂ ਬਣਾਏ ਬਲੇਡਾਂ ਨਾਲ ਵਿੰਨ੍ਹ ਦਿੱਤਾ। ਸਰਬਜੀਤ ਦੀ ਮੌਤ ਜੇਲ੍ਹ ਵਿਚ ਹੀ ਹੋ ਗਈ ਸੀ ਅਤੇ ਹਸਪਤਾਲ ਭੇਜਣ ਦੀ ਕਿਰਿਆ ਮਹਿਜ਼ ਹਾਲਾਤ 'ਤੇ ਕਾਬੂ ਪਾਉਣ ਲਈ ਇਕ ਵਿਖਾਵਾ ਸੀ। ਉਸ ਨੇ ਕਿਹਾ ਕਿ ਸਰਬਜੀਤ ਦੀ ਮੌਤ ਮਗਰੋਂ ਉਥੇ ਬੰਦ ਭਾਰਤੀ ਕੈਦੀਆਂ ਨੇ ਕੁਝ ਦਿਨ ਲਈ ਭੁੱਖ ਹੜਤਾਲ ਵੀ ਰੱਖੀ ਸੀ।

ਸੋਹਲ ਪਿੰਡ ਵਿਚ ਹੁਣ ਪਾਕਿਸਤਾਨੀ ਦੇ ਨਾਂ ਨਾਲ ਮਸ਼ਹੂਰ ਬਿੱਟੂ ਨੇ ਦੱਸਿਆ ਕਿ ਕੋਟ ਲਖਪਤ ਜੇਲ੍ਹ ਵਿਚ ਉਸ ਦੀ ਰਿਹਾਈ ਸਮੇਂ ਕਿਰਪਾਲ ਸਿੰਘ (ਜਿਸ ਦੀ ਇਸੇ ਸਾਲ ਅਪਰੈਲ ਵਿਚ ਮੌਤ ਹੋ ਚੁੱਕੀ ਹੈ) ਸਮੇਤ 25 ਦੇ ਕਰੀਬ ਭਾਰਤੀ ਕੈਦੀ ਸਨ, ਜਿਨ੍ਹਾਂ 'ਚੋਂ ਵਧੇਰੇ ਰਿਹਾਈ ਦੀ ਉਮੀਦ ਨਾ ਹੋਣ ਕਾਰਨ ਦਿਮਾਗੀ ਸੰਤੁਲਨ ਗੁਆ ਚੁੱਕੇ ਹਨ। ਉਸ ਅਨੁਸਾਰ 15 ਦੇ ਕਰੀਬ ਮਾਨਸਿਕ ਪੱਖੋਂ ਖਤਮ ਭਾਰਤੀ ਕੈਦੀਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਗੁਆਚੇ ਨਾਨਕ ਸਿੰਘ ਦੇ ਹੋਣ ਦੀ ਵੀ ਸੰਭਾਵਨਾ ਹੈ। ਉਸ ਅਨੁਸਾਰ ਇਸੇ ਜੇਲ੍ਹ ਵਿਚ 25 ਸਾਲ ਦੀ ਕੈਦ ਭੁਗਤ ਰਹੇ ਗੁਜਰਾਤ ਵਾਸੀ ਕੁਲਦੀਪ ਕੁਮਾਰ, ਜੋ ਭਾਰਤੀ ਕੈਦੀਆਂ ਦੀ ਸੇਵਾ ਲਈ ਕਾਫੀ ਸਰਗਰਮ ਹੈ, ਵੱਲੋਂ ਕਈ ਵਾਰ ਮਾਨਸਿਕ ਬਿਮਾਰ ਕੈਦੀਆਂ 'ਚੋਂ ਨਾਨਕ ਦਾ ਨਾਂ ਦੱਸਿਆ ਜਾਂਦਾ ਸੀ।

### ਸਰਬਜੀਤ 'ਤੇ ਬਣੀ ਹਿੰਦੀ ਫਿਲਮ ਤੱਥਾਂ ਤੋਂ ਪਰੇ

**ਅੰਮ੍ਰਿਤਸਰ:** ਅਕਤੂਬਰ 13 ਵਿਚ ਪਾਕਿਸਤਾਨ ਤੋਂ ਰਿਹਾਅ ਹੋ ਕੇ ਆਏ ਬਿੱਟੂ ਨੇ ਦਾਅਵਾ ਕੀਤਾ ਕਿ ਸਰਬਜੀਤ 'ਤੇ ਬਣੀ ਹਿੰਦੀ ਫਿਲਮ ਤੱਥਾਂ ਤੋਂ ਬਿਲਕੁਲ ਪਰੇ ਹੈ ਅਤੇ ਉਸ ਦੀ ਭੈਣ ਨੇ ਪੈਸੇ ਦੇ ਲਾਲਚ 'ਚ ਮਨਮਰਜ਼ੀ ਨਾਲ ਕਹਾਣੀ ਬਣਾ ਦਿੱਤੀ ਹੈ। ਉਸ ਨੇ ਦਾਅਵਾ ਕੀਤਾ ਕਿ ਸਰਬਜੀਤ ਦੀ ਭੈਣ ਉਸ ਦੀ ਰਿਹਾਈ ਮਗਰੋਂ ਇਕ ਵਾਰ ਉਸ ਨੂੰ ਮਿਲੀ ਸੀ, ਪਰ ਜੇਲ੍ਹ ਬਾਰੇ ਜਾਣਕਾਰੀ ਨੂੰ ਉਸ ਨੇ ਅਣਸੁਣਿਆ ਕਰ ਦਿੱਤਾ ਸੀ। ਉਸ ਅਨੁਸਾਰ ਸਰਬਜੀਤ ਨਾਲ ਜੁੜੇ ਕਈ ਰਾਜ ਤੇ ਅਸਲ ਕਹਾਣੀ ਉਸ ਕੋਲ ਅਜੇ ਵੀ ਬਾਕੀ ਹੈ।

# ਰੀਓ ਓਲੰਪਿਕ ਵਿਚ ਭਾਰਤ ਦੇ ਪੱਲੇ ਪਈ ਨਮੋਸ਼ੀ

**ਰੀਓ ਡੀ ਜਨੇਰੋ:** ਰੀਓ ਓਲੰਪਿਕ ਖੇਡਾਂ ਦੀ ਮੈਡਲ ਸੂਚੀ ਵਿਚ ਭਾਰਤ ਦਾ ਨਾਮ ਨੇੜੇ-ਤੇੜੇ ਵੀ ਨਹੀਂ ਰਿਹਾ। ਭਾਰਤ ਨੇ ਐਤਕੀਂ ਰੀਓ ਓਲੰਪਿਕ ਵਿਚ ਸਭ ਤੋਂ ਵੱਡਾ 118 ਮੈਂਬਰੀ ਖੇਡ ਦਲ ਭੇਜਿਆ ਸੀ, ਪਰ ਦਲ ਵਿਚੋਂ ਜ਼ਿਆਦਾਤਰ ਖਿਡਾਰੀ ਬਾਹਰ ਹੋ ਚੁੱਕੇ ਹਨ। ਤੀਰਅੰਦਾਜ਼ੀ, ਮੁੱਕੇਬਾਜ਼ੀ, ਹਾਕੀ, ਪੁਰਸ਼ ਗੋਲਫ, ਜਿਮਨਾਸਟਕ, ਜੂਡੋ, ਰੋਇੰਗ, ਨਿਸ਼ਾਨੇਬਾਜ਼ੀ, ਤੈਰਾਕੀ, ਟੇਬਲ ਟੈਨਿਸ, ਟੈਨਿਸ ਤੇ ਵੇਟ ਲਿਫਟਿੰਗ ਵਿਚ ਭਾਰਤੀ ਚੁਣੌਤੀ ਖਤਮ ਹੋ ਚੁੱਕੀ ਹੈ। ਭਾਰਤ ਨੂੰ ਸਭ ਤੋਂ ਵੱਧ ਨਿਰਾਸ਼ਾ ਨਿਸ਼ਾਨੇਬਾਜ਼ੀ ਵਿਚ ਮਿਲੀ। ਭਾਰਤ ਨੇ ਪਿਛਲੇ ਤਿੰਨ ਓਲੰਪਿਕ ਵਿਚ ਇਸੇ ਈਵੈਂਟ ਵਿਚ ਤਗਮੇ ਫੁੰਡੇ ਸਨ। ਰੀਓ ਵਿਚ ਉਤਰੇ 12 ਨਿਸ਼ਾਨੇਬਾਜ਼ਾਂ ਵਿਚੋਂ ਸਿਰਫ ਜੀਤੂ ਰਾਇ ਅਤੇ ਅਭਿਨਵ ਬਿੰਦਰਾ ਵੀ ਫਾਈਨਲ ਵਿਚ ਪੁੱਜ ਸਕੇ। ਭਾਰਤ ਨੂੰ ਇਸ ਵਾਰ ਆਪਣੇ ਭਲਵਾਨਾਂ ਤੋਂ ਵੱਡੀਆਂ ਉਮੀਦਾਂ ਸਨ, ਪਰ ਰਵਿੰਦਰ ਖੱਤਰੀ ਤੋਂ ਬਾਅਦ ਹਰਦੀਪ ਸਿੰਘ ਰੀਓ ਓਲੰਪਿਕ ਦੇ ਕੁਸ਼ਤੀ ਮੁਕਾਬਲਿਆਂ ਵਿਚ ਤੁਰਕੀ ਦੇ ਇਲਦੇਮ ਸੇਕ ਅੱਗੇ ਟਿਕ ਨਾ ਸਕੇ। ਵਿਕਾਸ ਕ੍ਰਿਸ਼ਨ ਮੁੱਕੇਬਾਜ਼ੀ 'ਚ ਭਾਰਤ ਦੀ ਇਕਲੌਤੀ ਉਮੀਦ ਬਚੇ ਸਨ ਜੋ ਉਜ਼ਬੇਕਿਸਤਾਨ ਦੇ ਬੈਕਤੈਮਿਰ ਮੈਲੀਕੁਜ਼ੀਐਵ ਤੋਂ ਮਾਤ ਖਾ ਗਏ।

ਮੁੱਕੇਬਾਜ਼ੀ 'ਚ ਭਾਰਤ ਨੂੰ ਦੂਜੀ ਨਾਕਾਮੀ ਦਾ ਸਾਹਮਣਾ ਉਸ ਵੇਲੇ ਕਰਨਾ ਪਿਆ ਸੀ ਜਦ ਰਾਊਂਡ ਆਫ 16 ਵਿਚ ਮਨੋਜ ਕੁਮਾਰ ਆਪਣਾ ਮੁਕਾਬਲਾ ਹਾਰ ਗਏ ਸਨ। ਭਾਰਤ ਨੂੰ ਮੁੱਕੇਬਾਜ਼ੀ ਵਿਚ ਪਹਿਲੀ ਹਾਰ ਸ਼ਿਵਾ ਥਾਪਾ ਦੇ ਰੂਪ ਵਿਚ ਮਿਲੀ ਸੀ। ਉਹ ਪਹਿਲੇ ਦੌਰ ਦਾ ਮੈਚ ਹਾਰ ਕੇ ਟੂਰਨਾਮੈਂਟ ਤੋਂ ਬਾਹਰ ਹੋ ਗਏ ਸਨ। ਕਿਊਬਾ ਦੇ ਚੋਟੀ ਦੇ ਮੁੱਕੇਬਾਜ਼ ਰੌਬਿਸੇ ਰਾਮੀਰੇਜ਼ ਨੇ ਭਾਰਤ ਦੇ ਸ਼ਿਵਾ ਥਾਪਾ ਨੂੰ ਇਕਪਾਸੜ ਮੁਕਾਬਲੇ ਵਿਚ 3-0 ਨਾਲ ਮਾਤ ਦਿੱਤੀ ਸੀ। ਭਾਰਤ ਦੀ ਲਲਿਤਾ ਬਾਬਰ ਮਹਿਲਾਵਾਂ ਦੀ 3000 ਮੀਟਰ ਸਟੀਪਲਚੇਜ਼ ਈਵੈਂਟ ਵਿਚ ਫਾਈਨਲ 'ਚ ਦਾਖਲ ਹੋਈ, ਪਰ ਜਿੱਤ ਬਰਕਰਾਰ ਨਹੀਂ ਰੱਖ ਸਕੀ। ਪੀ.ਟੀ. ਊਸ਼ਾ ਤੋਂ ਬਾਅਦ ਲਲਿਤਾ ਦੇਸ਼ ਦੀ ਪਹਿਲੀ ਮਹਿਲਾ ਖਿਡਾਰਨ ਹੈ ਜੋ ਅਥਲੈਟਿਕਸ ਦੇ ਟਰੈਕ ਈਵੈਂਟ ਦੇ ਫਾਈਨਲ ਵਿਚ ਦਾਖਲਾ ਕਰਨ 'ਚ ਕਾਮਯਾਬ ਹੋਈ।

ਇਸ ਤੋਂ ਪਹਿਲਾਂ ਭਾਰਤੀ ਜਿਮਨਾਸਟਿਕ ਦੀਪਾ ਕਰਮਾਕਰ ਵਾਲਟ ਫਾਈਨਲ ਮੁਕਾਬਲੇ 'ਚ ਮੈਡਲ ਦਿਵਾਉਣ ਵਿਚ ਨਕਾਮ ਰਹੀ; ਹਾਲਾਂਕਿ ਉਸ ਤੋਂ ਵੱਡੀਆਂ ਆਸਾਂ ਸਨ, ਪਰ ਉਹ ਥੋੜ੍ਹੇ ਫਰਕ ਨਾਲ ਖੁੰਝ ਗਈ। ਜਿਮਨਾਸਟਿਕ ਦੀ ਹਰ ਵਿਦਿਆ 'ਚ ਮੁਹਾਰਤ ਰੱਖਣ ਵਾਲੀ ਤੇ ਦੋ ਵਾਰ ਓਲੰਪਿਕ ਤਗਮਾ ਜੇਤੂ ਅਮਰੀਕਾ ਦੀ ਸਿਮੋਨ ਬਾਈਲਸ (ਔਸਤ ਸਕੋਰ 15.966) ਨੇ ਟਾਪ ਕੀਤਾ। ਦੂਸਰੇ ਨੰਬਰ 'ਤੇ ਮਾਰੀਆ ਪਸੇਕਾ (ਔਸਤ ਸਕੋਰ 15.253) ਰਹੀ। ਹਾਕੀ ਦੇ ਕੁਆਰਟਰ ਫਾਈਨਲ ਮੁਕਾਬਲੇ ਵਿਚ ਭਾਰਤ ਨੂੰ ਬੈਲਜੀਅਮ ਪਾਸੋਂ 3-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਭਾਰਤੀ ਹਾਕੀ ਟੀਮ ਦੀ ਓਲੰਪਿਕ ਮੁਹਿੰਮ ਵੀ ਖਤਮ ਹੋ ਗਈ।

ਭਾਰਤੀ ਓਲੰਪਿਕ ਦਲ ਨੂੰ ਉਦੋਂ ਵੱਡਾ ਝਟਕਾ ਲੱਗਿਆ, ਜਦੋਂ ਤਗਮੇ ਦੀ ਦਾਅਵੇਦਾਰ ਸਾਇਨਾ ਨੇਹਵਾਲ ਮਹਿਲਾ ਸਿੰਗਲਜ਼ ਦੇ ਗਰੁੱਪ ਜੀ ਦੇ ਆਪਣੇ ਦੂਜੇ ਮੈਚ ਵਿਚ ਘੱਟ ਦਰਜਾਬੰਦੀ ਵਾਲੀ ਯੂਕਰੇਨ ਦੀ ਮਾਰੀਆ ਓਲੀਤੀਨਾ ਖਿਲਾਫ ਸਿੱਧੇ ਗੇਮ ਵਿਚ ਹਾਰ ਕੇ ਰੀਓ ਖੇਡਾਂ 'ਚੋਂ ਬਾਹਰ ਹੋ ਗਈ। ਇਸ ਦੌਰਾਨ ਬੈਡਮਿੰਟਨ ਪੁਰਸ਼ ਸਿੰਗਲਜ਼ ਵਿਚ ਕਿਦੰਬੀ ਸ੍ਰੀਕਾਂਤ ਪ੍ਰੀ-ਕੁਆਰਟਰ ਫਾਈਨਲ ਵਿਚ ਪੁੱਜ ਗਿਆ। ਸ੍ਰੀਕਾਂਤ ਨੇ ਸਵੀਡਨ ਦੇ ਹੈਨਰੀ ਹਰਸਕੈਨਨ ਨੂੰ 33 ਮਿੰਟ ਵਿਚ 21-6, 21-18 ਨਾਲ ਹਰਾ ਦਿੱਤਾ। ਲੰਡਨ ਓਲੰਪਿਕ ਦੀ ਕਾਂਸੀ ਦਾ ਤਗਮਾ ਜੇਤੂ ਅਤੇ ਦੁਨੀਆਂ ਦੀ ਪੰਜਵੇਂ ਨੰਬਰ ਦੀ ਖਿਡਾਰਨ ਸਾਇਨਾ ਨੂੰ ਪਵੀਲੀਅਨ ਚਾਰ ਰੀਓ ਸੈਂਟਰ ਵਿਚ 39 ਮਿੰਟ ਚੱਲੇ ਮੁਕਾਬਲੇ ਵਿਚ ਦੁਨੀਆਂ ਦੀ 61ਵੇਂ ਨੰਬਰ ਦੀ ਖਿਡਾਰਨ ਵਿਰੁੱਧ 18-21, 19-21 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਦੁਨੀਆਂ ਦੀ ਸਾਬਕਾ ਨੰਬਰ ਇਕ ਭਾਰਤੀ ਖਿਡਾਰਨ ਨੇ ਇਸ ਤੋਂ ਪਹਿਲਾਂ 11 ਅਗਸਤ ਨੂੰ ਬ੍ਰਾਜ਼ੀਲ ਦੀ ਵਿਸੇਂਟੇ ਲੋਹਾਨੀ ਵਿਰੁੱਧ ਆਪਣਾ ਪਹਿਲਾ ਮੈਚ ਜਿੱਤਿਆ ਸੀ। ਵਿਸੇਂਟੇ ਨੂੰ ਪਹਿਲੇ ਮੈਚ ਵਿਚ ਹਰਾਉਣ ਵਾਲੀ ਮਾਰੀਆ ਨੇ ਸਾਇਨਾ ਅਤੇ ਬ੍ਰਾਜ਼ੀਲ ਦੀ ਖਿਡਾਰਨ ਨੂੰ ਪਛਾੜਦਿਆਂ ਗਰੁੱਪ ਜੀ ਤੋਂ ਨਾਕ ਆਊਟ ਵਿਚ ਥਾਂ ਬਣਾਈ। ਸਾਇਨਾ ਨੇ ਚੰਗੀ ਸ਼ੁਰੂਆਤ ਕੀਤੀ, ਪਰ ਉਹ ਲੈਅ ਵਿਚ ਨਜ਼ਰ ਨਹੀਂ ਆ ਰਹੀ ਸੀ। ਪਹਿਲੇ ਗੇਮ ਵਿਚ ਇਕ ਸਮੇਂ 6-1 ਦੀ ਲੀਡ ਬਣਾਉਣ ਦੇ ਬਾਵਜੂਦ ਉਨ੍ਹਾਂ ਯੂਕਰੇਨ ਦੀ ਖਿਡਾਰੀ ਨੂੰ 8-8 ਦੀ ਬਰਾਬਰੀ ਹਾਸਲ ਕਰਨ ਦਾ ਮੌਕਾ ਦਿੱਤਾ। ਸਾਇਨਾ ਨੇ ਇਸ ਦੌਰਾਨ ਕੁਝ ਸ਼ਾਟ ਬਾਹਰ ਮਾਰੇ, ਪਰ ਬਰੇਕ ਤੱਕ ਉਹ 11-9 ਨਾਲ ਅੱਗੇ ਚੱਲ ਰਹੀ ਸੀ। ਇਸ ਇਲਾਵਾ ਕਾਂਸੀ ਦੇ ਤਗਮੇ ਲਈ ਚੈੱਕ ਰਿਪਬਲਿਕ ਦੇ ਲੂਸੀ ਹਰਾਦੇਕਾ ਅਤੇ ਰਾਦੇਕ ਸਤੇਪਾਨੇਕ ਨਾਲ ਹੋਏ ਟੈਨਿਸ ਮਿਕਸਡ ਡਬਲਜ਼ ਮੁਕਾਬਲੇ ਵਿਚ ਭਾਰਤ ਦੀ ਸਾਨੀਆ ਮਿਰਜ਼ਾ ਤੇ ਰੋਹਨ ਬੋਪੰਨਾ ਦੀ ਜੋੜੀ ਹਾਰ ਗਈ।



### ਤਮਗੇ ਤੋਂ ਖੁੰਝੀ ਦੀਪਾ ਕਰਮਾਕਰ

ਜਿਮਨਾਸਟਕ ਦੀ ਮਹਿਲਾ ਵਾਲਟ ਈਵੈਂਟ ਦੇ ਫਾਈਨਲ 'ਚ ਭਾਰਤ ਦੀ ਦੀਪਾ ਕਰਮਾਕਰ ਚੌਥੇ ਸਥਾਨ ਉਤੇ ਰਹਿ ਕੇ ਓਲੰਪਿਕ ਵਿਚ ਤਗਮੇ ਤੋਂ ਖੁੰਝ ਗਈ, ਪਰ ਉਸ ਦੇ ਚੰਗੇ ਖੇਡ ਪ੍ਰਦਰਸ਼ਨ ਦੀ ਚਰਚਾ ਹੈ। ਸੋਸ਼ਲ ਮੀਡੀਆ 'ਤੇ ਭਾਰਤ ਦੀਆਂ ਨਾਮੀ ਹਸਤੀਆਂ ਵੱਲੋਂ ਉਸ ਨੂੰ ਵਧਾਈਆਂ ਮਿਲ ਰਹੀਆਂ ਹਨ। ਉਸ ਦਾ ਸਕੋਰ 15.066 ਰਿਹਾ ਅਤੇ ਤੀਜੇ ਸਥਾਨ 'ਤੇ ਰਹੀ ਸਵਿਟਜ਼ਰਲੈਂਡ ਦੀ ਜੀ ਸਟੀਨਗਰੱਬਰ (15.216) ਤੋਂ ਉਹ ਕੁਝ ਅੰਕਾਂ ਨਾਲ ਪਛੜ ਗਈ ਸੀ। ਉਂਜ ਦੀਪਾ ਨੇ ਪ੍ਰੋਡੂਨੋਵਾ ਵਿਚ ਕਮਾਲ ਕੀਤਾ ਅਤੇ ਭਾਰਤ ਲਈ ਜਿਮਨਾਸਟਕ 'ਚ ਇਤਿਹਾਸ ਬਣਾਇਆ। ਦੀਪਾ ਕਰਮਾਕਰ ਨਿਰਾਸ਼ ਨਹੀਂ ਹੈ ਤੇ ਉਸ ਨੇ ਹੁਣ ਤੋਂ ਹੀ ਟੋਕੀਓ ਓਲੰਪਿਕ 2020 ਵਿਚ ਸੋਨ ਤਗਮਾ ਜਿੱਤਣ ਨੂੰ ਆਪਣਾ ਅਗਲਾ ਨਿਸ਼ਾਨਾ ਮਿੱਥ ਲਿਆ ਹੈ। ਅਮਰੀਕੀ ਜਿਮਨਾਸਟ ਸੀਮੋਨ ਬਾਇਲਸ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਤਗਮੇ ਦੀ ਦੌੜ ਵਿਚ ਉਹ ਤੀਜੇ ਤੋਂ ਚੌਥੇ ਸਥਾਨ 'ਤੇ ਖਿਸਕ ਗਈ ਸੀ।

## 23 ਸੋਨ ਤਮਗਿਆਂ ਪਿੱਛੋਂ ਫੈਲਪਸ ਦੀ ਅਲਵਿਦਾ

**ਰੀਓ ਡੀ ਜਨੇਰੋ:** ਰੀਓ ਵਿਚ ਆਪਣੇ ਪੰਜਵੇਂ ਅਤੇ ਓਲੰਪਿਕ ਵਿਚ ਰਿਕਾਰਡ 23 ਸੋਨ ਤਗਮੇ ਜਿੱਤਣ ਤੋਂ ਬਾਅਦ ਇਨ੍ਹਾਂ ਖੇਡਾਂ ਨੂੰ ਅਲਵਿਦਾ ਕਹਿਣ ਵਾਲੇ ਵਿਸ਼ਵ ਦੇ ਚੋਟੀ ਦੇ ਤੈਰਾਕ ਅਮਰੀਕਾ ਦੇ ਮਾਈਕਲ ਫੈਲਪਸ ਦਾ ਕਹਿਣਾ ਹੈ ਕਿ ਉਸ ਨੇ ਜੋ ਕੀਤਾ ਹੈ, ਉਹ ਕੋਈ ਹੋਰ ਨਹੀਂ ਕਰ ਸਕਦਾ। ਫੈਲਪਸ ਨੇ ਰੀਓ ਵਿਚ ਆਪਣੇ ਆਖਰੀ ਚਾਰ ਗੁਣਾ 100 ਮੀਟਰ ਮੈਡਲੇ ਰਿਲੇਅ ਮੁਕਾਬਲੇ ਵਿਚ ਸੋਨੇ ਦਾ ਤਗਮਾ ਜਿੱਤਿਆ ਜੋ ਉਸ ਦਾ ਰੀਓ ਵਿਚ ਪੰਜਵਾਂ ਸੋਨ ਤਗਮਾ ਹੈ। ਉਨ੍ਹਾਂ ਇਸ ਮੁਕਾਬਲੇ ਨਾਲ ਓਲੰਪਿਕ ਖੇਡਾਂ ਨੂੰ ਅਲਵਿਦਾ ਕਹਿ ਦਿੱਤਾ। ਫੈਲਪਸ ਨੇ ਕਿਹਾ ਕਿ ਇਹ ਸਭ ਬੱਚੇ ਦੇ ਸੁਪਨੇ ਨਾਲ ਸ਼ੁਰੂ ਹੋਇਆ ਸੀ, ਜਿਸ ਨੇ ਹੁਣ ਤੈਰਾਕੀ ਦੇ ਮਾਅਨਾ ਬਦਲ ਦਿੱਤਾ ਹੈ। ਰੀਓ ਓਲੰਪਿਕ ਵਿਚ ਪੰਜ ਸੋਨ ਤਗਮਿਆਂ ਨਾਲ ਫੈਲਪਸ ਹੁਣ ਤੱਕ 23 ਓਲੰਪਿਕ ਸੋਨ ਤਗਮੇ ਜਿੱਤ ਚੁੱਕਿਆ ਹੈ। ਓਲੰਪਿਕ ਇਤਿਹਾਸ ਵਿਚ ਉਹ ਸਭ ਤੋਂ ਜ਼ਿਆਦਾ ਸੋਨ ਤਗਮੇ ਜਿੱਤਣ ਵਾਲੇ ਖਿਡਾਰੀ ਬਣ ਗਿਆ ਹੈ।

## ਬੋਲਟ ਨੇ ਸਿਰਜਿਆ ਇਤਿਹਾਸ

**ਰੀਓ ਡੀ ਜਨੇਰੋ:** ਵਿਸ਼ਵ ਦੇ ਸਭ ਤੋਂ ਤੇਜ਼ ਦੌੜਾਕ ਜਮਾਇਕਾ ਦੇ ਉਸੈਨ ਬੋਲਟ ਨੇ 100 ਮੀਟਰ ਦੌੜ ਵਿਚ ਲਗਾਤਾਰ ਤੀਜਾ ਸੋਨ ਤਗਮਾ ਜਿੱਤ ਕੇ ਓਲੰਪਿਕ ਵਿਚ ਨਵਾਂ ਇਤਿਹਾਸ ਸਿਰਜ ਦਿੱਤਾ ਜਦਕਿ ਦੱਖਣੀ ਅਫਰੀਕਾ ਦੇ ਵੇਡ ਵਾਨ ਨੀਕਰਕ ਨੇ 400 ਮੀਟਰ ਵਿਚ ਮਾਈਕਲ ਜੌਨਸਨ ਦੇ ਰਿਕਾਰਡ ਨੂੰ ਤੋੜ ਦਿੱਤਾ। ਬੋਲਟ ਨੇ ਦਰਸ਼ਕਾਂ ਨਾਲ ਤੁੰਨੇ ਸਟੇਡੀਅਮ ਵਿਚ 100 ਮੀਟਰ ਦੇ ਫਾਈਨਲ ਵਿਚ 9.81 ਸਕਿੰਟ ਦਾ ਸਮਾਂ ਕੱਢਦਿਆਂ ਲਗਾਤਾਰ ਤੀਜੀ ਵਾਰ ਇਸ ਈਵੈਂਟ ਵਿਚ ਸੋਨੇ ਦਾ ਤਗਮਾ ਜਿੱਤਿਆ।



## ਓਲੰਪਿਕ ਖੇਡਾਂ ਵਿਚ ਭਾਰਤ

ਓਲੰਪਿਕ ਖੇਡਾਂ ਦਾ ਇਤਿਹਾਸ ਯੂਨਾਨ (ਗਰੀਸ) ਵਿਚ ਕਈ ਸਦੀਆਂ ਪਹਿਲਾਂ, ਓਲੰਪੀਆ ਵਿਚ ਹੁੰਦੀਆਂ ਖੇਡਾਂ ਨਾਲ ਜੁੜਿਆ ਹੋਇਆ ਹੈ, ਪਰ 1896 ਵਿਚ ਆਧੁਨਿਕ ਓਲੰਪਿਕ ਖੇਡਾਂ ਸ਼ੁਰੂ ਹੋਣ ਤੋਂ ਬਾਅਦ, ਭਾਰਤ ਨੇ ਪਹਿਲੀ ਵਾਰ 1900 ਵਾਲੀਆਂ ਖੇਡਾਂ ਵਿਚ ਹਿੱਸਾ ਲਿਆ। ਉਦੋਂ ਭਾਰਤ ਉਤੇ ਅੰਗਰੇਜ਼ਾਂ ਦੀ ਹਕੂਮਤ ਸੀ ਅਤੇ ਭਾਰਤ ਵੱਲੋਂ ਇਕਲੌਤੇ ਖਿਡਾਰੀ ਨੌਰਮਨ ਪ੍ਰਿਟਸ਼ਰਡ ਨੇ ਅਥਲੈਟਿਕਸ ਵਿਚ ਚਾਂਦੀ ਦੇ ਦੋ ਤਗਮੇ ਜਿੱਤੇ ਸਨ। 1904, 1908, 1912 ਅਤੇ 1916 ਵਾਲੀਆਂ ਖੇਡਾਂ ਵਿਚ ਹਿੱਤਾ ਨਹੀਂ ਲਿਆ। ਇਸ ਤੋਂ ਬਾਅਦ 1920 ਵਾਲੀਆਂ ਖੇਡਾਂ ਲਈ ਛੇ ਅਤੇ 1924 ਲਈ 15 ਖਿਡਾਰੀਆਂ ਦਾ ਦਲ ਗਿਆ, ਪਰ ਕੋਈ ਤਗਮਾ ਨਹੀਂ ਜਿੱਤਿਆ ਸਕਿਆ। 1928 ਵਿਚ ਹਾਕੀ ਟੀਮ ਨੇ ਸੋਨੇ ਦਾ ਤਗਮਾ ਫੁੰਡ ਕੇ ਇਤਿਹਾਸ ਰਚਿਆ।

ਇਸ ਤੋਂ ਬਾਅਦ ਹਾਕੀ ਟੀਮ ਨੇ ਲਗਾਤਾਰ 1932, 1936, 1948 ਤੇ 1952 ਚਾਰ ਹੋਰ ਸੋਨ ਤਗਮੇ ਜਿੱਤੇ। ਦੂਜੇ ਸੰਸਾਰ ਜੰਗ ਕਰ ਕੇ 1940 ਅਤੇ 1944 ਵਾਲੀਆਂ ਖੇਡਾਂ ਹੋ ਨਹੀਂ ਸਨ ਸਕੀਆਂ। ਹਾਕੀ ਟੀਮ ਨੇ ਫਿਰ 1952 ਵਿਚ ਸੋਨ, 1960 ਵਿਚ ਚਾਂਦੀ, 1964 ਵਿਚ ਸੋਨ, 1968 ਤੇ 1972 ਵਿਚ ਕਾਂਸੀ ਅਤੇ 1980 ਵਿਚ ਸੋਨ ਤਗਮੇ ਜਿੱਤੇ। ਹਾਕੀ ਦੇ ਅੱਠ ਸੋਨ ਤਗਮਿਆਂ ਤੋਂ ਇਲਾਵਾ 2008 ਵਿਚ ਸ਼ੂਟਰ ਅਭਿਨਵ ਬਿੰਦਰਾ ਨੇ ਇਕਲੌਤਾ ਸੋਨੇ ਦਾ ਤਗਮਾ ਹਾਸਲ ਕੀਤਾ।

ਇਉਂ ਭਾਰਤ 2012 ਵਾਲੀ ਖੇਡਾਂ ਤਕ ਸੋਨੇ ਦੇ 9, ਚਾਂਦੀ ਦੇ 4 ਅਤੇ ਕਾਂਸੀ ਦੇ 11 ਤਗਮਿਆਂ ਸਮੇਤ ਕੁੱਲ 24 ਤਗਮੇ ਹਾਸਲ ਕਰ ਚੁੱਕਿਆ ਹੈ। ਭਾਰਤ ਨੂੰ 1992, 1988, 1984, 1976, 1924 ਅਤੇ 1920 ਵਿਚ ਤਗਮੇ ਤੋਂ ਬਗੈਰ ਹੀ ਸਬਰ ਕਰਨਾ ਪਿਆ। ਸਭ ਤੋਂ ਵੱਧ, ਛੇ ਤਗਮੇ 2012 ਵਾਲੀ ਲੰਡਨ ਓਲੰਪਿਕ ਵਿਚ ਮਿਲੇ ਸਨ। ਭਾਰਤ ਨੂੰ 2008 ਵਿਚ ਤਿੰਨ ਅਤੇ 1952 ਵਿਚ ਦੋ ਤਗਮੇ ਮਿਲੇ। ਬਾਕੀ ਸਾਰੀਆਂ ਖੇਡਾਂ ਵਿਚ ਇਕ-ਇਕ ਤਗਮਾ ਹੀ ਮਿਲ ਸਕਿਆ ਸੀ।

# ਰੀਓ ਓਲੰਪਿਕ: ਤੁਰਸ਼ੀਆਂ ਤੇ ਤਮਗੇ

ਰੀਓ ਓਲੰਪਿਕ ਖੇਡਾਂ ਮੁੱਕਣ ਦੇ ਨੇੜੇ ਹਨ। ਅਜੇ ਤਕ ਮੈਡਲ ਸੂਚੀ ਵਿਚ ਭਾਰਤ ਦਾ ਨਾਮ ਨਹੀਂ ਆਇਆ। ਇਸ ਖੇਡ ਮਹਾਉਤਸਵ ਲਈ 108 ਖਿਡਾਰੀਆਂ ਤੇ 80 ਖੇਡ ਅਧਿਕਾਰੀਆਂ ਦਾ ਦਲ ਭੇਜਣ ਵਾਲੇ ਮੁਲਕ ਨੂੰ ਇੱਕ ਵੀ ਮੈਡਲ ਨਸੀਬ ਨਾ ਹੋਣਾ ਨਮੋਸ਼ੀਜਨਕ ਜਾਪਦਾ ਹੈ। ਖੇਡਾਂ ਬਾਰੇ ਕੇਂਦਰੀ ਮੰਤਰੀ ਵਿਜੈ ਗੋਇਲ ਭਾਰਤੀ ਖਿਡਾਰੀਆਂ ਦੀ ਹੌਸਲਾ-ਅਫ਼ਜ਼ਾਈ ਲਈ ਰੀਓ ਵਿਚ ਹਨ। ਉਹ ਹੌਸਲਾ-ਅਫ਼ਜ਼ਾਈ ਨੂੰ ਇੰਨੀ ਗੰਭੀਰਤਾ ਨਾਲ ਲੈਂਦੇ ਰਹੇ ਕਿ ਉਨ੍ਹਾਂ ਵੱਲੋਂ ਆਪਣੇ ਸਹਾਇਕਾਂ ਸਮੇਤ ਖੇਡ ਪਿੜਾਂ ਅੰਦਰ ਜਾ ਵੜਨ ਤੋਂ ਖ਼ਫ਼ਾ ਓਲੰਪਿਕ ਇੰਤਜ਼ਾਮੀਆ ਕਮੇਟੀ ਨੂੰ ਉਨ੍ਹਾਂ ਬਾਰੇ ਚਿਤਾਵਨੀ ਪੱਤਰ ਜਾਰੀ ਕਰਨਾ ਪਿਆ। ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਅਤੇ ਕਈ ਹੋਰ ਰਾਜਾਂ ਦੇ ਮੰਤਰੀ ਵੀ ਜਾਂ ਤਾਂ ਰੀਓ ਪਹੁੰਚੇ ਹੋਏ ਹਨ। ਇਹ ਸਾਰੇ ਮੰਤਰੀ ਭਾਰਤੀ ਖਿਡਾਰੀਆਂ ਵਾਸਤੇ ਆਪੋ ਆਪਣੇ ਰਾਜਾਂ ਦੀਆਂ 'ਸ਼ੁਭ ਕਾਮਨਾਵਾਂ' ਲੈ ਕੇ ਗਏ ਹਨ। ਖਿਡਾਰੀਆਂ ਨੂੰ ਸ਼ੁਭ ਕਾਮਨਾਵਾਂ ਦੀ ਜ਼ਰੂਰਤ ਹੈ ਵੀ ਬਹੁਤ, ਖ਼ਾਸ ਕਰ ਕੇ ਇਹ ਦੇਖਦਿਆਂ ਕਿ ਕਈ ਸੰਭਾਵੀ ਮੈਡਲ ਜੇਤੂ, ਹੁਣ ਤਕ ਜੇਤੂਆਂ ਵਰਗੇ ਪ੍ਰਦਰਸ਼ਨ ਦੇ ਨੇੜੇ ਤੇੜੇ ਵੀ ਨਹੀਂ ਢੁੱਕੇ। ਸਾਰੇ 108 ਭਾਰਤੀ ਖਿਡਾਰੀ ਓਲੰਪਿਕ ਮਿਆਰਾਂ ਉਤੇ ਪੂਰੇ ਉਤਰ ਕੇ ਰੀਓ ਪੁੱਜੇ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਤਾਂ ਕੌਮਾਂਤਰੀ ਮੁਕਾਬਲਿਆਂ ਵਿਚ ਵਧੀਆ ਪ੍ਰਦਰਸ਼ਨ ਦੇ ਆਧਾਰ 'ਤੇ ਕੁਆਲੀਫਾਈ ਕੀਤਾ। ਘੱਟੋ ਘੱਟ 30 ਭਾਰਤੀ ਖਿਡਾਰੀ ਵਿਸ਼ਵ ਪੱਧਰੀ ਮੁਕਾਬਲਿਆਂ ਵਿਚ ਜਿੱਤੇ ਮੈਡਲਾਂ ਦੀ ਬੁਨਿਆਦ 'ਤੇ ਓਲੰਪਿਕ ਕੋਟੇ ਦੇ ਯੋਗ ਮੰਨੇ ਗਏ। ਅਜਿਹੀ ਯੋਗਤਾ ਦੇ ਬਾਵਜੂਦ ਉਹ ਇਸ ਖੇਡ ਮਹਾਂਕੁੰਭ ਦੇ ਇਨਾਮੀ ਮਿਆਰਾਂ ਦੇ ਨੇੜੇ ਕਿਉਂ ਨਹੀਂ ਢੁੱਕ ਸਕੇ? ਕੀ ਮਾਨਸਿਕ ਦਬਾਅ ਉਨ੍ਹਾਂ ਉਪਰ ਇਸ ਹੱਦ ਤਕ ਹਾਵੀ ਹੋ ਗਿਆ ਕਿ ਉਹ ਆਪਣੀ ਸੁਭਾਵਿਕ ਖੇਡ ਨਹੀਂ ਖੇਡ ਸਕੇ? ਜਾਂ ਕਾਰਨ ਕੋਈ ਹੋਰ ਸਨ?

ਇਹ ਉਹ ਸਵਾਲ ਹਨ ਜਿਹੜੇ ਹਰ ਖੇਡ ਪ੍ਰੇਮੀ ਦੇ ਮਨ ਵਿਚ ਪੈਦਾ ਹੋਣੇ ਸੁਭਾਵਿਕ ਹਨ। ਇਨ੍ਹਾਂ ਦੇ ਜਵਾਬ ਲੱਭਣੇ ਵੀ ਆਸਾਨ ਨਹੀਂ। ਮੈਡਲਾਂ ਪੱਖੋਂ ਭਾਰਤ ਤੇ ਓਲੰਪਿਕ ਖੇਡਾਂ ਦੀ ਸਾਂਝ, ਦਰਅਸਲ, ਕਦੇ ਵੀ ਬਹੁਤੀ ਪੀਡੀ ਨਹੀਂ ਰਹੀ। ਪਹਿਲਾਂ ਉਹ ਸਮਾਂ ਸੀ ਜਦੋਂ ਹਾਕੀ ਵਿਚ ਇੱਕ-ਅੱਧ ਮੈਡਲ ਭਾਰਤ ਦੇ ਹਿੱਸੇ ਆਉਂਦਾ ਸੀ। 1996 ਵਿਚ ਲਿਏਂਡਰ ਪੇਸ ਵੱਲੋਂ ਟੈਨਿਸ ਵਿਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਅਗਲੇ ਓਲੰਪਿਕਸ ਦੌਰਾਨ ਭਾਰਤੀ ਕਾਰਗੁਜ਼ਾਰੀ ਵਿਚ ਸੁਧਾਰ ਨਜ਼ਰ ਆਉਣਾ ਸ਼ੁਰੂ ਹੋਇਆ। 2012 ਦੇ ਲੰਡਨ ਓਲੰਪਿਕਸ ਵਿਚ ਛੇ ਮੈਡਲ ਜਿੱਤਣਾ ਭਾਰਤ ਦੀ ਹੁਣ ਤਕ ਦੀ ਤਗਮਿਆਈ ਕਾਰਗੁਜ਼ਾਰੀ ਦਾ ਸਿਖ਼ਰ ਸੀ। ਇਸ ਕਾਰਗੁਜ਼ਾਰੀ ਨੂੰ ਭਾਰਤ ਦੇ ਆਰਥਿਕ ਉਭਾਰ ਦਾ ਪ੍ਰਤੀਕ ਵੀ ਮੰਨਿਆ ਗਿਆ। ਹੁਣ ਭਾਰਤੀ ਖਿਡਾਰੀ ਓਲੰਪਿਕ ਪਿੰਡ ਵਿਚ ਕੰਗਲਿਆਂ ਵਾਂਗ ਨਹੀਂ ਸੀ ਵਿਚਰਦੇ; ਉਹ ਸੁੱਖ ਸਹੂਲਤਾਂ ਨਾਲ ਲੈਸ ਸਨ। ਸ਼ਾਇਦ ਇਸੇ ਲਈ ਇਸ ਵਾਰ ਖੇਡ ਪੰਡਿਤ ਮੈਡਲਾਂ ਦੀ ਗਿਣਤੀ ਦੁੱਗਣੀ ਹੋਣ ਦੇ ਕਿਆਸ ਲਾ ਰਹੇ ਸਨ, ਪਰ ਹੁਣ ਤਕ ਦੇ ਸੋਕੇ ਨੇ ਇਹ ਸੰਭਾਵਨਾ ਖ਼ਤਮ ਕਰ ਦਿੱਤੀ ਹੈ। ਖੇਡ ਪ੍ਰੇਮੀ ਭਾਰਤੀ ਕਾਰਗੁਜ਼ਾਰੀ ਨੂੰ ਨਮੋਸ਼ੀਜਨਕ ਦੱਸ ਰਹੇ ਹਨ। ਦੂਜੇ ਪਾਸੇ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦਾ ਦਾਅਵਾ ਹੈ ਕਿ ਮਹਿਜ਼ ਦੋ ਮਹੀਨਿਆਂ ਦੀ ਮੁਸ਼ੱਕਤ ਮੈਡਲ ਸੰਭਵ ਨਹੀਂ ਬਣਾ ਸਕਦੀ; ਓਲੰਪਿਕ ਮੈਡਲ ਜਿੱਤਣ ਲਈ ਤਾਂ ਵਰ੍ਹਿਆਂ ਤੋਂ ਤਿਆਰੀ ਕਰਨੀ ਪੈਂਦੀ ਹੈ। ਅਜਿਹੀਆਂ ਟਿੱਪਣੀਆਂ ਜਿਥੇ ਭਾਰਤੀ ਖੇਡ ਪ੍ਰਬੰਧ ਨੂੰ ਤ੍ਰਿਸਕਾਰਨ ਵਾਂਗ ਹਨ, ਉਥੇ ਨਾਲ ਹੀ ਇਹ ਸਵਾਲ ਖੜ੍ਹਾ ਕਰਦੀਆਂ ਹਨ ਕਿ ਕੀ ਸਾਰੀਆਂ ਖੇਡ ਵੰਨਗੀਆਂ ਦੇ ਖਿਡਾਰੀ ਹੀ 'ਮਹਿਜ਼ ਦੋ ਮਹੀਨਿਆਂ ਦੀ ਤਿਆਰੀ' ਵਰਗੇ ਨਿਜ਼ਾਮ ਤੋਂ ਪੀੜਤ ਹਨ।

ਕੁਝ ਹੋਰ ਸ਼ਿਕਵੇ ਵੀ ਹਨ। ਤੀਰਅੰਦਾਜ਼ਾਂ ਦਾ ਸ਼ਿਕਵਾ ਹੈ ਕਿ ਉਨ੍ਹਾਂ ਨੂੰ ਮਿਲੀਆਂ ਕਿੱਟਾਂ ਆਲਮੀ ਪੱਧਰ ਦੀਆਂ ਨਹੀਂ ਸਨ। ਨਿਸ਼ਾਨੇਬਾਜ਼ ਰੀਓ ਵਿਚ ਚੱਲਦੀਆਂ ਤੇਜ਼ ਹਵਾਵਾਂ ਨੂੰ ਨਿਸ਼ਾਨਾ ਖੁੰਝਣ ਦੀ ਵਜ੍ਹਾ ਦੱਸਦੇ ਹਨ। ਗੋਲਾ ਸੁਟਾਵੇ ਵਿਕਾਸ ਗੌੜਾ ਤੇ ਮਨਪ੍ਰੀਤ ਕੌਰ ਆਬੋ-ਹਵਾ ਭਾਰੀ ਹੋਣ ਨੂੰ ਆਪਣੀ ਕਾਰਗੁਜ਼ਾਰੀ ਵਿਚ ਨਿਘਾਰ ਲਈ ਕਸੂਰਵਾਰ ਦੱਸਦੇ ਹਨ। ਜੂਝ ਮਰਨ ਦੇ ਜਜ਼ਬੇ ਦੀ ਘਾਟ ਦੀ ਗੱਲ ਕੋਈ ਵੀ ਨਹੀਂ ਕਰਦਾ; ਪੁਰਸ਼ਾਂ ਦੀ ਹਾਕੀ ਟੀਮ ਵੀ ਨਹੀਂ ਜੋ ਜਿੱਤਦਿਆਂ ਜਿੱਤਦਿਆਂ ਮੈਚ ਹਾਰਦੀ ਰਹੀ। ਖੇਡ ਅਧਿਕਾਰੀ ਵੀ ਨਹੀਂ; ਖਿਡਾਰੀਆਂ ਦੇ ਬਹਾਨੇ ਕੌਮਾਂਤਰੀ ਸੈਰਾਂ ਕਰਨ ਦੇ ਆਦੀ ਖੇਡ ਪ੍ਰਬੰਧਕ ਇਹ ਕਹਿਣ ਦੀ ਜੁਰਅੱਤ ਕਰ ਵੀ ਕਿਵੇਂ ਸਕਦੇ ਹਨ ਕਿ ਜਿਹੜੇ ਨਿਸ਼ਾਨੇਬਾਜ਼ ਜਾਂ ਤੀਰਅੰਦਾਜ਼ ਤੇਜ਼ ਹਵਾਵਾਂ ਕਾਰਨ ਨਿਸ਼ਾਨੇ ਖੁੰਝਣ ਦੀ ਗੱਲ ਕਰਦੇ ਹਨ, ਉਹ ਦੋ ਦੋ ਮਹੀਨੇ ਰੀਓ ਵਿਚ ਰਹਿ ਚੁੱਕੇ ਹਨ ਅਤੇ ਆਪਣੀ ਖੇਡ ਸ਼ੈਲੀ ਨੂੰ ਆਬੋ-ਹਵਾ ਤੇ ਵਾਤਾਵਰਨ ਮੁਤਾਬਿਕ ਢਾਲਣ ਲਈ ਇੰਨਾ ਸਮਾਂ ਘੱਟ ਨਹੀਂ ਹੁੰਦਾ।

ਇੱਕ ਪਾਸੇ ਅਜਿਹੀ ਹਾਲਤ ਹੈ, ਦੂਜੇ ਪਾਸੇ ਫਿਜੀ ਦੀ ਰਗਬੀ ਸੈਵਨਜ਼ ਟੀਮ ਹੈ। ਦੁਨੀਆਂ ਦੇ ਨਕਸ਼ੇ 'ਤੇ ਇੱਕ ਬਿੰਦੂ ਜਿੱਡੇ ਇਸ ਮੁਲਕ, ਜਿਸ ਦੀ ਆਬਾਦੀ ਮਹਿਜ਼ ਨੌਂ ਲੱਖ ਹੈ, ਨੇ ਰਗਬੀ ਸੈਵਨਜ਼ ਵਿਚ ਗੋਲਡ ਮੈਡਲ ਜਿੱਤਿਆ, ਉਹ ਵੀ ਫਾਈਨਲ ਵਿਚ ਗ੍ਰੇਟ ਬ੍ਰਿਟੇਨ ਨੂੰ 43-7 ਨਾਲ ਹਰਾ ਕੇ। ਬ੍ਰਿਟੇਨ ਹੀ ਨਹੀਂ, ਫਿਜੀ ਨੇ ਅਰਜਨਟੀਨਾ, ਅਮਰੀਕਾ, ਨਿਊਜ਼ੀਲੈਂਡ ਤੇ ਜਾਪਾਨ ਨੂੰ ਵੀ ਪਸਤ ਕੀਤਾ। ਜਿਸ ਮੁਲਕ ਨੇ ਸਿਰਫ ਚਾਰ ਸਾਲ ਪਹਿਲਾਂ ਰਗਬੀ ਯੂਨੀਅਨ ਅਤੇ ਇਸ ਦੀ ਹੀ ਇੱਕ ਵੰਨਗੀ ਰਗਬੀ ਸੈਵਨਜ਼ ਦੀ ਦੁਨੀਆਂ ਵਿਚ ਆਪਣਾ ਮੁਕਾਮ ਬਣਾਉਣਾ ਸ਼ੁਰੂ ਕੀਤਾ ਹੋਵੇ, ਉਸ ਵੱਲੋਂ ਪੈਂਦੀ ਸੱਟੇ ਓਲੰਪਿਕ ਗੋਲਡ ਮੈਡਲ ਜਿੱਤਣਾ ਇਹ ਦਰਸਾਉਂਦਾ ਹੈ ਕਿ ਜੁਝਾਰੂ ਜਜ਼ਬੇ ਦਾ ਖੇਡ ਪ੍ਰਾਪਤੀਆਂ ਵਿਚ ਕਿੰਨਾ ਮਹੱਤਵ ਹੈ। ਫਿਜੀ ਦੀ ਪ੍ਰਾਪਤੀ ਦੀ ਅਹਿਮੀਅਤ ਇਸ ਪੱਖੋਂ ਵੀ ਹੈ ਕਿ ਇਸ ਟੀਮ ਦੀ ਤਿਆਰੀ 37 ਹਜ਼ਾਰ ਰੁਪਏ ਦੇ ਮਾਸਿਕ ਬਜਟ ਨਾਲ ਚੱਲਦੀ ਰਹੀ ਅਤੇ ਇਸ ਦਾ ਇੱਕ ਵੀ ਮੈਂਬਰ ਅਜਿਹਾ ਨਹੀਂ ਜਿਹੜਾ ਸਾਡੇ ਭਾਰਤੀਆਂ ਦੀ ਸੂਹਜ ਮੁਤਾਬਿਕ ਕਿਸੇ 'ਡੀਸੈਂਟ' ਨੌਕਰੀ 'ਤੇ ਹੋਵੇ। ਕੋਈ ਜੇਲ੍ਹ ਵਾਰਡਨ ਹੈ, ਕੋਈ ਸਕਿਉਰਿਟੀ ਗਾਰਡ, ਕੋਈ ਟੈਕਸੀ ਡਰਾਈਵਰ!

ਕਈ ਵਰ੍ਹੇ ਪਹਿਲਾਂ ਵੈਲਸ਼ ਲੇਖਕ ਸਾਇਨਾਨ ਜੋਨਜ਼ ਦਾ ਲਘੂ ਨਾਵਲ 'ਦਿ ਲੌਂਗ ਡਰਾਈ' ਪੜ੍ਹਿਆ ਸੀ। ਇਸ ਗੁਰਬਤ ਦੇ ਮਾਰੇ ਅਜਿਹੇ ਯੁਵਾ ਅਥਲੀਟ ਨਿਆਮ ਕੈਰੀ ਦੀ ਕਹਾਣੀ ਪੇਸ਼ ਕਰਦਾ ਹੈ ਜੋ ਪੇਟ ਨੂੰ ਝੁਲਕਾ ਦੇਣ ਲਈ ਕਿਸੇ ਵੈਲਸ਼ ਬੀਚ ਉਤੇ ਮੁਕਾਮੀ ਪੱਧਰ ਦੇ ਦੌੜ ਮੁਕਾਬਲਿਆਂ ਵਿਚ ਹਿੱਸਾ ਲੈਣਾ ਸ਼ੁਰੂ ਕਰਦਾ ਹੈ। ਹਰ ਦੌੜ ਦੇ ਜੇਤੂ ਨੂੰ ਬੀਚ 'ਤੇ ਆਏ ਸੈਲਾਨੀਆਂ ਵੱਲੋਂ ਕੁਝ ਸਿੱਕੇ ਇਨਾਮ ਵਜੋਂ ਮਿਲਦੇ ਹਨ। ਉਹ ਦੌੜਾਂ ਜਿੱਤਣ ਲੱਗਦਾ ਹੈ ਅਤੇ ਕਾਉਂਟੀ ਪੱਧਰ 'ਤੇ ਚੰਗੇ ਦੌੜਾਕ ਵਜੋਂ ਮਸ਼ਹੂਰ ਹੋ ਜਾਂਦਾ ਹੈ। ਮਾਨਤਾ ਤੇ ਮੋਟੀ ਫੀਸ ਮਿਲਣ ਦੇ ਬਾਵਜੂਦ ਉਸ ਦੇ ਪ੍ਰਦਰਸ਼ਨ ਵਿਚ ਨਿਘਾਰ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਦੋਂ ਉਹ ਇਸ ਦੌਰ ਵਿਚੋਂ ਨਿਕਲਣ ਲਈ ਗੰਭੀਰਤਾ ਨਾਲ ਆਤਮ ਚਿੰਤਨ ਕਰਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਨਿੱਤ ਦੀਆਂ ਤੁਰਸ਼ੀਆਂ ਤੇ ਤੰਗੀਆਂ ਦੀ ਉਸ ਅੰਦਰ ਜੇਤੂ ਜਜ਼ਬਾ ਭਰਨ ਵਿਚ ਕਿੰਨੀ ਭੂਮਿਕਾ ਸੀ ਅਤੇ ਸੁੱਖ ਸਹੂਲਤਾਂ ਨੇ ਇਸ ਜਜ਼ਬੇ ਨੂੰ ਕਿਵੇਂ ਖੋਰਾ ਲਾਇਆ। ਕੀ ਭਾਰਤੀ ਓਲੰਪਿਕ ਦਲ ਦੇ ਮੈਂਬਰ, ਕੈਰੀ ਵਾਲੀ ਮਰਜ਼ ਨਾਲ ਤਾਂ ਨਹੀਂ ਜੂਝ ਰਹੇ?

*-ਸੁਰਿੰਦਰ ਸਿੰਘ ਤੇਜ*

# ਉਘੇ ਸਾਹਿਤਕਾਰ ਪ੍ਰੋ. ਗੁਰਦਿਆਲ ਸਿੰਘ ਦਾ ਦੇਹਾਂਤ

**ਜੈਤੋ:** ਗਿਆਨਪੀਠ ਪੁਰਸਕਾਰ ਜੇਤੂ ਅਤੇ ਵਿਸ਼ਵ ਭਰ 'ਚ ਮਕਬੂਲੀਅਤ ਹਾਸਲ ਕਰਨ ਵਾਲੇ ਪੰਜਾਬੀ ਦੇ ਸਿਰਮੌਰ ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ ਇਸ ਜਹਾਨ 'ਚ ਨਹੀਂ ਰਹੇ। ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਮੰਗਲਵਾਰ ਨੂੰ ਉਨ੍ਹਾਂ ਦਿਨੇ ਤਕਰੀਬਨ ਡੇਢ ਵਜੇ ਬਠਿੰਡਾ ਦੇ ਮੈਕਸ ਹਸਪਤਾਲ ਵਿਚ ਆਖ਼ਰੀ ਸਾਹ ਲਏ। ਤਕਰੀਬਨ ਡੇਢ ਮਹੀਨਾ ਪਹਿਲਾਂ ਆਪਣੇ ਘਰ ਵਿਚ ਡਿੱਗਣ ਕਾਰਨ ਉਨ੍ਹਾਂ ਦਾ ਚੂਲਾ ਟੁੱਟ ਗਿਆ ਸੀ ਅਤੇ ਉਨ੍ਹਾਂ ਦਾ ਅਪਰੇਸ਼ਨ ਲੁਧਿਆਣਾ ਦੇ ਇਕ ਹਸਪਤਾਲ 'ਚ ਹੋਇਆ ਸੀ। ਹਫ਼ਤਾ ਕੁ ਪਹਿਲਾਂ ਉਹ ਬਿਮਾਰ ਹੋ ਗਏ ਅਤੇ ਉਨ੍ਹਾਂ ਨੂੰ ਬਠਿੰਡਾ ਦੇ ਹਸਪਤਾਲ 'ਚ ਦਾਖ਼ਲ ਕਰਾਇਆ ਸੀ। ਅਚਾਨਕ ਗੁਰਦਿਆਂ 'ਚ ਆਈ ਖ਼ਰਾਬੀ ਕਾਰਨ ਪਿਛਲੇ ਦੋ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਸੀ।

ਪਾਟੇ ਝੱਗੇ ਵਰਗੀ ਆਰਥਿਕਤਾ ਵਾਲੇ ਪਰਿਵਾਰ 'ਚ ਪੈਦਾ ਹੋਏ ਪ੍ਰੋ. ਗੁਰਦਿਆਲ ਸਿੰਘ ਨੇ ਬਚਪਨ ਤੋਂ ਜ਼ਿੰਦਗੀ ਦੇ ਆਖ਼ਰੀ ਪੜਾਅ ਤਕ ਅਨੇਕਾਂ ਚੁਣੌਤੀਆਂ ਦਾ ਖਿੜੇ ਮੱਥੇ ਸਾਹਮਣਾ ਕੀਤਾ। ਉਨ੍ਹਾਂ ਦਾ ਜਨਮ 10 ਜਨਵਰੀ, 1933 ਨੂੰ ਹੋਇਆ ਸੀ ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਜੈਤੋ ਦੇ ਇਕ ਸਾਦੇ ਜਿਹੇ ਮਕਾਨ ਵਿਚ ਗੁਜ਼ਾਰੀ। ਉਨ੍ਹਾਂ ਜ਼ਿੰਦਗੀ ਦੇ ਸ਼ੁਰੂਆਤੀ ਦੌਰ 'ਚ ਚਿੱਤਰਕਾਰੀ ਆਰੰਭੀ। ਇਸ ਬਾਅਦ ਉਹ ਜੈਤੋ ਦੇ ਗੁਰਦੁਆਰਾ ਗੰਗਸਰ ਸਾਹਿਬ 'ਚ ਕੀਰਤਨ ਕਰਦੇ ਰਹੇ। ਮਗਰੋਂ ਉਹ ਲੇਖਣ ਕਲਾ ਵੱਲ ਮੁੜੇ ਅਤੇ 'ਰਾਹੀ' ਦੇ ਤਖ਼ੱਲਸ ਨਾਲ ਲਿਖਣਾ ਆਰੰਭਿਆ। ਉਨ੍ਹਾਂ ਦੀ ਪਹਿਲੀ ਰਚਨਾ ਜੈਤੋ ਮੋਰਚੇ ਨਾਲ ਸਬੰਧਿਤ 'ਗੰਗਸਰ ਦੇ ਸ਼ਹੀਦ' ਸੀ। ਕਲਮ ਨਾਲ ਉਨ੍ਹਾਂ ਦਾ ਰਿਸ਼ਤਾ ਸਦੀਵੀ ਬਣ ਗਿਆ ਅਤੇ ਉਨ੍ਹਾਂ ਜੋ ਵੀ ਲਿਖਿਆ ਉਸ ਨੇ ਆਲੋਚਕ ਤੇ ਪਾਠਕ ਜਗਤ ਵਿਚ ਮਾਣ-ਮੱਤੀਆਂ ਤਰੰਗਾਂ ਛੇੜੀਆਂ। ਉਨ੍ਹਾਂ ਦੇ ਪਹਿਲੇ ਕਹਾਣੀ ਸੰਗ੍ਰਿਹ 'ਸੱਗੀ ਫ਼ੁੱਲ' ਨਾਲ ਉਹ 'ਸੱਗੀ ਫ਼ੁੱਲ ਵਾਲਾ ਗੁਰਦਿਆਲ ਸਿੰਘ' ਬਣ ਗਏ। ਉਹ ਪੰਜਾਬੀ ਦੇ ਦੂਜੇ ਨਾਵਲਕਾਰ ਸਨ, ਜਿਨ੍ਹਾਂ ਭਾਰਤ ਦਾ ਸਰਵੋਤਮ ਸਾਹਿਤਕ ਪੁਰਸਕਾਰ ਗਿਆਨਪੀਠ ਮਾਂ-ਬੋਲੀ ਪੰਜਾਬੀ ਦੀ ਝੋਲੀ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪਦਮਸ੍ਰੀ, ਜਵਾਹਰ ਲਾਲ ਨਹਿਰੂ ਸੋਵੀਅਤ ਪੁਰਸਕਾਰ ਸਮੇਤ ਦਰਜਨਾਂ ਹੋਰ ਸਨਮਾਨ ਹਾਸਲ ਹੋਏ।



1964 ਵਿਚ ਪ੍ਰਕਾਸ਼ਿਤ ਉਨ੍ਹਾਂ ਦੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਮੁਤਾਸਿਰ ਹੋ ਕੇ ਸਿਰਮੌਰ ਸਾਹਿਤਕਾਰ ਨਾਨਕ ਸਿੰਘ ਨੇ ਆਪਣੀ ਲਿਖ਼ਤ 'ਚ ਪ੍ਰੋ. ਗੁਰਦਿਆਲ ਸਿੰਘ ਨੂੰ ਬਹੁਮੁੱਲੀਆਂ ਸੰਭਾਵਨਾਵਾਂ ਵਾਲਾ ਨੌਜਵਾਨ ਕਹਿ ਕੇ ਵਡਿਆਇਆ ਸੀ। ਡਾ. ਨਾਮਵਰ ਸਿੰਘ, ਡਾ. ਅਤਰ ਸਿੰਘ, ਡਾ. ਅਮਰੀਕ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੇ ਸਮਰੱਥ ਆਲੋਚਕਾਂ ਨੇ ਪੰਜਾਬੀ ਨਾਵਲ ਵਿਚ ਇਸ ਨੂੰ ਨਵੀਂ ਲੀਹ ਕਰਾਰ ਦਿੱਤਾ। ਉਨ੍ਹਾਂ ਨੇ ਦਰਜਨਾਂ ਨਾਵਲਾਂ ਤੋਂ ਇਲਾਵਾ ਕਹਾਣੀਆਂ, ਨਾਟਕ ਅਤੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿਚ ਵੀ ਸਾਹਿਤ ਸਿਰਜਣਾ ਕੀਤੀ। ਇਹ ਕਿਰਤਾਂ ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਭਾਰਤ ਸਮੇਤ ਵਿਦੇਸ਼ੀ ਭਾਸ਼ਾਵਾਂ 'ਚ ਅਨੁਵਾਦ ਹੋ ਕੇ ਛਪਦੀਆਂ ਰਹੀਆਂ। ਉਨ੍ਹਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

ਫਿਲਮਸਾਜ਼ ਗੁਰਵਿੰਦਰ ਸਿਮੰਘ ਨੇ ਉਨ੍ਹਾਂ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਉਤੇ ਫਿਲਮ ਬਣਾਈ ਜੋ ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ 68 ਸਾਲਾਂ ਬਾਅਦ ਇਟਲੀ ਦੇ ਕੌਮਾਂਤਰੀ ਫ਼ਿਲਮ ਮੇਲੇ ਵਿਚ ਵਿਖਾਈ ਗਈ। ਇਸ ਤੋਂ ਇਲਾਵਾ ਪੰਜ ਹੋਰ ਦੇਸ਼ਾਂ ਵਿਚ ਵੀ ਦਿਖਾਈ ਜਾ ਚੁੱਕੀ ਹੈ। ਉਨ੍ਹਾਂ ਦੇ ਨਾਵਲ 'ਅਣਹੋਏ', 'ਕੁਵੇਲਾ', 'ਪਹੁ ਫ਼ੁਟਾਲੇ ਤੋਂ ਪਹਿਲਾਂ', 'ਪਰਸਾ', 'ਰੇਤੇ ਦੀ ਇਕ ਮੁੱਠੀ' ਅਤੇ 'ਆਹਣ' ਤੋਂ ਇਲਾਵਾ ਕਈ ਕਹਾਣੀ ਸੰਗ੍ਰਹਿਆਂ ਨੂੰ ਵੀ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ। ਉਨ੍ਹਾਂ ਦੀ ਸਵੈ-ਜੀਵਨੀ 'ਨਿਆਣਮੱਤੀਆਂ' ਅੰਗਰੇਜ਼ੀ ਵਿਚ ਵੀ ਅਨੁਵਾਦ ਹੋ ਕੇ ਛਪੀ। ਸਕੂਲ ਅਧਿਆਪਕ ਤੋਂ ਨੌਕਰੀ ਸ਼ੁਰੂ ਕਰਨ ਵਾਲੇ ਪ੍ਰੋ. ਗੁਰਦਿਆਲ ਸਿੰਘ ਦੀ ਸੇਵਾਮੁਕਤੀ ਯੂਨੀਵਰਸਿਟੀ 'ਚੋਂ ਪ੍ਰੋਫੈਸਰ ਦੇ ਵੱਕਾਰੀ ਅਹੁਦੇ ਤੋਂ ਹੋਈ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਬਲਵੰਤ ਕੌਰ, ਪੁੱਤਰ ਰਵਿੰਦਰ ਰਾਹੀ, ਦੋ ਧੀਆਂ ਅਤੇ ਦੋ ਪੋਤਰੇ ਸ਼ਾਮਲ ਹਨ

# ਸਿਆਚਿਨ ਵਿਚ ਫੌਜੀਆਂ ਦੀ ਜਾਨ ਨੂੰ ਖਤਰਾ ਬਣੀ ਤਪਸ਼

**ਸਿਆਚਿਨ:** ਵਾਤਾਵਰਨ ਵਿਚ ਆ ਰਹੀ ਤਬਦੀਲੀ ਨਾਲ ਸਿਆਚਿਨ ਗਲੇਸ਼ੀਅਰ ਵਿਚ ਤਾਇਨਾਤ ਜਵਾਨਾਂ ਲਈ ਜਿਥੇ ਹਾਲਾਤ ਦਿਨ-ਬ-ਦਿਨ ਔਖੇ ਤੋਂ ਔਖੇ ਹੁੰਦੇ ਜਾ ਰਹੇ ਹਨ, ਉਥੇ ਉਨ੍ਹਾਂ ਦੀ ਜ਼ਿੰਦਗੀ ਵੀ ਖਤਰੇ ਵਿਚ ਹੈ। ਸਿਆਚਿਨ ਬੈਟਲ ਸਕੂਲ ਦੇ ਕਮਾਂਡੈਂਟ ਲੈਫਟੀਨੈਂਟ ਕਰਨਲ ਐਸ. ਸੇਨਗੁਪਤਾ ਨੇ ਦੱਸਿਆ ਕਿ ਸਿਆਚਿਨ ਵਿਚ ਮੌਸਮ ਦੀ ਖ਼ਰਾਬੀ ਕਾਰਨ ਜਿੰਨੇ ਜਵਾਨਾਂ ਦੀ ਮੌਤ ਹੋਈ ਹੈ, ਉਨੀ ਦੁਸ਼ਮਣ ਦੀਆਂ ਗੋਲੀਆਂ ਨਾਲ ਨਹੀਂ ਹੋਈ।

ਇਸਰੋ, ਵਾਡੀਆ ਇੰਸਟੀਚਿਊਟ ਆਫ ਹਿਮਾਲੀਅਨ ਜਿਓਲੋਜੀ ਅਤੇ ਹੋਰ ਸੰਸਥਾਵਾਂ ਵੱਲੋਂ ਕੀਤੇ ਅਧਿਐਨ ਮੁਤਾਬਕ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਹਰ ਸਾਲ 5-20 ਮੀਟਰ ਪਿਘਲ ਰਿਹਾ ਹੈ। ਬਰਫ ਦੇ ਤੋਦੇ ਡਿਗਣਾ ਵਾਤਾਵਰਨ ਵਿਚ ਆ ਰਹੀ ਤਬਦੀਲੀ ਦਾ ਹੀ ਨਤੀਜਾ ਹਨ। ਵਾਤਾਵਰਨ ਵਿਚ ਵੱਧ ਰਹੀ ਗਰਮੀ ਕਾਰਨ ਗਲੇਸ਼ੀਅਰ ਵਿਚ ਤਰੇੜਾਂ ਪੈ ਜਾਂਦੀਆਂ ਹਨ ਜਿਸ ਕਾਰਨ ਬਰਫ਼ ਖਿਸਕਣੀ ਸ਼ੁਰੂ ਹੋ ਜਾਂਦੀ ਹੈ ਤੇ ਬਰਫ਼ ਦੇ ਤੋਦੇ ਡਿਗਣ ਲੱਗਦੇ ਹਨ। ਇਸ ਖਤਰੇ ਦੇ ਮੱਦੇਨਜ਼ਰ ਥਲ ਸੈਨਾ ਨੇ ਸਿਆਚਿਨ ਵਿਚ ਆਪਣੀ ਰਣਨੀਤੀ ਬਣਾਈ ਹੈ ਤੇ ਕਈ ਚੌਕੀਆਂ ਨੂੰ ਹਟਾ ਕੇ ਨਵੀਂ ਥਾਂ 'ਤੇ ਬਣਾ ਦਿੱਤਾ ਹੈ। ਇਸ ਦੇ ਨਾਲ ਬਰਫ਼ ਦੇ ਤੋਦਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਵਿਸ਼ੇਸ਼ ਰਾਡਾਰ ਪ੍ਰਣਾਲੀ ਵੀ ਲਾਈ ਗਈ ਹੈ। ਸਿਆਚਿਨ ਵਿਚ 2013 ਤੋਂ ਹੁਣ ਤੱਕ ਬਰਫ਼ ਦੇ ਤੋਦਿਆਂ ਕਾਰਨ ਭਾਰਤ ਦੇ 41 ਜਵਾਨਾਂ ਦੀ ਜਾਨ ਜਾ ਚੁੱਕੀ ਹੈ ਜਦ ਕਿ 2003 ਤੋਂ ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਗੋਲੀਬੰਦੀ ਤੋਂ ਬਾਅਦ ਇਥੇ ਇਕ ਵੀ ਗੋਲੀ ਨਹੀਂ ਚੱਲੀ। 1984 ਤੋਂ ਇਥੇ ਭਾਰਤ ਦੇ 1013 ਜਵਾਨ ਮਾਰੇ ਜਾ ਚੁੱਕੇ ਹਨ।

# ਭਾਰਤ ਪਾਕਿ ਫਿਰ ਟਕਰਾਅ ਦੇ ਰਾਹ

(ਸਫਾ ਇਕ ਦੀ ਬਾਕੀ)

ਰੱਖੇਗਾ। ਉਧਰ, ਭਾਰਤ ਵਿਚ ਵੀ ਖੱਬੇ ਪੱਖੀ ਦਲਾਂ ਨੇ ਕਸ਼ਮੀਰ ਵਿਚ ਸਾਰੀਆਂ ਧਿਰਾਂ ਨਾਲ ਗੱਲਬਾਤ ਅਤੇ ਪੈਲੇਟ ਗੰਨਾਂ ਦੀ ਵਰਤੋਂ ਬੰਦ ਕਰਨ ਲਈ ਆਵਾਜ਼ ਉਠਾਈ ਹੈ। ਦਿੱਲੀ ਵਿਚ ਸਰਬ ਪਾਰਟੀ ਮੀਟਿੰਗ ਵਿਚ ਕਸ਼ਮੀਰ ਮਸਲੇ 'ਤੇ ਖੁੱਲ੍ਹ ਕੇ ਚਰਚਾ ਹੋਈ। ਦੋਵਾਂ ਦੇਸ਼ਾਂ ਵਿਚ ਵਧੇ ਤਣਾਅ ਕਾਰਨ ਵਿੱਤ ਮੰਤਰੀ ਅਰੁਣ ਜੇਤਲੀ ਦੇ ਅਗਲੇ ਹਫਤੇ ਇਸਲਾਮਾਬਾਦ ਵਿਚ ਹੋਣ ਵਾਲੇ ਸਾਰਕ ਦੇਸ਼ਾਂ ਦੀ ਬੈਠਕ ਵਿਚ ਹਿੱਸਾ ਲੈਣ 'ਤੇ ਵੀ ਸੁਆਲੀਆ ਨਿਸ਼ਾਨ ਲੱਗ ਗਏ ਹਨ। ਸਰਕਾਰੀ ਹਲਕਿਆਂ ਮੁਤਾਬਕ ਵਿੱਤ ਮੰਤਰੀ ਅਰੁਣ ਜੇਤਲੀ 25 ਤੇ 26 ਅਗਸਤ ਨੂੰ ਇਸਲਾਮਾਬਾਦ ਵਿਚ ਹੋਣ ਵਾਲੇ ਸਾਰਕ ਦੇਸ਼ਾਂ ਦੇ ਵਿੱਤ ਮੰਤਰੀਆਂ ਦੀ ਬੈਠਕ 'ਚ ਸ਼ਿਰਕਤ ਨਹੀਂ ਕਰਨਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬਲੋਚਿਸਤਾਨ, ਮਕਬੂਜ਼ਾ ਕਸ਼ਮੀਰ ਅਤੇ ਗਿਲਗਿਤ ਤੇ ਬਾਲਟਿਸਤਾਨ ਵਿਚ ਪੈਦਾ ਹੋ ਰਹੇ ਵਿਦਰੋਹ ਬਾਰੇ ਦਿੱਤੇ ਬਿਆਨ ਤੋਂ ਪਾਕਿਸਤਾਨ ਭੜਕ ਉਠਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਸੀ ਕਿ ਜਦੋਂ ਦਾ ਉਨ੍ਹਾਂ ਨੇ ਇਨ੍ਹਾਂ ਖਿੱਤਿਆਂ ਵਿਚ ਲੋਕਾਂ ਉਤੇ ਜ਼ੋਰ-ਜ਼ੁਲਮ ਦਾ ਮੁੱਦਾ ਚੁੱਕਿਆ ਹੈ, ਉਦੋਂ ਤੋਂ ਉਨ੍ਹਾਂ ਨੂੰ ਇਨ੍ਹਾਂ ਲੋਕਾਂ ਤੋਂ ਵਧਾਈ ਸੰਦੇਸ਼ ਮਿਲ ਰਹੇ ਹਨ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਭਾਰਤ ਇਨ੍ਹਾਂ ਖਿੱਤਿਆਂ ਵਿਚ ਮਾਹੌਲ ਵਿਗਾੜ ਰਿਹਾ ਹੈ।

ਉਧਰ, ਭਾਰਤ ਦੇ ਦਾਅਵਿਆਂ ਦੇ ਬਾਵਜੂਦ ਕਸ਼ਮੀਰ ਵਿਚ ਹਿੰਸਕ ਘਟਨਾਵਾਂ ਜਾਰੀ ਹਨ। ਕਸ਼ਮੀਰ ਦੇ ਬਡਗਾਮ ਤੇ ਅਨੰਤਨਾਗ ਜ਼ਿਲ੍ਹਿਆਂ ਵਿਚ ਪਥਰਾਅ ਕਰ ਰਹੇ ਪ੍ਰਦਰਸ਼ਨਕਾਰੀਆਂ ਤੇ ਸੁਰੱਖਿਆ ਦਸਤਿਆਂ ਵਿਚਾਲੇ ਤਾਜ਼ਾ ਹਿੰਸਾ ਵਿਚ ਮੰਗਲਵਾਰ ਨੂੰ ਪੰਜ ਵਿਅਕਤੀਆਂ ਦੀ ਮੌਤ ਹੋ ਗਈ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 63 ਹੋ ਗਈ। ਵਾਦੀ ਵਿਚ ਕਰਫਿਊ, ਪਾਬੰਦੀਆਂ ਤੇ ਵੱਖਵਾਦੀਆਂ ਦੀ ਹੜਤਾਲ ਕਾਰਨ ਜਨ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਪੂਰੇ ਸ੍ਰੀਨਗਰ ਜ਼ਿਲ੍ਹੇ ਤੇ ਦੱਖਣੀ ਕਸ਼ਮੀਰ ਦੇ ਆਨੰਤਨਾਗ ਸ਼ਹਿਰ ਵਿਚ ਕਰਫਿਊ ਜਾਰੀ ਹੈ। ਪੂਰੀ ਵਾਦੀ ਵਿਚ ਇੰਟਰਨੈੱਟ ਤੇ ਮੋਬਾਈਲ ਸੇਵਾਵਾਂ ਬੰਦ ਹਨ।

# ਸਿਆਸਤ ਵਿਚ ਜਾਣ ਦਾ ਫੈਸਲਾ ਨਹੀਂ ਬਦਲਿਆ: ਸ਼ਰਮੀਲਾ

**ਇੰਫਾਲ:** ਮਨੀਪੁਰ ਦੀ ਲੋਹ ਮਹਿਲਾ ਵਜੋਂ ਜਾਣੀ ਜਾਂਦੀ ਇਰੋਮ ਸ਼ਰਮੀਲਾ ਨੇ ਕਿਹਾ ਹੈ ਕਿ ਉਨ੍ਹਾਂ ਸਿਆਸਤ 'ਚ ਦਾਖ਼ਲ ਹੋਣ ਦੇ ਫ਼ੈਸਲੇ 'ਚ ਕੋਈ ਬਦਲਾਅ ਨਹੀਂ ਕੀਤਾ ਹੈ। 16 ਵਰ੍ਹਿਆਂ ਤਕ ਭੁੱਖ ਹੜਤਾਲ ਕਰਨ ਵਾਲੀ ਇਰੋਮ ਨੇ ਕਿਹਾ ਕਿ ਸੂਬੇ 'ਚੋਂ ਅਫਸਪਾ ਹਟਾਉਣ ਦੀ ਉਨ੍ਹਾਂ ਦੀ ਮੁਹਿੰਮ ਦੀ ਨਵੀਂ ਸ਼ੁਰੂਆਤ ਹੋਏਗੀ। 44 ਵਰ੍ਹਿਆਂ ਦੀ ਸਮਾਜਿਕ ਕਾਰਕੁਨ ਵੱਲੋਂ ਭੁੱਖ ਹੜਤਾਲ ਖ਼ਤਮ ਕਰਨ ਅਤੇ ਸਿਆਸਤ 'ਚ ਆਉਣ ਦੇ ਫ਼ੈਸਲੇ ਤੋਂ ਬਾਅਦ ਉਸ ਦੇ ਸਨੇਹੀ ਅਤੇ ਹਮਾਇਤੀ ਉਸ ਤੋਂ ਵੱਖ ਹੋ ਗਏ ਅਤੇ ਹੁਣ ਉਹ ਇਕੱਲੀ ਪੈਂਦੀ ਜਾ ਰਹੀ ਹੈ। ਸ਼ਰਮੀਲਾ ਨੇ ਕਿਹਾ ਕਿ ਲੋਕ ਉਸ ਦੇ ਫ਼ੈਸਲੇ ਤੋਂ ਨਾਖੁਸ਼ ਹਨ।

ਉਸ ਦੇ ਪਰਿਵਾਰਕ ਮੈਂਬਰਾਂ ਤੋਂ ਲੈ ਕੇ ਨੇੜਲੇ ਦੋਸਤ ਅਤੇ ਗੁਆਂਢੀ ਸ਼ਰਮੀਲਾ ਦਾ ਵਿਰੋਧ ਕਰ ਰਹੇ ਹਨ ਅਤੇ ਕੁਝ ਦਹਿਸ਼ਤੀ ਗੁੱਟਾਂ ਤੋਂ ਤਾਂ ਉਸ ਨੂੰ ਧਮਕੀਆਂ ਮਿਲਣ ਦੀਆਂ ਰਿਪੋਰਟਾਂ ਹਨ। ਕਿਤੇ ਵੀ ਥਾਂ ਨਾ ਮਿਲਣ ਕਰ ਕੇ ਉਸ ਨੂੰ ਵਾਪਸ ਉਸੇ



ਹਸਪਤਾਲ 'ਚ ਮੁੜਨਾ ਪਿਆ ਜਿਥੇ ਉਸ ਨੇ 16 ਵਰ੍ਹੇ ਬਿਤਾਏ ਸਨ।

ਇਰੋਮ ਸ਼ਰਮੀਲਾ ਨੇ ਕਿਹਾ ਸੀ ਕਿ ਉਹ ਮੁੱਖ ਮੰਤਰੀ ਬਣਨਾ ਚਾਹੁੰਦੀ ਹੈ ਅਤੇ ਜੇ ਮਨੀਪੁਰ ਦੀ ਕਮਾਨ ਉਸ ਦੇ ਹੱਥਾਂ 'ਚ ਆਈ ਤਾਂ ਉਹ ਅਫਸਪਾ ਨੂੰ ਹਟਾ ਦੇਵੇਗੀ। ਜ਼ਿਕਰਯੋਗ ਹੈ ਕਿ ਮਨੀਪੁਰ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

# ਬੇਨਾਮੀ ਜਾਇਦਾਦ ਕੇਸਾਂ ਵਿਚ ਹੋਵੇਗੀ ਸੱਤ ਸਾਲ ਕੈਦ ਤੇ ਜੁਰਮਾਨਾ

**ਨਵੀਂ ਦਿੱਲੀ:** ਰੀਅਲ ਅਸਟੇਟ ਸੈਕਟਰ ਵਿਚ ਕਾਲੇ ਧਨ ਦੇ ਗੋਰਖ਼ਧੰਦੇ ਨੂੰ ਰੋਕਣ ਲਈ ਬਣਾਏ ਗਏ ਨਵੇਂ ਕਾਨੂੰਨ ਤਹਿਤ ਕਰਾਂ ਤੋਂ ਬਚਣ ਲਈ ਬੇਨਾਮੀ ਸੰਪਤੀਆਂ ਰੱਖਣ ਵਾਲਿਆਂ ਨੂੰ ਸੱਤ ਸਾਲ ਤਕ ਸਖ਼ਤ ਸਜ਼ਾ ਅਤੇ ਜੁਰਮਾਨਾ ਹੋਵੇਗਾ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਹਾਲ ਹੀ ਵਿਚ ਬੇਨਾਮੀ ਲੈਣ ਦੇਣ (ਰੋਕੂ) ਸੋਧ ਕਾਨੂੰਨ-2016 ਉਤੇ ਸਹੀ ਪਾਈ ਹੈ ਅਤੇ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ।

ਇਸ ਕਾਨੂੰਨ ਤਹਿਤ ਉਹ ਜਾਇਦਾਦ ਜਾਂ ਸੰਪਤੀ ਬੇਨਾਮੀ ਮੰਨੀ ਜਾਵੇਗੀ, ਜੋ ਕਿਸੇ ਹੋਰ ਵਿਅਕਤੀ ਦੇ ਨਾਂ ਹੋਵੇ ਜਾਂ ਤਬਦੀਲ ਕੀਤੀ ਹੋਵੇ, ਪਰ ਉਸ ਦਾ ਭੁਗਤਾਨ ਕਿਸੇ ਵਿਅਕਤੀ ਨੇ ਕੀਤਾ ਹੋਵੇ। ਇਸ ਤਰ੍ਹਾਂ ਦਾ ਸੌਦਾ ਬੇਨਾਮੀ ਸੰਪਤੀ ਲਈ ਭੁਗਤਾਨ ਕਰਨ ਵਾਲੇ ਨੂੰ ਤੁਰੰਤ ਜਾਂ ਭਵਿੱਖ ਵਿਚ ਲਾਭ ਪਹੁੰਚਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੁੰਦਾ ਹੈ। ਦੱਸਣਯੋਗ ਹੈ ਕਿ ਬੇਨਾਮੀ ਲੈਣ ਦੇਣ ਕਾਨੂੰਨ-1988 'ਚ ਸੋਧ ਲਈ ਵਿੱਤ ਮੰਤਰੀ ਅਰੁਣ ਜੇਤਲੀ ਨੇ ਪਿਛਲੇ ਸਾਲ 13 ਮਈ ਨੂੰ ਲੋਕ ਸਭਾ 'ਚ ਬਿੱਲ ਪੇਸ਼ ਕੀਤਾ ਸੀ।

# 'ਜਥੇਦਾਰਾਂ' ਅੱਗੇ ਪੁਲਿਸ ਬੇਵੱਸ

(ਸਫਾ ਇਕ ਦੀ ਬਾਕੀ)

ਇਹ ਦੋਵੇਂ ਕੇਸ ਅਣਸੁਲਝੇ ਪਏ ਹਨ। 18 ਜਨਵਰੀ ਨੂੰ ਲੁਧਿਆਣਾ ਵਿਚ ਆਰ.ਐਸ.ਐਸ. ਦੀ ਸ਼ਾਖਾ ਉਪਰ ਗੋਲੀ ਚਲਾ ਕੇ ਇਕ ਕਾਰਕੁਨ ਨੂੰ ਜ਼ਖ਼ਮੀ ਕੀਤਾ ਜਾ ਚੁੱਕਾ ਹੈ।

24 ਅਪਰੈਲ ਨੂੰ ਖੰਨਾ ਵਿਚ ਸ਼ਿਵ ਸੈਨਾ ਦੇ ਆਗੂ ਦੁਰਗਾ ਗੁਪਤਾ ਨੂੰ ਗੋਲੀਆਂ ਨਾਲ ਉਡਾਉਣ ਦੀ ਘਟਨਾ ਵਾਪਰ ਚੁੱਕੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਬਰਗਾੜੀ ਕਾਂਡ ਨੂੰ ਵੀ ਫਿਲਹਾਲ ਪੁਲਿਸ ਹੱਲ ਕਰਨ ਤੋਂ ਅਸਮਰੱਥ ਰਹੀ ਹੈ।


ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ



**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵੱਖ-ਵੱਖ ਦਲਾਂ ਦੇ ਆਗੂਆਂ ਨੇ 'ਆਪ' ਵੱਲ ਵਹੀਰਾਂ ਘੱਤੀਆਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੀਆਂ ਰਵਾਇਤੀ ਧਿਰਾਂ ਲਈ ਚੁਣੌਤੀ ਬਣਦੀ ਜਾ ਰਹੀ ਹੈ। ਆਪ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਜਥੇਬੰਦਕ ਆਗੂ ਦੁਰਗੇਸ਼ ਪਾਠਕ ਵੱਲੋਂ ਪੰਜਾਬ ਦੀ ਸਿਆਸਤ ਉਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਪਿਛਲੇ ਤਕਰੀਬਨ ਇਕ ਹਫਤੇ ਵਿਚ ਕਈ ਵੱਡੇ ਸਿਆਸੀ ਆਗੂ ਆਪ ਵੱਲ ਰੁਖ ਕਰ ਚੁੱਕੇ ਹਨ। ਆਪ ਵੱਲੋਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਨ ਪਿੱਛੋਂ ਇਸ ਨਵੀਂ ਪਾਰਟੀ ਵਿਚ ਦੂਜੀਆਂ ਧਿਰਾਂ ਵਿਚ ਖੂੰਜੇ ਲੱਗੇ ਆਗੂ ਖਾਸ ਰੁਚੀ ਵਿਖਾ ਰਹੇ ਹਨ। ਅਕਾਲੀ ਦਲ ਨਾਲ ਸਬੰਧਤ ਮਰਹੂਮ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ ਸਰਬਜੀਤ ਕੌਰ ਤੇ ਧੀ ਮਨਪ੍ਰੀਤ ਕੌਰ ਡੌਲੀ ਆਪ ਵਿਚ ਸ਼ਾਮਲ ਹੋ ਗਏ।

ਦੱਸਣਯੋਗ ਹੈ ਕਿ ਮਨਪ੍ਰੀਤ ਡੌਲੀ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਈ ਸੀ।



ਪੰਜਾਬ ਦੇ ਸਾਬਕਾ ਮੰਤਰੀ ਤੇ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਤਿੰਨ ਵਾਰ ਅਕਾਲੀ ਦਲ ਦੇ ਵਿਧਾਇਕ ਰਹੇ ਕੈਪਟਨ ਬਲਬੀਰ ਸਿੰਘ ਬਾਠ ਨੇ ਵੀ ਆਪ ਦਾ ਪੱਲਾ ਫੜ ਲਿਆ। ਦੱਸਣਯੋਗ ਹੈ ਕਿ ਕੈਪਟਨ ਬਾਠ ਸ਼੍ਰੋਮਣੀ ਅਕਾਲੀ ਦਲ ਦੇ ਰਵਾਇਤੀ ਆਗੂ ਮੰਨੇ ਜਾਂਦੇ ਹਨ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਰਹੇ ਅਤੇ ਸੈਕੂਲਰ ਲੋਕ ਰਾਜ ਪਾਰਟੀ ਦੇ ਪ੍ਰਧਾਨ ਹਰਚੰਦ ਸਿੰਘ ਬਰਸਟ ਨੇ ਵੀ ਆਪਣੀ ਪਾਰਟੀ ਨੂੰ ਆਪ ਵਿਚ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ। 'ਵੰਗਾਂ ਮੇਚ ਨਾ ਆਈਆਂ' ਗਾਣੇ ਨਾਲ ਪ੍ਰਸਿੱਧ ਹੋਏ ਗਾਇਕ ਸੁਖਵਿੰਦਰ ਸਿੰਘ ਸੁੱਖੀ ਨੇ ਵੀ ਆਪ ਦੀ ਸੁਰ ਵਿਚ ਸੁਰ ਮਿਲਾਉਣ ਦਾ ਐਲਾਨ ਕੀਤਾ।

ਇਸ ਮੌਕੇ ਸੰਜੈ ਸਿੰਘ ਨੇ ਕਿਹਾ ਕਿ 10 ਦਿਨਾਂ ਦੌਰਾਨ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਪਹਿਲੀ ਸੂਚੀ ਵਿਚ ਐਲਾਨੇ ਉਮੀਦਵਾਰਾਂ ਵਿਰੁੱਧ ਬੋਲਣ ਵਾਲੇ ਕੁਝ ਆਗੂਆਂ ਤੇ ਵਾਲੰਟੀਅਰਾਂ ਨੂੰ ਪਹਿਲਾਂ ਸਮਝਾਇਆ ਜਾਵੇਗਾ ਅਤੇ ਜੇ ਇਸ ਤੋਂ ਬਾਅਦ ਵੀ ਕਿਸੇ ਨੇ ਬਗਾਵਤੀ ਸੁਰਾਂ ਜਾਰੀ ਰੱਖੀਆਂ ਤਾਂ ਉਸ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

## ਕੇਜਰੀਵਾਲ ਖੁਦ ਸੰਭਾਲਣਗੇ ਪੰਜਾਬ ਦੀ ਕਮਾਨ

**ਨਵੀਂ ਦਿੱਲੀ:** ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਕਮਾਂਡ ਖ਼ੁਦ ਸਾਂਭ ਲਈ ਹੈ ਅਤੇ ਗੋਆ ਦੀ ਕਮਾਂਡ ਵਿਚ ਮਨੀਸ਼ ਸਿਸੋਦੀਆ (ਉਪ ਮੁੱਖ ਮੰਤਰੀ ਦਿੱਲੀ) ਤੇ ਸਤਿੰਦਰ ਜੈਨ (ਟਰਾਂਸਪੋਰਟ ਤੇ ਗ੍ਰਹਿ ਮੰਤਰੀ ਦਿੱਲੀ) ਨੂੰ ਦਿੱਤੀ ਗਈ ਹੈ। ਇਸੇ ਤਰ੍ਹਾਂ ਗੁਜਰਾਤ ਵਿਚ ਚੋਣ ਮੁਹਿੰਮ ਨੂੰ ਸਾਬਕਾ ਐਂਕਰ ਆਸ਼ੂਤੋਸ਼ ਤੇ ਦਿੱਲੀ ਦੇ ਭਾਸ਼ਾ, ਸਭਿਆਚਾਰ ਤੇ ਕਲਾ, ਪਾਣੀ ਮੰਤਰੀ ਕਪਿਲ ਮਿਸ਼ਰਾ ਦੇਣਗੇ। ਉਨ੍ਹਾਂ ਆਗੂਆਂ ਨੂੰ ਹਦਾਇਤ ਕੀਤੀ ਹੈ ਕਿ ਸੰਬਧਤ ਰਾਜਾਂ ਵਿਚ ਉਹ ਘੱਟੋ-ਘੱਟ ਦਸ ਦਿਨ ਤਾਂ ਜ਼ਰੂਰ ਲਾਉਣ। ਪੰਜਾਬ ਵਿਚ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਆਪ ਉਪਰ ਕੀਤੇ ਜਾ ਰਹੇ ਸਿਆਸੀ ਹੱਲਿਆਂ ਦੇ ਜਵਾਬ ਲਈ ਪਾਰਟੀ ਹਾਈਕਮਾਂਡ ਨੇ ਕਮਰ ਕੱਸ ਲਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸ੍ਰੀ ਕੇਜਰੀਵਾਲ ਪੰਜਾਬ ਵੱਲ ਵਧੇਰੇ ਧਿਆਨ ਕੇਂਦਰਿਤ ਕਰਨਗੇ। ਕੇਜਰੀਵਾਲ ਦੇ ਮੀਡੀਆ ਇੰਚਾਰਜ ਨੇ ਕਿਹਾ ਕਿ ਪਾਰਟੀ ਨੂੰ ਪੰਜਾਬ ਵਿੱਚ ਪ੍ਰਬਲ ਸੰਭਵਾਨਵਾਂ ਦਿਸ ਰਹੀਆਂ ਹਨ ਤੇ ਇਸ ਲਈ ਸ੍ਰੀ ਕੇਜਰੀਵਾਲ ਵੱਲੋਂ ਪੰਜਾਬ ਸਮੇਤ ਗੋਆ ਤੇ ਗੁਜਰਾਤ ਵੱਲ ਤਵੱਜੋ ਦਿੱਤੀ ਜਾ ਰਹੀ ਹੈ।



## 'ਆਪ' ਨੂੰ ਗਰਮਖਿਆਲੀਆਂ ਦੀ ਹਮਾਇਤ: ਸੁਖਬੀਰ

**ਸੰਗਰੂਰ**: ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਦਿੱਲੀ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਆਮ ਆਦਮੀ ਪਾਰਟੀ ਪੰਜਾਬ ਵਿਚ ਨਕਸਲੀਆਂ ਅਤੇ ਗਰਮਖਿਆਲੀਆਂ ਦੀ ਹਮਾਇਤ ਨਾਲ ਸੂਬੇ ਦੀ ਸੱਤਾ ਉਤੇ ਕਾਬਜ਼ ਹੋ ਕੇ ਵਿਕਾਸ ਨੂੰ ਪੁੱਠਾ ਗੇੜਾ ਦੇਣ ਦੀਆਂ ਤਿਆਰੀਆਂ ਵਿਚ ਹੈ।

ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪ ਦੀਆਂ ਇਹ ਤਿਆਰੀਆਂ ਧਰੀਆਂ-ਧਰਾਈਆਂ ਰਹਿ ਜਾਣੀਆਂ ਹਨ ਕਿਉਂਕਿ ਲੋਕ ਪੰਜਾਬ ਦੇ ਵਿਰਸੇ ਅਤੇ ਸਭਿਆਚਾਰ ਤੋਂ ਕੋਰੀ ਇਸ ਪਾਰਟੀ ਨੂੰ ਮੂੰਹ ਨਹੀਂ ਲਾਉਣਗੇ।

## ਕੇਜਰੀਵਾਲ ਨਾਲ ਮੁਲਾਕਾਤ ਨੂੰ ਖਾਲਿਸਤਾਨ ਨਾਲ ਜੋੜਨਾ ਗਲਤ : ਮੋਹਕਮ ਸਿੰਘ

**ਚੰਡੀਗੜ੍ਹ:** ਯੂਨਾਈਟਿਡ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਦੋ-ਤਿੰਨ ਮੁਲਾਕਾਤਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਬਾਦਲਾਂ ਨੂੰ ਮਿਲਣਾ ਗੁਨਾਹ ਨਹੀਂ ਹੈ ਤਾਂ ਫਿਰ ਕੇਜਰੀਵਾਲ ਨਾਲ ਮੁਲਾਕਾਤ ਕਰਨੀ ਵੀ ਕੋਈ ਪਾਪ ਨਹੀਂ ਹੈ।



ਭਾਈ ਮੋਹਕਮ ਸਿੰਘ ਨੇ ਪਾਰਟੀ ਦੀ ਹੋਈ ਕੋਰ ਕਮੇਟੀ ਦੀ ਹੰਗਾਮੀ ਮੀਟਿੰਗ ਤੋਂ ਬਾਅਦ ਕਿਹਾ ਕਿ ਜੇਕਰ ਦੋਵੇਂ ਬਾਦਲ ਉਨ੍ਹਾਂ ਨੂੰ ਮਿਲ ਕੇ ਅਤਿਵਾਦੀ ਨਹੀਂ ਹੋਏ ਤਾਂ ਫਿਰ ਕੇਜਰੀਵਾਲ ਨਾਲ ਉਨ੍ਹਾਂ ਦੀ ਮੁਲਾਕਾਤ ਨੂੰ ਖਾਲਿਸਤਾਨ ਨਾਲ ਜੋੜਨ ਦੀ ਕੀ ਤੁਕ ਹੈ। ਦੱਸਣਯੋਗ ਹੈ ਕਿ ਸੁਖਬੀਰ ਬਾਦਲ ਨੇ ਦੋਸ਼ ਲਾਇਆ ਸੀ ਕਿ ਸ੍ਰੀ ਕੇਜਰੀਵਾਲ ਨੇ ਗਰਮਖਿਆਲੀ ਭਾਈ ਮੋਹਕਮ ਸਿੰਘ ਨਾਲ ਮੀਟਿੰਗ ਕਰ ਕੇ ਖਾਲਿਸਤਾਨੀਆਂ ਨੂੰ ਸ਼ਹਿ ਦਿੱਤੀ ਹੈ। ਭਾਈ ਮੋਹਕਮ ਸਿੰਘ ਨੇ ਦੱਸਿਆ ਕਿ ਉਹ ਪਿੰਡ ਬਾਦਲ ਅਤੇ ਚੰਡੀਗੜ੍ਹ ਵਿਚ ਦੋਵਾਂ ਬਾਦਲਾਂ ਨਾਲ ਕਈ ਮੀਟਿੰਗਾਂ ਕਰ ਚੁੱਕੇ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ਉਨ੍ਹਾਂ (ਸਰਬੱਤ ਖਾਲਸਾ ਦੇ ਸਮਰਥਕਾਂ) ਨਾਲ ਮੀਟਿੰਗਾਂ ਕਰ ਕੇ ਬਾਦਲਾਂ ਨੇ ਖਾਲਿਸਤਾਨ ਨੂੰ ਸ਼ਹਿ ਦਿੱਤੀ ਹੈ।

ਭਾਈ ਮੋਹਕਮ ਸਿੰਘ ਨੇ ਸ੍ਰੀ ਕੇਜਰੀਵਾਲ ਨੂੰ ਕਿਹਾ ਕਿ ਉਹ ਪੰਥ, ਪੰਜਾਬ, ਘੱਟ ਗਿਣਤੀਆਂ ਅਤੇ ਫੈਡਰਲਿਜ਼ਮ ਉਪਰ ਆਪਣੀ ਨੀਤੀ ਸਪੱਸ਼ਟ ਕਰਨ ਅਤੇ ਇਸ ਤੋਂ ਬਾਅਦ ਹੀ ਆਪ ਨਾਲ ਕੋਈ ਚੁਣਾਵੀ ਸਮਝੌਤਾ ਸੰਭਵ ਹੈ।

ਪਾਰਟੀ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਸਪੱਸ਼ਟ ਕੀਤਾ ਕਿ ਉਹ ਖਾਲਿਸਤਾਨ ਦੇ ਹਮਾਇਤੀ ਨਹੀਂ ਹਨ ਅਤੇ ਪੰਜਾਬੀਆਂ ਦੀ ਸੰਪੂਰਨ ਏਕਤਾ ਦੇ ਆਧਾਰ 'ਤੇ ਸੰਵਿਧਾਨਕ ਢੰਗ ਨਾਲ ਸਿੱਖਾਂ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਖਿੱਤੇ ਦੀ ਮੰਗ ਨੂੰ ਲੈ ਕੇ ਸੰਘਰਸ਼ਸ਼ੀਲ ਹਨ। ਉਨ੍ਹਾਂ ਦੋਸ਼ ਲਾਇਆ ਕਿ ਦੋਵੇਂ ਬਾਦਲ ਅਤੇ ਉਨ੍ਹਾਂ ਦੇ ਨਜ਼ਦੀਕੀ ਮੰਤਰੀ ਬਿਕਰਮ ਸਿੰਘ ਮਜੀਠੀਆ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਅਤੇ ਇਸ ਨਾਲ ਜੁੜੀਆਂ ਪੰਥਕ ਜਥੇਬੰਦੀਆਂ ਨੂੰ ਆਈ.ਐਸ.ਆਈ. ਅਤੇ ਖਾਲਿਸਤਾਨ ਨਾਲ ਜੋੜ ਕੇ ਪੂਰੀ ਤਰ੍ਹਾਂ ਕੁਫਰ ਤੋਲ ਰਹੇ ਹਨ। ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨਾਲ ਚੋਣ ਸਮਝੌਤੇ ਬਾਰੇ ਉਨ੍ਹਾਂ ਦੀ ਗੱਲ ਹੋ ਗਈ ਹੈ, ਪਰ ਅੰਤਿਮ ਫੈਸਲਾ ਮਾਇਆਵਤੀ ਵੱਲੋਂ ਹੀ ਲਿਆ ਜਾਵੇਗਾ।

## 18 ਸਤੰਬਰ ਨੂੰ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਦੀ ਕਵਰੇਜ ਲਈ ਉਚੇਚੇ ਯਤਨ

**ਯੂਨੀਅਨ ਸਿਟੀ (ਬਿਊਰੋ):** ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ 18 ਸਤੰਬਰ ਨੂੰ ਇਥੇ ਲੋਗਨ ਹਾਈ ਸਕੂਲ 'ਚ ਕਰਵਾਏ ਜਾ ਰਹੇ 12ਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਨੂੰ ਹੋਰ ਦਿਲਚਸਪ ਬਣਾਉਣ ਲਈ ਇਸ ਨੂੰ ਟੀ ਵੀ ਚੈਨਲਾਂ 'ਤੇ ਵਿਖਾਉਣ ਅਤੇ ਇਸ ਦੀ ਪੰਜਾਬੀ ਪ੍ਰਿੰਟ ਮੀਡੀਆ ਵਿਚ ਕਵਰੇਜ ਲਈ ਉਚੇਚੇ ਯਤਨ ਕੀਤੇ ਜਾਣਗੇ।

ਇਸ ਸਬੰਧੀ ਫੈਸਲਾ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਵਾਟਸਨਵਿਲ ਵਿਚ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਪਿਛੋਂ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਕਬੱਡੀ ਨਾਲ ਜੁੜੀਆਂ ਸ਼ਖਸੀਅਤਾਂ ਨੂੰ ਵਿਸ਼ਵ ਭਰ ਵਿਚ ਉਚੇਚੇ ਸੱਦੇ ਭੇਜੇ ਜਾ ਰਹੇ ਹਨ। ਟੂਰਨਾਮੈਂਟ ਦੌਰਾਨ ਮੀਡੀਆ ਕਰਮੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ। ਕਲੱਬ ਦਾ ਅਹਿਮ ਹਿੱਸਾ ਅਤੇ ਪੰਜਾਬ ਵਿਚ ਸਪੋਰਟਸ ਕਲੱਬ ਦੀਆਂ ਸਰਗਰਮੀਆਂ ਨੂੰ ਵੇਖਣ ਵਾਲੇ ਨੱਥਾ ਸਿੰਘ ਗਾਖਲ ਏਸ ਖੇਡ ਮੇਲੇ ਵਿਚ ਆਪਣੀਆਂ ਸੇਵਾਵਾਂ ਦੇਣ ਲੈਣ ਲਈ ਕੈਲੀਫੋਰਨੀਆ ਪਹੁੰਚ ਚੁੱਕੇ ਹਨ।

ਅਮੋਲਕ ਸਿੰਘ ਗਾਖਲ ਨੇ ਸਮੂਹ ਪੰਜਾਬੀਆਂ ਨੂੰ ਜਿੱਥੇ ਇਸ ਵਾਰ ਦੇ ਕਬੱਡੀ ਕੱਪ ਵਿਚ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ ਉਥੇ ਉਨ੍ਹਾਂ ਇਹ ਵੀ ਕਿਹਾ ਕਿ ਕੈਲੀਫੋਰਨੀਆ ਵਿਚ ਹੀ ਨਹੀਂ ਬਲਕਿ ਅਮਰੀਕਾ ਭਰ ਵਿਚ ਖੇਡ ਮੇਲਿਆਂ ਅਤੇ ਕਬੱਡੀ ਨੂੰ ਪ੍ਰਮੋਟ ਕਰਨ ਵਾਲੀਆਂ ਸੰਸਥਾਵਾਂ ਦੇ ਨੁਮਾਇੰਦੇ, ਖਿਡਾਰੀ ਅਤੇ ਸ਼ੁੱਭਚਿੰਤਕ ਖੇਡ ਮੇਲੇ ਵਿਚ ਸ਼ਿਰਕਤ ਕਰਨਗੇ।

ਮੀਟਿੰਗ ਵਿਚ ਸਰਪ੍ਰਸਤ ਅਮੋਲਕ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ, ਵਾਈਸ ਚੇਅਰਮੈਨ ਇਕਬਾਲ ਸਿੰਘ ਗਾਖਲ, ਡਾਇਰੈਕਟਰ ਪਲਵਿੰਦਰ ਸਿੰਘ ਗਾਖਲ, ਉਪ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਖਜਾਨਚੀ ਨਰਿੰਦਰ ਸਿੰਘ ਸਹੋਤਾ ਤੋਂ ਇਲਾਵਾ ਜੀ ਬੀ ਐਂਟਰਟੇਨਮੈਂਟ ਦੇ ਮੁੰਬਈ ਤੋਂ ਸਲਾਹਕਾਰ ਰਾਜੇਸ਼ ਬਾਂਗਾ ਹਾਜ਼ਰ ਸਨ।


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com



**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

**ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ**



Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote:** **1-408-771-2438**

satwant@satwantins.com

# ਪੰਜਾਬ ਨੂੰ ਕਰਜ਼ ਰਾਹਤ ਦੇਣ ਲਈ ਨਾ ਮੰਨੀ ਕੇਂਦਰ ਸਰਕਾਰ

**ਬਠਿੰਡਾ:** ਨਰੇਂਦਰ ਮੋਦੀ ਸਰਕਾਰ ਨੇ ਹੁਣ ਪੰਜਾਬ ਸਿਰ ਚੜ੍ਹੇ ਕੇਂਦਰੀ ਕਰਜ਼ੇ ਨੂੰ ਮੁਆਫ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜੋ ਪੰਜਾਬ ਸਰਕਾਰ ਲਈ ਵੱਡਾ ਝਟਕਾ ਹੈ। ਪੰਜਾਬ ਸਰਕਾਰ ਨੂੰ ਐਨ.ਡੀ.ਏ. ਸਰਕਾਰ ਤੋਂ ਕੇਂਦਰੀ ਕਰਜ਼ਾ ਮੁਆਫੀ ਮਿਲਣ ਦੀ ਉਮੀਦ ਸੀ। ਕੇਂਦਰੀ ਵਿੱਤ ਮੰਤਰਾਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਵੱਲੋਂ ਪੰਜਾਬ ਦਾ ਕੇਂਦਰੀ ਕਰਜ਼ਾ ਮੁਆਫ ਕਰਨ ਦਾ ਕੋਈ ਮਾਮਲਾ ਨਹੀਂ ਵਿਚਾਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਪੰਜਾਬ ਨੇ ਅਤਿਵਾਦ ਖਿਲਾਫ਼ ਵੱਡੀ ਲੜਾਈ ਲੜੀ ਹੈ ਅਤੇ ਸਰਹੱਦੀ ਸੂਬਾ ਹੋਣ ਕਰ ਕੇ ਸਰਕਾਰ ਨੂੰ ਵੱਡੀ ਰਾਸ਼ੀ ਖਰਚ ਕਰਨੀ ਪਈ ਹੈ। ਕੇਂਦਰ ਸਰਕਾਰ ਨੇ ਸਾਰੇ ਤਰਕ ਦਰਕਿਨਾਰ ਕਰ ਦਿੱਤੇ ਹਨ।

ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਦਾ ਪੰਜਾਬ ਸਿਰ 3811.79 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਪੰਜਾਬ ਸਰਕਾਰ ਨੇ ਲੰਘੇ ਤਿੰਨ ਮਾਲੀ ਵਰ੍ਹਿਆਂ ਦੌਰਾਨ ਕੇਂਦਰ ਸਰਕਾਰ ਨੂੰ ਇਸ ਕਰਜ਼ੇ ਦੇ ਬਦਲੇ ਵਿਚ 972 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ। ਇਸ ਅਦਾਇਗੀ ਮਗਰੋਂ ਵੀ ਪੰਜਾਬ ਸਿਰ 3811.79 ਕਰੋੜ ਦਾ ਕਰਜ਼ਾ ਬਾਕੀ ਹੈ। ਹੋਰ ਕੇਂਦਰੀ ਦੇਣਦਾਰੀਆਂ ਤੇ ਕਰਜ਼ੇ ਇਸ ਤੋਂ ਵੱਖਰੇ ਹਨ, ਜਿਨ੍ਹਾਂ ਦੀ ਰਾਸ਼ੀ ਵੱਡੀ ਹੈ। ਪੰਜਾਬ ਸਰਕਾਰ ਨੇ ਸਾਲ 2013-14 ਵਿਚ 337.94 ਕਰੋੜ, 2014-15 ਵਿੱਚ 324.66 ਕਰੋੜ ਅਤੇ 2015-16 ਵਿਚ 311.69 ਕਰੋੜ ਰੁਪਏ ਦੀ ਕਿਸ਼ਤ ਦੀ ਅਦਾਇਗੀ ਕੇਂਦਰ ਸਰਕਾਰ ਨੂੰ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਤਕਰੀਬਨ ਡੇਢ ਸਾਲ ਪਹਿਲਾਂ 14ਵੇਂ ਵਿੱਤ ਕਮਿਸ਼ਨ ਤੋਂ ਪੰਜਾਬ ਵਾਸਤੇ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਗਈ ਸੀ, ਜਿਸ ਨੂੰ ਵਿੱਤ ਕਮਿਸ਼ਨ ਨੇ ਰੱਦ ਕਰ ਦਿੱਤਾ ਸੀ। ਮੁੱਖ ਮੰਤਰੀ ਪੰਜਾਬ ਵੱਲੋਂ ਕੇਂਦਰ ਸਰਕਾਰ ਨੂੰ ਸਮੇਂ-ਸਮੇਂ ਉਤੇ ਰਾਹਤ ਪੈਕੇਜ ਲੈਣ ਅਤੇ ਕੇਂਦਰੀ ਕਰਜ਼ਾ ਮੁਆਫੀ ਵਾਸਤੇ ਪੱਤਰ ਲਿਖੇ ਗਏ ਹਨ। ਵਿੱਤ ਵਿਭਾਗ ਪੰਜਾਬ ਨੇ ਵੀ ਤਜਵੀਜ਼ ਕੇਂਦਰ ਨੂੰ ਕਈ ਵਾਰ ਭੇਜੀ ਹੈ। ਉਂਜ ਕੇਂਦਰ ਸਰਕਾਰ ਨੇ ਸਾਲ 2005-06 ਤੋਂ ਸਾਲ 2009-10 ਤੱਕ ਪੰਜਾਬ ਦਾ ਵੱਖ-ਵੱਖ ਸਕੀਮਾਂ ਤਹਿਤ 969.92 ਕਰੋੜ ਦਾ ਕਰਜ਼ਾ ਮੁਆਫ ਵੀ ਕੀਤਾ ਹੈ।

ਮੁੱਖ ਮੰਤਰੀ ਪੰਜਾਬ ਨੇ ਚਾਰ ਵਰ੍ਹੇ ਪਹਿਲਾਂ ਕੇਂਦਰ ਨੂੰ ਪੱਤਰ ਭੇਜਿਆ ਸੀ ਕਿ ਛੋਟੀਆਂ ਬੱਚਤਾਂ ਦਾ 22 ਹਜ਼ਾਰ ਕਰੋੜ ਦਾ ਕਰਜ਼ਾ ਹੀ ਮੁਆਫ ਕਰ ਦਿੱਤਾ ਜਾਵੇ। ਵੈਸੇ ਪੰਜਾਬ ਸਰਕਾਰ ਸਿਰ 31 ਮਾਰਚ 2015 ਤੱਕ ਕੇਂਦਰ ਸਰਕਾਰ ਸਮੇਤ ਹੋਰਨਾਂ ਕਰਜ਼ਿਆਂ ਦਾ 1,13,318 ਕਰੋੜ ਰੁਪਇਆ ਖੜ੍ਹਾ ਹੈ। ਪੰਜਾਬ ਸਰਕਾਰ ਨੂੰ ਪੰਜ ਹਜ਼ਾਰ ਕਰੋੜ ਰੁਪਏ ਸਾਲਾਨਾ ਵਿਆਜ ਵੀ ਝੱਲਣਾ ਪੈ ਰਿਹਾ ਹੈ। ਕੇਂਦਰ ਸਰਕਾਰ ਨੇ ਜੋ ਸਾਲਾਨਾ ਕਰਜ਼ ਦੇਣ ਦੀ ਸੀਮਾ ਰੱਖੀ ਹੈ, ਉਸ ਤੋਂ ਜ਼ਿਆਦਾ ਕਰਜ਼ਾ ਪੰਜਾਬ ਸਰਕਾਰ ਨੂੰ ਦਿੱਤਾ ਹੈ। ਸੰਸਦ ਮੈਂਬਰ ਅਤੇ ਸੀਨੀਅਰ ਅਕਾਲੀ ਨੇਤਾ ਬਲਵਿੰਦਰ ਸਿੰਘ ਭੂੰਦੜ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਹਮੇਸ਼ਾ ਹੀ ਕੇਂਦਰੀ ਕਰਜ਼ੇ ਦੀ ਮੁਆਫੀ ਲਈ ਯਤਨਸ਼ੀਲ ਰਹੀ ਹੈ, ਪਰ ਹਾਲੇ ਕੋਈ ਠੋਸ ਹੁੰਗਾਰਾ ਨਹੀਂ ਮਿਲਿਆ ਹੈ। ਉਨ੍ਹਾਂ ਆਖਿਆ ਕਿ ਜੋ ਵੱਡਾ ਕਰਜ਼ ਹੈ, ਉਸ ਨੂੰ ਸਨਅਤੀ ਤਰਜ਼ 'ਤੇ ਲੰਬੇ ਸਮੇਂ ਦੇ ਕਰਜ਼ ਵਿਚ ਤਬਦੀਲ ਕਰ ਦੇਣਾ ਚਾਹੀਦਾ ਹੈ ਅਤੇ ਵਿਆਜ ਆਦਿ ਵਿਚ ਵੀ ਰਾਹਤ ਦੇਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਬਾਕੀ ਸਟੇਟਾਂ ਦੇ ਨਾਲ ਹੀ ਪੰਜਾਬ ਨੂੰ ਵੀ ਰਾਹਤ ਮਿਲਣ ਦੀ ਪੂਰੀ ਉਮੀਦ ਹੈ।

**ਸਰਕਾਰ ਦੀਆਂ ਸਾਰੀਆਂ ਦਲੀਲਾਂ ਦਰਕਿਨਾਰ**



## ਸਿੱਖਾਂ ਦਾ ਵਫਦ ਹੁਰੀਅਤ ਧੜਿਆਂ ਦੇ ਆਗੂਆਂ ਨੂੰ ਮਿਲਿਆ

**ਸ੍ਰੀਨਗਰ:** ਸਿੱਖਾਂ ਦੇ ਘਰਾਂ ਉਤੇ ਪਥਰਾਅ ਦੀਆਂ ਘਟਨਾਵਾਂ ਪਿੱਛੋਂ ਆਲ ਸਿੱਖ ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਦੀ ਅਗਵਾਈ 'ਚ ਵਫਦ ਹੁਰੀਅਤ ਕਾਨਫਰੰਸ ਦੇ ਦੋਵੇਂ ਧੜਿਆਂ ਦੇ ਆਗੂਆਂ ਸੱਯਦ ਅਲੀ ਸ਼ਾਹ ਗਿਲਾਨੀ ਅਤੇ ਮੀਰਵਾਇਜ਼ ਉਮਰ ਫਾਰੂਕ ਨੂੰ ਮਿਲਿਆ। ਦੋਵੇਂ ਆਗੂਆਂ ਨੇ ਸਿੱਖਾਂ ਦੇ ਵਫਦ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਬਾਹਰ ਨਿਕਲਣ ਅਤੇ ਜਲਸੇ ਜਲੂਸਾਂ 'ਚ ਸ਼ਾਮਲ ਹੋਣ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ ਸਿੱਖ ਅਤੇ ਮੁਸਲਿਮ ਭਾਈਚਾਰੇ ਦੇ ਲੋਕ ਪਿਆਰ ਨਾਲ ਰਹਿੰਦੇ ਰਹੇ ਹਨ। ਚਿੱਟੀ ਸਿੰਘਪੁਰਾ ਦੀ ਘਟਨਾ ਦੇ ਬਾਅਦ ਵੀ ਸਿੱਖ ਕਸ਼ਮੀਰ ਵਿਚ ਹੀ ਰਹਿ ਰਹੇ ਹਨ ਅਤੇ ਵੱਖਵਾਦੀ ਧੜੇ ਨੇ ਪਿਛਲੇ 20 ਸਾਲਾਂ 'ਚ ਸਿੱਖਾਂ ਨੂੰ ਕਦੇ ਕੁਝ ਨਹੀਂ ਕਿਹਾ। ਜੇਕਰ ਸਿੱਖਾਂ ਨੂੰ ਸੂਬੇ ਤੋਂ ਬਾਹਰ ਭੇਜਣਾ ਹੁੰਦਾ ਤਾਂ ਉਹ ਸੰਘਰਸ਼ ਦੇ ਸਮੇਂ ਦੌਰਾਨ ਅਜਿਹਾ ਕਰ ਸਕਦੇ ਸਨ, ਪਰ ਵੱਖਵਾਦੀ ਧੜੇ ਨੇ ਕਦੇ ਵੀ ਅਜਿਹਾ ਨਹੀਂ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਸਿੱਖਾਂ ਨੂੰ ਕਿਸੇ ਤਰ੍ਹਾਂ ਵੀ ਡਰਨ ਦੀ ਜ਼ਰੂਰਤ ਨਹੀਂ ਹੈ। ਇਸ ਦੇ ਇਲਾਵਾ ਸਿੱਖਾਂ ਦੀ ਵਸੋਂ ਵਾਲੇ ਇਲਾਕਿਆਂ ਵਿਚ ਵੀ ਸਥਾਨਕ ਲੋਕਾਂ ਨੇ ਸਿੱਖਾਂ ਨੂੰ ਭਰੋਸਾ ਦਿਵਾਇਆ ਕਿ ਉਹ ਸਿੱਖਾਂ ਦੇ ਨਾਲ ਹਨ ਅਤੇ ਉਨ੍ਹਾਂ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ ਜੋ ਛੋਟੀਆਂ ਮੋਟੀਆਂ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਤੋਂ ਉਹ ਚਿੰਤਤ ਨਾ ਹੋਣ।

ਇਸ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਆਦਿ ਨੇ ਵੱਖਰੇ ਤੌਰ 'ਤੇ ਮੀਟਿੰਗਾਂ ਕਰ ਕੇ ਸੁਰੱਖਿਆ ਬਲਾਂ ਵੱਲੋਂ ਪੈਲਟ ਗੰਨ ਵਰਤਣ ਦੀ ਨਿੰਦਾ ਕੀਤੀ ਤੇ ਸਰਕਾਰ ਨੂੰ ਅਪੀਲ ਕੀਤੀ ਕਿ ਜ਼ਖਮੀ ਹੋਏ ਲੋਕਾਂ ਦਾ ਇਲਾਜ ਸਰਕਾਰੀ ਖਰਚੇ 'ਤੇ ਕੀਤਾ ਜਾਵੇ। ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਨੇ ਕਿਹਾ ਕਿ ਕਸ਼ਮੀਰ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ 'ਤੇ ਉਭਰਿਆ ਹੈ ਅਤੇ ਤਿੰਨੇ ਧਿਰਾਂ ਨੂੰ ਗੱਲਬਾਤ ਰਾਹੀਂ ਇਹ ਮੁੱਦਾ ਸੁਲਝਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕਸ਼ਮੀਰ ਵਿਚ ਰਹਿ ਰਹੇ ਸਿੱਖਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ ਤੇ ਉਨ੍ਹਾਂ ਨੂੰ ਹੌਸਲੇ ਬੁਲੰਦ ਰੱਖਣੇ ਚਾਹੀਦੇ ਹਨ।

## ਆਜ਼ਾਦੀ ਦਿਹਾੜੇ ਮੌਕੇ ਕੈਦੀਆਂ ਦੀ ਸਜ਼ਾ ਘਟਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਆਜ਼ਾਦੀ ਦਿਹਾੜੇ ਉਤੇ ਯਕਮੁਸ਼ਤ ਸਜ਼ਾ ਛੋਟ ਦਾ ਐਲਾਨ ਕੀਤਾ ਹੈ। ਇਹ ਸਜ਼ਾ ਮੁਆਫੀ ਇਕ ਮਹੀਨੇ ਤੋਂ ਇਕ ਸਾਲ ਤੱਕ ਦਿੱਤੀ ਜਾਵੇਗੀ, ਜੋ ਕੈਦੀਆਂ ਦੀ ਸਜ਼ਾ ਸੀਮਾ ਅਤੇ ਉਨ੍ਹਾਂ ਵੱਲੋਂ ਕੀਤੇ ਜੁਰਮ ਦੀ ਗੰਭੀਰਤਾ ਦੇ ਆਧਾਰ ਉਤੇ ਕੀਤੀ ਜਾਵੇਗੀ।

ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਦੱਸਿਆ ਕਿ 10 ਸਾਲ ਤੋਂ ਲੈ ਕੇ 20 ਸਾਲ ਤੱਕ ਦੀ ਕੈਦ ਵਾਲੇ ਬੰਦੀਆਂ ਨੂੰ ਇਕ ਸਾਲ, 7 ਤੋਂ 10 ਸਾਲ ਦੀ ਸਜ਼ਾ ਵਾਲਿਆਂ ਲਈ 9 ਮਹੀਨੇ, 5 ਤੋਂ 7 ਸਾਲ ਦੀ ਸਜ਼ਾ ਵਾਲੇ ਬੰਦੀਆਂ ਨੂੰ 6 ਮਹੀਨੇ ਅਤੇ 3 ਤੋਂ 5 ਸਾਲ ਤੱਕ ਦੀ ਸਜ਼ਾ ਵਾਲੇ ਬੰਦੀਆਂ ਨੂੰ 3 ਮਹੀਨੇ ਜਦਕਿ 3 ਸਾਲ ਤੱਕ ਦੀ ਸਜ਼ਾ ਵਾਲੇ ਬੰਦੀਆਂ ਨੂੰ ਇਕ ਮਹੀਨੇ ਦੀ ਯਕਮੁਸ਼ਤ ਸਜ਼ਾ ਮੁਆਫੀ ਦਿੱਤੀ ਗਈ ਹੈ। ਇਹ ਸਜ਼ਾ ਮੁਆਫੀ ਸਿਰਫ ਉਨ੍ਹਾਂ ਕੈਦੀਆਂ ਨੂੰ ਪ੍ਰਦਾਨ ਕੀਤੀ ਜਾਵੇਗੀ, ਜੋ 15 ਅਗਸਤ ਵਾਲੇ ਦਿਨ ਜੇਲ੍ਹ ਵਿਚ ਬੰਦ ਹੋਣਗੇ। ਉਨ੍ਹਾਂ ਦੱਸਿਆ ਕਿ ਜੇ ਕੋਈ ਕੈਦੀ ਪੈਰੋਲ ਜਾਂ ਫਰਲੋ ਉਤੇ ਹੈ ਤਾਂ ਉਸ ਨੂੰ ਸਜ਼ਾ ਵਿਚ ਛੋਟ ਲੈਣ ਲਈ ਆਪਣੀ ਪੈਰੋਲ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਇਸ ਦਿਨ ਤੱਕ ਆਤਮ-ਸਮਰਪਣ ਕਰਨਾ ਪਵੇਗਾ।

ਅਜਿਹੇ ਮਾਮਲਿਆਂ, ਜਿਨ੍ਹਾਂ ਵਿਚ ਕੈਦੀ ਦੀ ਸਜ਼ਾ 10 ਸਾਲ ਜਾਂ 5 ਤੋਂ ਵੱਧ, ਪਰ 10 ਤੋਂ ਘੱਟ ਸਾਲ ਹੋਵੇ, ਉਨ੍ਹਾਂ ਵਿਚ ਕੈਦੀਆਂ ਨੂੰ ਯਕਮੁਸ਼ਤ ਸਜ਼ਾ ਛੋਟ ਦੇਣ ਤੋਂ ਪਹਿਲਾਂ ਉਨ੍ਹਾਂ ਦਾ ਪੰਜ ਸਾਲ ਦਾ ਆਚਾਰ-ਵਿਹਾਰ ਘੋਖਿਆ ਜਾਵੇਗਾ। ਇਹ ਛੋਟ ਉਨ੍ਹਾਂ ਕੈਦੀਆਂ ਨੂੰ ਨਹੀਂ ਦਿੱਤੀ ਜਾਵੇਗੀ, ਜੋ ਗੰਭੀਰ ਦੋਸ਼ਾਂ ਜਾਂ ਸੀ.ਬੀ.ਆਈ. ਕੇਸਾਂ ਹੇਠ ਜੇਲ੍ਹਾਂ 'ਚ ਬੰਦ ਹਨ। ਜਿਨ੍ਹਾਂ ਕੈਦੀਆਂ ਨੂੰ 'ਦ ਫਾਰਨ ਐਕਟ-1946', 'ਪਾਸਪੋਰਟ ਐਕਟ 1967' ਅਤੇ 'ਨਾਰਕੋਟਿਕ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ ਐਕਟ 1985' ਤਹਿਤ ਸਜ਼ਾ ਹੋਈ ਹੈ, ਉਹ ਵੀ ਛੋਟ ਲੈਣ ਦੇ ਹੱਕਦਾਰ ਨਹੀਂ ਹੋਣਗੇ।

## 'ਧਰਮ ਯੁੱਧ ਮੋਰਚਾ' ਦੇ ਅਦਾਕਾਰ ਨੇ ਸੈਂਸਰ ਬੋਰਡ 'ਤੇ ਲਾਏ ਦੋਸ਼

**ਚੰਡੀਗੜ੍ਹ:** ਪੰਜਾਬੀ ਫਿਲਮਾਂ ਦੇ ਅਦਾਕਾਰ ਰਾਜ ਕਾਕੜਾ ਨੇ ਦੱਸਿਆ ਕਿ ਭਾਰਤੀ ਫਿਲਮ ਸੈਂਸਰ ਬੋਰਡ ਨੇ ਫਿਲਮ 'ਧਰਮ ਯੁੱਧ ਮੋਰਚਾ' ਦੇ ਭਾਰਤ ਵਿਚ ਰਿਲੀਜ਼ ਹੋਣ ਉਤੇ ਪਾਬੰਦੀ ਲਗਾ ਦਿੱਤੀ ਹੈ। ਕਾਕੜਾ ਵੱਲੋਂ ਇਸ ਫਿਲਮ ਵਿਚ ਅਹਿਮ ਭੂਮਿਕਾ ਨਿਭਾਈ ਗਈ ਹੈ। ਫਿਲਮ ਦੇ ਨਿਰਮਾਤਾ ਕਰਮਜੀਤ ਸਿੰਘ ਬਾਠ ਹਨ, ਜੋ ਕੈਨੇਡਾ ਦੇ ਵੈਨਕੂਵਰ ਵਿਚ ਰਹਿੰਦੇ ਹਨ ਅਤੇ ਨਿਰਦੇਸ਼ਕ ਨਰੇਸ਼ ਐਸ. ਗਰਗ ਹਨ। ਇਹ ਫਿਲਮ ਭਾਰਤ ਨੂੰ ਛੱਡ ਕੇ ਪੂਰੀ ਦੁਨੀਆਂ ਵਿਚ 16 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ। ਸੈਂਸਰ ਬੋਰਡ ਵੱਲੋਂ ਫਿਲਮ 'ਤੇ ਪਾਬੰਦੀ ਲਗਾਉਣ ਬਾਰੇ ਟਿੱਪਣੀ ਕਰਦਿਆਂ ਮੁੱਖ ਅਦਾਕਾਰ ਰਾਜ ਕਾਕੜਾ ਨੇ ਕਿਹਾ ਹੈ ਕਿ ਫਿਲਮ 'ਤੇ ਪਾਬੰਦੀ ਲਗਾਉਣ ਬੇਹੱਦ ਗਲਤ ਹੈ। ਕਲਾ ਦੇ ਮਾਧਿਅਮ ਰਾਹੀਂ ਇਤਿਹਾਸ ਦੀ ਪੇਸ਼ਕਾਰੀ ਕਰਨਾ ਕੋਈ ਜ਼ੁਰਮ ਨਹੀਂ ਹੈ ਅਤੇ ਉਨ੍ਹਾਂ ਨੇ ਪੰਜਾਬ ਤੇ ਸਿੱਖ ਇਤਿਹਾਸ ਦੇ ਅਹਿਮ ਪਲਾਂ ਨੂੰ ਇਕ ਦਸਤਾਵੇਜ਼ ਵਜੋਂ ਪੇਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਫਿਲਮ 'ਤੇ ਪਾਬੰਦੀ ਲਗਾਉਣ ਨਾਲ ਇਤਿਹਾਸ ਉਤੇ ਮਿੱਟੀ ਨਹੀਂ ਪਾਈ ਜਾ ਸਕਦੀ। ਸਾਰੇ ਪੰਜਾਬੀਆਂ ਨੂੰ ਇਤਿਹਾਸ ਦੇ ਉਸ ਦੌਰ ਨਾਲ ਸੰਵਾਦ ਰਚਾਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਸੈਂਸਰ ਬੋਰਡ ਨੂੰ ਆਪਣੇ ਫੈਸਲੇ 'ਤੇ ਮੁੜ ਨਜ਼ਰਸਾਨੀ ਕਰਨੀ ਚਾਹੀਦੀ ਹੈ।

## ਸ਼੍ਰੋਮਣੀ ਕਮੇਟੀ ਦੀ ਹੋਟਲਨੁਮਾ ਸਰਾਂ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਰਾਗੜ੍ਹੀ ਨੇੜੇ ਉਸਾਰੀ ਜਾ ਰਹੀ ਆਲੀਸ਼ਾਨ ਸਰਾਂ ਉਤੇ ਸਵਾਲ ਉਠ ਰਹੇ ਹਨ। ਭਾਵੇਂ ਇਸ ਨੂੰ ਸਿਰਫ ਸਰਾਂ ਦਾ ਹੀ ਨਾਂ ਦਿੱਤਾ ਜਾ ਰਿਹਾ ਹੈ, ਪਰ ਇਹ ਸਰਾਂ ਆਮ ਸ਼ਰਧਾਲੂਆਂ ਲਈ ਨਹੀਂ, ਬਲਕਿ ਉਚ ਪਹੁੰਚ ਅਤੇ ਵੱਡੀਆਂ ਜੇਬ ਵਾਲੇ ਲੋਕਾਂ ਲਈ ਹੀ ਹੋਵੇਗੀ।

ਇਸ ਸਰਾਂ ਦੇ ਕਮਰੇ ਤੇ ਸ਼ਰਧਾਲੂਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਕਿਸੇ ਪੰਜ ਤਾਰਾ ਹੋਟਲ ਨਾਲੋਂ ਘੱਟ ਨਹੀਂ ਹੋਣਗੀਆਂ ਤੇ ਇਸ ਦਾ ਕਿਰਾਇਆ ਆਮ ਸ਼ਰਧਾਲੂਆਂ ਦੀ ਪਹੁੰਚ ਤੋਂ ਕਿਤੇ ਬਾਹਰ ਹੋਵੇਗਾ। ਜ਼ਮੀਨਦੋਜ਼ ਪਾਰਕਿੰਗ ਸਥਾਨ ਸਮੇਤ 11 ਮੰਜ਼ਿਲੀ ਇਸ ਸਰਾਂ 'ਚ 238 ਕਮਰੇ ਬਣਾਏ ਗਏ ਹਨ। ਇਸ ਸਰਾਂ ਦੀ ਤਿਆਰੀ ਦਾ ਵਧੇਰੇ ਕੰਮ ਮੁਕੰਮਲ ਹੋ ਚੁੱਕਾ ਹੈ, ਬਣੇ ਕਮਰਿਆਂ 'ਚ ਫਰਨੀਚਰ ਰੱਖਣਾ ਅਤੇ ਲਿਫ਼ਟ ਦਾ ਕੰਮ ਬਾਕੀ ਰਹਿ ਗਿਆ ਹੈ। ਚਰਚਾ ਹੈ ਕਿ ਇਹ ਫਰਨੀਚਰ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ ਤੋਂ ਮੰਗਵਾਇਆ ਜਾ ਰਿਹਾ ਹੈ। ਇਸ ਬਾਰੇ ਹਾਂਗਕਾਂਗ ਦੀ ਇਕ ਕੰਪਨੀ ਨਾਲ ਸ਼੍ਰੋਮਣੀ ਕਮੇਟੀ ਦਾ ਤਿੰਨ ਲੱਖ ਅਮਰੀਕੀ ਡਾਲਰ 'ਚ ਖਰੀਦਣ ਦਾ ਸੌਦਾ ਹੋਇਆ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਵੱਲੋਂ ਪੇਸ਼ਗੀ ਰਾਸ਼ੀ ਵੀ ਦਿੱਤੀ ਗਈ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਚੀਨ ਦੇ ਇਸ ਫਰਨੀਚਰ ਦੀ ਕੋਈ ਗਰੰਟੀ ਵੀ ਨਹੀਂ।

ਹੋਟਲਨੁਮਾ ਇਸ ਸਰਾਂ ਦਾ ਹਰ ਕਮਰਾ ਲਗਜ਼ਰੀ (ਅਰਾਮਦਾਇਕ) ਹੋਵੇਗਾ, ਜਿਸ ਦਾ ਕਿਰਾਇਆ 2 ਹਜ਼ਾਰ ਤੋਂ ਵਧੇਰੇ ਰੱਖੇ ਜਾਣ ਦੀ ਚਰਚਾ ਹੈ ਜੋ ਆਮ ਸ਼ਰਧਾਲੂ ਦੀ ਪਹੁੰਚ ਤੋਂ ਬਾਹਰ ਹੋਵੇਗਾ। ਭਾਵੇਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਹੋਰ ਸਰਾਂਵਾਂ ਦੇ ਕਮਰਿਆਂ ਵਿਚ ਖਾਣ-ਪੀਣ ਦਾ ਸਮਾਨ ਲੈ ਕੇ ਜਾਣ ਤੋਂ ਰੋਕ ਹੈ, ਪਰ ਇਸ ਸਰਾਂ ਦੇ ਕਮਰੇ ਅੰਦਰ ਹੋਟਲ ਦੀ ਤਰ੍ਹਾਂ ਮੰਗ ਕਰਨ 'ਤੇ ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਵਾਇਆ ਜਾਵੇਗਾ।



ਸਰਾਂ ਦੇ ਹਰ ਕਮਰੇ ਅੰਦਰ ਰੱਖੇ ਜਾਣ ਵਾਲੇ ਫਰਨੀਚਰ ਉਤੇ ਇਕ ਲੱਖ 20 ਹਜ਼ਾਰ ਦੇ ਕਰੀਬ ਦਾ ਖਰਚ ਆਵੇਗਾ। ਇਹ ਵੀ ਦੱਸਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਜਗ੍ਹਾ ਦਾ ਕਬਜ਼ਾ ਲੈਣ ਉਪਰੰਤ ਇਸ 'ਤੇ ਸਰਾਂ ਉਸਾਰਨ ਲਈ 18 ਕਰੋੜ ਦਾ ਬਜਟ ਰੱਖਿਆ ਗਿਆ ਸੀ ਜੋ ਹੁਣ 68 ਕਰੋੜ ਤੱਕ ਅੱਪੜ ਗਿਆ ਹੈ। ਮਹਿੰਗੇ ਭਾਅ ਤੇ ਵਿਦੇਸ਼ ਵਿਚੋਂ ਫਰਨੀਚਰ ਖਰੀਦਣ ਕਰ ਕੇ ਸ਼੍ਰੋਮਣੀ ਕਮੇਟੀ ਇਕ ਵਾਰ ਫਿਰ ਚਰਚਾ ਵਿਚ ਆ ਸਕਦੀ ਹੈ। ਪੰਜਾਬ ਦਾ ਸ਼ਹਿਰ ਕਰਤਾਰਪੁਰ ਜੋ ਫਰਨੀਚਰ ਕਰ ਕੇ ਦੇਸ਼-ਵਿਦੇਸ਼ 'ਚ ਪ੍ਰਸਿੱਧ ਹੈ, ਫਰਨੀਚਰ ਦੇ ਇਸ ਕੌਮਾਂਤਰੀ ਬਾਜ਼ਾਰ ਵਿਚੋਂ ਦੇਸ਼-ਵਿਦੇਸ਼ ਤੋਂ ਲੋਕ ਫਰਨੀਚਰ ਦੀ ਖਰੀਦ ਕੇ ਲੈ ਜਾਂਦੇ ਹਨ, ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਥਾਨ ਨੂੰ ਨਜ਼ਰ ਅੰਦਾਜ਼ ਕਰਕੇ ਚੀਨ ਤੋਂ ਫਰਨੀਚਰ ਖਰੀਦਣਾ ਕਈ ਸਵਾਲ ਖੜ੍ਹੇ ਕਰਦਾ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸਾਰਾਗੜ੍ਹੀ ਸਰਾਂ ਯਾਤਰੀਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਧਰਮ ਸਿੰਘ ਮਾਰਕੀਟ ਲਾਗੇ ਬਣਾਈ ਗਈ ਹੈ, ਜਿਸ 'ਚ ਲਿਫਟਾਂ, ਵਾਤਾਅਨੁਕੂਲ ਤੇ ਸੋਲਰ ਬਿਜਲੀ ਦਾ ਸੁਚੱਜਾ ਪ੍ਰਬੰਧ ਹੈ।

## ਲੋਕਾਂ ਦੇ ਮਨ ਟੋਹਣ ਲਈ ਨਵੀਂ ਤਕਨੀਕ ਦਾ ਸਹਾਰਾ

**ਜਲੰਧਰ:** ਵਿਧਾਨ ਸਭਾ ਚੋਣਾਂ ਨੂੰ ਨੇੜੇ ਆਉਂਦੇ ਦੇਖ ਸਿਆਸੀ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਿਆਸੀ ਪਾਰਟੀਆਂ ਨੇ ਲੋਕਾਂ ਦਾ ਮਨ ਟੋਹਣ ਲਈ ਅਹਿਮ ਕੰਮ ਨਿੱਜੀ ਕੰਪਨੀਆਂ ਨੂੰ ਦਿੱਤਾ ਹੈ। ਇਸ ਵੇਲੇ ਕਈ ਕੰਪਨੀਆਂ ਸਿਆਸੀ ਪਾਰਟੀਆਂ ਨਾਲ ਹੋਏ ਸਮਝੌਤੇ ਤੋਂ ਬਾਅਦ ਆਪਣੇ-ਆਪਣੇ ਤੌਰ 'ਤੇ ਸਰਵੇਖਣ ਕਰ ਰਹੇ ਹਨ।

ਲੋਕਾਂ ਨੂੰ ਨਿੱਜੀ ਕੰਪਨੀਆਂ ਵੱਲੋਂ ਬਾਕਾਇਦਾ ਫੋਨ ਕਰ ਕੇ ਨਾ ਸਿਰਫ ਸਰਕਾਰ ਦੇ ਕੰਮਕਾਜ ਬਾਰੇ ਰਾਇ ਮੰਗੀ ਜਾਂਦੀ ਹੈ, ਸਗੋਂ ਕਈ ਕੰਪਨੀਆਂ ਤਾਂ ਲੋਕਾਂ ਨੂੰ ਫੋਨ ਕਰ ਕੇ ਸਾਰੀ ਜਾਣਕਾਰੀ ਲੈਂਦੀਆਂ ਹਨ ਕਿ ਉਹ ਕਿਸ ਪਾਰਟੀ ਨੂੰ ਪਸੰਦ ਕਰਦੀਆਂ ਹਨ। ਇਸ ਤਰ੍ਹਾਂ ਦੇ ਫੋਨ ਰੋਜ਼ ਹੀ ਕਈ ਲੋਕਾਂ ਨੂੰ ਆ ਰਹੇ ਹਨ ਜਿਨ੍ਹਾਂ ਲੋਕਾਂ ਨੂੰ ਫੋਨ ਆਏ ਹਨ ਉਨ੍ਹਾਂ ਵਿਚ ਸਿਆਸੀ ਪਾਰਟੀਆਂ ਤੋਂ ਔਖੇ ਲੋਕਾਂ ਨੇ ਪਾਰਟੀਆਂ ਬਾਰੇ ਫੋਨ 'ਤੇ ਕਾਫੀ ਬੁਰਾ ਭਲਾ ਵੀ ਕਿਹਾ ਪਰ ਇਸ ਦੇ ਬਾਵਜੂਦ ਕੰਪਨੀਆਂ ਵੱਲੋਂ ਲੋਕਾਂ ਨੂੰ ਧੰਨਵਾਦ ਕੀਤਾ ਜਾਂਦਾ ਹੈ।



ਫੋਨ ਆਉਣ ਉਤੇ ਲੋਕ ਸਰਕਾਰ ਦੇ ਕੰਮਕਾਜ ਤੋਂ ਇਲਾਵਾ ਵਿਭਾਗਾਂ ਬਾਰੇ ਟਿੱਪਣੀਆਂ ਕਰਦੇ ਹਨ। ਇਸ ਤੋਂ ਇਲਾਵਾ ਕਈ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਟੇਪ ਕੀਤੀ ਆਵਾਜ਼ ਨੂੰ ਮੁਬਾਈਲ 'ਤੇ ਲੋਕਾਂ ਨੂੰ ਸੁਣਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਕਿਸ ਤਰ੍ਹਾਂ ਸੁਧਾਰ ਕੀਤਾ ਜਾਵੇਗਾ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਸਿਆਸੀ ਪਾਰਟੀਆਂ ਨੇ ਨਿੱਜੀ ਕੰਪਨੀਆਂ ਤੋਂ ਲੋਕਾਂ ਦਾ ਮਨ ਟਟੋਲਣ ਦਾ ਕੰਮ ਸ਼ੁਰੂ ਕਰਵਾਇਆ ਹੈ, ਉਨ੍ਹਾਂ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਹੀ ਸਿਆਸੀ ਪਾਰਟੀਆਂ ਵੱਲੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰਨ ਦੀ ਸੰਭਾਵਨਾ ਹੈ।

# ਨਸ਼ਿਆਂ ਦੇ ਮੁੱਦੇ 'ਤੇ ਪੋਚਾ ਫੇਰਨ 'ਚ ਜੁਟਿਆ ਅਕਾਲੀ ਦਲ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਵਿਚ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਇਸ ਵਕਤ ਪੂਰੀ ਸਿਆਸਤ ਹੋ ਰਹੀ ਹੈ। ਕਾਂਗਰਸ ਤੇ ਆਮ ਆਦਮੀ ਪਾਰਟੀ ਇਸ ਨੂੰ 2017 ਵਿਚ ਵੱਡਾ ਮੁੱਦਾ ਬਣਾਉਣਾ ਚਾਹੁੰਦੀਆਂ ਹਨ, ਪਰ ਅਕਾਲੀ ਦਲ ਨੂੰ ਇਹ ਹਜ਼ਮ ਨਹੀਂ ਹੋ ਰਿਹਾ।

ਅਕਾਲੀ ਦਲ ਵੱਲੋਂ ਹੁਣ ਸੜਕਾਂ ਉਤੇ ਪੋਸਟਰ ਲਾਏ ਗਏ ਹਨ। ਇਸ ਵਿਚ ਨੌਜਵਾਨਾਂ ਦੀ ਫੋਟੋ ਲਾ ਕੇ ਲਿਖਿਆ ਗਿਆ ਹੈ, "ਮੈਂ ਪੰਜਾਬ ਹਾਂ। ਮੈਂ ਨਸ਼ੇੜੀ ਨਹੀਂ ਹਾਂ। ਮੇਰੇ ਪੰਜਾਬ ਨੂੰ ਨਸ਼ੇੜੀ ਕਹਿ ਕੇ ਬਦਨਾਮ ਨਾ ਕਰੋ।" ਉਧਰ ਕਾਂਗਰਸ ਇਸ ਨੂੰ ਇਕ ਸਟੰਟ ਦੱਸ ਰਹੀ ਹੈ। ਇਸ ਤੋਂ ਪਹਿਲਾਂ ਪੁਲਿਸ ਭਰਤੀ ਦੌਰਾਨ ਡੋਪ ਟੈਸਟ ਵਿਚੋਂ 98 ਫੀਸਦੀ ਨੌਜਵਾਨਾਂ ਦੇ ਪਾਸ ਹੋਣ ਦੇ ਦਾਅਵੇ 'ਤੇ ਵੀ ਅਕਾਲੀ ਦਲ ਵਿਰੋਧੀ ਧਿਰਾਂ ਨੂੰ ਘੇਰ ਰਿਹਾ ਹੈ।

ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਪੁਲਿਸ ਭਰਤੀ ਦੌਰਾਨ ਕੁੱਲ 6,23,507 ਉਮੀਦਵਾਰਾਂ 'ਚੋਂ 7,416 ਅਸਾਮੀਆਂ ਲਈ ਯੋਗ ਪਾਏ ਗਏ। 10 ਅਗਸਤ ਤੱਕ ਕੁੱਲ 1,67,781 ਨੌਜਵਾਨਾ ਨੇ ਨਸ਼ਾ ਜਾਂਚ ਟੈਸਟ 'ਚ ਹਿੱਸਾ ਲਿਆ ਤੇ ਇਹ ਪ੍ਰਕਿਰਿਆ ਹਾਲੇ ਜਾਰੀ ਹੈ। ਟੈਸਟ ਪਾਸ ਕਰਨ ਦੀ ਔਸਤ 98 ਫੀਸਦੀ ਬਣਦੀ ਹੈ। ਇਸ ਹਿਸਾਬ ਨਾਲ ਸਿਰਫ 1.30 ਫੀਸਦੀ (2185) ਨੌਜਵਾਨ ਹੀ ਟੈਸਟ ਪਾਸ ਨਹੀਂ ਕਰ ਸਕੇ।

## ਪੰਜਾਬ ਨੂੰ ਨਸ਼ਾ ਮੁਕਤ ਕਰਨਾ ਸਭ ਤੋਂ ਪਹਿਲਾ ਕੰਮ: ਕੈਪਟਨ

**ਨਵਾਂ ਸ਼ਹਿਰ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ ਉਤੇ ਪਹਿਲਾ ਮਿਸ਼ਨ ਸੂਬੇ ਨੂੰ ਨਸ਼ਾ ਮੁਕਤ ਕਰਨਾ ਹੋਵੇਗਾ। ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਸਰਕਾਰੀ ਨੌਕਰੀਆਂ ਤੋਂ ਇਲਾਵਾ ਇੰਡਸਟਰੀ ਲਿਆਉਣੀ ਵੀ ਉਨ੍ਹਾਂ ਦੀ ਨੀਤੀ ਹੋਵੇਗੀ। ਕੰਢੀ ਏਰੀਏ ਨੂੰ ਇੰਡਸਟਰੀਅਲ ਹੱਬ ਵਜੋਂ ਅੱਗੇ ਲਿਜਾਇਆ ਜਾਵੇਗਾ। ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਵਿਸ਼ੇਸ਼ ਨੀਤੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਸੂਬੇ ਵਿਚ ਵਾਪਰੇ ਬਰਗਾੜੀ ਕਾਂਡ, ਮਲੇਰਕੋਟਲਾ ਵਿਚ ਕੁਰਾਨ ਸ਼ਰੀਫ ਦੀ ਬੇਅਦਬੀ ਕਾਂਡ, ਸੰਤ ਢੱਡਰੀਆਂ ਵਾਲੇ ਅਤੇ ਆਰ.ਐਸ.ਐਸ. ਨੇਤਾ ਗਗਨੇਜਾ ਉਤੇ ਹੋਏ ਹਮਲੇ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

## ਸ਼ਰਾਬ ਕਾਰੋਬਾਰ ਵਿਚ ਮੰਦੀ ਤੋਂ ਸਰਕਾਰ ਫਿਕਰਮੰਦ

**ਪਟਿਆਲਾ:** ਪੰਜਾਬ ਵਿਚ ਸ਼ਰਾਬ ਦਾ ਕਾਰੋਬਾਰ ਠੇਕੇਦਾਰਾਂ ਲਈ ਘਾਟੇ ਦਾ ਸੌਦਾ ਬਣ ਗਿਆ ਹੈ। ਆਬਕਾਰੀ ਤੇ ਕਰ ਵਿਭਾਗ ਵੱਲੋਂ ਬੇਹੱਦ ਕੋਸ਼ਿਸ਼ਾਂ ਅਤੇ ਫੀਸ ਘਟਾਉਣ ਦੇ ਬਾਵਜੂਦ ਕਈ ਥਾਈਂ ਠੇਕਿਆਂ ਦੀ ਬੋਲੀ ਨਹੀਂ ਚੜ੍ਹੀ। ਰਾਜ ਸਰਕਾਰ ਨੂੰ ਭੇਜੇ ਲਿਖਤੀ ਨੋਟ ਵਿਚ ਆਬਕਾਰੀ ਤੇ ਕਰ ਵਿਭਾਗ ਨੇ 2016-17 ਲਈ ਆਬਕਾਰੀ ਟੀਚਾ 112.73 ਕਰੋੜ ਰੁਪਏ ਘਟਾ ਦਿੱਤਾ ਹੈ। ਪੰਜਾਬ ਕੈਬਨਿਟ ਨੂੰ ਹਾਲ ਹੀ ਵਿਚ ਮਨਜ਼ੂਰੀ ਲਈ ਭੇਜੇ ਇਸ ਨੋਟ ਮੁਤਾਬਕ ਆਬਕਾਰੀ ਵਿਭਾਗ ਨੇ ਰਾਜ ਭਰ ਵਿਚ 662 ਗਰੁੱਪ ਕਾਇਮ ਕੀਤੇ ਅਤੇ ਠੇਕਿਆਂ ਦੀ ਬੋਲੀ ਲਈ 22 ਮਾਰਚ 2016 ਤੱਕ ਅਰਜ਼ੀਆਂ ਮੰਗੀਆਂ। ਹੈਰਾਨੀਜਨਕ ਤੱਥ ਇਹ ਹੈ ਕਿ ਅਰਜ਼ੀ ਫੀਸ ਸਾਲ 2015-16 ਦੇ 308 ਕਰੋੜ ਰੁਪਏ ਦੇ ਮੁਕਾਬਲੇ 2016-17 ਵਿਚ ਘਟ ਕੇ 147.81 ਕਰੋੜ ਰਹਿ ਗਈ। ਇਸ ਲਈ ਮੁੱਢਲੇ ਤੌਰ ਉਤੇ ਕੁੱਝ ਹੱਦ ਤੱਕ ਵਿਭਾਗੀ ਤਰੁੱਟੀਆਂ ਵੀ ਜ਼ਿੰਮੇਵਾਰ ਹਨ। ਪੰਜਾਬ ਕੈਬਨਿਟ ਨੂੰ ਦਿੱਤੇ ਨੋਟ ਮੁਤਾਬਕ ਪੰਜਾਬ ਵਿਚ ਲਾਇਸੈਂਸ ਫੀਸ 3178.25 ਕਰੋੜ ਰੁਪਏ ਤੋਂ ਘਟ ਕੇ 3138.41 ਕਰੋੜ ਰੁਪਏ ਰਹਿ ਜਾਵੇਗੀ।

## ਸ਼ਰਾਬ ਨੇ ਕੀਤਾ ਕੇਜਰੀਵਾਲ ਸਰਕਾਰ ਨੂੰ ਮਾਲੋ-ਮਾਲ

**ਨਵੀਂ ਦਿੱਲੀ:** ਪੰਜਾਬ ਵਿਚ ਨਸ਼ੇ ਦਾ ਮੁੱਖ ਮੁੱਦਾ ਬਣਾ ਕੇ ਅਕਾਲੀ ਦਲ ਨੂੰ ਘੇਰਨ ਵਾਲੀ ਆਮ ਆਦਮੀ ਪਾਰਟੀ ਆਪਣੇ ਚੱਕਰਵਿਊ ਵਿਚ ਆਪ ਘਿਰਦੀ ਨਜ਼ਰ ਆ ਰਹੀ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਰਾਜਧਾਨੀ ਵਿਚ 58 ਸ਼ਰਾਬ ਦੇ ਨਵੇਂ ਠੇਕੇ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਹੈ। ਇਹ ਜਾਣਕਾਰੀ ਆਈ.ਟੀ.ਆਈ. ਤਹਿਤ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਬੀਤੇ ਡੇਢ ਸਾਲ ਦੌਰਾਨ ਦਿੱਲੀ ਵਿਚ 21 ਸਰਕਾਰੀ ਤੇ 37 ਨਿੱਜੀ ਸ਼ਰਾਬ ਦੇ ਠੇਕੇ ਖੋਲ੍ਹੇ ਗਏ ਹਨ ਜਿਸ ਕਰ ਕੇ ਸਰਕਾਰੀ ਖਜ਼ਾਨੇ ਵਿਚ ਪਹਿਲੇ ਆ ਰਹੇ 800 ਕਰੋੜ 30 ਲੱਖ ਦੇ ਮੁਕਾਬਲੇ ਸਰਕਾਰ ਕੋਲ ਹੁਣ 1500 ਕਰੋੜ ਰੁਪਏ ਕਮਾਈ ਆ ਰਹੀ ਹੈ।ਇਸ ਮੁੱਦੇ ਤੋਂ ਬਾਅਦ ਹੁਣ ਦਿੱਲੀ ਦੇ ਬੁੱਧੀਜੀਵੀਆਂ ਵੱਲੋਂ ਰਾਜਧਾਨੀ ਵਿਚ ਸ਼ਰਾਬਬੰਦੀ ਦੀ ਮੰਗ ਕੀਤੀ ਜਾ ਰਹੀ ਹੈ। ਅਖਿਲ ਭਾਰਤੀ ਨਸ਼ਾ ਮੁਕਤੀ ਮੋਰਚਾ ਦੇ ਮੁਖੀ ਸਵਾਮੀ ਅਗੀਨਵੇਸ਼ ਦੀ ਅਗਵਾਈ ਹੇਠ ਆਪਣੇ ਵਰਕਰਾਂ ਸਮੇਤ ਮਹਾਤਮਾ ਗਾਂਧੀ ਦੀ ਸਮਾਧ ਰਾਜਘਾਟ ਤੋਂ ਦਿੱਲੀ ਸਕੱਤਰੇਤ ਤੱਕ ਮਾਰਚ ਕੱਢਿਆ।

## Matrimonial

### ਵਰ ਦੀ ਲੋੜ ਹੈ

U.S. citizen boy sought for U.S. citizen Jatt Sikh girl. 26 years, 5'-2", Software Engineer, Master's degree. A well educated Jatt Sikh boy with computer Science/Computer Engineering background preferred. Contact: bsinghs408@gmail.com 34-37

Wanted suitable Jatt Sikh match for a good looking US Citizen Jatt Sikh girl. 28 years, 5'-6", currently living in Detroit, MI. Contact: pamgill@yahoo.com 34-37

## ਕਾਂਗੋ 'ਚ 36 ਲੋਕ ਕਤਲ

**ਕਿੰਸਹਾਸਾ:** ਉਤਰ ਪੂਰਬੀ ਕਾਂਗੋ ਵਿਚ ਸ਼ੱਕੀ ਬਾਗੀਆਂ ਵੱਲੋਂ 36 ਨਾਗਰਿਕਾਂ ਦਾ ਕਤਲ ਕਰ ਦਿੱਤਾ ਗਿਆ ਜਿਸ ਵਿਚ 22 ਪੁਰਸ਼ ਅਤੇ 14 ਮਹਿਲਾਵਾਂ ਸ਼ਾਮਲ ਹਨ। ਇਹ ਜਾਣਕਾਰੀ ਸੂਬਾਈ ਰਾਜਪਾਲ ਵੱਲੋਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਬਾਗੀਆਂ ਵੱਲੋਂ ਪਿਛਲੇ ਦੋ ਸਾਲਾਂ 'ਚ ਕਾਇਮ ਕੀਤੀ ਅਮਨ-ਸ਼ਾਂਤੀ ਨੂੰ ਤਬਾਹ ਕਰਨ ਲਈ ਅਜਿਹਾ ਕੁਝ ਕੀਤਾ ਗਿਆ ਹੈ।

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com

## ਰਾਸ਼ਟਰਪਤੀ ਦੀ ਧੀ ਨੇ ਅਸ਼ਲੀਲ ਮੈਸੇਜ ਭੇਜਣ ਵਾਲੇ ਨੂੰ ਕੀਤਾ ਬੇਨਕਾਬ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਧੀ ਸ਼ਰਮਿਸ਼ਠਾ ਮੁਖਰਜੀ ਨੇ ਫੇਸਬੁੱਕ ਉਤੇ ਇਕ ਪੋਸਟ ਸਾਂਝਾ ਕੀਤਾ ਹੈ, ਜਿਸ 'ਚ ਸ਼ਰਮਿਸ਼ਠਾ ਨੇ ਉਨ੍ਹਾਂ ਨੂੰ ਅਸ਼ਲੀਲ ਮੈਸੇਜ ਭੇਜਣ ਵਾਲੇ ਪਾਰਥ ਮੰਡਲ ਨਾਮਕ ਵਿਅਕਤੀ ਦੇ ਮੈਸੇਜ਼ ਸਾਂਝੇ ਕੀਤੇ ਹਨ। ਸ਼ਰਮਿਸ਼ਠਾ ਨੇ ਲਿਖਿਆ ਹੈ ਕਿ ਪਾਗਲ ਮਾਨਸਿਕਤਾ ਵਾਲਾ ਵਿਅਕਤੀ ਪਾਰਥ ਮੰਡਲ ਮੈਨੂੰ ਭੱਦੇ ਤੇ ਅਸ਼ਲੀਲ ਮੈਸੇਜ਼ ਭੇਜ ਰਿਹਾ ਹੈ। ਪਹਿਲਾਂ ਤਾਂ ਮੈਂ ਸੋਚਿਆ ਕਿ ਮੈਂ ਇਸ ਨੂੰ ਨਜ਼ਰ-ਅੰਦਾਜ਼ ਕਰ ਕੇ ਬਲਾਕ ਕਰ ਦੇਵਾਂ, ਪਰ ਬਾਅਦ ਵਿਚ ਸੋਚਿਆ ਕਿ ਚੁੱਪ ਰਹਿਣ ਨਾਲ ਉਸ ਦਾ ਹੌਸਲਾ ਵਧੇਗਾ ਤੇ ਇਹ ਦੂਸਰੀਆਂ ਲੜਕੀਆਂ ਨਾਲ ਵੀ ਅਜਿਹਾ ਹੀ ਕਰੇਗਾ।

ਸਿਰਫ ਬਲਾਕ ਕਰਨਾ ਤੇ ਇਸ ਦੀ ਸ਼ਿਕਾਇਤ (ਫੇਸਬੁੱਕ ਨੂੰ) ਕਰਨਾ ਹੀ ਕਾਫੀ ਨਹੀਂ ਹੈ। ਉਨ੍ਹਾਂ ਅੱਗੇ ਲਿਖਿਆ ਕਿ ਮੈਨੂੰ ਅਸਲ ਵਿਚ ਅਜਿਹਾ ਲਗਦਾ ਹੈ ਕਿ ਇਸ ਤਰ੍ਹਾਂ ਦੇ ਲੋਕਾਂ ਨੂੰ ਸਭ ਦੇ ਸਾਹਮਣੇ ਲਿਆ ਕੇ ਸ਼ਰਮਿੰਦਾ ਕਰਨਾ ਚਾਹੀਦਾ ਹੈ। ਸ਼ਰਮਿਸ਼ਠਾ ਨੇ ਮਾਮਲੇ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

## ਕੱਰੀ ਸ਼ੈਫ ਤੇ ਤੰਦੂਰੀਏ ਕੁੱਕ ਦੀ ਲੋੜ ਹੈ

ਲਾਸ ਵੇਗਸ, ਨੇਵਾਡਾ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਕੱਰੀ ਸ਼ੈਫ ਤੇ ਤੰਦੂਰੀਏ ਕੁੱਕ ਦੀ ਲੋੜ ਹੈ।

ਰੈਸਟੋਰੈਂਟ ਇਕ ਬਹੁਤ ਹੀ ਬਿਜ਼ੀ ਮਾਰਕਿਟ ਵਿਚ ਸਥਿਤ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ



*ਸੰਪਰਕ ਕਰੋ, ਦਲਜੀਤ ਢਿੱਲੋਂ*

**ਫੋਨ: 702-683-7532**

31-34

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਪੰਜਾਬ ਵਿਚ ਗਊ ਰਾਖਿਆਂ ਵਿਰੁਧ ਜ਼ੋਰਦਾਰ ਲਾਮਬੰਦੀ ਹੋਈ ਸ਼ੁਰੂ

**ਚੰਡੀਗੜ੍ਹ:** ਪੰਜਾਬ ਵਿਚ ਗਊ ਰਾਖੀ ਦੇ ਨਾਂ 'ਤੇ ਸਖਤੀ ਨੇ ਡੇਅਰੀ ਧੰਦੇ ਨੂੰ ਤਬਾਹੀ ਦੇ ਕੰਢੇ ਉਤੇ ਲੈ ਆਂਦਾ ਹੈ। ਇਸ ਧੰਦੇ ਨਾਲ ਜੁੜੇ ਕਿਸਾਨਾਂ ਨੇ ਇਸ ਧੱਕੇਸ਼ਾਹੀ ਵਿਰੁੱਧ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਕਿਸਾਨਾਂ ਨੇ ਜਗਰਾਉਂ ਵਿਚ ਇਕ ਵੱਡਾ ਇਕੱਠ ਕਰ ਕੇ ਸ਼ਹਿਰ ਵਿਚ ਫਿਰਦੀਆਂ ਅਵਾਰਾ ਗਊਆਂ ਨੂੰ ਸਥਾਨਕ ਵਿਧਾਇਕ ਦੇ ਘਰ 'ਚ ਵਾੜ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗਊ ਰੱਖਿਆ ਦੇ ਨਾਂ ਉਤੇ ਚੱਲ ਰਹੇ ਗੋਰਖਧੰਦੇ ਤੋਂ ਦੁੱਧ ਦਾ ਵਪਾਰ ਕਰਨ ਵਾਲੇ ਕਿਸਾਨ ਕਿੰਨੇ ਦੁਖੀ ਹੋ ਚੁੱਕੇ ਹਨ।

ਕਿਸਾਨਾਂ ਦਾ ਦੋਸ਼ ਸੀ ਕਿ ਉਨ੍ਹਾਂ ਨੇ ਆਪਣੀ ਮਿਹਨਤ ਨਾਲ ਬਾਹਰਲੇ ਦੇਸ਼ਾਂ ਤੋਂ ਗਊਆਂ ਦੇ ਸੀਮਨ ਮੰਗਵਾ ਕੇ ਚੰਗੀ ਨਸਲ ਦੀਆਂ ਗਊਆਂ ਪਾਲੀਆਂ। ਦੇਸ਼ ਦੇ ਦੂਸਰੇ ਸੂਬਿਆਂ ਤੋਂ ਵੀ ਵਪਾਰੀ ਇਹ ਗਊਆਂ ਲਿਜਾ ਕੇ ਜਿਥੇ ਆਪਣੀਆਂ ਗਊਆਂ ਦੀਆਂ ਨਸਲਾਂ ਸੁਧਾਰਨ ਦੇ ਯਤਨ 'ਚ ਸਨ, ਉਥੇ ਦੇਸ਼ ਭਰ ਵਿਚ ਦੁੱਧ ਦੇ ਇਨਕਲਾਬ ਦੀ ਗੱਲ ਵੀ ਤੁਰੀ ਸੀ, ਪਰ ਇਸ ਵਪਾਰ ਨੂੰ ਅਖੌਤੀ ਗਊ ਰੱਖਿਆ ਦਲਾਂ ਨੇ ਚੌਪਟ ਕਰ ਕੇ ਰੱਖ ਦਿੱਤਾ ਹੈ।

ਪਿਛਲੇ ਦਿਨੀਂ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਸਨ ਕਿ ਵੱਖ-ਵੱਖ ਜ਼ਿਲ੍ਹਿਆਂ 'ਚ ਆਪੇ ਹੀ ਗਊ ਰੱਖਿਅਕ ਦਲ ਬਣ ਗਏ ਹਨ ਜੋ ਵਪਾਰ ਲਈ ਲਿਜਾਈਆਂ ਜਾ ਰਹੀਆਂ ਗਊਆਂ ਨੂੰ ਰੋਕ ਕੇ ਢੋਆ-ਢੁਆਈ ਕਰਨ ਵਾਲੇ ਟਰੱਕਾਂ ਦੇ ਕਰਮੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਦੇ ਰਹੇ ਹਨ, ਜਿਸ ਨਾਲ ਸਮੁੱਚੇ ਮਾਹੌਲ ਵਿਚ ਦਹਿਸ਼ਤ ਪੈਦਾ ਹੋ ਗਈ। ਗਊਆਂ ਦੇ ਦੁੱਧ ਦੇ ਵਪਾਰ ਉਤੇ ਇਸ ਦਾ ਵੱਡਾ ਅਸਰ ਪਿਆ। ਇਹ ਵੀ ਇਕ ਵੱਡਾ ਕਾਰਨ ਹੈ ਕਿ ਅੱਜ ਲੱਖਾਂ ਹੀ ਗਊਆਂ ਹਰਿਆਣਾ, ਪੰਜਾਬ ਤੇ ਹੋਰ ਸੂਬਿਆਂ ਵਿਚ ਫਿਰਦੀਆਂ ਦਿਖਾਈ ਦੇ ਰਹੀਆਂ ਹਨ। ਇਹ ਵੀ ਖਬਰਾਂ ਸਾਹਮਣੇ ਆਈਆਂ ਹਨ ਕਿ ਗਊ ਰੱਖਿਆ ਦਲਾਂ ਵੱਲੋਂ ਇਸ ਨੂੰ ਆਪਣਾ ਇਕ ਵਪਾਰਕ ਧੰਦਾ ਹੀ ਬਣਾ ਲਿਆ ਗਿਆ ਹੈ ਤੇ ਬਹੁਤੇ ਇਸ ਦੇ ਨਾਂ ਉਤੇ ਵੱਡੀਆਂ ਕਮਾਈਆਂ ਕਰਨ ਲੱਗੇ ਹਨ। ਇਸ ਬਾਰੇ ਪਿਛਲੇ ਲੰਬੇ ਸਮੇਂ ਤੋਂ ਪੰਜਾਬ, ਹਰਿਆਣਾ ਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਕੋਲ ਸ਼ਿਕਾਇਤਾਂ ਪੁੱਜਦੀਆਂ ਰਹੀਆਂ ਸਨ, ਪਰ ਪ੍ਰਸ਼ਾਸਨ ਉਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਜਿਸ 'ਤੇ ਅਖੌਤੀ ਗਊ ਰੱਖਿਅਕ ਦਲ ਹੋਰ ਵੀ ਹੌਸਲੇ ਵਿਚ ਹੋ ਗਏ ਤੇ ਉਨ੍ਹਾਂ ਨੇ ਇਸ ਬਾਰੇ ਆਪਣੀਆਂ ਜ਼ਿਆਦਤੀਆਂ ਵਧਾ ਦਿੱਤੀਆਂ।

ਇਸੇ ਕਰ ਕੇ ਦੇਸ਼ ਭਰ 'ਚ ਗਊਆਂ ਨਾਲ ਸਬੰਧਤ ਵਪਾਰ ਕਰਨ ਵਾਲੇ ਪ੍ਰਭਾਵਤ ਵੀ ਹੋਏ ਤੇ ਉਨ੍ਹਾਂ ਨੂੰ ਇਨ੍ਹਾਂ ਦਲਾਂ ਵੱਲੋਂ ਮਾਰਿਆ-ਕੁੱਟਿਆ ਵੀ ਗਿਆ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਅਜਿਹੇ ਦਲਾਂ ਵਿਰੁੱਧ ਬੋਲਣ ਪਿੱਛੋਂ ਪੰਜਾਬ ਵਿਚ ਅਜਿਹੇ ਗਊ ਰਾਖਿਆਂ ਵਿਰੁੱਧ ਰੋਹ ਵਧਣ ਲੱਗਾ ਹੈ। ਪ੍ਰਧਾਨ ਮੰਤਰੀ ਵੱਲੋਂ ਲੰਬੇ ਸਮੇਂ ਬਾਅਦ ਇਹ ਚੁੱਪ ਇਸ ਕਰ ਕੇ ਤੋੜੀ ਗਈ ਜਦੋਂ ਉਨ੍ਹਾਂ ਦੇ ਆਪਣੇ ਪ੍ਰਦੇਸ਼ ਗੁਜਰਾਤ 'ਚ ਇਕ ਮਰੀ ਹੋਈ ਗਾਂ ਦੀ ਖੱਲ ਉਤਾਰਦੇ ਹੋਏ ਕੁਝ ਵਿਅਕਤੀਆਂ ਨੂੰ ਗਊ ਰੱਖਿਅਕਾਂ ਵੱਲੋਂ ਬੁਰੀ ਤਰ੍ਹਾਂ ਮਾਰਿਆ ਗਿਆ, ਜਿਸ ਦੀ ਚਰਚਾ ਤੇ ਸਖਤ ਆਲੋਚਨਾ ਦੇਸ਼ ਭਰ ਵਿਚ ਹੋਈ। ਪ੍ਰਧਾਨ ਮੰਤਰੀ ਵੱਲੋਂ ਅਜਿਹੇ ਚਲ ਰਹੇ ਧੰਦੇ ਨੂੰ ਰੋਕਣ ਦੀਆਂ ਸਪੱਸ਼ਟ ਹਦਾਇਤਾਂ ਤੋਂ ਬਾਅਦ ਕੁਝ ਸੂਬਾ ਸਰਕਾਰਾਂ ਨੂੰ ਜਾਗ ਆਈ ਹੈ ਤੇ ਉਨ੍ਹਾਂ ਨੇ ਇਸ ਸਬੰਧੀ ਆਪਣੀਆਂ ਕੁਝ ਕਾਰਵਾਈਆਂ ਕਰਨੀਆਂ ਸ਼ੁਰੂ ਕੀਤੀਆਂ ਹਨ।

### ਡੇਅਰੀ ਧੰਦੇ ਨੂੰ ਤਬਾਹੀ ਵੱਲ ਲਿਆਉਣ ਵਿਰੁਧ ਰੋਹ



### ਵਿਸ਼ਵ ਹਿੰਦੂ ਪ੍ਰੀਸ਼ਦ ਨੇ ਮੋਦੀ ਨੂੰ ਘੇਰਿਆ

**ਨਵੀਂ ਦਿੱਲੀ:** ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਗਊ ਰਕਸ਼ਕਾਂ ਖਿਲਾਫ਼ ਕੀਤੀਆਂ ਗਈਆਂ ਟਿੱਪਣੀਆਂ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਸ੍ਰੀ ਮੋਦੀ ਨੇ ਗਊ ਰਕਸ਼ਕਾਂ ਨੂੰ ਸਮਾਜ ਵਿਰੋਧੀ ਗਰਦਾਨ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਨੂੰ ਗਊ ਰੱਖਿਅਕਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਵੀ.ਐਚ.ਪੀ. ਦੇ ਕੌਮਾਂਤਰੀ ਵਰਕਿੰਗ ਪ੍ਰਧਾਨ ਪ੍ਰਵੀਨ ਤੋਗੜੀਆ ਨੇ ਕਿਹਾ ਕਿ ਸ੍ਰੀ ਮੋਦੀ ਵੱਲੋਂ ਸੂਬਿਆਂ ਨੂੰ ਗਊ ਰੱਖਿਅਕਾਂ ਦੇ ਡੋਜ਼ੀਅਰ ਤਿਆਰ ਕਰਨ ਦੇ ਨਿਰਦੇਸ਼ ਹਿੰਦੂਆਂ ਨੂੰ 'ਨਸਲੀ ਅਪਰਾਧੀ' ਸਾਬਤ ਕਰਦੇ ਹਨ ਜਦਕਿ ਉਹ ਗਊ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ। ਉਨ੍ਹਾਂ ਕਿਹਾ ਕਿ ਡੋਜ਼ੀਅਰ ਤਾਂ ਅਤਿਵਾਦੀਆਂ ਅਤੇ ਬਲਾਤਕਾਰੀਆਂ ਦੇ ਕੱਢੇ ਜਾਂਦੇ ਹਨ।

### ਗਊ ਰੱਖਿਅਕ ਸੰਗਠਨਾਂ ਉਤੇ ਪਾਬੰਦੀ ਲਈ ਜ਼ੋਰ

**ਨਵੀਂ ਦਿੱਲੀ:** ਦਲਿਤਾਂ ਵਿਰੁੱਧ ਦੇਸ਼ 'ਚ ਵੱਧ ਰਹੇ ਤਸ਼ੱਦਦ ਦੇ ਮਾਮਲਿਆਂ 'ਤੇ ਨੱਥ ਪਾਉਣ ਵਿਚ ਨਾਕਾਮ ਰਹਿਣ ਲਈ ਸਰਕਾਰ ਨੂੰ ਘੇਰਦਿਆਂ ਵਿਰੋਧੀ ਮੈਂਬਰਾਂ ਨੇ ਲੋਕ ਸਭਾ ਵਿਚ ਮੰਗ ਕੀਤੀ ਕਿ ਗਊ ਰੱਖਿਅਕ ਹਿੰਦੂ ਜਥੇਬੰਦੀਆਂ ਉਤੇ ਪਾਬੰਦੀ ਲਾਈ ਜਾਵੇ। ਮੈਂਬਰਾਂ ਨੇ ਦਾਅਵਾ ਕੀਤਾ ਕਿ ਐਸ.ਸੀ. ਅਤੇ ਐਸ.ਟੀ. ਵਰਗਾਂ ਦੇ ਲੋਕ ਭੈਅ ਦੇ ਮਾਹੌਲ ਵਿਚ ਰਹਿ ਰਹੇ ਹਨ। ਕੇ.ਐਚ. ਮੁਨੀਅੱਪਾ (ਕਾਂਗਰਸ) ਨੇ ਦੋਸ਼ ਲਾਇਆ ਕਿ ਗੁਜਰਾਤ 'ਚ ਦਲਿਤਾਂ ਉਤੇ ਹਮਲਿਆਂ ਦੀ ਤਾਂ ਹੱਦ ਹੋ ਗਈ ਅਤੇ ਇਤਿਹਾਸ 'ਚ ਪਹਿਲਾਂ ਅਜਿਹੇ ਹਮਲੇ ਕਦੇ ਨਹੀਂ ਦੇਖੇ ਗਏ। ਪੀ.ਕੇ. ਬੀਜੂ (ਸੀ.ਪੀ.ਆਈ.-ਐਮ) ਨੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੰਵਿਧਾਨ 'ਚ ਸਾਰੇ ਨਾਗਰਿਕਾਂ ਨੂੰ ਇਕ ਸਮਾਨ ਹੱਕ ਦੇਣ ਦੇ ਬਾਵਜੂਦ ਉਨ੍ਹਾਂ ਨੂੰ ਬਰਾਬਰੀ ਦੇ ਹੱਕਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ।

## ਜਬਰ ਜਨਾਹ ਕੇਸ ਵਿਚ ਸਲਵਿੰਦਰ ਸਿੰਘ ਦੀ ਜ਼ਮਾਨਤ ਅਰਜ਼ੀ ਰੱਦ

**ਗੁਰਦਾਸਪੁਰ:** ਪਠਾਨਕੋਟ ਏਅਰਬੇਸ ਉਤੇ ਅਤਿਵਾਦੀ ਹਮਲੇ ਦੌਰਾਨ ਚਰਚਾ ਵਿਚ ਆਏ ਅਤੇ ਜਬਰ ਜਨਾਹ ਤੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਨਾਮਜ਼ਦ ਸਲਵਿੰਦਰ ਸਿੰਘ ਦੀ ਜ਼ਮਾਨਤ ਅਰਜ਼ੀ ਅਦਾਲਤ ਨੇ ਖਾਰਜ ਕਰ ਦਿੱਤੀ। ਗੌਰਤਲਬ ਹੈ ਕਿ ਗੁਰਦਾਸਪੁਰ ਦੇ ਤਤਕਾਲੀ ਐਸ.ਪੀ. ਸਲਵਿੰਦਰ ਸਿੰਘ ਖਿਲਾਫ਼ ਥਾਣਾ ਸਿਟੀ ਵਿਚ ਤਿੰਨ ਅਗਸਤ ਨੂੰ ਜਬਰ ਜਨਾਹ ਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ। ਮਾਮਲਾ ਦਰਜ ਹੋਣ ਤੋਂ ਬਾਅਦ ਮੌਜੂਦਾ ਸਮੇਂ ਜਲੰਧਰ ਵਿਚ ਪੀ.ਏ.ਪੀ. ਦੀ ਬਟਾਲੀਅਨ 75 ਵਿਚ ਸਹਾਇਕ ਕਮਾਂਡੈਂਟ ਵਜੋਂ ਤਾਇਨਾਤ ਸਲਵਿੰਦਰ ਸਿੰਘ ਫਰਾਰ ਹੈ। ਉਸ ਨੇ ਅੰਮ੍ਰਿਤਸਰ ਦੇ ਇਕ ਵਕੀਲ ਰਾਹੀਂ ਗੁਰਦਾਸਪੁਰ ਅਦਾਲਤ ਵਿਚ ਅਗਾਊਂ ਜ਼ਮਾਨਤ ਲੈਣ ਲਈ ਅਰਜ਼ੀ ਦਾਇਰ ਕੀਤੀ ਸੀ, ਪਰ ਅਦਾਲਤ ਨੇ ਅਰਜ਼ੀ ਰੱਦ ਕਰ ਦਿੱਤੀ।



ਦੱਸਣਯੋਗ ਹੈ ਕਿ ਇਹ ਮਾਮਲਾ ਪਠਾਨਕੋਟ ਦੇ ਐਸ.ਪੀ. ਜੀ.ਐਸ. ਖੁਰਾਣਾ ਦੀ ਜਾਂਚ ਰਿਪੋਰਟ ਦੇ ਆਧਾਰ ਉਤੇ ਦਰਜ ਕੀਤਾ ਗਿਆ ਸੀ। ਗੁਰਦਾਸਪੁਰ ਵਾਸੀ ਨੇ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਦੀ ਹੈਲਪਲਾਈਨ ਪੋਰਟਲ ਸੇਵਾ ਉਤੇ ਸ਼ਿਕਾਇਤ ਕਰ ਕੇ ਸਲਵਿੰਦਰ ਸਿੰਘ ਉਤੇ ਉਸ ਦੀ ਪਤਨੀ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲਾਏ ਸਨ। ਜਾਂਚ ਅਧਿਕਾਰੀ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਸ਼ਿਕਾਇਤਕਰਤਾ ਵੱਲੋਂ ਲਾਏ ਦੋਸ਼ ਸਹੀ ਹਨ।

## ਰੇਲ ਦੀ ਛੱਤ ਪਾੜ ਕੇ ਉਡਾਏ 5.78 ਕਰੋੜ

**ਚੇਨਈ:** ਸੇਲਮ ਤੋਂ ਚੇਨਈ ਜਾ ਰਹੀ ਰੇਲ ਵਿਚ ਫਿਲਮੀ ਅੰਦਾਜ਼ ਵਿਚ 5.78 ਕਰੋੜ ਦੀ ਡਕੈਤੀ ਹੋਈ। ਇਹ ਡਕੈਤੀ ਚੱਲਦੀ ਟਰੇਨ ਦੇ ਡੱਬੇ ਦੀ ਛੱਤ ਨੂੰ ਕੱਟ ਕੇ ਕੀਤੀ ਗਈ। ਕੋਚ ਵਿਚ 225 ਡੱਬਿਆਂ ਵਿਚ ਆਰ.ਬੀ.ਆਈ. ਦੇ 342 ਕਰੋੜ ਰੁਪਏ ਦੇ ਕਟੇ-ਫਟੇ ਨੋਟ ਸਨ। ਇਸ ਨੂੰ ਜਮ੍ਹਾਂ ਕਰਵਾਉਣ ਲਈ ਚੇਨਈ ਲਿਆਇਆ ਜਾ ਰਿਹਾ ਸੀ। ਕਾਬਲੇਗੌਰ ਹੈ ਕਿ ਹਾਈ-ਕਪੈਸਟੀ ਪਾਰਸਲ ਕੋਚ ਦੀ ਸਿਕਿਉਰਿਟੀ ਵਿਚ ਤਕਰੀਬਨ 18 ਅਫਸਰ ਤੇ ਜਵਾਨ ਤਾਇਨਾਤ ਸਨ। ਉਸ ਦੇ ਬਾਵਜੂਦ ਲੁੱਟ ਹੋ ਗਈ। ਇਹ ਪੈਸਾ ਕਈ ਪ੍ਰਾਈਵੇਟ ਬੈਂਕਾਂ ਦਾ ਸੀ।

ਇਸ ਨੂੰ 11064 ਸੇਲਮ-ਚੇਨਈ ਇਗਮੋਰ ਐਕਸਪ੍ਰੈਸ ਤੋਂ ਚੇਨਈ ਲਿਆਂਦਾ ਜਾ ਰਿਹਾ ਸੀ। ਬਦਮਾਸ਼ਾਂ ਨੇ ਰੇਲ ਦੀ ਛੱਤ ਨੂੰ ਗੈਸ ਕਟਰ ਨਾਲ ਦੋ ਵਰਗ ਫੁੱਟ ਤੱਕ ਕੱਟਿਆ। ਪੁਲਿਸ ਨੂੰ ਇਸ ਲੁੱਟ ਬਾਰੇ ਉਸ ਵੇਲੇ ਪਤਾ ਲੱਗਿਆ ਜਦੋਂ ਆਰ.ਬੀ.ਆਈ. ਅਫਸਰਾਂ ਨੇ ਇਸ ਕੋਚ ਨੂੰ ਖੋਲ੍ਹਿਆ। ਪੁਲਿਸ ਨੂੰ ਸ਼ੱਕ ਹੈ ਕਿ ਇਹ ਚੋਰੀ ਸੇਲਮ ਤੇ ਵਿਰਧਾਚਲਮ ਵਿਚਾਲੇ ਹੋਈ। ਇਹ ਦੂਰੀ ਤਕਰੀਬਨ 138 ਕਿਲੋਮੀਟਰ ਦੀ ਹੈ। ਪੁਲਿਸ ਮੁਤਾਬਕ ਚਾਰ ਬਾਕਸ ਟੁੱਟੇ ਹੋਏ ਮਿਲੇ ਹਨ। ਇਨ੍ਹਾਂ ਵਿਚੋਂ ਇਕ ਵਿਚੋਂ ਪੂਰਾ ਪੈਸਾ ਗਾਇਬ ਹੈ। ਦੂਜਾ ਬਾਕਸ ਅੱਧਾ ਖਾਲੀ ਸੀ। ਜਦਕਿ ਤੀਜੇ ਤੇ ਚੌਥੇ ਡੱਬੇ ਦਾ ਪੈਸਾ ਖਿੰਡਿਆ ਹੋਇਆ ਸੀ। ਫੋਰੈਂਸਿਕ ਸਟਾਫ ਟਰੇਨ ਦੇ ਨਾਲ ਹੀ ਰੇਲਵੇ ਟਰੈਕ ਦੀ ਵੀ ਜਾਂਚ ਕਰ ਰਿਹਾ ਹੈ।

## ਨਸ਼ਾ ਤਸਕਰੀ ਦੇ 3 ਕੇਸਾਂ ਵਿਚੋਂ ਭੋਲਾ ਸਣੇ 5 ਮੁਲਜ਼ਮ ਬਰੀ

**ਜਲੰਧਰ:** ਨਸ਼ਿਆਂ ਦੇ ਧੰਦੇ ਵਿਚ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈਣ ਵਾਲੇ ਜਗਦੀਸ਼ ਭੋਲਾ ਨੂੰ ਅਦਾਲਤ ਵੱਲੋਂ ਹੈਰੋਇਨ ਨਾਲ ਸਬੰਧਤ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ। ਨਸ਼ੀਲੇ ਪਦਾਰਥਾਂ ਦੇ ਧੰਦੇ ਵਿਚ ਨਾਮਜ਼ਦ ਕੀਤੇ ਜਗਦੀਸ਼ ਭੋਲਾ ਸਮੇਤ ਪੰਜ ਵਿਅਕਤੀਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ ਜਦਕਿ ਅਦਾਲਤ ਨੇ ਇਸ ਕੇਸ ਵਿਚ ਦੋ ਤਸਕਰਾਂ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਥਾਣਾ ਲਾਂਬੜਾ ਦੀ ਪੁਲਿਸ ਵੱਲੋਂ 23 ਦਸੰਬਰ 2013 ਨੂੰ ਤਰਮੇਸ ਸਿੰਘ ਤੇ ਦਲਬੀਰ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਜਿਨ੍ਹਾਂ ਤੋਂ ਇਕ ਕਿਲੋ ਹੈਰੋਇਨ ਬਰਾਮਦ ਹੋਈ ਸੀ। ਇਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਦੇ ਬਿਆਨਾਂ ਉਤੇ ਡੀ.ਐਸ.ਪੀ ਜਗਦੀਸ਼ ਭੋਲਾ ਅਤੇ ਚਾਰ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਸੀ।

ਅਦਾਲਤ ਨੇ ਜਗਦੀਸ਼ ਭੋਲਾ ਦੇ ਨਾਲ ਅਕਾਲੀ ਆਗੂ ਮਨਜਿੰਦਰ ਸਿੰਘ ਬਿੱਟੂ ਵਾਸੀ ਅੰਮ੍ਰਿਤਸਰ, ਕਾਰੋਬਾਰੀ ਜਗਜੀਤ ਸਿੰਘ ਚਾਹਲ ਵਾਸੀ ਬਾਬਾ ਬਕਾਲਾ, ਹੌਲਦਾਰ ਧਰਮਵੀਰ ਅਤੇ ਸੰਦੀਪ ਨੂੰ ਬਰੀ ਕੀਤਾ ਹੈ। ਧਰਮਵੀਰ ਪੁਲਿਸ ਸਟੇਸ਼ਨ ਰਾਮਬਾਗ ਵਿਚ ਤਾਇਨਾਤ ਸੀ ਜਦਕਿ ਸੰਦੀਪ ਯੂਨੀਵਰਸਿਟੀ ਵਿਚ ਜੂਡੋ ਕੋਚ ਸੀ। ਨਸ਼ੇ ਦੇ ਤਸਕਰ ਤਰਸੇਮ ਸਿੰਘ ਵਾਸੀ ਅੰਮ੍ਰਿਤਸਰ ਅਤੇ ਦਲਬੀਰ ਸਿੰਘ ਵਾਸੀ ਕਪੂਰਥਲਾ ਇਸ ਕੇਸ ਵਿਚ ਦੋਸ਼ੀ ਪਾਏ ਗਏ ਹਨ, ਜਿਨ੍ਹਾਂ ਨੂੰ ਅਦਾਲਤ ਨੇ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਪੁਲਿਸ ਨੇ ਸਭ ਤੋਂ ਪਹਿਲਾਂ ਧਰਮਵੀਰ ਅਤੇ ਸੰਦੀਪ ਨੂੰ ਇਸ ਕੇਸ ਫੜਿਆ ਸੀ ਜੋ ਕਿ ਹੈਰੋਇਨ ਲੈਣ ਲਈ ਤਰਸੇਮ ਸਿੰਘ ਅਤੇ ਦਲਬੀਰ ਸਿੰਘ ਦੀ ਉਡੀਕ ਕਰ ਰਹੇ ਹਨ ਤੇ ਇਨ੍ਹਾਂ ਪਾਸੋਂ 70,000 ਰੁਪਏ ਵੀ ਬਰਾਮਦ ਹੋਏ ਸਨ। ਪੁਲਿਸ ਅਨੁਸਾਰ ਤਰਮੇਸ ਸਿੰਘ ਤੇ ਦਲਬੀਰ ਨੇ ਦੱਸਿਆ ਕਿ ਉਹ ਜਗਦੀਸ਼ ਭੋਲਾ ਤੋਂ ਨਸ਼ੇ ਦੀ ਖਰੀਦ ਕਰਦੇ ਸਨ ਤੇ ਇਸ ਬਾਰੇ ਭੋਲੇ ਨੇ ਪੁਲਿਸ ਦੇ ਸਾਹਮਣੇ ਮੰਨਿਆ ਸੀ ਕਿ ਉਸ ਨੇ ਨਸ਼ਾ ਵੇਚ ਕੇ ਗੋਆ, ਗੰਗਾਨਗਰ, ਦਿੱਲੀ ਅਤੇ ਹੋਰ ਥਾਵਾਂ ਉਤੇ ਜਾਇਦਾਦ ਬਣਾਈ ਹੈ। ਭੋਲੇ ਵੱਲੋਂ ਪੁਲਿਸ ਅੱਗੇ ਕੀਤੇ ਖੁਲਾਸੇ ਤੋਂ ਬਾਅਦ ਪੁਲਿਸ ਨੇ ਇਨ੍ਹਾਂ ਥਾਵਾਂ 'ਤੇ ਛਾਪੇ ਵੀ ਮਾਰੇ ਸਨ, ਪਰ ਪੁਲਿਸ ਦੇ ਹੱਥ ਕੁਝ ਵੀ ਨਹੀਂ ਲੱਗਾ, ਜਿਸ ਕਾਰਨ ਅਦਾਲਤ ਨੇ ਭੋਲਾ ਅਤੇ ਚਾਰ ਹੋਰ ਵਿਅਕਤੀਆਂ ਨੂੰ ਇਸ ਕੇਸ ਵਿਚ ਬਰੀ ਕਰ ਦਿੱਤਾ ਹੈ। ਇਸ ਸਬੰਧੀ ਜਗਦੀਸ਼ ਭੋਲਾ ਨੇ ਕਿਹਾ ਕਿ ਸਰਕਾਰ ਨੇ ਉਸ ਉਤੇ ਨਸ਼ਿਆਂ ਦਾ ਝੂਠਾ ਕੇਸ ਦਰਜ ਕੀਤਾ ਸੀ ਜਦਕਿ ਉਸ ਤੋਂ ਕੋਈ ਵੀ ਚੀਜ਼ ਬਰਾਮਦ ਨਹੀਂ ਹੋਈ ਸੀ।

### ਜਗਦੀਸ਼ ਭੋਲਾ ਦਾ ਕੇਸ ਮੁੜ ਖੋਲ੍ਹਾਂਗੇ: ਆਸ਼ਾ ਕੁਮਾਰੀ

**ਜਲੰਧਰ:** ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਨਸ਼ਾ ਤਸਕਰ ਜਗਦੀਸ਼ ਭੋਲਾ, ਅਕਾਲੀ ਆਗੂ ਬਿੱਟੂ ਔਲਖ ਤੇ ਤਿੰਨ ਹੋਰਨਾਂ ਦੇ ਬਰੀ ਹੋਣ ਦੇ ਮਾਮਲੇ ਵਿਚ ਕਿਹਾ ਕਿ ਕਾਂਗਰਸ ਦੇ ਸੱਤਾ ਵਿਚ ਆਉਣ 'ਤੇ ਇਹ ਕੇਸ ਮੁੜ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਕਿਸੇ ਤਰ੍ਹਾਂ ਦੀ ਧੜੇਬੰਦੀ ਨਹੀਂ ਹੈ ਤੇ ਕਾਂਗਰਸ ਹੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਜਿੱਤ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਹੀ ਟਿਕਟ ਦਿੱਤੀ ਜਾਵੇਗੀ।

## ਰਾਜੋਆਣਾ ਵੱਲੋਂ ਮੈਡੀਕਲ ਕਰਵਾਉਣ ਤੋਂ ਨਾਂਹ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ ਦਰਜਨ ਭਰ ਵਿਅਕਤੀਆਂ ਦੀਆਂ ਸਮੂਹਿਕ ਹੱਤਿਆਵਾਂ ਦੇ ਕੇਸ ਵਿਚ ਹੋਈ ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਹੁਣ ਹਰ ਮਹੀਨੇ ਇਕ ਮੈਡੀਕਲ ਬੋਰਡ ਵੱਲੋਂ ਉਸ ਦੀ ਸਰੀਰਕ ਅਤੇ ਮਾਨਸਿਕ ਪੱਖੋਂ ਕੀਤੀ ਜਾਂਦੀ ਜਾਂਚ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖਿਆ ਗਿਆ ਹੈ, ਜਿਸ ਦੀ ਕਾਪੀ ਮੁਲਾਕਾਤ ਮੌਕੇ ਆਪਣੀ ਭੈਣ ਕਮਲਦੀਪ ਕੌਰ ਦੇ ਹੱਥ ਮੀਡੀਆ ਲਈ ਵੀ ਭੇਜੀ।



ਇਸ ਤੋਂ ਪਹਿਲਾਂ ਫਾਂਸੀ ਦੀ ਸਜ਼ਾ ਵਿਚ ਹੋ ਰਹੀ ਦੇਰੀ 'ਤੇ ਇਤਰਾਜ਼ ਕਰਦਿਆਂ ਉਸ ਨੇ ਗ੍ਰਹਿ ਮੰਤਰੀ ਤੇ ਰਾਸ਼ਟਰਪਤੀ ਨੂੰ ਵੀ ਪੱਤਰ ਭੇਜੇ ਸਨ। ਪੱਤਰ ਵਿਚ ਰਾਜੋਆਣਾ ਨੇ ਅਜਿਹੀ ਮੈਡੀਕਲ ਜਾਂਚ 'ਤੇ ਆਧਾਰਤ ਰਿਪੋਰਟਾਂ ਨੂੰ ਫਾਂਸੀ ਮੌਕੇ ਯੋਗ ਜਾਂ ਅਯੋਗ ਕਰਾਰ ਦੇਣ ਲਈ ਸਰਕਾਰ ਵੱਲੋਂ ਆਪਣੀ ਸਹੂਲਤ ਮੁਤਾਬਕ ਵਰਤ ਲੈਣ ਦਾ ਖਦਸ਼ਾ ਵੀ ਜ਼ਾਹਰ ਕੀਤਾ ਹੈ। ਰਾਜੋਆਣਾ ਦਾ ਕਹਿਣਾ ਹੈ ਕਿ ਉਹ ਹੁਣ ਮੈਡੀਕਲ ਜਾਂਚ ਨਹੀਂ ਕਰਵਾਏਗਾ, ਜੋ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਇਕ ਮੈਡੀਕਲ ਬੋਰਡ ਉਤੇ ਆਧਾਰਤ ਡਾਕਟਰਾਂ ਵੱਲੋਂ ਹਰ ਮਹੀਨੇ ਜੇਲ੍ਹ ਵਿਚ ਜਾ ਕੇ ਕੀਤੀ ਜਾਂਦੀ ਹੈ। ਉਹ ਖੁਦ ਆਖ ਰਿਹਾ ਹੈ ਕਿ ਉਸ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਤੁਰਤ ਅਮਲ ਵਿਚ ਲਿਆਂਦਾ ਜਾਵੇ, ਤਾਂ ਫੇਰ ਅਜਿਹੀ ਜਾਂਚ ਦੇ ਕੀ ਮਾਅਨੇ ਹਨ।

ਉਸ ਨੇ ਇਹ ਵੀ ਕਿਹਾ ਕਿ ਫਾਂਸੀ ਸਬੰਧੀ ਫੈਸਲਾ ਲੈਣ ਸਮੇਂ ਇਹ ਵਿਚਾਰ ਨਾ ਕੀਤਾ ਜਾਵੇ ਕਿ 21 ਸਾਲਾਂ ਤੇ ਹੁਣ ਨੌਂ ਸਾਲ ਫਾਂਸੀ ਕੋਠੀ ਵਿਚ ਰਹਿਣ ਤੋਂ ਬਾਅਦ ਉਸ ਦੇ ਸਰੀਰ ਦੀ ਮੌਜੂਦਾ ਹਾਲਤ ਕੀ ਹੈ।

## ਸ਼ਾਹਰੁਖ ਨੂੰ ਹਵਾਈ ਅੱਡੇ 'ਤੇ ਹਿਰਾਸਤ 'ਚ ਲਿਆ

**ਲਾਸ ਏਂਜਲਸ:** ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਨੂੰ ਇਕ ਵਾਰ ਫਿਰ ਅਮਰੀਕਾ ਦੇ ਹਵਾਈ ਅੱਡੇ 'ਤੇ ਹਿਰਾਸਤ ਵਿਚ ਲੈ ਲਿਆ ਗਿਆ। ਬੀਤੇ ਸੱਤ ਸਾਲ ਵਿਚ ਤੀਜੀ ਵਾਰ ਹੈ ਜਦੋਂ ਅਮਰੀਕਾ ਦੇ ਆਵਾਸ ਅਧਿਕਾਰੀਆਂ ਨੇ ਉਸ ਨੂੰ ਰੋਕਿਆ ਹੈ। ਇਸ ਅਦਾਕਾਰ ਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਨਾਰਾਜ਼ਗੀ ਜਾਹਰ ਕੀਤੀ ਹੈ।

ਇਸੇ ਦੌਰਾਨ ਅਮਰੀਕਾ ਦੇ ਭਾਰਤ ਵਿਚਲੇ ਸਫ਼ੀਰ ਰਿਚਰਡ ਵਰਮਾ ਨੇ ਸ਼ਾਹਰੁਖ ਖਾਨ ਤੋਂ ਮੁਆਫੀ ਮੰਗੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਅਦਾਕਾਰ ਨਾਲ ਅਜਿਹਾ ਮੁੜ ਨਾ ਹੋਵੇ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਦੱਖਣੀ ਤੇ ਮੱਧ ਏਸ਼ੀਆ ਦੀ ਸਹਾਇਕ ਮੰਤਰੀ ਨਿਸ਼ਾ ਦੇਸਾਈ ਬਿਸਵਾਲ ਨੇ ਹਵਾਈ ਅੱਡੇ 'ਤੇ ਸ਼ਾਹਰੁਖ ਖਾਨ ਨੂੰ ਪੇਸ਼ ਆਈ ਪ੍ਰੇਸ਼ਾਨੀ ਲਈ ਮੁਆਫੀ ਮੰਗੀ ਹੈ।

## ਫੂਲਕਾ ਨੇ ਮੰਗਿਆ ਕੈਪਟਨ ਤੋਂ ਜਵਾਬ

**ਅੰਮ੍ਰਿਤਸਰ:** ਦਿੱਲੀ ਸਿੱਖ ਕਤਲੇਆਮ ਨੂੰ ਲੈ ਕੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਜਗਦੀਸ਼ ਟਾਈਟਲਰ ਦੀ ਪਿੱਠ 'ਤੇ ਪੈਰ ਰੱਖਣ ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਤਕਲੀਫ ਹੋਈ ਹੈ। ਇਸੇ ਕਾਰਨ ਉਹ ਝੂਠੇ ਇਲਜ਼ਾਮ ਲਾ ਰਹੇ ਹਨ।



ਆਮ ਆਦਮੀ ਪਾਰਟੀ ਦੇ ਆਗੂ ਐਚ.ਐਸ. ਫੂਲਕਾ ਨੇ ਪੰਜਾਬ ਕਾਂਗਰਸ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਹਮਲਾ ਬੋਲਦਿਆਂ ਇਹ ਬਿਆਨ ਦਿੱਤਾ ਹੈ। ਫੂਲਕਾ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਉਤੇ 80-80 ਹਜ਼ਾਰ ਰੁਪਏ ਲੈ ਕੇ ਪੀੜਤਾਂ ਦੇ ਕੇਸ ਲੜਨ ਦਾ ਇਲਜ਼ਾਮ ਲਾਇਆ ਹੈ। ਕੈਪਟਨ ਦੇ ਇਲਜ਼ਾਮ ਮੁਤਾਬਕ ਇਹ ਪੈਸੇ ਉਨ੍ਹਾਂ ਦੇ ਜੂਨੀਅਰ 12 ਵਕੀਲਾਂ ਨੇ ਲਏ ਹਨ। ਇਸ 'ਤੇ ਫੂਲਕਾ ਨੇ ਕਿਹਾ ਕਿ ਜੇਕਰ ਕੈਪਟਨ ਸੱਚ ਬੋਲ ਰਹੇ ਹਨ ਤਾਂ ਪੈਸੇ ਲੈਣ ਵਾਲੇ ਵਕੀਲਾਂ ਤੇ ਦੇਣ ਵਾਲੇ ਪੀੜਤਾਂ ਦੇ ਨਾਮ ਦੱਸਣ।

# ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਦੀ ਸਫਾਈ ਲਈ ਸੇਵਾ ਅਰੰਭ

**ਅੰਮ੍ਰਿਤਸਰ:** ਸਿੱਖਾਂ ਦਾ ਸਰਵਉਚ ਧਾਰਮਿਕ ਅਸਥਾਨ ਹੋਣ ਦੇ ਨਾਲ-ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਭਰ ਦੇ ਸੈਲਾਨੀਆਂ ਵਿਚ ਵੀ ਖਿੱਚ ਦਾ ਕੇਂਦਰ ਹੈ, ਜਿਸ ਦੀ ਮਨਮੋਹਕ ਇਮਾਰਤੀ ਦਿੱਖ ਕਾਰਨ ਰੋਜ਼ਾਨਾ ਲੱਖਾਂ ਸ਼ਰਧਾਲੂ ਤੇ ਸੈਲਾਨੀ ਸੰਸਾਰ ਭਰ ਤੋਂ ਇਥੇ ਪੁੱਜਦੇ ਹਨ, ਪਰ ਇਸ ਸੁਨਹਿਰੀ ਮੁਜੱਸਮੇ ਦੇ ਚੁਗਿਰਦੇ ਵਿਚ ਕੁੱਝ ਵਰ੍ਹਿਆਂ ਤੋਂ ਵਧ ਰਹੇ ਘਾਤਕ ਪ੍ਰਦੂਸ਼ਣ ਨਾਲ ਸੋਨੇ ਦੀ ਚਮਕ ਨੂੰ ਹੋ ਰਹੇ ਨੁਕਸਾਨ 'ਤੇ ਰੋਕ ਬਾਰੇ ਯਤਨ ਅਜੇ ਵੀ ਸੀਮਤ ਹਨ।

ਸੋਨੇ ਦੀ ਚਮਕ ਨੂੰ ਮੱਠਾ ਪਾ ਰਹੀ ਪ੍ਰਦੂਸ਼ਣ ਦੀ ਕਾਲੀ ਪਰਤ ਨੂੰ ਸਾਫ ਕਰਨ ਹਿੱਤ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਇੰਗਲੈਂਡ) ਦੀ ਅਗਵਾਈ ਵਿਚ ਸੋਨੇ ਦੀ ਧੁਆਈ ਦੀ ਸੇਵਾ ਆਰੰਭ ਹੋ ਗਈ ਹੈ। 1830 ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਥੇ ਲਗਵਾਏ ਗਏ ਬਾਹਰੀ ਸੁਨਿਹਰੀ ਪੱਤਰੇ 170 ਸਾਲ ਬਾਅਦ ਖਾਲਸੇ ਦੇ 300 ਸਾਲਾ ਸਾਜਨਾ ਦਿਵਸ ਮੌਕੇ 1999 'ਚ ਪਹਿਲਾਂ ਵੀ ਭਾਈ ਮਹਿੰਦਰ ਸਿੰਘ ਵੱਲੋਂ ਸੰਗਤ ਦੇ ਸਹਿਯੋਗ ਨਾਲ ਅੱਠ ਕੁਇੰਟਲ ਨਵਾਂ ਸੋਨਾ ਚੜ੍ਹਵਾ ਕੇ ਬਦਲੀ ਕੀਤੇ ਗਏ ਸਨ। ਉਪਰੰਤ ਦੋ ਵਾਰ ਚਮਕ ਲਈ ਪਾਲਿਸ਼ ਵੀ ਕੀਤੀ ਜਾ ਚੁੱਕੀ ਹੈ ਅਤੇ ਹਰੇਕ ਵਰ੍ਹੇ ਇਨ੍ਹਾਂ ਦੀ ਸਫਾਈ ਕਰਵਾਈ ਜਾਂਦੀ ਹੈ, ਪਰ ਫਿਰ ਵੀ ਸੁਨਿਹਰੀ ਪੱਤਰਿਆਂ ਉਤੇ ਕਾਲਾਪਨ ਲਗਾਤਾਰ ਜੰਮ ਰਿਹਾ ਹੈ।

ਪਹਿਲਾਂ ਵੀ ਕੇਂਦਰੀ ਇਕਾਈਆਂ ਅਤੇ ਪੰਜਾਬ ਪ੍ਰਦੂਸ਼ਣ ਰੋਕੂ ਵਿਭਾਗ ਵੱਲੋਂ ਇਥੇ ਕੀਤੇ ਗਏ ਸਰਵੇਖਣਾਂ ਦੌਰਾਨ ਇਹ ਸਪੱਸ਼ਟ ਰੂਪ ਵਿਚ ਸਾਹਮਣੇ ਆਇਆ ਹੈ ਕਿ ਖੇਤਰ ਵਿਚ ਆਵਾਜਾਈ ਲਈ ਵਰਤੇ ਜਾ ਰਹੇ ਵਾਹਨ ਪ੍ਰਦੂਸ਼ਣ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਚੌਗਿਰਦੇ ਨੇੜੇ ਯਾਤਰੀ ਨਿਵਾਸ ਅਤੇ ਹੋਟਲਾਂ, ਢਾਬਿਆਂ ਦੀ ਭਰਮਾਰ ਕਾਰਨ ਜਨਰੇਟਰਾਂ, ਭੱਠੀਆਂ ਆਦਿ ਤੋਂ ਨਿਕਲਦਾ ਜ਼ਹਿਰੀਲਾ ਧੂੰਆਂ, ਗੁਰੂ ਬਾਜ਼ਾਰ ਵਿਚ ਸਦੀਆਂ ਤੋਂ ਸੋਨੇ ਦਾ ਕਾਰੀਗਰਾਂ ਵੱਲੋਂ ਢਲਾਈ ਲਈ ਵਰਤੀ ਜਾਂਦੀ ਕੋਲੇ ਦੀ ਤਪਸ਼, ਗੁਰੂ ਰਾਮਦਾਸ ਲੰਗਰ ਘਰ 'ਚ ਬਾਲੀ ਜਾਂਦੀ ਲੱਕੜੀ ਵੀ ਪ੍ਰਦੂਸ਼ਣ ਦਾ ਕਾਰਨ ਹੈ। ਪ੍ਰਦੂਸ਼ਣ ਬਾਰੇ ਕੌਮਾਂਤਰੀ ਸੂਚਕ ਅੰਕ ਅਨੁਸਾਰ ਗੁਰੂ ਨਗਰੀ ਦੇ ਅੰਦਰੂਨੀ ਹਿੱਸੇ 'ਚ ਹਵਾ ਪ੍ਰਦੂਸ਼ਣ 89.29/100 ਤਹਿਤ ਬਹੁਤ ਨਾਜ਼ੁਕ ਦੀ ਮਿਥ 'ਤੇ ਆ ਰਿਹਾ ਹੈ ।

ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਹੋਏ ਫੈਸਲੇ ਅਨੁਸਾਰ ਇਸ ਵਾਰ ਮੁੜ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੀ ਧੁਆਈ ਦੀ ਸੇਵਾ ਸੌਂਪੀ ਗਈ ਸੀ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵੱਲੋਂ ਸੇਵਾ ਕਰ ਰਹੇ ਗੁਰਸਿੱਖ ਸੇਵਾਦਾਰਾਂ ਨੇ ਦੱਸਿਆ ਕਿ ਰੇਠਿਆਂ ਦੇ ਪਾਣੀ ਨਾਲ ਸੋਨੇ ਦੀ ਧੁਆਈ ਹੋਵੇਗੀ।



## ਪੀਲੀਭੀਤ ਪੀੜਤਾਂ ਦੀ ਮਾਲੀ ਸਹਾਇਤਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪੀਲੀਭੀਤ (ਯੂ.ਪੀ.) ਵਿਚ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਯਾਤਰੀਆਂ ਨੂੰ ਇਕ-ਇਕ ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਕੀਤਾ ਗਿਆ। ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ 1991 ਨੂੰ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ, ਤਖਤ ਪਟਨਾ ਸਾਹਿਬ ਤੇ ਤਖਤ ਹਜ਼ੂਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਦੀ ਯਾਤਰਾ ਕਰ ਕੇ ਪਰਤ ਰਹੇ 25 ਸਿੱਖ ਯਾਤਰੀਆਂ ਦੇ ਜਥੇ ਵਿਚੋਂ 10 ਸਿੱਖ ਯਾਤਰੀਆਂ ਨੂੰ ਪੁਲਿਸ ਨੇ ਬੱਸ ਵਿਚੋਂ ਉਤਾਰ ਲਿਆ ਸੀ ਅਤੇ ਤਿੰਨ ਥਾਣਾ ਖੇਤਰਾਂ ਵਿਚ ਪੁਲਿਸ ਮੁਕਾਬਲਾ ਦਿਖਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਿੱਖ ਯਾਤਰੀਆਂ ਦੇ ਪਰਿਵਾਰਾਂ ਦੀ ਹਾਲਤ ਬਹੁਤ ਖਸਤਾ ਹੋਣ ਕਾਰਨ ਉਨ੍ਹਾਂ ਵਿਚੋਂ ਛੇ ਪੀੜਤ ਪਰਿਵਾਰਾਂ ਵੱਲੋਂ ਮਾਇਕ ਮਦਦ ਵਾਸਤੇ ਅਪੀਲ ਕੀਤੀ ਗਈ ਸੀ, ਜਿਸ ਦੇ ਆਧਾਰ 'ਤੇ ਅੰਤ੍ਰਿੰਗ ਕਮੇਟੀ ਵਿਚ ਹੋਏ ਫੈਸਲੇ ਅਨੁਸਾਰ ਇਨ੍ਹਾਂ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ।

## ਪਾਣੀ ਦੀ ਸੰਭਾਲ ਲਈ ਮੁਹਿੰਮ ਵਿੱਢੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਮੀਂਹ ਦੇ ਪਾਣੀ ਨੂੰ ਸੰਭਾਲਣ ਦੇ ਮੰਤਵ ਨਾਲ ਆਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਵਾਟਰ ਸੇਵ ਟਰੀਟਮੈਂਟ ਪਲਾਂਟ ਲਾਉਣ ਦੀ ਯੋਜਨਾ ਬਣਾਈ ਗਈ ਹੈ, ਜਿਸ ਤਹਿਤ ਪਹਿਲੇ ਪੜਾਅ ਵਿਚ ਏ-ਸ਼੍ਰੇਣੀ ਦੇ ਗੁਰਦੁਆਰਿਆਂ ਵਿਚ ਇਹ ਪਲਾਂਟ ਲਾਏ ਜਾਣਗੇ। ਇਸ ਯੋਜਨਾ ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਵਾਤਾਵਰਣ ਅਤੇ ਪਾਣੀ ਨੂੰ ਬਚਾਉਣ ਲਈ ਆਪਣੇ ਪੱਧਰ ਉਤੇ ਯਤਨ ਸ਼ੁਰੂ ਕੀਤੇ ਗਏ ਹਨ। ਪਹਿਲਾਂ ਨੰਨ੍ਹੀ ਛਾਂ ਯੋਜਨਾ ਹੇਠ ਲੱਖਾਂ ਦੀ ਗਿਣਤੀ ਵਿਚ ਬੂਟੇ ਪ੍ਰਸ਼ਾਦਿ ਦੇ ਰੂਪ ਵਿਚ ਲੋਕਾਂ ਨੂੰ ਵੰਡੇ ਗਏ ਸਨ ਅਤੇ ਆਪਣੇ ਪ੍ਰਬੰਧ ਹੇਠਲੀਆਂ ਸੰਸਥਾਵਾਂ ਦੀ ਜ਼ਮੀਨ ਵਿਚ ਬੂਟੇ ਲਾਏ ਜਾਂਦੇ ਹਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਖੇਤੀ ਦੀ ਵੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਸ ਖੇਤੀ ਰਾਹੀਂ ਪੈਦਾ ਹੋਈਆਂ ਉਪਜਾਂ ਨੂੰ ਇਥੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸੰਗਤ ਦੇ ਲੰਗਰ ਲਈ ਵਰਤਿਆ ਜਾ ਰਿਹਾ ਹੈ।

ਸਿੱਖ ਸੰਸਥਾ ਵੱਲੋਂ ਹੁਣ ਬਾਰਸ਼ ਦੇ ਪਾਣੀ ਨੂੰ ਬਚਾਉਣ ਤੇ ਸੰਭਾਲਣ ਦੇ ਮੰਤਵ ਨਾਲ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਟਰ ਹਾਰਵੈਸਟਿੰਗ ਦੇ ਚਾਰ ਬੋਰ ਕੀਤੇ ਹੋਏ ਹਨ, ਜਿਸ ਰਾਹੀਂ ਬਾਰਸ਼ ਦੇ ਪਾਣੀ ਨੂੰ ਜ਼ਮੀਨ ਹੇਠਾਂ ਭੇਜਣ ਦਾ ਪ੍ਰਬੰਧ ਕੀਤਾ ਗਿਆ। ਹੁਣ ਇਸੇ ਯੋਜਨਾ ਦਾ ਹੋਰ ਵਿਸਥਾਰ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਏ-ਸ਼੍ਰੇਣੀ ਦੇ ਤਕਰੀਬਨ 30 ਤੋਂ 35 ਗੁਰਦੁਆਰਿਆਂ ਵਿਚ ਵਾਟਰ ਸੇਵ ਟਰੀਟਮੈਂਟ ਪਲਾਂਟ ਲਾਉਣ ਦੀ ਯੋਜਨਾ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਯੋਜਨਾ ਦੇ ਪਹਿਲੇ ਪੜਾਅ ਹੇਠ 30 ਤੋਂ 35 ਗੁਰਦੁਆਰਿਆਂ ਵਿਚ ਇਹ ਪਲਾਂਟ ਸਥਾਪਤ ਕੀਤੇ ਜਾਣਗੇ ਅਤੇ ਹਰੇਕ ਪਲਾਂਟ ਉਤੇ ਲਗਪਗ ਦੋ ਲੱਖ ਰੁਪਏ ਖਰਚ ਹੋਣਗੇ। ਇਹ ਪਲਾਂਟ ਸਥਾਪਤ ਹੋਣ ਨਾਲ ਇਨ੍ਹਾਂ ਗੁਰਦੁਆਰਿਆਂ ਵਿਚ ਬਾਰਸ਼ ਦੇ ਪਾਣੀ ਨੂੰ ਸੰਭਾਲਿਆ ਜਾ ਸਕੇਗਾ। ਇਹ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਇਕ ਛੋਟਾ ਉਪਰਾਲਾ ਹੋਵੇਗਾ। ਇਸ ਦੀ ਸ਼ੁਰੂਆਤ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੋਂ ਕੀਤੀ ਜਾਵੇਗੀ।

# ਹਵਾਈ ਹਾਦਸੇ ਵਿਚ ਬਚੇ ਭਾਰਤੀ ਉਤੇ ਹੋਈ ਡਾਲਰਾਂ ਦੀ ਵਰਖਾ

**ਦੁਬਈ:** ਡੇਢ ਕੁ ਹਫਤਾ ਪਹਿਲਾਂ ਹਵਾਈ ਹਾਦਸੇ ਵਿਚ ਵਾਲ-ਵਾਲ ਬਚੇ 62 ਵਰ੍ਹਿਆਂ ਦੇ ਭਾਰਤੀ ਮੁਹੰਮਦ ਬਸ਼ੀਰ ਅਬਦੁੱਲ ਖਦਰ ਦੀ ਕਿਸਮਤ ਵੀ ਜਾਗ ਪਈ ਹੈ ਅਤੇ ਉਸ ਦੀ ਲੱਖਾਂ ਡਾਲਰ ਦੀ ਲਾਟਰੀ ਨਿਕਲ ਆਈ ਹੈ।

ਕੇਰਲਾ ਦੇ ਖਦਰ ਅਮੀਰਾਤ ਦੀ ਉਡਾਣ ਈਕੇ521 ਵਿਚ 300 ਮੁਸਾਫਰਾਂ ਨਾਲ ਸਵਾਰ ਸਨ ਜੋ ਦੁਬਈ ਹਵਾਈ ਅੱਡੇ 'ਤੇ ਪਿਛਲੇ ਬੁੱਧਵਾਰ ਹਾਦਸਾਗ੍ਰਸਤ ਹੋ ਗਈ ਸੀ ਅਤੇ ਉਸ ਨੂੰ ਅੱਗ ਲੱਗ ਗਈ ਸੀ। ਗਲਫ਼ ਨਿਊਜ਼ ਦੀ ਰਿਪੋਰਟ ਮੁਤਾਬਕ ਦੁਬਈ ਕੌਮਾਂਤਰੀ ਹਵਾਈ ਅੱਡੇ 'ਤੇ ਦੁਬਈ ਡਿਊਟੀ ਫਰੀ ਮਿਲੇਨੀਅਮ ਮਿਲੀਅਨੇਅਰ ਦਾ ਡਰਾਅ ਨਿਕਲਿਆ ਅਤੇ ਉਸ ਨੇ 10 ਲੱਖ ਡਾਲਰ (36.7 ਲੱਖ ਦਿਰਹਾਮ) ਜਿੱਤ ਲਏ। ਖਦਰ ਨੇ ਇਹ ਟਿਕਟ ਈਦ ਦੀਆਂ ਛੁੱਟੀਆਂ ਮਨਾਉਣ ਤਿਰੂਵਨੰਤਪੁਰਮ 'ਚ ਪਰਿਵਾਰ ਨਾਲ ਮਨਾਉਣ ਲਈ ਜਾਣ ਮੌਕੇ ਖਰੀਦਿਆ ਸੀ। ਖਦਰ ਦੁਬਈ ਵਿਚ ਕਾਰ ਡੀਲਰ ਕੋਲ ਕੰਮ ਕਰਦਾ ਹੈ ਅਤੇ ਉਸ ਨੂੰ ਲਾਟਰੀ ਦੀਆਂ ਟਿਕਟਾਂ ਖਰੀਦਣ ਦਾ ਸ਼ੌਕ ਹੈ।

ਉਸ ਨੇ ਕਿਹਾ, "ਮੈਂ ਦੁਬਈ 'ਚ ਪਿਛਲੇ 37 ਸਾਲਾਂ ਤੋਂ ਕੰਮ ਕਰ ਰਿਹਾ ਹਾਂ ਅਤੇ ਮੁਲਕ ਨੂੰ ਆਪਣੇ ਮੁਲਕ ਵਾਂਗ ਮਹਿਸੂਸ ਕਰਦਾ ਹਾਂ। ਖੁਦਾ ਨੇ ਜਹਾਜ਼ ਹਾਦਸੇ 'ਚ ਬਚਾ ਕੇ ਸ਼ਾਇਦ ਮੈਨੂੰ ਦੂਜਾ ਜਨਮ ਦਿੱਤਾ ਹੈ ਅਤੇ ਹੁਣ ਇੰਨਾ ਪੈਸਾ ਦੇ ਕੇ ਉਹ ਚੰਗੇ ਕੰਮ ਕਰਾਉਣਾ ਚਾਹੁੰਦਾ ਹੈ।" ਉਹ ਕੇਰਲਾ ਵਿਚ ਵਿੱਤ ਅਤੇ ਮੈਡੀਕਲ ਪੱਖੋਂ ਲੋੜਵੰਦ ਬੱਚਿਆਂ ਦੀ ਸਹਾਇਤਾ ਕਰਨਾ ਚਾਹੁੰਦਾ ਹੈ।

## 'ਫਲਾਇੰਗ ਜੱਟ' ਵਿਚ ਲੱਗਣਗੇ ਕੱਟ

**ਚੰਡੀਗੜ੍ਹ:** ਬਾਲਾਜ਼ੀ ਮੋਸ਼ਨ ਪਿਕਸਚਰਜ਼ ਦੀ ਆਉਣ ਵਾਲੀ ਫਿਲਮ 'ਫਲਾਇੰਗ ਜੱਟ' ਵਿਚੋਂ ਇਤਰਾਜ਼ਯੋਗ ਸੀਨ ਹਟਾਏ ਜਾਣਗੇ। ਹੁਣ ਕੁੱਝ ਦ੍ਰਿਸ਼ ਹਟਾਉਣ ਤੋਂ ਬਾਅਦ ਹੀ ਫਿਲਮ ਰਿਲੀਜ਼ ਹੋਵੇਗੀ। ਫਿਲਮ ਦੇ ਨਿਰਮਾਤਾ ਸ਼ੋਭਾ ਕਪੂਰ ਤੇ ਏਕਤਾ ਕਪੂਰ ਨੇ ਭਰੋਸਾ ਦਿੱਤਾ ਹੈ ਕਿ ਫਿਲਮ ਨਿਰੀਖਣ ਕਮੇਟੀ ਵੱਲੋਂ ਦੱਸੇ ਸਾਰੇ ਦ੍ਰਿਸ਼ ਹਟਾਉਣ ਤੋਂ ਬਾਅਦ ਹੀ ਹੁਣ ਫਿਲਮ ਰਿਲੀਜ਼ ਕੀਤੀ ਜਾਵੇਗੀ।

ਕਮੇਟੀ ਦਾ ਕਹਿਣਾ ਹੈ ਕਿ ਫਿਲਮ ਫਲਾਇੰਗ ਜੱਟ ਵਿਚ ਕਾਫੀ ਦ੍ਰਿਸ਼ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਕਿਉਂਕਿ ਫਿਲਮ 'ਚ ਸਿੱਖ ਦੇ ਕਿਰਦਾਰ ਨੂੰ ਵਿਗਾੜ ਕੇ ਦਿਖਾਇਆ ਗਿਆ ਹੈ, ਇਸ ਕਾਰਨ ਫਿਲਮ 'ਚ ਕਾਫੀ ਸੋਧ ਦੀ ਲੋੜ ਹੈ। ਫਿਲਮ ਨਿਰਮਾਤਾ ਇਤਰਾਜ਼ਯੋਗ ਦ੍ਰਿਸ਼ ਹਟਾਉਣ ਦਾ ਭਰੋਸਾ ਦਿੱਤਾ ਹੈ।

# ਬਾਦਲਾਂ ਦੇ ਸਲਾਹਕਾਰਾਂ ਦੀਆਂ ਲੱਗੀਆਂ ਮੌਜਾਂ

**ਚੰਡੀਗੜ੍ਹ:** ਪੰਜਾਬ ਸਿਵਲ ਸਕੱਤਰੇਤ ਦੀ ਤੀਜੀ ਮੰਜ਼ਿਲ ਸਥਿਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਉਦਯੋਗਿਕ ਸਲਾਹਕਾਰ ਕਮਲ ਓਸਵਾਲ ਨੂੰ ਸਰਕਾਰ ਵੱਲੋਂ ਅਲਾਟ ਕੀਤੇ ਦਫਤਰ ਨੂੰ ਅਕਸਰ ਤਾਲਾ ਲੱਗਿਆ ਰਹਿੰਦਾ ਹੈ। ਨਾਲ ਲੱਗਦੇ ਦਫਤਰਾਂ ਦੇ ਬਾਹਰ ਤਾਇਨਾਤ ਦਰਜਾ ਚਾਰ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਵੀ ਸ੍ਰੀ ਓਸਵਾਲ ਨੂੰ ਦਫਤਰ ਆਉਂਦਿਆਂ ਨਹੀਂ ਦੇਖਿਆ।

ਸ੍ਰੀ ਓਸਵਾਲ ਨੂੰ ਸਰਕਾਰ ਨੇ ਰਾਜ ਵਿਚ ਉਦਯੋਗਿਕ ਕ੍ਰਾਂਤੀ ਲਿਆਉਣ ਲਈ ਸਲਾਹਕਾਰ ਨਿਯੁਕਤ ਕੀਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਨੂੰ ਹਰ ਖੇਤਰ 'ਚ ਅੱਗੇ ਲਿਜਾਣ ਲਈ ਸਲਾਹਕਾਰਾਂ ਦੀ ਵੱਡੀ ਫੌਜ ਕਾਇਮ ਕੀਤੀ ਹੋਈ ਹੈ। ਸ੍ਰੀ ਓਸਵਾਲ ਇਕੱਲੇ ਅਜਿਹੇ ਸਲਾਹਕਾਰ ਨਹੀਂ ਹਨ, ਜਿਹੜੇ ਕਦੇ ਦਫਤਰ ਨਹੀਂ ਆਏ। ਕੁਝ ਹੋਰਨਾਂ ਸਲਾਹਕਾਰਾਂ ਦੀ ਹਾਜ਼ਰੀ ਵੀ ਨਾਮਾਤਰ ਰਹੀ ਹੈ ਜਾਂ ਸੰਕੇਤਕ। ਉਹ ਸਰਕਾਰੀ ਖਜ਼ਾਨੇ ਵਿਚੋਂ ਮਿਲੀਆਂ ਸੁਖ ਸਹੂਲਤਾਂ ਦਾ ਆਨੰਦ ਜ਼ਿਆਦਾ ਮਾਣਦੇ ਹਨ।

ਸਕੱਤਰੇਤ ਦੀ ਦੂਜੀ ਮੰਜ਼ਿਲ 'ਤੇ ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ ਬਾਰੇ ਹੋਰਨਾਂ ਕਰਮਚਾਰੀਆਂ ਨੇ ਦੱਸਿਆ ਕਿ ਸ੍ਰੀ ਗਰੇਵਾਲ ਹਫਤੇ 'ਚ ਇਕ ਵਾਰੀ ਜਾਂ ਫਿਰ ਕਈ ਵਾਰੀ 15 ਦਿਨਾਂ ਬਾਅਦ ਹੀ ਦਫਤਰ ਆਉਂਦੇ ਹਨ ਤੇ ਉਹ ਆਪਣਾ ਕੰਮ ਲੁਧਿਆਣਾ ਤੋਂ ਚਲਾਉਂਦੇ ਹਨ। ਸ੍ਰੀ ਬਾਦਲ ਨੇ ਭਾਜਪਾ ਆਗੂ ਤੀਕਸ਼ਣ ਸੂਦ ਨੂੰ ਵੀ ਸਲਾਹਕਾਰ ਨਿਯੁਕਤ ਕੀਤਾ ਸੀ ਤੇ ਉਹ ਵੀ ਦਫਤਰ ਘੱਟ ਹੀ ਆਉਂਦੇ ਹਨ। ਮੁੱਖ ਮੰਤਰੀ ਬਾਦਲ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਵੀ ਕਦੇ ਕਦਾਈਂ ਹੀ ਸਕੱਤਰੇਤ ਆਉਂਦੇ ਹਨ। ਹੋਰਨਾਂ ਸਲਾਕਾਰਾਂ 'ਚ ਵਿਨੀਤ ਜੋਸ਼ੀ (ਮੀਡੀਆ ਸਲਾਹਕਾਰ), ਮੇਜਰ ਭੁਪਿੰਦਰ ਸਿੰਘ (ਸਿਆਸੀ ਸਲਾਹਕਾਰ), ਲੈਫਟੀਨੈਂਟ ਜਨਰਲ (ਸੇਵਾ ਮੁਕਤ) ਬੀ.ਐਸ. ਧਾਲੀਵਾਲ (ਤਕਨੀਕੀ ਸਲਾਹਕਾਰ) ਸ਼ਾਮਲ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਵੀ ਸਲਾਹਕਾਰਾਂ ਦੀ ਵੱਡੀ ਫੌਜ ਹੈ। ਇਨ੍ਹਾਂ ਵਿਚ ਦਿੱਲੀ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਜਿਨ੍ਹਾਂ ਨੂੰ ਹਾਲ ਹੀ 'ਚ ਨਿਯੁਕਤ ਕਰ ਕੇ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ, ਵੀ ਸ਼ਾਮਲ ਹਨ। ਇਸੇ ਤਰ੍ਹਾਂ ਜੰਗਵੀਰ ਸਿੰਘ (ਮੀਡੀਆ ਸਲਾਹਕਾਰ), ਪਰਮਜੀਤ ਸਿੰਘ ਸਿੱਧਵਾਂ (ਰਾਜਸੀ ਸਲਾਹਕਾਰ), ਚਰਨਜੀਤ ਸਿੰਘ ਬਰਾੜ, ਸਤਿੰਦਰਜੀਤ ਸਿੰਘ ਮੰਟਾ, ਹਰਿੰਦਰ ਸਿੰਘ ਸਰਾਂ ਤਿੰਨੋ ਓ.ਐਸ.ਡੀ. ਸ਼ਾਮਲ ਹਨ। ਉਪ ਮੁੱਖ ਮੰਤਰੀ ਨਾਲ ਤਾਇਨਾਤ ਅਮਲਾ ਲੋਕਾਂ ਦੇ ਮਸਲੇ ਸੁਣਨ ਦੀ ਥਾਂ ਸਰਕਾਰੀ ਜਾਂ ਰਾਜਸੀ ਮੀਟਿੰਗਾਂ ਦੌਰਾਨ ਇਕ ਦੂਜੇ ਤੋਂ ਅੱਗੇ ਹੋ ਕੇ 'ਨੰਬਰ ਬਣਾਉਣ' ਦੀ ਦੌੜ ਵਿਚ ਸ਼ਾਮਲ ਹੁੰਦਾ ਹੈ।

# ਈਸੜੂ ਕਾਨਫਰੰਸਾਂ 'ਚ ਰਵਾਇਤੀ ਪਾਰਟੀਆਂ ਵਿਚ ਦਿਸਿਆ 'ਆਪ' ਦਾ ਖ਼ੌਫ਼

**ਖੰਨਾ:** ਖੰਨਾ ਨੇੜਲੇ ਪਿੰਡ ਈਸੜੂ ਵਿਚ ਸ਼ਹੀਦ ਕਰਨੈਲ ਸਿੰਘ ਈਸੜੂ ਅਤੇ ਸ਼ਹੀਦ ਭੁਪਿੰਦਰ ਸਿੰਘ ਈਸੜੂ ਦੀ ਯਾਦ ਵਿਚ ਰਾਜ ਪੱਧਰੀ ਸਮਾਗਮ ਮੌਕੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਵੱਲੋਂ ਆਪੋ-ਆਪਣੀਆਂ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ।ਅਕਾਲੀ-ਭਾਜਪਾ ਵੱਲੋਂ ਕੀਤੀ ਗਈ ਰੈਲੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਉਨ੍ਹਾਂ ਸ਼ਹੀਦ ਕਰਨੈਲ ਸਿੰਘ ਦੇ ਬੁੱਤ 'ਤੇ ਹਾਰ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੀਤੇ ਗਏ ਵਿਕਾਸ ਦੇ ਨਾਮ 'ਤੇ ਅਗਲੀ ਚੋਣ ਲੜੀ ਜਾਵੇਗੀ। ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਮੁੱਖ ਮੰਤਰੀ ਨੇ ਇਸ ਪਾਰਟੀ ਨੂੰ ਭਗੌੜਿਆਂ ਅਤੇ ਮੌਕਾਪ੍ਰਸਤਾਂ ਦਾ ਟੋਲਾ ਦੱਸਿਆ, ਜਿਨ੍ਹਾਂ ਦਾ ਇੱਕੋ ਇੱਕ ਮਕਸਦ ਸੂਬੇ ਵਿਚ ਸੱਤਾ ਹਾਸਲ ਕਰਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਨੇ ਪੰਜਾਬੀ ਖਾਸ ਤੌਰ 'ਤੇ ਸਿੱਖਾਂ ਦੇ ਸਮਾਜਿਕ, ਸਿਆਸੀ, ਆਰਥਿਕ ਅਤੇ ਇਥੋਂ ਤੱਕ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਕੀਤੀ ਹੈ।

ਇਸੇ ਦੌਰਾਨ ਕਾਂਗਰਸ ਪਾਰਟੀ ਦੀ ਰੈਲੀ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਮੁੱਖ ਨਿਸ਼ਾਨਾ 'ਆਪ' ਹੀ ਰਹੀ। ਉਨ੍ਹਾਂ ਕਿਹਾ ਕਿ 'ਆਪ' ਦੇ ਆਗੂ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਦੇ ਪੰਜਾਬ ਦੇ ਭਵਿੱਖ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਸੁਨਿਹਰੇ ਭਵਿੱਖ ਲਈ ਕਾਂਗਰਸ ਦੀ ਸਰਕਾਰ ਲੈ ਕੇ ਆਉਣ।

ਆਮ ਆਦਮੀ ਪਾਰਟੀ ਦੀ ਰੈਲੀ ਵਿਚ ਸੰਸਦ ਮੈਂਬਰ ਭਗਵੰਤ ਮਾਨ, ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਵਰਿੰਦਰ ਖਾਰਾ ਅਤੇ ਗੁਲਸ਼ਨ ਛਾਬੜਾ ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਸ. ਛੋਟੇਪੁਰ ਨੇ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਨੂੰ ਦਿਨ-ਰਾਜ ਸੱਤਾ ਖੁੱਸਣ ਡਰ ਸਤਾ ਰਿਹਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਪਾਰਟੀ ਵੱਲੋਂ ਰੈਲੀ ਕੀਤੀ ਗਈ। ਸੀ.ਪੀ.ਆਈ., ਸੀ.ਪੀ.ਐਮ. ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਵੀ ਰੈਲੀਆਂ ਕੀਤੀਆਂ ਗਈਆਂ।

## ਵਰ੍ਹਿਆਂ ਪਿਛੋਂ ਜੱਦੀ ਘਰ ਪੁੱਜਾ ਦਵਿੰਦਰਪਾਲ ਭੁੱਲਰ

**ਬਠਿੰਡਾ:** ਦਵਿੰਦਰਪਾਲ ਸਿੰਘ ਭੁੱਲਰ ਨੇ ਵਰ੍ਹਿਆਂ ਬਾਅਦ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈਕਾ ਸਥਿਤ ਆਪਣੇ ਜੱਦੀ ਘਰ 'ਚ ਪੈਰ ਰੱਖਿਆ। ਉਹ ਮੰਗਲਵਾਰ ਬਾਅਦ ਦੁਪਹਿਰ ਆਪਣੇ ਘਰ ਪੁੱਜਿਆ ਤੇ ਕੁਝ ਪਲ ਪੂਰੇ ਘਰ ਨੂੰ ਗਹੁ ਨਾਲ ਤੱਕਦਾ ਰਿਹਾ। ਉਸ ਨੇ ਦਸਵੀਂ ਇਸ ਪਿੰਡ 'ਚੋਂ ਹੀ ਕੀਤੀ ਸੀ। ਉਸ ਦੇ ਚਚੇਰੇ ਭਰਾ ਮੁਖਤਿਆਰ ਸਿੰਘ ਨੇ ਦੱਸਿਆ ਕਿ ਭੁੱਲਰ ਦੀ ਪਤਨੀ ਨਵਨੀਤ ਕੌਰ ਵਿਆਹ ਮਗਰੋਂ ਸਿਰਫ਼ ਇੱਕ ਵਾਰ ਹੀ ਪਿੰਡ ਆਈ ਸੀ। ਪਿੰਡ ਵਾਲਿਆਂ ਨੇ ਦੱਸਿਆ ਕਿ ਜਦੋਂ ਦਵਿੰਦਰਪਾਲ ਸਿੰਘ ਦੇ ਪਿਤਾ ਬਲਵੰਤ ਸਿੰਘ ਨੇ 45 ਸਾਲ ਪਹਿਲਾਂ ਇਹ ਘਰ ਬਣਾਇਆ ਸੀ ਤਾਂ ਪੁੱਤਰਾਂ ਦੇ ਹਾਸੇ ਘਰ ਦੀ ਰੂਹ ਬਣ ਗਏ ਸਨ। ਕਾਲੇ ਦਿਨਾਂ 'ਚ ਇਸ ਘਰ ਨਾਲੋਂ ਹਾਸੇ ਰੁੱਸ ਗਏ।

# ਧਰਮਸ਼ਾਲਾ ਗਏ 5 ਨੌਜਵਾਨ ਡੁੱਬੇ

**ਹੁਸ਼ਿਆਰਪੁਰ:** ਹੁਸ਼ਿਆਰਪੁਰ-ਦੇਹਰਾ-ਜਵਾਲਾਜੀ ਮਾਰਗ 'ਤੇ ਕੁੰਦਲੀਹਾਰ ਦੀ ਨਕੇਹੜ ਖੱਡ 'ਚ ਨਹਾਉਣ ਸਮੇਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਅਹਿਰਾਣਾ ਕਲਾਂ ਦੇ 5 ਨੌਜਵਾਨਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੀ ਪਛਾਣ ਜਸਵਿੰਦਰ ਸਿੰਘ, ਧੀਰਜ ਸੈਣੀ, ਮੱਖਣ, ਜਗਦੀਪ ਅਤੇ ਦੀਪਕ ਸੈਣੀ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਪਿੰਡ ਅਹਿਰਾਣਾ ਕਲਾਂ ਤੋਂ 12 ਨੌਜਵਾਨ ਸ਼ਕਤੀ ਪੀਠਾਂ ਦੇ ਦਰਸ਼ਨਾਂ ਲਈ ਗਏ ਹੋਏ ਸਨ ਤੇ ਦੇਹਰਾ-ਜਵਾਲਾਜੀ ਮਾਰਗ 'ਤੇ ਕੁੰਡਲੀਹਾਰ ਨਜ਼ਦੀਕ ਚਿਤਾਵਨੀ ਬੋਰਡ ਨੂੰ ਅਣਦੇਖਿਆ ਕਰਦਿਆਂ ਨਕੇਹੜ ਖੱਡ 'ਚ ਨਹਾਉਣ ਲੱਗ ਪਏ, ਪਰ ਭਾਰੀ ਬਾਰਿਸ਼ ਨਾਲ ਖੱਡ 'ਚ ਪਾਣੀ ਜ਼ਿਆਦਾ ਹੋਣ ਕਾਰਨ ਇਨ੍ਹਾਂ 'ਚੋਂ 6 ਨੌਜਵਾਨ ਪਾਣੀ 'ਚ ਰੁੜ੍ਹ ਗਏ ਜਿਨ੍ਹਾਂ ਵਿਚੋਂ ਅਰਸ਼ਦੀਪ ਨੂੰ ਸਥਾਨਕ ਲੋਕਾਂ ਨੇ ਜੱਦੋਜਹਿਦ ਕਰਦਿਆਂ ਪਾਣੀ ਵਿਚੋਂ ਬਾਹਰ ਕੱਢ ਲਿਆ ਜਦਕਿ ਬਾਕੀ ਪੰਜ ਨੌਜਵਾਨ ਪਾਣੀ ਦੇ ਤੇਜ਼ ਵਹਾਅ 'ਚ ਵਹਿ ਗਏ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਅਗਸਤ 2016*

## ਓਲੰਪਿਕ ਵਿਚ ਭਾਰਤ

ਐਤਕੀਂ ਰੀਓ ਓਲੰਪਿਕ ਵਿਚ ਭਾਰਤ ਦੀ ਆਸ ਤੋਂ ਘੱਟ ਕਾਰਗੁਜ਼ਾਰੀ ਇਕ ਵਾਰ ਫਿਰ ਮੀਡੀਆ ਅਤੇ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ। ਇਸ ਵਾਰ ਤਾਂ ਬ੍ਰਾਜ਼ੀਲ, ਜਿਥੇ ਖੇਡਾਂ ਦਾ ਇਹ ਮਹਾਕੁੰਭ ਹੋ ਰਿਹਾ ਹੈ ਤੇ ਕੁਝ ਹੋਰ ਮੁਲਕਾਂ ਦੇ ਮੀਡੀਆ ਨੇ ਵੀ ਭਾਰਤ ਦੀ ਇਸ ਕਾਰਗੁਜ਼ਾਰੀ ਬਾਰੇ 'ਨੋਟਿਸ' ਲਿਆ ਹੈ। ਪਿਛਲੀ ਵਾਰ ਲੰਡਨ ਓਲੰਪਿਕ ਵਿਚ ਭਾਰਤੀ ਦਲ ਨੇ ਛੇ ਤਮਗੇ ਜਿੱਤ ਕੇ ਭਾਰਤੀ ਖੇਮੇ ਅਤੇ ਇਸ ਦੇ ਪ੍ਰਸ਼ੰਸਕਾਂ ਨੂੰ ਖੁਸ਼ੀ ਨਾਲ ਖੀਵੇ ਕਰ ਦਿੱਤਾ ਸੀ। ਇਸ ਵਾਰ ਓਲੰਪਿਕ ਪਿੰਡ ਗਿਆ ਭਾਰਤ ਦਲ ਪਹਿਲਾਂ ਦੇ ਮੁਕਾਬਲੇ ਵੱਡਾ ਸੀ ਅਤੇ ਖੇਡਾਂ ਦੀ ਵੰਨਗੀ ਵੀ ਧਿਆਨ ਖਿੱਚਣ ਵਾਲੀ ਸੀ, ਪਰ ਜਿਉਂ ਹੀ ਇਹ ਮਹਾਕੁੰਭ ਸ਼ੁਰੂ ਹੋਇਆ, ਇਕ ਤੋਂ ਬਾਅਦ ਇਕ ਹਾਰ ਨੇ ਭਾਰਤੀ ਦਲ ਦੇ ਹੌਸਲੇ ਪਸਤ ਕਰ ਦਿੱਤੇ ਅਤੇ ਹਰ ਪਾਸੇ ਭਾਰਤ ਦੀ ਮਾੜੀ ਕਾਰਗੁਜ਼ਾਰੀ ਦੀ ਚਰਚਾ ਹੋਣ ਲੱਗ ਪਈ। ਸਭ ਤੋਂ ਵੱਧ ਨਿਰਾਸ਼ਾ ਹਾਕੀ ਟੀਮ ਦੀ ਕੁਆਰਟਰ ਫਾਈਨਲ ਮੈਚ ਵਿਚ ਹਾਰ ਤੋਂ ਹੋਈ। ਹਾਕੀ ਟੀਮ ਇਸ ਤੋਂ ਪਹਿਲਾਂ ਓਲੰਪਿਕ ਵਿਚ 11 ਤਮਗੇ ਹਾਸਲ ਕਰ ਚੁੱਕੀ ਹੈ। ਇਨ੍ਹਾਂ 11 ਵਿਚੋਂ 8 ਤਮਗੇ ਸੋਨੇ ਦੇ ਹਨ। ਹਾਕੀ ਵਿਚ ਭਾਰਤ ਨੇ ਇਕ ਵਾਰ ਚਾਂਦੀ ਅਤੇ ਦੋ ਵਾਰ ਕਾਂਸੀ ਦੇ ਤਮਗੇ ਹਾਸਲ ਕੀਤੇ ਹਨ। ਅਸਲ ਵਿਚ ਸੰਸਾਰ ਹਾਕੀ, ਭਾਰਤ ਨੂੰ ਖੇਡਦਿਆਂ ਦੇਖ-ਦੇਖ ਕੇ ਕਿਤੇ ਦੀ ਕਿਤੇ ਪੁੱਜ ਗਈ, ਪਰ ਭਾਰਤ ਮੁੜ ਆਪਣੀ ਉਹ ਸ਼ਾਨ ਬਹਾਲ ਨਹੀਂ ਕਰ ਸਕਿਆ। ਬਿਨਾਂ ਸ਼ੱਕ ਇਸ ਵਿਚ ਕੌਮਾਂਤਰੀ ਨੇਮਾਵਲੀ ਨੂੰ ਵੀ ਅਕਸਰ ਅੜਿੱਕਾ ਕਹਿ ਲਿਆ ਜਾਂਦਾ ਹੈ, ਪਰ ਭਾਰਤੀ ਹਾਕੀ ਵਿਚ ਤਿੰਨ-ਚਾਰ ਦਹਾਕੇ ਪਹਿਲਾਂ ਵਰਗਾ ਵੇਗ ਮੁੜ ਦੇਖਣ ਨੂੰ ਨਹੀਂ ਮਿਲਿਆ। ਇਸ ਵਿਚ ਪ੍ਰਬੰਧਾਂ ਦਾ ਵੀ ਖਾਸਾ 'ਯੋਗਦਾਨ' ਹੈ। ਐਸਟਰੋਟਰਫ ਦਾ ਹੀ ਮਾਮਲਾ ਹੈ। ਸੰਸਾਰ ਹਰੀ ਅਤੇ ਨੀਲੀ ਐਸਟਰੋਟਰਫ ਤੋਂ ਹੁੰਦਾ ਹੋਇਆ ਹੁਣ ਗੁਲਾਬੀ ਐਸਟਰੋਟਰਫ 'ਤੇ ਜਾ ਪੁੱਜਾ ਹੈ; ਭਾਵ ਖੇਡ ਦੀ ਸਪੀਡ ਨਿਤ ਦਿਨ ਤੇਜ ਹੋਈ ਜਾਂਦੀ ਹੈ, ਪਰ ਭਾਰਤੀ ਖਿਡਾਰੀ ਅਜਿਹੀਆਂ ਤੇ ਹੋਰ ਸਹੂਲਤਾਂ ਲਈ ਹੀ ਜੂਝੀ ਜਾਂਦੇ ਹਨ। ਇਸ ਵਾਰ ਜਿਹੜੇ ਵੀ ਹਾਕੀ ਮਾਹਿਰਾਂ ਜਾਂ ਖਿਡਾਰੀਆਂ ਨੇ ਭਾਰਤੀ ਹਾਕੀ ਟੀਮ ਦੇ ਸਿਖਲਾਈ ਕੈਂਪਾਂ ਦਾ ਦੌਰਾ ਕੀਤਾ ਸੀ, ਸਭ ਨੇ ਹੀ ਤਸੱਲੀ ਦਾ ਪ੍ਰਗਟਾਵਾ ਕੀਤਾ ਸੀ। ਇਨ੍ਹਾਂ ਦਾ ਦਾਅਵਾ ਸੀ ਅਤੇ ਹੁਣ ਓਲੰਪਿਕ ਵਿਚ ਹਾਰ ਦੇ ਬਾਵਜੂਦ ਦਾਅਵਾ ਕਰ ਰਹੇ ਹਨ ਕਿ ਭਾਰਤੀ ਹਾਕੀ ਇਕ ਅਰਸੇ ਬਾਅਦ ਹੁਣ ਸਹੀ ਦਿਸ਼ਾ ਵੱਲ ਜਾ ਰਹੀ ਹੈ। ਹੁਣ ਸਭ ਨੂੰ ਰਲ ਕੇ ਇਸ ਅੰਦਰ ਸਪੀਡ ਫੂਕਣੀ ਚਾਹੀਦੀ ਹੈ ਅਤੇ ਇਸ ਸਪੀਡ ਲਈ ਖਿਡਾਰੀ ਨੂੰ ਉਹ ਸਾਰਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ ਜਿਸ ਦੀ ਹਰ ਵਾਰ ਬਹੁਤ ਜ਼ਿਆਦਾ ਲੋੜ ਮਹਿਸੂਸ ਕੀਤੀ ਜਾਂਦੀ ਰਹੀ ਹੈ। ਮੁੱਖ ਕੋਚ ਨੇ ਜਿਸ ਢੰਗ ਨਾਲ ਖਿਡਾਰੀਆਂ ਨੂੰ ਖਿਡਾਇਆ ਅਤੇ ਇਸ ਦੇ ਨਾਲ ਹੀ ਸੰਸਾਰ ਪੱਧਰ ਉਤੇ ਜਿਸ ਤਰ੍ਹਾਂ ਹਾਕੀ ਨੂੰ ਲੀਹੇ ਪਾਉਣ ਲਈ ਰਾਹ ਬਣਾਉਣ ਦਾ ਯਤਨ ਕੀਤਾ, ਉਸ ਦੀਆਂ ਖੂਬ ਸਿਫਤਾਂ ਹੋ ਰਹੀਆਂ ਹਨ। ਉਸ ਨੇ ਖੇਡ ਫਾਰਮੇਸ਼ਨ ਵਿਚ ਮੌਕੇ ਮੁਤਾਬਕ, ਵਾਰ-ਵਾਰ ਤਬਦੀਲੀਆਂ ਕਰ ਕੇ ਨਵੀਂ ਖੇਡ ਲੱਭਣ ਲਈ ਪੂਰਾ ਟਿਲ ਲਾਇਆ। ਇਸੇ ਲਈ ਵਿਸ਼ਲੇਸ਼ਣਕਾਰਾਂ ਦਾ ਆਖਣਾ ਹੈ ਕਿ ਰੀਓ ਵਿਚ ਭਾਵੇਂ ਹਾਕੀ ਟੀਮ ਬਹੁਤ ਪਹਿਲਾਂ ਟੂਰਨਾਮੈਂਟ ਵਿਚੋਂ ਬਾਹਰ ਹੋ ਗਈ ਹੈ, ਪਰ ਇਹ ਭਾਰਤੀ ਹਾਕੀ ਨੂੰ ਪਛਾੜ ਨਹੀਂ ਮੰਨੀ ਜਾਣੀ ਚਾਹੀਦੀ।

ਖੇਡਾਂ ਨੂੰ ਪਛਾੜ ਤਾਂ ਭਲਵਾਨਾਂ ਦੀ ਚੋਣ ਦੇ ਮਾਮਲੇ ਵਿਚ ਹੋਈ ਬਦਮਗਜ਼ੀ ਨਾਲ ਪਈ ਸੀ। ਇਸ ਮਾਮਲੇ ਵਿਚ ਸਾਹਮਣੇ ਆਈ ਕੁੱਕੜ-ਖੋਹੀ ਨੇ ਅਸਲ ਵਿਚ ਖੇਡ ਢਾਂਚੇ ਅਤੇ ਇਸ ਦੀਆਂ ਖਾਮੀਆਂ ਹੀ ਉਜਾਗਰ ਕੀਤੀਆਂ ਹਨ। ਨਰਸਿੰਘ ਯਾਦਵ ਅਤੇ ਸੁਸ਼ੀਲ ਕੁਮਾਰ ਵਾਲਾ ਵਿਵਾਦ, ਖੇਡ ਪ੍ਰੇਮੀਆਂ ਨੂੰ ਚਿਰਾਂ ਤਕ ਯਾਦ ਰਹਿਣਾ ਹੈ। ਇਸ ਵਿਵਾਦ ਨੇ ਭਾਰਤੀ ਖੇਡ ਸੰਸਥਾਵਾਂ ਅਤੇ ਇਸ ਦੀ ਪਹੁੰਚ ਦੇ ਬਖੀਏ ਹੀ ਉਧੇੜ ਛੱਡੇ, ਪਰ ਸਿਤਮਜ਼ਰੀਫੀ ਇਹ ਕਿ ਕੋਈ ਵੀ ਧਿਰ 'ਮੈਂ ਨਾ ਮਾਨੂ' ਵਾਲੀ ਰਟ ਤੋਂ ਇਕ ਇੰਚ ਵੀ ਪਿਛਾਂਹ ਹਟਣ ਲਈ ਤਿਆਰ ਨਹੀਂ ਹੋਈ। ਇਸ ਨੇ ਖੇਡ ਪ੍ਰਬੰਧਾਂ ਵਿਚ ਸਿਆਸਤ ਦਾ ਦਖਲ ਉਜਾਗਰ ਕਰ ਦਿੱਤਾ। ਖੇਡ ਪ੍ਰਬੰਧਾਂ ਨਾਲ ਜੁੜੇ ਲੋਕ 'ਆਪਣੇ' ਖਿਡਾਰੀਆਂ ਦੀ ਚੋਣ ਲਈ ਕਿਥੇ ਤਕ ਜਾ ਸਕਦੇ ਹਨ, ਇਹ ਮਾਮਲਾ ਇਸ ਦੀ ਖਾਸ ਮਿਸਾਲ ਹੋ ਨਿਬੜਿਆ। ਨੇਮ ਤਾਂ ਨੇਮ, ਨੈਤਿਕਤਾ ਤਾਕ ਅੰਦਰ ਰੱਖ ਦਿੱਤੀ ਗਈ। ਇਸ ਸਭ ਦੇ ਬਾਵਜੂਦ ਭਾਰਤੀ ਜਿਮਨਾਸਟ ਦੀਪਾ ਕਰਮਾਕਰ ਭਾਵੇਂ ਤਮਗਾ ਹਾਸਲ ਕਰਨ ਦੇ ਐਨ ਨੇੜੇ ਪਹੁੰਚ ਗਈ ਸੀ, ਪਰ ਤਮਗਾ ਨਾ ਮਿਲਣ ਦੇ ਬਾਵਜੂਦ ਉਸ ਨੇ ਜਿਸ ਢੰਗ ਦਾ ਖੇਡ ਮੁਜ਼ਾਹਰਾ ਕੀਤਾ, ਉਸ ਨੇ ਸਭ ਨੂੰ ਹੈਰਾਨ ਹੀ ਕਰ ਦਿੱਤਾ। ਪਹਿਲਾਂ ਉਸ ਨੇ ਅੱਠਵੇਂ ਸਥਾਨ 'ਤੇ ਰਹਿ ਕੇ ਫਾਈਨਲ ਲਈ ਕੁਆਲੀਫਾਈ ਕੀਤਾ ਅਤੇ ਫਿਰ ਬਹੁਤ ਘੱਟ ਫਰਕ (0.15 ਅੰਕ) ਨਾਲ ਉਹ ਤੀਜੇ ਦੀ ਥਾਂ ਚੌਥੇ ਸਥਾਨ ਉਤੇ ਰਹੀ। ਉਹ ਫਾਈਨਲ ਵਿਚ ਜਾਣ ਵਾਲੀ ਪਹਿਲੀ ਮਹਿਲਾ ਖਿਡਾਰੀ ਤਾਂ ਬਣੀ ਹੀ, ਜਿਮਨਾਸਟਿਕ ਦੇ ਇਤਿਹਾਸ ਵਿਚ ਪ੍ਰੋਡੂਨੋਵਾ ਵਾਲਟ ਕਰਨ ਵਾਲੀ ਸੰਸਾਰ ਦੀ ਪੰਜਵੀਂ ਖਿਡਾਰੀ ਬਣ ਗਈ ਹੈ। ਆਪਣੀ ਇਸ ਕਾਰਗੁਜ਼ਾਰੀ ਤੋਂ ਦੀਪਾ ਬਹੁਤ ਆਸਵੰਦ ਹੈ। ਇਹ ਉਸ ਦੀ ਪਹਿਲੀ ਓਲੰਪਿਕ ਸੀ ਅਤੇ ਉਸ ਦਾ ਕਹਿਣਾ ਹੈ ਕਿ ਹੁਣ ਉਸ ਦਾ ਨਿਸ਼ਾਨਾ ਟੋਕੀਓ-2020 ਵਾਲੀ ਓਲੰਪਿਕ ਹੈ।

ਦੂਜੇ ਬੰਨੇ, ਰੀਓ ਵਿਚ ਭਾਰਤ ਦੇ ਖੇਡ ਮੰਤਰੀ ਵਿਜੇ ਗੋਇਲ ਨੇ ਜੋ ਗੁਲ ਖਿਲਾਏ ਹਨ, ਉਸ ਦੇ ਨਜ਼ਾਰੇ ਭਾਰਤ ਵਾਸੀਆਂ ਨੇ ਹੀ ਨਹੀਂ, ਸਾਰੇ ਸੰਸਾਰ ਨੇ ਦੇਖ ਹੀ ਲਏ ਹਨ। ਮੰਤਰੀ ਨੇ ਵੱਖ-ਵੱਖ ਵਰਗਾਂ ਵਿਚ ਹਿੱਸਾ ਲੈ ਰਹੇ ਖਿਡਾਰੀਆਂ ਨਾਲ ਫੋਟੋਆਂ ਖਿਚਵਾਉਣ ਲਈ ਹਰ ਨੇਮ ਦੀ ਉਲੰਘਣਾ ਕਰ ਮਾਰੀ। ਆਖਰਕਾਰ, ਇਸ ਸਿਲਸਿਲੇ ਵਿਚ ਓਲੰਪਿਕ ਦੇ ਪ੍ਰਬੰਧਕਾਂ ਨੂੰ ਇਸ ਖੇਡ ਮੰਤਰੀ ਨੂੰ ਬਾਕਾਇਦਾ ਚਿਤਾਵਨੀ ਜਾਰੀ ਕਰਨੀ ਪਈ। ਅਸਲ ਵਿਚ ਭਾਰਤੀ ਖੇਡਾਂ ਲਈ ਰਾਹ ਸਿਆਸਤਦਾਨਾਂ ਦੇ ਅਜਿਹੇ ਹੋਛੇਪਣ ਨੂੰ ਤਜ ਕੇ ਹੀ ਬਣਨਾ ਹੈ, ਪਰ ਇਹ ਕਾਰਜ ਕਰੇਗਾ ਕੌਣ, ਫਿਲਹਾਲ ਚਾਨਣ ਦੀ ਕੋਈ ਵੀ ਕਿਰਨ ਨਜ਼ਰੀਂ ਨਹੀਂ ਪੈ ਰਹੀ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਖਾੜਾ ਕੇਜਰੀਵਾਲ ਕਾ!*

ਰਲਦੇ 'ਆਪ' ਵਿਚ ਨਵਿਆਂ ਨੂੰ ਦੇਖ ਕੇ ਤੇ ਦਿਲ ਪੁਰਾਣੇ ਭਾਊਆਂ ਦਾ ਡਰੀ ਜਾਂਦਾ।
ਬਣਦਾ 'ਇਨਕਲਾਬੀਆ' ਆਉਂਦਿਆਂ ਹੀ, ਜਿਹੜਾ ਹਰੀ ਅੰਗੂਰੀ ਸੀ ਚਰੀ ਜਾਂਦਾ।
ਦਾਅਵਾ ਕਰੇ ਪੰਜਾਬ ਦੇ ਦਰਦ ਵਾਲਾ, ਨਾਲੇ ਟਿਕਟ ਲਈ ਤੀਂਘੜ ਕੇ ਮਰੀ ਜਾਂਦਾ।
ਨਾਲ ਉਤਲਿਆਂ ਗੰਢ-ਤੁੱਪ ਕਰਨ ਖਾਤਰ, ਦਿੱਲੀ ਵੱਲ ਦਾ ਰੁਖ ਕੋਈ ਕਰੀ ਜਾਂਦਾ।
ਸੁਣ ਕੇ ਬੱਝਦੀ ਆਸ ਤਬਦੀਲੀਆਂ ਦੀ, ਤਪਿਆ ਲੋਕਾਂ ਦਾ ਕਾਲਜਾ ਠਰੀ ਜਾਂਦਾ।
ਤੁਰੇ ਆਉਣ ਸਿਆਸੀ ਭਲਵਾਨ ਗਾਇਕ, 'ਖਾੜਾ ਕੇਜਰੀਵਾਲ ਦਾ ਭਰੀ ਜਾਂਦਾ!

# ਅਕਾਲੀ ਦਲ ਦਾ ਨਵਾਂ ਮੁਹਾਂਦਰਾ: ਪੰਥ ਗਾਇਬ, ਹੁੱਲੜਬਾਜ਼ ਭਾਰੂ

*ਨਿਰਮਲ ਸੰਧੂ ਚੰਡੀਗੜ੍ਹ ਤੋਂ ਛਪਦੀ ਅੰਗਰੇਜ਼ੀ ਅਖਬਾਰ 'ਦਿ ਟ੍ਰਿਬਿਊਨ' ਵਿਚ ਐਸੋਸੀਏਟ ਐਡੀਟਰ ਹਨ। ਨਿਘਰੀ ਹੋਈ ਸਿਆਸਤ ਕਾਰਨ ਰਸਾਤਲ ਵੱਲ ਜਾ ਰਹੇ ਪੰਜਾਬ ਬਾਰੇ ਉਨ੍ਹਾਂ ਨੇ ਪਹਿਲਾਂ ਵੀ ਆਪਣੀ ਕਲਮ ਚਲਾਈ ਹੈ, ਪਰ ਐਤਕੀਂ ਉਨ੍ਹਾਂ ਪੰਜਾਬ ਵਿਚ ਦਸ ਸਾਲ ਤੋਂ ਰਾਜ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲ ਪਿਉ-ਪੁੱਤਰ ਦੀ ਸਿਆਸਤ ਬਾਰੇ ਬੜੀ ਜ਼ੋਰਦਾਰ ਟਿੱਪਣੀ ਕੀਤੀ ਹੈ। ਦਲੀਲਾਂ ਸਹਿਤ ਕੀਤੀ ਇਸ ਟਿੱਪਣੀ ਵਿਚ ਸੂਬੇ ਦੇ ਹੁਣ ਵਾਲੇ ਹਾਲਾਤ ਦੇ ਪ੍ਰਸੰਗ ਉਭਾਰੇ ਗਏ ਹਨ ਅਤੇ ਨਾਲ ਹੀ ਇਨ੍ਹਾਂ ਆਗੂਆਂ ਵੱਲੋਂ ਕੀਤੀ ਜਾ ਰਹੀ ਸੌੜੀ ਸਿਆਸਤ ਬਾਰੇ ਗੱਲ ਤੋਰੀ ਗਈ ਹੈ। ਉਨ੍ਹਾਂ ਦੀ ਇਹ ਟਿੱਪਣੀ ਇਸ ਲਈ ਵੀ ਖਾਸ ਹੋ ਨਿਬੜੀ ਹੈ ਕਿਉਂਕਿ ਬਾਦਲ ਸਰਕਾਰ ਨੇ ਅਦਾਰੇ ਨੂੰ ਇਸ਼ਤਿਹਾਰ ਦੇਣੇ ਤੁਰੰਤ ਬੰਦ ਕਰ ਦਿੱਤੇ ਹਨ। -ਸੰਪਾਦਕ*

ਮੋਨੇ ਅਕਾਲੀ ਆਗੂ ਹਾਲੇ ਵੀ ਅੱਖਾਂ ਨੂੰ ਨਹੀਂ ਸੁਖਾਉਂਦੇ, ਇਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਨਾਤਾ ਜੋੜਨਾ ਔਖਾ ਲੱਗਦਾ ਹੈ। ਪਿਛਲੇ ਵੀਰਵਾਰ ਨਵਦੀਪ ਸਿੰਘ ਗੋਲਡੀ ਜਦੋਂ ਅੰਮ੍ਰਿਤਸਰ ਦੇ ਡਿਪਟੀ ਮੇਅਰ ਨਾਲ ਹੱਥੋਪਾਈ ਹੋਇਆ ਅਤੇ ਡਿਪਟੀ ਕਮਿਸ਼ਨਰ ਦੀ ਮੌਜੂਦਗੀ ਵਿਚ ਉਸ ਨੇ ਬੰਦੂਕ ਤਾਣੀ ਤਾਂ ਉਸ ਦੇ ਅਕਾਲੀ 'ਕਾਕਾ' ਹੋਣ ਬਾਰੇ ਸਾਰੇ ਭਰਮ-ਭੁਲੇਖੇ ਕਾਫੂਰ ਹੋ ਗਏ। ਹਾਲੀਆ ਕੁਝ ਵਰ੍ਹਿਆਂ ਤੋਂ ਅਕਾਲੀ ਸਿਆਸੀ ਸਭਿਆਚਾਰ ਵਿਚ ਹੁਲੜਬਾਜ਼ ਬਿਰਤੀ ਵਾਲੇ ਅਜਿਹੇ ਅਨਸਰ ਖੂਬ ਫਲਦੇ-ਫੁਲਦੇ ਆ ਰਹੇ ਹਨ।

ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣਾ, ਪ੍ਰਸ਼ਾਸਨ ਨੂੰ ਪੈਰਾਂ ਹੇਠ ਰੋਲਣਾ, ਹਿੱਕ ਦੇ ਜ਼ੋਰ ਨਾਲ ਮਸਲੇ ਹੱਲ ਕਰਨੇ ਅਤੇ ਆਪਣੀ ਹਰ ਗੱਲ ਮੰਨਵਾ ਕੇ ਰਹਿਣਾ ਨੌਜਵਾਨ ਅਕਾਲੀਆਂ ਦੀਆਂ

**ਨਿਰਮਲ ਸੰਧੂ**
ਫੋਨ: +91-98721-16633

ਵਿਸ਼ੇਸ਼ 'ਖੂਬੀਆਂ' ਹਨ। ਗੋਲਡੀ ਆਪਣੇ ਸੁਰੱਖਿਆ ਗਾਰਡ ਦੀ ਏ.ਕੇ.-47 ਲੈ ਕੇ ਫ਼ਰਾਰ ਹੋ ਗਿਆ। ਆਪਣੇ ਸਾਹਮਣੇ ਪੂਰੀ ਘਟਨਾ ਵਾਪਰਨ ਦੇ ਬਾਵਜੂਦ ਡਿਪਟੀ ਕਮਿਸ਼ਨਰ ਉਸ ਨੂੰ ਫੌਰੀ ਤੌਰ 'ਤੇ ਗ੍ਰਿਫ਼ਤਾਰ ਕਰਵਾਉਣ ਦੀ ਹਿੰਮਤ ਨਹੀਂ ਜੁਟਾ ਸਕਿਆ। ਪੁਲਿਸ ਗੋਲਡੀ ਨੂੰ ਅਜੇ ਤਕ ਫੜ ਨਹੀਂ ਸਕੀ। ਉਲਟਾ ਵਟਸਐਪ 'ਤੇ ਸ਼ੇਰ ਨਾਲ ਫੋਟੋ ਪਾ ਕੇ ਗੋਲਡੀ ਕਹਿੰਦਾ ਹੈ: 'ਗਿੱਦੜਾਂ ਦਾ ਸੁਣਿਆ ਗਰੁੱਪ ਫਿਰਦਾ, ਕਹਿੰਦੇ ਸ਼ੇਰ ਮਾਰਨਾ।'

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਜੇ ਵੀ ਉਸ ਯੁੱਗ ਨਾਲ ਜੁੜੇ ਹੋਏ ਹਨ ਜਦੋਂ ਰੁੱਖਾ ਬੋਲਣ ਨੂੰ ਹਿਕਾਰਤ ਨਾਲ ਦੇਖਿਆ ਜਾਂਦਾ ਸੀ। ਅੱਜ ਦਾ ਅਕਾਲੀ ਦਲ ਸੁਖਬੀਰ ਬਾਦਲ ਅਧੀਨ ਮੌਲ ਰਿਹਾ ਹੈ ਅਤੇ ਇਸ ਦਾ ਹਰ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਦਾ ਆਗੂ ਉਪ ਮੁੱਖ ਮੰਤਰੀ ਵਾਂਗ ਗੁਸਤਾਖ਼, ਜਾਰਿਹਾਨਾ ਅਤੇ 'ਬਲਸ਼ਾਲੀ' ਹੋਣਾ ਆਪਣਾ ਜਨਮ-ਸਿੱਧ ਅਧਿਕਾਰ ਸਮਝਦਾ ਹੈ। ਗੋਲਡੀ ਅਕਾਲੀ ਸਿਆਸਤ ਦੇ ਇਸੇ ਨਵੇਂ ਮੁਹਾਂਦਰੇ ਦੀ ਨੁਮਾਇੰਦਗੀ ਕਰਦਾ ਹੈ। ਕਿਸੇ ਸਮੇਂ ਅਕਾਲੀ ਦਲ ਦਾ ਮੈਂਬਰ ਹੋਣਾ ਸੁਭਾਗ ਮੰਨਿਆ ਜਾਂਦਾ ਸੀ ਅਤੇ ਲੋਕ ਸੇਵਾ ਕਰਨੀ ਫ਼ਰਜ਼ ਹੁੰਦਾ ਸੀ, ਪਰ ਅੱਜ ਇਸ ਨੂੰ ਕਾਨੂੰਨ ਤੋੜਨ ਤੇ ਪ੍ਰਸ਼ਾਸਨ ਨੂੰ ਲਤਾੜਨ ਦਾ ਲਾਇਸੈਂਸ ਸਮਝਿਆ ਜਾਂਦਾ ਹੈ।

ਕਿਸੇ ਵੀ ਸਿਆਸੀ ਪਾਰਟੀ ਅਤੇ ਸਰਕਾਰ ਨੂੰ ਸਰਕਾਰੀ ਕਾਨੂੰਨਾਂ ਅਤੇ ਜਮਹੂਰੀ ਨਿਯਮਾਂ ਮੁਤਾਬਕ ਚਲਾਉਣਾ ਪੈਂਦਾ ਹੈ, ਪਰ ਨਾ ਤਾਂ ਅਕਾਲੀ ਦਲ ਅਤੇ ਨਾ ਹੀ ਇਸ ਦੀ ਅਗਵਾਈ ਵਾਲੀ ਸਰਕਾਰ ਆਪਣਾ ਲੋਟ ਲਾਉਣ ਲਈ ਕਾਨੂੰਨ ਦੀ ਕੁੱਕੜ ਵਾਂਗ ਧੌਣ ਮਰੋੜਨ ਤੋਂ ਝਿਜਕਦੀ ਹੈ। ਜਦੋਂ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵਰਗੇ ਸਿਖ਼ਰਲੇ ਆਗੂ ਹੀ ਧੌਂਸਵਾਦੀ ਸਿਆਸਤ ਕਰਨਗੇ ਤਾਂ ਪਾਰਟੀ ਵਰਕਰਾਂ ਦੇ ਨਿਮਰ, ਬੀਬੇ ਤੇ ਸੁਹਜਮਈ ਬਣਨ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ?

ਇੱਕ ਦੌਰ ਸੀ ਜਦੋਂ ਪਿੰਡਾਂ ਦੇ ਲੋਕਾਂ, ਖ਼ਾਸ ਤੌਰ 'ਤੇ ਅੰਮ੍ਰਿਤਧਾਰੀ ਸਿੱਖਾਂ ਵਿਚ ਅਕਾਲੀ ਦਲ ਦਾ ਵਿਸ਼ੇਸ਼ ਸਨਮਾਨ ਅਤੇ ਰੁਤਬਾ ਹੁੰਦਾ ਸੀ। ਸੰਤ ਕਰਤਾਰ ਸਿੰਘ ਦੇ ਪ੍ਰਭਾਵ ਕਾਰਨ ਖੇਮਕਰਨ-ਪੱਟੀ-ਖਡੂਰ ਸਾਹਿਬ-ਤਰਨ ਤਾਰਨ ਸਿੱਖੀ ਆਨ-ਬਾਨ ਦੇ ਇਸ ਕਿਸਮ ਦੇ ਗੜ੍ਹ ਸਨ ਕਿ ਅਕਾਲੀ ਉਮੀਦਵਾਰ ਹਰ ਚੋਣ ਸਹਿਜੇ ਹੀ ਜਿੱਤ ਜਾਂਦੇ ਸਨ। ਉਦੋਂ ਦੇ ਜਥੇਦਾਰ ਅੱਜ ਵਾਲਿਆਂ ਨਾਲੋਂ ਘੱਟ ਸ਼ਾਤਿਰ ਅਤੇ ਘੱਟ ਹਿਸਾਬੀ ਹੁੰਦੇ ਸਨ, ਪਰ ਉਹ ਕਿਰਦਾਰ ਅਤੇ ਮਰਿਆਦਾ ਦਾ ਮਿਆਰ ਹਰ ਹਾਲ ਕਾਇਮ ਰੱਖਦੇ ਸਨ।

ਹਾਲੀਆ ਕੁਝ ਸਾਲਾਂ ਦੌਰਾਨ ਅਕਾਲੀ ਦਲ ਵਿਚ ਨੈਤਿਕ ਨਿਘਾਰ ਆਇਆ ਹੈ, ਜੋ ਇਸ ਦੇ ਸਰਕਾਰ ਚਲਾਉਣ ਦੇ ਕੰਮ ਢੰਗ ਵਿਚੋਂ ਵੀ ਸਪਸ਼ਟ ਝਲਕ ਰਿਹਾ ਹੈ। ਗਰਾਂਟਾਂ ਦੇ ਰਾਹ ਮੋੜੇ ਜਾ ਰਹੇ ਹਨ, ਆਰਥਿਕ ਅੰਕੜੇ ਤੋੜ-ਮਰੋੜ ਕੇ ਪੇਸ਼ ਕੀਤੇ ਜਾ ਰਹੇ ਹਨ ਅਤੇ 'ਕੈਗ' ਦੀ ਨਜ਼ਰਸਾਨੀ ਦੇ ਘੇਰੇ ਵਿਚੋਂ ਬਹੁਤ ਸਾਰੇ ਫੰਡ ਕੱਢ ਕੇ ਜਨਤਕ ਪੈਸਾ ਸਿਆਸੀ ਬਖਸ਼ੀਸ਼ ਵਾਂਗ ਵੰਡਿਆ ਗਿਆ ਹੈ। ਟੈਕਸ ਲੱਦ ਲੱਦ ਕੇ ਲੋਕਾਂ ਦੇ ਕੁੱਬ ਪਾ ਦਿੱਤੇ ਗਏ ਹਨ ਤੇ ਪੰਜਾਬ ਕਰਜ਼ੇ ਨਾਲ ਦੱਬ ਦਿੱਤਾ ਤਾਂ ਜੋ ਬਾਦਲ ਮੁਫ਼ਤ ਆਟਾ-ਦਾਲ, ਮੁਫ਼ਤ ਬਿਜਲੀ ਅਤੇ ਮੁਫ਼ਤ ਧਾਰਮਿਕ ਯਾਤਰਾ ਆਦਿ ਸਕੀਮਾਂ ਦੇ ਸਹਾਰੇ ਚੋਣਾਂ ਜਿੱਤ ਸਕਣ। ਯਾਦਗਾਰਾਂ ਉਸਾਰੀਆਂ ਜਾ ਰਹੀਆਂ ਹਨ ਜਦੋਂਕਿ ਸਕੂਲਾਂ ਅਤੇ ਹਸਪਤਾਲਾਂ ਦੀਆਂ ਇਮਾਰਤਾਂ ਡਿੱਗੂੰ ਡਿੱਗੂੰ ਕਰ ਰਹੀਆਂ ਹਨ।

ਅਜਿਹੀ ਬਦਹਕੂਮਤੀ ਕਾਰਨ ਅਕਾਲੀ ਲੀਡਰਸ਼ਿਪ ਆਮ ਪੇਂਡੂ ਤਬਕੇ ਦੀਆਂ ਹੀ ਨਹੀਂ, ਬਲਕਿ ਅੰਮ੍ਰਿਤਧਾਰੀ ਸਿੱਖਾਂ ਦੀਆਂ ਨਜ਼ਰਾਂ ਵਿਚੋਂ ਵੀ ਡਿੱਗ ਗਈ ਹੈ। ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਪੁਲਿਸ ਅਫ਼ਸਰਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਜਾਣੀ ਅਤੇ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਦੀ ਜਾਣੇ-ਪਛਾਣੇ ਹਮਲਾਵਰ ਖ਼ਿਲਾਫ਼ ਸ਼ਿਕਾਇਤ ਨੂੰ ਅਣਗੌਲਿਆ ਕੀਤੇ ਜਾਣ ਨਾਲ ਸਰਕਾਰ ਚਲਾਉਣ ਦੇ ਅਕਾਲੀ ਵਿਧੀ-ਵਿਧਾਨ ਬਾਰੇ ਸਾਰੇ ਭਰਮ ਦੂਰ ਹੋ ਗਏ ਹਨ।

3 ਜੂਨ 2016 ਨੂੰ ਅਰਦਾਸੀਏ ਬਲਬੀਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਓ ਦੇਣ ਤੋਂ ਕੋਰਾ ਜਵਾਬ ਦੇ ਦਿੱਤਾ। ਬਾਦਲ ਨੇ ਇਸ ਘਟਨਾ ਨੂੰ ਭਾਵੇਂ ਆਈ-ਗਈ ਕਰ ਦਿੱਤਾ, ਪਰ ਇਹ ਸਿੱਖ ਹਿਰਦਿਆਂ ਵਿਚਲੇ ਰੋਸ ਦਾ ਸੰਕੇਤ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਲਬੀਰ ਸਿੰਘ ਨੂੰ ਮੁਆਫ਼ ਨਹੀਂ ਕੀਤਾ, ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ, ਪਰ ਲੋਕਾਂ ਨੇ ਉਸ ਨੂੰ ਹੱਥਾਂ ਉਤੇ ਚੁੱਕ ਲਿਆ। ਲੋਕਾਂ ਨੇ ਇਸ ਕਾਜ ਲਈ ਉਸ ਦਾ ਸਨਮਾਨ ਕੀਤਾ ਅਤੇ ਉਸ ਲਈ ਮਾਇਆ ਵੀ ਇਕੱਤਰ ਕੀਤੀ।

*ਭਾਈ-ਭਤੀਜਾਵਾਦ, ਪਰਿਵਾਰਵਾਦ, ਅਕਾਲੀ ਦਲ ਦਾ ਅਪਰਾਧੀਕਰਨ, ਕਾਨੂੰਨ ਨੂੰ ਖੋਰਾ, ਮਾੜਾ ਸ਼ਾਸਨ ਅਤੇ ਸੰਸਥਾਵਾਂ ਦਾ ਨਿਘਾਰ- ਉਹ ਸਭ ਕੁਝ ਹੈ, ਜੋ ਪ੍ਰਕਾਸ਼ ਸਿੰਘ ਬਾਦਲ ਆਪਣੀ ਵਿਰਾਸਤ ਦੇ ਰੂਪ ਵਿਚ ਪਿੱਛੇ ਛੱਡ ਕੇ ਜਾਏਗਾ। ਬਾਦਲ ਪਰਜਾਤੰਤਰਵਾਦੀ ਜਾਂ ਯੋਗਤਾ ਦਾ ਸਤਿਕਾਰ ਕਰਨ ਵਾਲਾ ਆਗੂ ਨਹੀਂ। ਜੇ ਉਸ ਨੇ ਸ਼੍ਰੋਮਣੀ ਕਮੇਟੀ ਵਿਚ ਜਮਹੂਰੀਅਤ ਨੂੰ ਵਿਗਸਣ ਦਿੱਤਾ ਹੁੰਦਾ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਹੋਰ ਨਿਯੁਕਤੀਆਂ ਯੋਗਤਾ ਮੁਤਾਬਕ ਹੋਣ ਦਿੱਤੀਆਂ ਹੁੰਦੀਆਂ ਤਾਂ ਪੰਜਾਬੀਆਂ ਅੰਦਰਲੀ ਬੇਚੈਨੀ ਹੁਣ ਵਾਲੀ ਹੱਦ ਵਾਲੀ ਨਹੀਂ ਸੀ ਹੋਣੀ। ਉਸ ਦੇ 'ਕਾਬੂ ਕਰੋ ਅਤੇ ਰਾਜ ਕਰੋ' ਦੀ ਸਿਆਸਤ ਅਤੇ ਕੁਸ਼ਾਸਨ ਨੇ ਨਾ ਸਿਰਫ਼ ਪੰਜਾਬ ਨੂੰ ਗ਼ਰੀਬ ਬਣਾਇਆ, ਸਗੋਂ ਵੰਡੀਆਂ ਪਾ ਕੇ ਸਿੱਖਾਂ ਨੂੰ ਵੀ ਕਮਜ਼ੋਰ ਕੀਤਾ ਹੈ।*

ਅਕਾਲੀ ਦਲ ਦੇ ਅਪਰਾਧੀਕਰਨ ਤੇ ਇਸ ਉਪਰ ਹੁੱਲੜਬਾਜ਼ ਅਨਸਰਾਂ ਦੇ ਭਾਰੂ ਹੋਣ ਦਾ ਅਮਲ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਸ਼ੁਰੂ ਹੋਇਆ। ਕਿਸੇ ਵੀ ਕੀਮਤ ਉਤੇ ਚੋਣਾਂ ਜਿੱਤਣਾ ਉਸ ਦਾ ਇਕਲੌਤਾ ਮਕਸਦ ਸੀ ਅਤੇ ਉਸ ਨੇ ਆਪਣੇ ਇਸ ਕਾਰਜ ਨੂੰ ਐਨੀ ਸੰਜੀਦਗੀ ਨਾਲ ਲਿਆ ਕਿ ਨਾਸਤਿਕਾਂ, ਕਾਨੂੰਨ ਨੂੰ ਟਿੱਚ ਜਾਣਨ ਵਾਲਿਆਂ, ਨਸ਼ੇੜੀਆਂ ਅਤੇ ਇਥੋਂ ਤਕ ਕਿ ਮੁਜਰਮਾਂ ਲਈ ਵੀ ਪਾਰਟੀ ਦੇ ਦਰ ਖੋਲ੍ਹ ਦਿੱਤੇ। ਪਾਰਟੀ ਦੇ ਯੂਥ ਵਿੰਗ ਵਿਚ ਵਿਗੜੈਲ ਤੇ ਨੀਮ-ਵਿਗੜੈਲ ਕਾਕੇ ਭਰਤੀ ਕੀਤੇ ਗਏ ਜਿਹੜੇ ਆਪਣੀਆਂ ਅਭੱਦਰ ਹਰਕਤਾਂ ਨਾਲ ਲਗਾਤਾਰ ਪਾਰਟੀ ਲੀਡਰਸ਼ਿਪ ਲਈ ਨਮੋਸ਼ੀ ਦਾ ਕਾਰਨ ਬਣਦੇ ਆ ਰਹੇ ਹਨ। ਸੌੜੀ ਸੋਚ ਤੇ ਸੌੜੀ ਮੁਰਾਦ ਵਾਲੇ ਲੀਡਰਾਂ ਨੂੰ ਹਲਕਾ ਇੰਚਾਰਜ ਲਾ ਕੇ ਅਤੇ ਥਾਣਿਆਂ ਦੇ ਐਸ.ਐਚ.ਓਜ਼ ਦਾ 'ਵਸ਼ੀਕਰਨ' ਕਰ ਕੇ ਪੁਲਿਸ-ਤੰਤਰ ਦਾ ਨਾ ਸਿਰਫ਼ ਨਾਸ ਮਾਰ ਦਿੱਤਾ, ਸਗੋਂ ਕਾਨੂੰਨੀ ਹੱਕਾਂ ਦੀ ਗੱਲ ਕਰਨ ਵਾਲੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਅਪਰਾਧ ਅਤੇ ਭ੍ਰਿਸ਼ਟਾਚਾਰ ਅੱਜ ਚੁਫੇਰੇ ਪ੍ਰਧਾਨ ਹੋ ਗਿਆ ਹੈ।

6 ਦਸੰਬਰ 2012 ਨੂੰ ਅਕਾਲੀ ਦਲ ਦੇ ਅਪਰਾਧੀਕਰਨ ਦੀ ਇੱਕ ਤਸਵੀਰ ਉਘੜ ਕੇ ਸਾਹਮਣੇ ਆਈ ਜਦੋਂ ਇੱਕ ਅਕਾਲੀ ਆਗੂ ਨੇ ਅੰਮ੍ਰਿਤਸਰ ਵਿਚ ਸਰ੍ਹੇਬਾਜ਼ਾਰ, ਏ.ਐਸ.ਆਈ. ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਇਹ ਏ.ਐਸ.ਆਈ. ਆਪਣੀ ਧੀ ਦੀ ਆਬਰੂ ਲਈ ਇਸ ਭੂਸਰੇ ਆਗੂ ਨਾਲ ਆਢਾ ਲੈ ਬੈਠਾ ਸੀ। ਇਸ ਤੋਂ ਬਾਅਦ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਤੁੜ ਵਿਚ ਸਾਬਕਾ ਅਕਾਲੀ ਸਰਪੰਚ ਨੇ 13 ਸਾਲਾ ਕੁੜੀ ਨੂੰ ਅਗਵਾ ਕੀਤਾ ਅਤੇ ਉਸ ਨੂੰ ਨਿਰਵਸਤਰ ਕਰ ਕੇ ਪਿੰਡ ਵਿਚ ਘੁੰਮਾਇਆ, ਪਰ ਜਿਵੇਂ ਹੁੰਦਾ ਹੀ ਆ ਰਿਹਾ ਹੈ, ਪੁਲਿਸ ਨੇ ਮੁਲਜ਼ਮ ਦਾ ਹੀ ਪੱਖ ਪੂਰਿਆ।

ਜਿਥੇ ਅਹਿਮ ਕੁਰਸੀਆਂ ਮੱਲੀ ਬੈਠੇ ਗ਼ੈਰ-ਬਾਦਲ ਪਰਿਵਾਰ, ਆਪਣੀ ਅਣਖ ਵੇਚ-ਵੱਟ ਕੇ ਖਾ ਗਏ ਹਨ ਅਤੇ ਮੇਵਾ ਖਾਣ ਵਾਸਤੇ ਉਨ੍ਹਾਂ ਨੂੰ ਜਿਥੇ ਰੱਖਿਆ ਜਾ ਰਿਹਾ ਹੈ, ਉਥੇ ਭਾਣਾ ਮੰਨ ਕੇ ਬੈਠ ਗਏ ਹਨ, ਉਥੇ ਪਰਗਟ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਕੁਝ ਕੁਸਕੇ ਤਾਂ ਜ਼ਰੂਰ ਹਨ, ਭਾਵੇਂ ਦੇਰ ਨਾਲ ਹੀ ਸਹੀ। ਬਾਦਲਾਂ ਨੇ ਆਪਣੇ ਦੁਆਲੇ ਖ਼ੁਦਗਰਜ਼ਾਂ ਅਤੇ ਖ਼ੁਦ-ਅਭਿਲਾਖੀਆਂ ਦੀ ਫ਼ੌਜ ਖੜ੍ਹੀ ਕਰ ਰੱਖੀ ਹੈ। ਉਹ ਮੁਖੋਂ ਉਹੀ ਉਚਾਰਦੇ ਹਨ, ਜੋ ਮਾਲਕ ਸੁਣਨਾ ਚਾਹੁੰਦੇ ਹਨ।

ਭਾਈ-ਭਤੀਜਾਵਾਦ, ਪਰਿਵਾਰਵਾਦ, ਅਕਾਲੀ ਦਲ ਦਾ ਅਪਰਾਧੀਕਰਨ, ਕਾਨੂੰਨ ਨੂੰ ਖੋਰਾ, ਮਾੜਾ ਸ਼ਾਸਨ ਅਤੇ ਸੰਸਥਾਵਾਂ ਦਾ ਨਿਘਾਰ- ਉਹ ਸਭ ਕੁਝ ਹੈ, ਜੋ ਪ੍ਰਕਾਸ਼ ਸਿੰਘ ਬਾਦਲ ਆਪਣੀ ਵਿਰਾਸਤ ਦੇ ਰੂਪ ਵਿਚ ਪਿੱਛੇ ਛੱਡ ਕੇ ਜਾਏਗਾ। ਬਾਦਲ ਪਰਜਾਤੰਤਰਵਾਦੀ ਜਾਂ ਯੋਗਤਾ ਦਾ ਸਤਿਕਾਰ ਕਰਨ ਵਾਲਾ ਆਗੂ ਨਹੀਂ ਹੈ। ਜੇ ਉਸ ਨੇ ਸ਼੍ਰੋਮਣੀ ਕਮੇਟੀ ਵਿਚ ਜਮਹੂਰੀਅਤ ਨੂੰ ਵਿਗਸਣ ਦਿੱਤਾ ਹੁੰਦਾ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਹੋਰ ਨਿਯੁਕਤੀਆਂ ਯੋਗਤਾ ਮੁਤਾਬਕ ਹੋਣ ਦਿੱਤੀਆਂ ਹੁੰਦੀਆਂ ਤਾਂ ਪੰਜਾਬੀਆਂ ਅੰਦਰਲੀ ਬੇਚੈਨੀ ਹੁਣ ਵਾਲੀ ਹੱਦ ਵਾਲੀ ਨਹੀਂ ਸੀ ਹੋਣੀ। ਉਸ ਦੇ 'ਕਾਬੂ ਕਰੋ ਅਤੇ ਰਾਜ ਕਰੋ' ਦੀ ਸਿਆਸਤ ਅਤੇ ਕੁਸ਼ਾਸਨ ਨੇ ਨਾ ਸਿਰਫ਼ ਪੰਜਾਬ ਨੂੰ ਗ਼ਰੀਬ ਬਣਾਇਆ ਹੈ ਸਗੋਂ ਵੰਡੀਆਂ ਪਾ ਕੇ ਸਿੱਖਾਂ ਨੂੰ ਵੀ ਕਮਜ਼ੋਰ ਕੀਤਾ ਹੈ। -0-

# ਸ਼ਰਮੀਲਾ ਦਾ ਸੰਘਰਸ਼ ਤੇ ਅਫਸਪਾ ਬਾਰੇ ਸਵਾਲ

ਪੂਰੇ 5757 ਦਿਨ ਲੰਮੀ ਜੱਦੋਜਹਿਦ ਬਾਅਦ 9 ਅਗਸਤ ਨੂੰ ਮਨੀਪੁਰ ਦੀ 'ਲੋਹ ਮਹਿਲਾ' ਨੇ 'ਅਫਸਪਾ' ਖ਼ਿਲਾਫ਼ ਆਪਣਾ ਮਰਨ ਵਰਤ ਵਾਪਸ ਲੈ ਲਿਆ। ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾਉਣ ਦਾ ਅਹਿਦ ਲੈ ਕੇ ਇਰੋਮ ਸ਼ਰਮੀਲਾ ਨੇ 5 ਨਵੰਬਰ 2000 ਨੂੰ ਇਹ ਮਰਨ ਵਰਤ ਉਦੋਂ ਸ਼ੁਰੂ ਕੀਤਾ ਸੀ ਜਦੋਂ ਅਸਾਮ ਰਾਈਫ਼ਲਜ਼ ਨੇ ਮਨੀਪੁਰ ਦੇ ਮਲੋਮ ਕਸਬੇ ਦੇ ਬੱਸ ਅੱਡੇ ਉਪਰ ਬਸ ਦੀ ਇੰਤਜ਼ਾਰ ਕਰ ਰਹੇ 10 ਨਾਗਰਿਕਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਉਸ ਨੇ ਮੰਗ ਕੀਤੀ ਕਿ ਫ਼ੌਜ ਅਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਬੇਲਗਾਮ ਅਧਿਕਾਰ ਦੇਣ ਵਾਲਾ ਆਰਮਡ ਫੋਰਸ਼ਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਵਾਪਸ ਲਿਆ ਜਾਵੇ।

**ਬੂਟਾ ਸਿੰਘ**
ਫੋਨ: +91-94634-74342

ਉਸ ਦੀ ਮੰਗ ਸਮੁੱਚੇ ਉਤਰ-ਪੂਰਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਸੀ ਜਿਥੇ 1958 ਤੋਂ ਲੈ ਕੇ ਇਹ ਖ਼ਾਸ ਕਾਨੂੰਨ ਲਾਗੂ ਹੈ (ਮਈ 2015 ਵਿਚ ਇਹ ਸਿਰਫ਼ ਤ੍ਰਿਪੁਰਾ ਵਿਚੋਂ ਵਾਪਸ ਲਿਆ ਗਿਆ)। ਇਸੇ ਤਰ੍ਹਾਂ ਜੰਮੂ ਕਸ਼ਮੀਰ ਦੇ ਆਵਾਮ ਢਾਈ ਦਹਾਕੇ ਤੋਂ ਇਸ ਦਾ ਸੰਤਾਪ ਹੰਢਾਅ ਰਹੇ ਹਨ। ਅਣਐਲਾਨੇ ਤੌਰ 'ਤੇ ਮਾਓਵਾਦੀ ਰਸੂਖ਼ ਵਾਲੇ ਇਲਾਕਿਆਂ ਵਿਚ ਵੀ ਇਹੀ ਹਾਲਾਤ ਹਨ। ਪੰਜਾਬ ਵਰਗੇ ਜਿਹੜੇ 'ਗੜਬੜ ਗ੍ਰਸਤ' ਖੇਤਰ ਫ਼ੌਜੀ ਰਾਜ ਦੇ ਅਧੀਨ ਰਹੇ ਹਨ, ਉਥੋਂ ਦੇ ਬਾਸ਼ਿੰਦੇ ਉਤਰ-ਪੂਰਬ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਦਾ ਦਰਦ ਸਹਿਜੇ ਹੀ ਸਮਝ ਸਕਦੇ ਹਨ।

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੇ ਦਾਅਵੇਦਾਰ, ਹਿੰਦੁਸਤਾਨੀ ਹੁਕਮਰਾਨਾਂ ਨੇ ਬੇਸ਼ਕ, ਮਨੁੱਖੀ ਹੱਕਾਂ ਦੀ ਪਾਲਣਾ ਦੇ ਪਾਬੰਦ ਹੋਣ ਬਾਬਤ ਬਹੁਤ ਸਾਰੇ ਕੌਮਾਂਤਰੀ ਸਮਝੌਤਿਆਂ 'ਤੇ ਸਹੀ ਪਾਈ ਹੋਈ ਹੈ (ਜਿਵੇਂ ਯੂਨੀਵਰਸਲ ਡੈਕਲਾਰੇਸ਼ਨ ਆਫ ਹਿਊਮੈਨ ਰਾਈਟਸ, ਇੰਟਰਨੈਸ਼ਨਲ ਕਵਨੈਂਟ ਆਨ ਸਿਵਲ ਐਂਡ ਪੁਲੀਟੀਕਲ ਰਾਈਟਸ, ਦਿ ਕਨਵੈਨਸ਼ਨ ਅਗੇਂਸਟ ਟਾਰਚਰ, ਦਿ ਯੂ.ਐਨ. ਕੋਡ ਆਫ ਕਨਡਕਟ ਫਾਰ ਲਾਅ ਇਨਫੋਰਸਮੈਂਟ ਆਫ਼ੀਸ਼ੀਅਲਜ਼, ਦਿ ਯੂ.ਐਨ ਬਾਡੀ ਆਫ ਪ੍ਰਿੰਸੀਪਲਜ਼ ਫਾਰ ਪ੍ਰੋਟੈਕਸ਼ਨ ਆਫ ਆਲ ਪਰਸਨਜ਼ ਅੰਡਰ ਐਨੀ ਫਾਰਮ ਆਫ ਡਿਟੈਂਸ਼ਨ ਅਤੇ ਦਿ ਯੂ.ਐਨ ਪ੍ਰਿੰਸੀਪਲਜ਼ ਆਨ ਇਫੈਕਟਿਵ ਪ੍ਰੀਵੈਨਸ਼ਨ ਐਂਡ ਇਨਵੈਸਟੀਗੇਸ਼ਨ ਆਫ ਐਕਸਟ੍ਰਾ-ਲੀਗਲ ਐਂਡ ਸਮਰੀ ਐਗਜ਼ੀਕਿਊਸ਼ਨਜ਼ ਆਦਿ), ਪਰ ਇਹ ਵਚਨ ਮਹਿਜ਼ ਕਾਗਜ਼ਾਂ ਦਾ ਸ਼ਿੰਗਾਰ ਹਨ। ਦਰਅਸਲ, ਹਿੰਦੁਸਤਾਨ ਮਨੁੱਖੀ ਹੱਕਾਂ ਦਾ ਦਰਿੰਦਗੀ ਨਾਲ ਘਾਣ ਕਰਨ ਵਾਲੇ ਦੁਨੀਆ ਦੇ ਸਿਰਕੱਢ ਸਟੇਟਾਂ ਵਿਚੋਂ ਇਕ ਹੈ। ਅਦਾਲਤੀ ਪ੍ਰਬੰਧ ਦੀ ਜ਼ਿਹਨੀਅਤ ਵੀ ਲਗਭਗ ਇਸੇ ਤਰ੍ਹਾਂ ਦੀ ਹੈ।

ਮੁਢਲਾ 'ਅਫਸਪਾ' ਕਾਨੂੰਨ ਸੂਬਾ ਸਰਕਾਰਾਂ ਨੂੰ ਕਿਸੇ ਵੀ ਇਲਾਕੇ ਨੂੰ 'ਗੜਬੜ ਗ੍ਰਸਤ' ਕਰਾਰ ਦੇ ਕੇ ਉਥੇ ਫ਼ੌਜ ਲਾਉਣ ਦਾ ਅਧਿਕਾਰ ਦਿੰਦਾ ਸੀ, ਪਰ 1972 ਵਿਚ ਇਕ ਖ਼ਾਸ ਤਰਮੀਮ ਦੁਆਰਾ ਇਸ ਨੂੰ ਹੋਰ ਤਾਨਾਸ਼ਾਹ ਬਣਾਉਂਦੇ ਹੋਏ ਮਨਮਾਨੀਆਂ ਦਾ ਇਹ ਅਧਿਕਾਰ ਕੇਂਦਰ ਸਰਕਾਰ ਨੇ ਆਪਣੇ ਹੱਥ ਲੈ ਲਿਆ; ਕਿਉਂਕਿ ਇਹ ਸਥਾਪਤੀ ਤੋਂ ਆਵਾਮ ਦੀ ਬੇਚੈਨੀ ਨੂੰ 'ਅਮਨ-ਕਾਨੂੰਨ' ਦਾ ਮਸਲਾ ਕਹਿ ਕੇ ਮੌਜ ਨਾਲ ਹੀ ਕੁਚਲ ਦੇਣ ਦੀ ਸੱਤਾਧਾਰੀ ਜਮਾਤ ਦੀ ਜ਼ਿਹਨੀਅਤ ਨੂੰ ਬਾਖ਼ੂਬੀ ਰਾਸ ਆਉਂਦਾ ਸੀ। ਇਹ ਕਾਨੂੰਨ ਹਕੂਮਤ ਨੂੰ ਆਵਾਮ ਦੀ ਕਿਸੇ ਵੀ ਜਾਇਜ਼ ਜੱਦੋਜਹਿਦ ਨੂੰ ਕੁਚਲਣ ਦੇ ਬੇਅੰਤ ਅਖ਼ਤਿਆਰ ਦਿੰਦਾ ਹੈ। ਅਫਸਪਾ ਨੂੰ ਸਿਵਲ ਅਥਾਰਟੀ ਦੀ "ਮਦਦ ਕਰਨ ਲਈ" ਲਾਗੂ ਕੀਤਾ ਜਾਂਦਾ ਹੈ, ਪਰ ਹਕੀਕਤ ਵਿਚ ਸਮੁੱਚਾ ਜਨ-ਜੀਵਨ ਅਣਮਿਥੇ ਵਕਤ ਲਈ ਫ਼ੌਜ ਦੇ ਰਹਿਮੋ-ਕਰਮ 'ਤੇ ਹੋ ਜਾਂਦਾ ਹੈ। ਇਸ ਦੇ ਲਾਗੂ ਰਹਿਣ ਦੀ ਕੋਈ ਮਿਆਦ ਨਹੀਂ ਹੈ, ਇਸ ਦੀ ਵਾਪਸੀ ਸੱਤਾਧਾਰੀਆਂ ਦੀ ਮਰਜ਼ੀ 'ਤੇ ਨਿਰਭਰ ਹੈ।

ਅਫਸਪਾ ਫ਼ੌਜੀ ਅਫਸਰਾਂ ਨੂੰ ਬਿਨਾ ਵਾਰੰਟ ਕਿਸੇ ਵੀ ਬੰਦੇ ਨੂੰ ਮਹਿਜ਼ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰਨ, ਤਸੀਹੇ ਦੇਣ, ਗੋਲੀ ਮਾਰਨ, ਕਿਸੇ ਦੇ ਘਰ ਵਿਚ ਜਾ ਘੁਸਣ, ਜਾਇਦਾਦ ਨੂੰ ਤਬਾਹ ਕਰਨ ਸਮੇਤ ਬੇਸ਼ੁਮਾਰ ਵਸੀਹ ਅਧਿਕਾਰ ਦਿੰਦਾ ਹੈ। ਫ਼ੌਜ ਕੋਈ ਵੀ ਜੁਰਮ ਕਰੇ, ਉਨ੍ਹਾਂ ਦੀ ਕੋਈ ਜਵਾਬ-ਤਲਬੀ ਨਹੀਂ ਹੋਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਗ਼ੈਰ ਕਿਸੇ ਵੀ ਫ਼ੌਜੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਸੰਭਵ ਨਹੀਂ। ਇਨ੍ਹਾਂ ਬੇਲਗਾਮ ਅਧਿਕਾਰਾਂ ਨਾਲ ਲੈਸ ਹਿੰਦੁਸਤਾਨੀ ਫ਼ੌਜ 'ਗੜਬੜ ਗ੍ਰਸਤ' ਖੇਤਰਾਂ ਵਿਚ ਦਹਾਕਿਆਂ ਤੋਂ ਮਨਮਾਨੀਆਂ ਕਰ ਰਹੀ ਹੈ। ਉਤਰ-ਪੂਰਬ ਦੀਆਂ ਸੱਤ ਰਿਆਸਤਾਂ ਹਨ, ਭਾਵੇਂ ਜੰਮੂ ਕਸ਼ਮੀਰ, ਹੁਕਮਰਾਨਾਂ ਦੇ ਇਸ਼ਾਰੇ 'ਤੇ ਫ਼ੌਜ ਵਲੋਂ ਉਥੋਂ ਦੇ ਸਮਾਜਾਂ ਨੂੰ ਦਹਾਕਿਆਂ ਤੋਂ ਫ਼ੌਜੀ ਬੂਟਾਂ ਹੇਠ ਕੁਚਲਿਆ ਜਾ ਰਿਹਾ ਹੈ। ਮਨੁੱਖੀ ਹੱਕਾਂ ਦੇ ਘਾਣ ਦੇ ਕਲੰਕ ਨੂੰ ਫਿੱਕਾ ਪਾਉਣ ਲਈ ਬਣਾਏ ਗਏ ਕੌਮੀ ਤੇ ਸੂਬਾਈ ਮਨੁੱਖੀ ਅਧਿਕਾਰ ਕਮਿਸ਼ਨ ਇਥੇ ਉਕਾ ਹੀ ਬੇਮਾਅਨੇ ਹਨ। ਇਸੇ ਕਰ ਕੇ ਅਫਸਪਾ ਹੇਠ ਪਿਸ ਰਹੇ ਆਵਾਮ ਐਨਾ ਜ਼ੋਖ਼ਮ ਲੈ ਕੇ ਇਸ ਜ਼ਾਲਮ ਕਾਨੂੰਨ ਨੂੰ ਵਾਪਸ ਕਰਾਉਣ ਲਈ ਲੜ ਰਹੇ ਹਨ।

ਸੰਵੇਦਨਸ਼ੀਲ ਕਵਿਤਰੀ ਅਤੇ ਕਾਰਕੁਨ ਇਰੋਮ ਚਾਨੂ ਸ਼ਰਮੀਲਾ ਨੇ ਅਫਸਪਾ ਨਾਲ ਕੁਚਲੇ ਜਾ ਰਹੇ ਆਵਾਮ ਦੀਆਂ ਭਾਵਨਾਵਾਂ ਨੂੰ ਜ਼ੁਬਾਨ



*ਇਰੋਮ ਸ਼ਰਮੀਲਾ ਸ਼ਹਿਦ ਚੱਟ ਕੇ ਮਰਨ ਵਰਤ ਖਤਮ ਕਰਦੀ ਹੋਈ।*

ਦਿੰਦੇ ਹੋਏ ਹਿੰਦੁਸਤਾਨੀ ਸਟੇਟ ਨਾਲ ਟਕਰਾਉਣ ਦਾ ਫ਼ੈਸਲਾ ਕੀਤਾ। ਉਸ ਦਾ ਸੰਘਰਸ਼ ਮਹਿਜ਼ ਖਾਣਪੀਣ ਨੂੰ ਤਿਲਾਂਜਲੀ ਦੇਣ ਤਕ ਮਹਿਦੂਦ ਨਹੀਂ ਸੀ। ਉਸ ਨੂੰ ਖ਼ੁਦਕੁਸ਼ੀ ਦੇ ਯਤਨ ਦੇ ਇਲਜ਼ਾਮ ਤਹਿਤ ਵਾਰ-ਵਾਰ ਗ੍ਰਿਫ਼ਤਾਰ ਕਰ ਕੇ ਜ਼ਲੀਲ ਕੀਤਾ ਗਿਆ, ਖ਼ਤਰਨਾਕ ਮੁਜਰਿਮ ਵਾਂਗ ਸਮਾਜ ਨਾਲੋਂ ਅੱਡ ਕਰ ਕੇ, ਕੈਦ ਵਿਚ ਰੱਖ ਕੇ ਜ਼ਿਹਨੀ ਤਸੀਹੇ ਦਿੱਤੇ ਗਏ। ਇਨ੍ਹਾਂ ਤਮਾਮ ਮੁਸ਼ਕਿਲਾਂ ਦੇ ਬਾਵਜੂਦ ਉਸ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਉਸ ਵਲੋਂ ਅਫਸਪਾ ਬਾਰੇ ਗੱਲਬਾਤ ਦੀਆਂ ਅਪੀਲਾਂ ਦੀ ਕਿਸੇ ਸਰਕਾਰ ਵਲੋਂ ਕੋਈ ਪ੍ਰਵਾਹ ਨਹੀਂ ਕੀਤੀ ਗਈ। ਹੁਕਮਰਾਨਾਂ ਵਲੋਂ ਇਹ ਬੇਹਯਾ ਦਲੀਲ ਵੀ ਦਿੱਤੀ ਗਈ ਕਿ ਉਸ ਨਾਲ ਗੱਲਬਾਤ ਕਰਨ ਦਾ ਮਤਲਬ ਹੋਵੇਗਾ, ਰੂਪੋਸ਼ ਜਥੇਬੰਦੀਆਂ ਨੂੰ ਮਾਨਤਾ ਦੇਣਾ। ਇਥੇ ਪਾਕਿਸਤਾਨ ਜਾਂ ਆਈ.ਐਸ.ਆਈ. ਜਾਂ ਮਾਓਵਾਦੀਆਂ ਦਾ ਹੱਥ ਹੋਣ ਦਾ ਪੱਤਾ ਕੰਮ ਨਹੀਂ ਸੀ ਆ ਸਕਦਾ; ਲਿਹਾਜ਼ਾ, ਹੁਕਮਰਾਨਾਂ ਨੇ ਉਸ ਦੇ ਮਰਨ ਵਰਤ ਪਿੱਛੇ ਮਨੀਪੁਰੀ ਅਤਿਵਾਦੀਆਂ ਦਾ 'ਹੱਥ' ਈਜਾਦ ਕਰ ਲਿਆ। ਕਿੰਨੀ ਅਜੀਬ ਗੱਲ ਹੈ ਕਿ ਨਾਗਾਲੈਂਡ ਦੀਆਂ ਰੂਪੋਸ਼ ਹਥਿਆਰਬੰਦ ਜਥੇਬੰਦੀਆਂ ਨਾਲ ਤਾਂ ਹਿੰਦੁਸਤਾਨੀ ਹਕੂਮਤ ਦੀ ਸਾਲਾਂ ਬੱਧੀ ਗੱਲਬਾਤ ਚੱਲ ਸਕਦੀ ਹੈ, ਪਰ ਪੁਰਅਮਨ ਸੰਘਰਸ਼ ਜ਼ਰੀਏ ਅਫਸਪਾ ਵਾਪਸ ਲੈਣ ਦੀ ਮੰਗ ਕਰ ਰਹੀ ਇਰੋਮ ਨਾਲ ਗੱਲਬਾਤ ਹੁਕਮਰਾਨਾਂ ਨੂੰ ਗਵਾਰਾ ਨਹੀਂ!

ਮਨੀਪੁਰ ਦੇ ਲੋਕਾਂ ਅਤੇ ਮਨੁੱਖੀ ਤੇ ਜਮਹੂਰੀ ਹੱਕਾਂ ਲਈ ਸੰਘਰਸ਼ਸ਼ੀਲ ਸੰਸਥਾਵਾਂ ਨੂੰ ਛੱਡ ਕੇ ਸਮਾਜ ਦੇ ਹੋਰ ਹਿੱਸਿਆਂ ਨੂੰ ਜਿਵੇਂ ਉਸ ਦੇ ਸੰਘਰਸ਼ ਨਾਲ ਇਕਮੁੱਠਤਾ ਦਿਖਾਉਣ ਲਈ ਅੱਗੇ ਆਉਣਾ ਚਾਹੀਦਾ ਸੀ, ਉਨ੍ਹਾਂ ਵਲੋਂ ਐਸੀ ਗੰਭੀਰਤਾ ਨਹੀਂ ਦਿਖਾਈ ਗਈ। ਇਸ ਕਰ ਕੇ ਇਰੋਮ ਦੇ ਸੰਘਰਸ਼ ਦਾ ਹਿੰਦੁਸਤਾਨੀ ਸਟੇਟ ਦੇ ਫਾਸ਼ੀਵਾਦੀ ਰਵੱਈਏ ਉਪਰ ਭੋਰਾ ਵੀ ਅਸਰ ਨਹੀਂ ਹੋਇਆ। ਸਟੇਟ ਅੱਜ ਵੀ ਫ਼ੌਜ ਨੂੰ ਜੂਝ ਰਹੇ ਆਵਾਮ ਉਪਰ ਹੋਰ ਵੀ ਜ਼ਾਲਮ ਅਤੇ ਵਹਿਸ਼ੀ ਹਮਲੇ ਕਰਨ ਦੇ ਨਿਰਦੇਸ਼ ਦੇ ਰਿਹਾ ਹੈ, ਕਸ਼ਮੀਰ ਵਿਚ ਹਾਲੀਆ ਕਤਲੇਆਮ ਇਸ ਦੀ ਸਿਰਕੱਢ ਮਿਸਾਲ ਹੈ। ਇਕ ਸਮੇਂ ਇਰੋਮ ਸ਼ਰਮੀਲਾ ਨੂੰ ਵੀ ਅਹਿਸਾਸ ਹੋ ਗਿਆ ਕਿ ਹੁਕਮਰਾਨਾਂ ਉਪਰ ਉਸ ਦੇ ਸੰਘਰਸ਼ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਉਸ ਨੂੰ ਸੰਘਰਸ਼ ਦਾ ਕੋਈ ਹੋਰ ਰੂਪ ਅਖ਼ਤਿਆਰ ਕਰਨਾ ਚਾਹੀਦਾ ਹੈ। ਸ਼ਾਇਦ ਹੋਰ ਪ੍ਰੇਰਨਾਵਾਂ ਨੇ ਵੀ ਉਸ ਨੂੰ ਪ੍ਰਭਾਵਿਤ ਕੀਤਾ ਹੋਵੇਗਾ। ਨਿਸ਼ਚੇ ਹੀ ਮਰਨ ਵਰਤ ਵਾਪਸ ਲੈ ਕੇ ਚੋਣਾਂ ਲੜਨ ਦੇ ਉਸ ਦੇ ਫ਼ੈਸਲੇ ਨਾਲ ਬਹੁਤ ਸਾਰੇ ਲੋਕਾਂ ਨੂੰ ਮਾਯੂਸੀ ਹੋਵੇਗੀ ਜਿਨ੍ਹਾਂ ਲਈ ਉਹ ਅਡੋਲ ਸੰਘਰਸ਼ ਦਾ ਚਿੰਨ੍ਹ ਸੀ ਅਤੇ ਉਸ ਦੇ ਸੰਘਰਸ਼ ਤੋਂ ਜਿਨ੍ਹਾਂ ਨੂੰ ਉਮੀਦਾਂ ਸਨ।

ਇਰੋਮ ਦਾ ਅਫਸਪਾ ਵਿਰੁੱਧ ਮਰਨ ਵਰਤ ਵਾਲਾ ਸੰਘਰਸ਼ ਹੁਣ ਇਤਿਹਾਸ ਦਾ ਹਿੱਸਾ ਹੈ, ਭਵਿਖ ਵਿਚ ਉਸ ਦਾ ਸੰਘਰਸ਼ ਕਿਸ ਤਰ੍ਹਾਂ ਦਾ ਹੋਵੇਗਾ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ; ਪਰ ਉਸ ਦੇ ਹਾਲੀਆ ਫ਼ੈਸਲੇ ਨਾਲ ਉਸ ਦੇ ਡੇਢ ਦਹਾਕੇ ਲੰਮੇ ਬੇਮਿਸਾਲ ਅਡੋਲ ਸੰਘਰਸ਼ ਦੀ ਅਹਿਮੀਅਤ ਫਿੱਕੀ ਨਹੀਂ ਪੈਂਦੀ। ਉਸ ਦੀ ਭਵਿਖੀ ਰਣਨੀਤੀ ਅਤੇ ਸਿਆਸੀ ਝੁਕਾਵਾਂ ਨਾਲ ਅਸਹਿਮਤੀ ਹੋ ਸਕਦੀ ਹੈ, ਪਰ ਇਹ ਉਸ ਦਾ ਬੀਤੇ ਦਾ ਸ਼ਾਨਾਮੱਤਾ ਸੰਘਰਸ਼ ਸੀ ਜਿਸ ਨੇ ਅਫਸਪਾ ਦੀ ਵਾਪਸੀ ਦਾ ਸਵਾਲ ਉਠਾ ਕੇ ਹਿੰਦੁਸਤਾਨੀ ਸਟੇਟ ਨੂੰ ਬੇਨਕਾਬ ਕੀਤਾ। ਇਸ ਕਾਨੂੰਨ ਦੇ ਖ਼ਾਤਮੇ ਦੀ ਜ਼ਰੂਰਤ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਆਈ ਅਤੇ ਉਸ ਦੇ ਸੰਘਰਸ਼ ਨੇ ਕੁਲ ਆਲਮ ਦੇ ਇਨਸਾਫ਼ਪਸੰਦਾਂ ਦਾ ਧਿਆਨ ਇਸ ਮੁੱਦੇ ਵੱਲ ਖਿੱਚਿਆ। ਉਸ ਨੂੰ ਆਪਣੇ ਵਿਅਕਤੀਗਤ ਫ਼ੈਸਲੇ ਬਾਰੇ ਮੁੜ-ਨਜ਼ਰਸਾਨੀ ਕਰਨ ਦਾ ਪੂਰਾ ਹੱਕ ਹੈ। ਉਸ ਦੇ ਸੰਘਰਸ਼ ਦੇ ਭਵਿਖੀ ਰਸਤੇ ਨਾਲ ਬਾਕੀ ਇਨਸਾਫ਼ਪਸੰਦ ਲੋਕਾਂ ਦੇ ਮੱਤਭੇਦ ਹੋ ਸਕਦੇ ਹਨ, ਪਰ ਉਸ ਨੇ ਹੁਣ ਤਕ ਸੰਘਰਸ਼ ਅੰਦਰ ਜੋ ਅਡੋਲ ਨਿਹਚਾ ਤੇ ਦ੍ਰਿੜਤਾ ਦਿਖਾਈ ਹੈ, ਉਹ ਇਨਸਾਨੀਅਤ ਲਈ ਦਰਦ ਰੱਖਣ ਵਾਲੇ ਹਰ ਇਨਸਾਨ ਦੇ ਸਲਾਮ ਦੀ ਹੱਕਦਾਰ ਹੈ।

ਕਾਬਲੇਤਾਰੀਫ਼ ਹੁੰਦੇ ਹੋਏ ਵੀ ਇਸ ਤਰ੍ਹਾਂ ਦਾ ਵਿਅਕਤੀਗਤ ਸੰਘਰਸ਼, ਆਵਾਮ ਦੇ ਸਮੂਹਿਕ ਸੰਘਰਸ਼ ਦਾ ਬਦਲ ਨਹੀਂ ਹੋ ਸਕਦਾ ਜੋ ਜਬਰ ਦੀ ਮਸ਼ੀਨ ਦੇ ਰੂਪ ਵਿਚ ਜਥੇਬੰਦ ਰਾਜਾਂ ਦਾ ਮੂੰਹ ਮੋੜਨ ਲਈ ਜ਼ਰੂਰੀ ਹੈ। ਪੱਛਮ ਦੀਆਂ ਜਮਹੂਰੀਅਤਾਂ ਵਿਚ ਵੀ ਐਸੇ ਸੰਘਰਸ਼ ਦੀਆਂ ਸੀਮਤਾਈਆਂ ਸਾਬਤ ਹੋ ਚੁੱਕੀਆਂ ਹਨ। ਆਇਰਿਸ਼ ਰਿਪਬਲਿਕਨ ਆਰਮੀ ਦੇ ਜੁਝਾਰੂਆਂ ਵਲੋਂ 1981 ਵਿਚ ਬਰਤਾਨਵੀ ਜੇਲ੍ਹ ਪ੍ਰਬੰਧ ਵਿਰੁੱਧ ਸਹੂਲਤਾਂ ਦਾ ਹੱਕ ਲੈਣ ਲਈ ਮਰਨ ਵਰਤ ਰੱਖਿਆ ਗਿਆ। ਥੈਚਰ ਸਰਕਾਰ ਨੇ ਉਨ੍ਹਾਂ ਦੇ ਸੰਘਰਸ਼ ਨੂੰ ਨਜ਼ਰਅੰਦਾਜ਼ ਕਰੀ ਰੱਖਿਆ। 67 ਦਿਨ ਬਾਅਦ ਬੌਬੀ ਸੈਂਡਜ਼ ਅਤੇ ਫਿਰ ਉਸ ਦੇ ਹੋਰ ਸਾਥੀ ਸ਼ਹੀਦ ਹੋ ਗਏ, ਪਰ ਹਕੂਮਤ ਟੱਸ ਤੋਂ ਮੱਸ ਨਾ ਹੋਈ। ਬਾਕੀ ਭੁੱਖ ਹੜਤਾਲੀਆਂ ਨੇ ਮਰਨ ਵਰਤ ਵਾਪਸ ਲੈ ਲਿਆ, ਇਹ ਸੋਚ ਕੇ ਕਿ ਸੰਘਰਸ਼ ਦੇ ਹੋਰ ਢੰਗ ਉਨ੍ਹਾਂ ਨੇ ਉਦੇਸ਼ ਲਈ ਜ਼ਿਆਦਾ ਕਾਰਗਰ ਹੋ ਸਕਦੇ ਹਨ। ਬਰਤਾਨੀਆ ਦੇ ਮੁਕਾਬਲੇ ਹਿੰਦੁਸਤਾਨੀ ਸਟੇਟ ਦੀ ਫ਼ਿਤਰਤ ਤਾਂ ਖੁੱਲ੍ਹੇ ਤੌਰ 'ਤੇ ਫਾਸ਼ੀਵਾਦੀ ਹੈ, ਇਹ ਐਸੇ ਵਿਅਕਤੀਗਤ ਸੰਘਰਸ਼ਾਂ ਦੀ ਕਿਉਂ ਪ੍ਰਵਾਹ ਕਰੇਗੀ?

ਇਰੋਮ ਵਲੋਂ ਮਰਨ ਵਰਤ ਵਾਪਸ ਲੈਣ ਨਾਲ ਅਫਸਪਾ ਅਤੇ ਹੋਰ ਜ਼ਾਲਮ ਕਾਨੂੰਨਾਂ ਵਿਰੁੱਧ ਜੱਦੋਜਹਿਦ ਖ਼ਤਮ ਨਹੀਂ ਹੋਈ; ਸਗੋਂ ਜਿਸ ਵਕਤ ਇਹ ਫ਼ੈਸਲਾ ਕੀਤਾ ਗਿਆ, ਉਦੋਂ ਜੰਮੂ ਕਸ਼ਮੀਰ ਵਿਚ ਫ਼ੌਜ ਦੀਆਂ ਮਨਮਾਨੀਆਂ ਨੂੰ ਕਸ਼ਮੀਰੀ ਨੌਜਵਾਨ ਜਾਨਾਂ ਤਲੀ 'ਤੇ ਰੱਖ ਕੇ ਵੰਗਾਰ ਰਹੇ ਹਨ ਅਤੇ ਆਵਾਮੀ ਟਾਕਰੇ ਨੇ ਹਿੰਦੁਸਤਾਨੀ ਹੁਕਮਰਾਨਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਮਨੀਪੁਰ ਵਿਚ 1528 ਮੁਕਾਬਲਿਆਂ (ਸਾਰੇ ਨਹੀਂ) ਦੀ ਜਾਂਚ ਦੇ ਅਦਾਲਤੀ ਹੁਕਮ ਨਾਲ ਮਨੀਪੁਰੀ ਲੋਕਾਂ ਦੇ ਇਨਸਾਫ਼ ਲਈ ਸੰਘਰਸ਼ ਨੇ ਨਵਾਂ ਮੋੜ ਲੈ ਲਿਆ ਹੈ। ਇਹ ਉਮੀਦ ਕੀਤੀ ਹੀ ਜਾ ਸਕਦੀ ਹੈ ਕਿ ਨੇੜ ਭਵਿੱਖ ਵਿਚ ਅਫਸਪਾ ਅਤੇ ਹੋਰ ਜ਼ਾਲਮ ਕਾਨੂੰਨਾਂ ਖਿਲਾਫ ਆਵਾਮੀ ਸੰਘਰਸ਼ ਨਵੀਂਆਂ ਸ਼ਕਲਾਂ ਵਿਚ ਅਤੇ ਹੋਰ ਵੀ ਤਿੱਖੇ ਰੂਪ 'ਚ ਸਾਹਮਣੇ ਆਵੇਗਾ। -0-

# ਜੀ.ਐਸ.ਟੀ. ਅਤੇ ਫੈਡਰਲ ਢਾਂਚਾ

ਇਹ ਭਾਰਤੀ ਜਮਹੂਰੀਅਤ ਅਤੇ ਸੰਘੀ ਢਾਂਚੇ ਬਾਰੇ ਫ਼ਿਕਰਮੰਦੀ ਵਾਲੀ ਗੱਲ ਹੈ ਕਿ ਸੰਸਦ ਦੇ ਉਪਰਲੇ ਸਦਨ, ਭਾਵ ਰਾਜ ਸਭਾ ਵਿਚ ਜੀਐਸਟੀ (ਵਸਤਾਂ ਅਤੇ ਸੇਵਾਵਾਂ ਕਰ) ਬਿੱਲ ਦੇ ਪਾਸ ਹੋਣ ਨੂੰ ਦਿੱਲੀ ਕੇਂਦਰਿਤ ਮੀਡੀਆ ਬਹੁਤ ਵੱਡੇ ਜਸ਼ਨ ਦੀ ਘੜੀ ਵਜੋਂ ਪੇਸ਼ ਕਰਦਾ ਆ ਰਿਹਾ ਹੈ। ਇਸ ਜਸ਼ਨ ਨੂੰ ਉਭਰ ਰਹੀ ਕੌਮੀ ਸਹਿਮਤੀ ਅਤੇ ਭਾਰਤੀ ਸੰਸਦੀ ਸਿਆਸਤ ਵਿਚ ਵਿਰੋਧ ਦੀ ਸਿਆਸਤ ਦੀ ਸਮਾਪਤੀ ਦੇ ਸੰਭਾਵੀ ਆਗਾਜ਼ ਦੀ

**ਪ੍ਰੋ. ਪ੍ਰੀਤਮ ਸਿੰਘ**

ਭਾਸ਼ਾ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਮੈਂ ਇਸ ਸਹਿਮਤੀ ਨੂੰ ਫ਼ਿਕਰਮੰਦੀ ਵਾਲੀ ਗੱਲ ਸਮਝਦਾ ਹਾਂ, ਕਿਉਂਕਿ ਇਸ ਬਿੱਲ ਦਾ ਹੋਣਾ ਨਾ ਲੋਕਤੰਤਰ ਦੀ ਮਜ਼ਬੂਤੀ ਅਤੇ ਨਾ ਹੀ ਭਾਰਤ ਦੀ ਸੰਘਾਤਮਕ ਪ੍ਰਣਾਲੀ ਦੇ ਹਿੱਤ ਵਿਚ ਹੈ। ਭਾਜਪਾ ਦੇ ਇਸ ਕਦਮ ਦੀ ਕਾਂਗਰਸ ਵੱਲੋਂ ਹਮਾਇਤ ਅਤੇ ਖੱਬੀਆਂ ਤੇ ਤਕਰੀਬਨ ਸਾਰੀਆਂ ਖੇਤਰੀ ਪਾਰਟੀਆਂ ਵੱਲੋਂ ਇਸ ਨੂੰ ਨਰਮੀ ਨਾਲ ਸਵੀਕਾਰ ਕਰਨਾ ਆਰਥਿਕ ਅਤੇ ਸਿਆਸੀ ਸ਼ਕਤੀਆਂ ਦੇ ਕੇਂਦਰੀਕਰਨ ਦੀ ਦਿਸ਼ਾ ਵਿਚ ਇਕ ਹੋਰ ਵੱਡਾ ਕਦਮ ਹੈ।

1947 ਵਿਚ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਲੈ ਕੇ ਹੁਣ ਤੱਕ ਇੱਕ ਪਾਸੇ ਵਿਕੇਂਦਰੀਕਰਨ ਅਤੇ ਵੰਨ-ਸੁਵੰਨਤਾ ਦੀਆਂ ਹਾਮੀ ਅਤੇ ਦੂਜੇ ਪਾਸੇ ਕੇਂਦਰੀਕਰਨ ਤੇ ਇਕਸਾਰਤਾ ਦਾ ਪੱਖ ਪੂਰਨ ਵਾਲੀਆਂ ਤਾਕਤਾਂ ਦਰਮਿਆਨ ਲੜਾਈ ਲਗਾਤਾਰ ਚੱਲਦੀ ਆ ਰਹੀ ਹੈ। ਕੇਂਦਰੀਕਰਨ ਦੇ ਹਾਮੀਆਂ ਨੇ ਭਾਰਤ ਦਾ ਸੰਵਿਧਾਨ ਬਣਾ ਕੇ ਪਹਿਲੀ ਲੜਾਈ ਜਿੱਤੀ ਸੀ ਜੋ ਸੰਵਿਧਾਨ ਸਭਾ ਨੇ 26 ਨਵੰਬਰ, 1949 ਨੂੰ ਅਪਣਾਇਆ ਅਤੇ 26 ਜਨਵਰੀ, 1950 ਤੋਂ ਲਾਗੂ ਕੀਤਾ ਗਿਆ। ਸੰਵਿਧਾਨ ਵਿਚ 'ਇੰਡੀਆ ਮਤਲਬ ਭਾਰਤ' ਨੂੰ 'ਕੇਂਦਰੀਕ੍ਰਿਤ ਰਾਸ਼ਟਰ' ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਭਾਰਤ ਨੂੰ 'ਰਾਜਾਂ ਦਾ ਸੰਘ' ਐਲਾਨਣ ਸਬੰਧੀ ਸੰਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਮਤਾ ਖਾਰਜ ਕਰ ਕੇ ਇਸ ਨੂੰ 'ਕੇਂਦਰੀਕ੍ਰਿਤ ਰਾਸ਼ਟਰ' ਬਣਾਉਣ ਲਈ ਮਤਾ ਪਾਸ ਕਰ ਦਿੱਤਾ ਗਿਆ। ਭਾਰਤੀ ਗਣਤੰਤਰ ਲਈ ਸੰਵਿਧਾਨ ਵਿਚ 'ਸੰਘ' ਜਾਂ 'ਯੂਨੀਅਨ' ਸ਼ਬਦ ਵਰਤਣ ਸਬੰਧੀ ਟਕਰਾਅ ਮਹਿਜ਼ ਵਿਰੋਧੀ ਦਲੀਲਾਂ ਤੱਕ ਹੀ ਸੀਮਤ ਨਹੀਂ ਸੀ, ਸਗੋਂ ਇਹ ਸੰਘਵਾਦ ਪੱਖੀ ਇਹ ਕੇਂਦਰੀਕਰਨ ਅਤੇ ਵਿਕੇਂਦਰੀਕਰਨ ਵਾਲੇ ਰੁਝਾਨਾਂ ਦਰਮਿਆਨ ਤਿੱਖੇ ਵਿਚਾਰਧਾਰਕ ਮਤਭੇਦਾਂ ਨੂੰ ਉਜਾਗਰ ਕਰਦਾ ਹੈ। 'ਯੂਨੀਅਨ' ਜਾਂ 'ਸੰਘ' ਸ਼ਬਦ ਵਰਤਣ ਸਬੰਧੀ ਵਿਵਾਦ ਭਾਰਤ ਦੀ ਆਜ਼ਾਦੀ ਮਗਰੋਂ ਵੀ ਚੱਲਦਾ ਆ ਰਿਹਾ ਹੈ। ਮਿਸਾਲ, ਵਜੋਂ 1977 ਵਿਚ ਕੇਂਦਰ-ਸੂਬਾਈ ਸਬੰਧਾਂ ਬਾਰੇ ਜਾਰੀ ਮੈਮੋਰੰਡਮ ਵਿਚ ਖੱਬੇ ਫ਼ਰੰਟ ਦੀ ਅਗਵਾਈ ਵਾਲੀ ਪੱਛਮੀ ਬੰਗਾਲ ਸਰਕਾਰ ਨੇ 'ਰਾਜ ਦੀ ਸੰਘ' ਜਾਂ 'ਕੇਂਦਰੀਕ੍ਰਿਤ ਰਾਸ਼ਟਰ' ਸ਼ਬਦਾਂ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਇਸ ਦੇ ਨਾਲ ਹੀ ਸੁਝਾਅ ਦਿੱਤਾ ਸੀ ਕਿ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸੋਧ ਕਰ ਕੇ ਭਾਰਤੀ ਗਣਤੰਤਰ ਦੀ ਪਰਿਭਾਸ਼ਾ ਵਿਚ 'ਫੈਡਰਲ' ਸ਼ਬਦ ਸ਼ਾਮਲ ਕੀਤਾ ਜਾਵੇ। ਉਪਰੋਕਤ ਮਿਸਾਲ ਤੋਂ ਉਸ ਸਮੇਂ ਦੀ ਖੱਬੀ ਵਿਚਾਰਧਾਰਾ ਅਤੇ ਮੌਜੂਦਾ ਖੱਬੇ-ਪੱਖੀ ਲੀਡਰਸ਼ਿਪ ਦੀ ਅਧੀਨਗੀ ਵਾਲੀ ਸਿਆਸਤ ਵਿਚ ਫਰਕ ਲੱਭਣਾ ਔਖਾ ਨਹੀਂ ਹੈ।

ਸੰਵਿਧਾਨ ਮੁਤਾਬਕ ਕੇਂਦਰ ਅਤੇ ਸੂਬਿਆਂ ਦਰਮਿਆਨ ਸ਼ਕਤੀਆਂ ਦੀ ਵੰਡ ਦੌਰਾਨ (ਕੇਂਦਰ ਦੇ ਅਧਿਕਾਰ ਵਾਲੀ) ਕੇਂਦਰੀ ਸੂਚੀ ਵਿਚ ਸਭ ਤੋਂ ਵਧੇਰੇ ਭਾਵ 97 ਸ਼ਕਤੀਆਂ ਸ਼ਾਮਲ ਕੀਤੀਆਂ ਗਈਆਂ, ਜਦੋਂਕਿ ਸੂਬਾਈ ਸੂਚੀ ਵਿਚ 66 ਅਤੇ ਸਮਵਰਤੀ ਸੂਚੀ (ਕੇਂਦਰ ਅਤੇ ਸੂਬਿਆਂ ਦੇ ਸਾਂਝੀ ਅਧਿਕਾਰਾਂ ਵਾਲੀ) ਵਿਚ 47 ਸ਼ਕਤੀਆਂ ਦਰਜ ਕੀਤੀਆਂ ਗਈਆਂ। ਸਮਵਰਤੀ ਸੂਚੀ ਵੀ ਸਿਰਫ਼ ਨਾਮ ਦੀ ਹੀ ਸਾਂਝੀ ਹੈ। ਇਕ ਤਰ੍ਹਾਂ ਨਾਲ ਇਹ ਕੇਂਦਰੀ ਸੂਚੀ ਹੀ ਹੈ ਕਿਉਂਕਿ ਸਮਵਰਤੀ ਸੂਚੀ ਵਿਚਲੀ ਕਿਸੇ ਵੀ ਆਈਟਮ ਉਤੇ ਕੇਂਦਰ ਅਤੇ ਸੂਬਿਆਂ ਦਰਮਿਆਨ ਟਕਰਾਅ ਦੀ ਸੂਰਤ ਵਿਚ ਕੇਂਦਰ ਦਾ ਫ਼ੈਸਲਾ ਹੀ ਆਖਰੀ ਮੰਨਣ ਦੀ ਮੱਦ ਦਰਜ ਹੈ। ਸਿਰਫ਼ ਗਿਣਾਤਮਕ ਪੱਖ ਤੋਂ ਹੀ ਨਹੀਂ,

> ***ਅਫ਼ਸੋਸ ਦੀ ਗੱਲ ਹੈ ਕਿ ਸੂਬਿਆਂ ਲਈ ਵਧੇਰੇ ਹੱਕਾਂ ਦੀ ਹਮਾਇਤ ਕਰਦੇ ਆ ਰਹੇ ਅਕਾਲੀ ਦਲ ਸਮੇਤ ਸਾਰੀਆਂ ਖੇਤਰੀ ਪਾਰਟੀਆਂ ਜੀ.ਐਸ.ਟੀ. ਵਾਲੇ ਕਦਮ ਹੇਠ ਲੁਕਿਆ ਕੇਂਦਰੀਕਰਨ ਪੱਖੀ ਰੁਝਾਨ ਭਾਂਪਣ ਵਿਚ ਨਾਕਾਮ ਰਹੀਆਂ ਹਨ। ਕੇਂਦਰ ਪੱਖੀ ਮੀਡੀਆ ਵੱਲੋਂ ਖ਼ੁਦ ਨੂੰ 'ਦੇਸ਼ ਵਿਰੋਧੀ' ਕਰਾਰ ਜਾਣ ਦੇ ਡਰ ਤੋਂ ਅਕਾਲੀ ਦਲ ਇੰਨਾ ਖ਼ੌਫਜ਼ਦਾ ਹੈ ਕਿ ਇਸ ਨੇ ਭਾਰਤੀ ਸਿਆਸੀ ਆਰਥਿਕਤਾ ਵਿਚ ਕੇਂਦਰੀਕਰਨ ਦੇ ਰੁਝਾਨ ਦਾ ਵਿਰੋਧ ਕਰਨਾ ਇੱਕ ਤਰ੍ਹਾਂ ਨਾਲ ਛੱਡ ਹੀ ਦਿੱਤਾ ਹੈ।***

ਸਗੋਂ ਸ਼ਕਤੀਆਂ ਦੀ ਅਹਿਮੀਅਤ ਦੇ ਪੱਖ ਤੋਂ ਵੀ ਸ਼ਕਤੀਆਂ ਦੀ ਵੰਡ ਵਿਚ ਕੇਂਦਰ ਦਾ ਪੱਲੜਾ ਹੀ ਭਾਰੀ ਹੈ। ਵਧੇਰੇ ਮਾਲੀਆ ਜੁਟਾਉਣ ਦੇ ਸਮਰੱਥ ਜ਼ਿਆਦਾਤਰ ਸਰੋਤ (ਮਿਸਾਲ ਵਜੋਂ ਆਮਦਨ ਕਰ ਵਰਗੇ ਸਿੱਧੇ ਟੈਕਸ) ਕੇਂਦਰ ਅਤੇ ਮੁਕਾਬਲਤਨ ਘੱਟ ਮਾਲੀਏ ਵਾਲੇ ਸਰੋਤ (ਮਿਸਾਲ ਵਜੋਂ ਸੇਲਜ਼ ਟੈਕਸ ਜਾਂ ਵੈਟ ਵਰਗੇ ਅਸਿੱਧੇ ਟੈਕਸ) ਸੂਬਿਆਂ ਦੇ ਅਧਿਕਾਰ ਖੇਤਰ ਵਿਚ ਹਨ। ਇਸ ਦੇ ਨਾਲ ਹੀ ਜਨਤਕ ਸਿਹਤ, ਸੜਕੀ ਆਵਾਜਾਈ ਅਤੇ ਸਿੰਜਾਈ ਜਿਹੇ ਵੱਡੇ ਖ਼ਰਚ ਵਾਲੇ ਵਿਕਾਸ ਕਾਰਜ ਸੂਬਿਆਂ ਦੀ ਜ਼ਿੰਮੇਵਾਰੀ ਹਨ। ਇਸ ਤਰ੍ਹਾਂ ਸੂਬਿਆਂ ਨੂੰ ਦੂਹਰੀ ਮਾਰ ਝੱਲਣੀ ਪੈਂਦੀ ਹੈ ਕਿ ਇਨ੍ਹਾਂ ਲਈ ਮਾਲੀਏ ਦੇ ਸਰੋਤ ਸੀਮਤ ਹਨ ਅਤੇ ਖ਼ਰਚ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ। ਇਸ ਲਈ ਸੂਬਿਆਂ ਦੀ ਕੇਂਦਰ ਉਤੇ ਵਿੱਤੀ ਨਿਰਭਰਤਾ ਢਾਂਚਾਗਤ ਹੀ ਹੈ। ਸੰਘੀ ਢਾਂਚੇ ਨੂੰ ਖੀਣ ਕਰਨ ਵਾਲੇ ਕੇਂਦਰ ਉਤੇ ਸੂਬਿਆਂ ਦੀ ਵਿੱਤੀ ਨਿਰਭਰਤਾ ਦਾ ਢਾਂਚਾਗਤ ਸੁਭਾਅ ਇਸ ਦੇ ਮੱਦੇਨਜ਼ਰ ਹੋਰ ਵੀ ਉਘੜਦਾ ਹੈ ਕਿ ਸੱਠਵਿਆਂ ਅਤੇ ਸੱਤਰਵਿਆਂ ਨੂੰ ਛੱਡ ਕੇ ਸੂਬਾਈ ਸਰਕਾਰਾਂ ਵਧੇਰੇ ਟੈਕਸ ਜੁਟਾਉਣ ਵਿਚ ਕੇਂਦਰ ਤੋਂ ਪਿੱਛੇ ਨਹੀਂ ਰਹੀਆਂ। ਇਸ ਲਈ ਕੇਂਦਰ ਲਈ ਟੈਕਸ ਦੇ ਵਿਸ਼ਾਲ ਸਰੋਤਾਂ ਦੇ ਮੁਕਾਬਲੇ ਸੂਬਿਆਂ ਦੇ ਘੱਟ ਸਰੋਤ ਅਤੇ ਵਧੇਰੇ ਖਰਚ ਇਨ੍ਹਾਂ ਦੀ ਕੇਂਦਰ ਉਤੇ ਵਿੱਤੀ ਨਿਰਭਰਤਾ ਦਾ ਅਹਿਮ ਕਾਰਕ ਹਨ।

ਇਸ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਬਿਲ ਪਾਸ ਹੋਣ ਕਾਰਨ ਸੂਬਿਆਂ ਕੋਲੋਂ ਮਾਲੀਏ ਦਾ ਅਹਿਮ ਸਰੋਤ ਅਤੇ ਇਸ ਤਰ੍ਹਾਂ ਆਪਣੇ ਵਿਕਾਸ ਕਾਰਜਾਂ ਸਬੰਧੀ ਤਰਜੀਹਾਂ ਨਿਰਧਾਰਤ ਕਰਨ ਦੀ ਖ਼ੁਦਮੁਖਤਾਰੀ ਖੁੱਸ ਗਈ ਹੈ। ਸਿੱਟੇ ਵਜੋਂ ਆਰਥਿਕ ਵਸੀਲਿਆਂ 'ਤੇ ਕੇਂਦਰ ਦੀ ਪਕੜ ਹੋਰ ਮਜ਼ਬੂਤ ਹੋਣ ਕਾਰਨ ਵਿਕਾਸ ਏਜੰਡਾ ਵੀ ਇਸ ਦੇ ਹੱਥਾਂ ਵਿਚ ਚਲਾ ਗਿਆ ਹੈ।

ਵੱਡੇ ਵਪਾਰ ਦੀ ਸ਼ਕਤੀ ਕਾਰਨ ਹੀ ਦੋਵੇਂ 'ਕੌਮੀ' ਪਾਰਟੀਆਂ, ਭਾਵ ਸੱਤਾਧਾਰੀ ਭਾਜਪਾ ਅਤੇ ਵਿਰੋਧੀ ਪਾਰਟੀ ਕਾਂਗਰਸ, ਜੀ.ਐਸ.ਟੀ. ਦੇ ਮੁੱਦੇ 'ਤੇ ਇਕਜੁੱਟ ਹੋ ਗਈਆਂ। ਕਈ ਹੋਰ ਮਤਭੇਦਾਂ ਦੇ ਬਾਵਜੂਦ ਭਾਜਪਾ ਅਤੇ ਕਾਂਗਰਸ ਸਰਕਾਰਾਂ ਇੱਕ ਮੰਤਵ ਨੂੰ ਲੈ ਕੇ ਇਕਮੱਤ ਰਹੀਆਂ ਹਨ: ਭਾਰਤੀ ਸਿਆਸੀ ਆਰਥਿਕਤਾ ਦੀ ਕੇਂਦਰੀਕਰਨ ਪ੍ਰਕਿਰਿਆ ਦੀ ਮਜ਼ਬੂਤੀ ਦੇ ਪ੍ਰਸੰਗ ਵਿਚ ਮੈਂ ਕੇਂਦਰੀਕਰਨ ਦੇ ਵਧ ਰਹੇ ਰੁਝਾਨ ਦਾ ਲਗਾਤਾਰ ਵਿਰੋਧ ਕਰਦੇ ਰਹਿਣ ਕਰ ਕੇ ਤਾਮਿਲਨਾਡੂ ਦੀ ਸ਼ਲਾਘਾ ਕਰਦਾ ਹਾਂ। ਇਹ ਅਫ਼ਸੋਸ ਦੀ ਗੱਲ ਹੈ ਕਿ ਸੂਬਿਆਂ ਲਈ ਵਧੇਰੇ ਹੱਕਾਂ ਦੀ ਹਮਾਇਤ ਕਰਦੇ ਆ ਰਹੇ ਅਕਾਲੀ ਦਲ ਸਮੇਤ ਸਾਰੀਆਂ ਖੇਤਰੀ ਪਾਰਟੀਆਂ ਜੀ.ਐਸ.ਟੀ. ਵਾਲੇ ਕਦਮ ਹੇਠ ਲੁਕਿਆ ਕੇਂਦਰੀਕਰਨ ਪੱਖੀ ਰੁਝਾਨ ਭਾਂਪਣ ਵਿਚ ਨਾਕਾਮ ਰਹੀਆਂ ਹਨ। ਕੇਂਦਰ ਪੱਖੀ ਮੀਡੀਆ ਵੱਲੋਂ ਖ਼ੁਦ ਨੂੰ 'ਦੇਸ਼ ਵਿਰੋਧੀ' ਕਰਾਰ ਜਾਣ ਦੇ ਡਰ ਤੋਂ ਅਕਾਲੀ ਦਲ ਇੰਨਾ ਖ਼ੌਫਜ਼ਦਾ ਹੈ ਕਿ ਇਸ ਨੇ ਭਾਰਤੀ ਸਿਆਸੀ ਆਰਥਿਕਤਾ ਵਿਚ ਕੇਂਦਰੀਕਰਨ ਦੇ ਰੁਝਾਨ ਦਾ ਵਿਰੋਧ ਕਰਨਾ ਇੱਕ ਤਰ੍ਹਾਂ ਨਾਲ ਛੱਡ ਹੀ ਦਿੱਤਾ ਹੈ। 1930ਵਿਆਂ ਵਿਚ ਸਟਾਲਿਨ ਦੀ ਤਾਨਾਸ਼ਾਹੀ ਵਾਲੇ ਰੂਸ ਅਤੇ ਅੱਜ ਅਰਦੋਜਨ ਦੇ ਸ਼ਾਸਨ ਵਾਲੇ ਤੁਰਕੀ ਜਿਹੀਆਂ ਮਿਸਾਲਾਂ ਨਾਲ ਭਰੇ ਵਿਸ਼ਵ ਇਤਿਹਾਸ ਤੋਂ ਇੱਕ ਸਬਕ ਜ਼ਰੂਰ ਮਿਲਦਾ ਹੈ ਕਿ ਵਧਦੇ ਕੇਂਦਰੀਕਰਨ ਅਤੇ ਤਾਨਾਸ਼ਾਹੀ ਦਾ ਆਪਸ ਵਿਚ ਸਿੱਧਾ ਨਾਤਾ ਹੈ। -0-

# ਭੱਸੜ ਭਨਾਉਂਦੇ ਬੰਦੇ ਦੀ ਵਾਰਤਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਲਉ ਜੀ, ਆਪਣੀ ਘੜੀ-ਘੰਟੇ ਦੀ ਹੱਡ-ਬੀਤੀ ਜਿਹੀ ਰਾਮ ਕਹਾਣੀ ਸੁਣਾਉਣ ਤੋਂ ਪਹਿਲਾਂ ਇਹ ਦੱਸ ਦਿਆਂ ਕਿ ਮੇਰਾ ਨਾਮ ਤਾਂ ਧੀਰਜ ਸਿੰਘ ਹੈ, ਪਰ ਪਿੰਡ ਵਿਚ ਮੈਨੂੰ ਪੂਰੇ ਨਾਮ ਨਾਲ ਵਿਰਲੇ ਹੀ ਬੁਲਾਉਂਦੇ ਨੇ। ਆਪਣੇ ਪਿੰਡ ਦੇ ਗੁਰਦੁਆਰੇ ਵਿਚ ਪਾਠੀ ਦੀ ਡਿਊਟੀ ਕਰ ਰਿਹਾ ਹੋਣ ਕਰ ਕੇ ਮੈਨੂੰ ਕੋਈ ਭਾਈ ਜੀ, ਕੋਈ ਗਿਆਨੀ ਅਤੇ ਕੋਈ ਬਾਬਾ ਕਹਿ ਛੱਡਦਾ ਹੈ, ਪਰ ਆਪਣੇ ਹਾਣੀਆਂ-ਹਵਾਣੀਆਂ ਵਾਸਤੇ ਮੈਂ ਧੀਰਾ ਹੀ ਹਾਂ। ਜਿਵੇਂ ਇਸ ਵੇਲੇ ਮੈਂ ਆਪਣੇ ਨਾਲ ਸਕੂਲ ਵਿਚ ਪੜ੍ਹਦੇ ਰਹੇ ਜਿੰਦਰ ਦੇ ਘਰੇ ਬੈਠਾ ਹਾਂ। ਹਫਤਾ ਕੁ ਹੋਇਆ ਇਸ ਨੇ ਮੈਨੂੰ ਫੋਨ ਕਰਿਆ ਸੀ, "ਉਹ ਧੀਰਿਆ, ਆਉਂਦੇ ਐਤਵਾਰ ਦਾ ਵਿਹਲ ਰੱਖੀਂ, ਅਸੀਂ ਆਪਣੇ ਘਰੇ ਸੁਖਮਨੀ ਸਾਹਿਬ ਦਾ ਪਾਠ ਕਰਵਾਉਣੈ, ਸੁਵਖਤੇ ਆ ਜੀਂ, ਚੇਤਾ ਨਾ ਭੁਲਾ ਦਈਂ ਯਾਰਾ?"

ਚੇਤਾ ਭਲਾ ਮੈਂ ਕਾਹਨੂੰ ਭੁਲਾਉਣਾ ਸੀ? ਇਹ ਕਿਹੜਾ ਸ਼ਹਿਰ ਦਾ ਗੁਰਦੁਆਰਾ, ਜਿਥੇ ਭਾਈਆਂ ਨੂੰ ਉਪਰੋਥਲੀ ਪ੍ਰੋਗਰਾਮ ਆਏ ਹੀ ਰਹਿੰਦੇ ਹਨ। ਇਹ ਤਾਂ ਸਾਧਾਰਨ ਅਬਾਦੀ ਵਾਲਾ ਪਿੰਡ ਹੈ, ਜਿਥੇ ਕੋਈ ਵਿਰਲਾ-ਟਾਵਾਂ ਹੀ ਪ੍ਰੋਗਰਾਮ ਆਉਂਦਾ ਹੈ... 'ਕਮਾਈ' ਤਾਂ ਕਹਿੰਦੇ ਸ਼ਹਿਰਾਂ ਵਾਲੇ ਭਾਈ ਕਰਦੇ ਐ। ਸੋ, ਅੱਜ ਐਤਵਾਰ ਹੈ ਅਤੇ ਆਪਣੇ ਹਮ-ਜਮਾਤੀ ਜਿੰਦਰ ਦੇ ਸੱਦੇ 'ਤੇ ਉਹਦੇ ਘਰੇ ਬੈਠਾ ਹਾਂ। ਘਰ ਕਾਹਦਾ ਹੈ ਜੀ, ਬੱਸ ਸਵਰਗ ਦਾ ਨਜ਼ਾਰਾ ਕਹੋ! ਸਾਰੀਆਂ ਸੁੱਖ-ਸਹੂਲਤਾਂ ਨਾਲ ਭਰਪੂਰ ਘਰ! ਆਲੀਸ਼ਾਨ ਦੋ ਮੰਜ਼ਲੀ ਕੋਠੀ... ਕਿਸੇ ਕਮਰੇ ਵਿਚ ਲੱਗੀ ਹੋਈ ਹੈ ਰੰਗ-ਬਰੰਗੀ ਚਿਪਸ, ਕਿਸੇ ਵਿਚ ਦੁੱਧ ਚਿੱਟਾ ਪੱਥਰ... ਕਮਰਿਆਂ ਵਿਚ ਕੌਫ਼ੀ ਕਲਰ ਲਿਸ਼ਕਦੇ ਬੈੱਡ ਲੱਗੇ ਹੋਏ ਨੇ... ਕਈ ਕਮਰਿਆਂ ਦੇ ਨਾਲ ਗੁਸਲਖਾਨੇ ਵੀ ਅਟੈਚ ਹਨ... ਡਰਾਇੰਗ ਰੂਮ ਵਿਚ ਬੜਾ ਸਜੀਲਾ ਫਰਨੀਚਰ ਸਜਿਆ ਹੋਇਆ ਹੈ, ਕੁਝ ਕਮਰਿਆਂ ਵਿਚ ਏ.ਸੀ. ਵੀ ਫਿੱਟ ਕੀਤੇ ਹੋਏ ਨੇ। ਕੋਠੀ ਦੇ ਸਿਖਰ 'ਤੇ ਜਹਾਜ਼ ਵਾਲੀ ਟੈਂਕੀ ਬਣੀ ਹੋਈ ਹੈ... ਬਾਹਰ ਖੁੱਲ੍ਹੇ ਵਿਹੜੇ ਵਿਚ ਖੜ੍ਹੇ ਟਰੈਕਟਰ-ਟਰਾਲੀ, ਕੈਮਰੀ ਕਾਰ, ਬੁਲਟ ਮੋਟਰਸਾਈਕਲ ਅਤੇ ਸਕੂਟਰ ਘਰ ਦੀ ਅਮੀਰੀ ਦਾ ਪ੍ਰਗਟਾਵਾ ਕਰ ਰਹੇ ਹਨ। ਸ਼ੋਖ ਰੰਗਾਂ ਨਾਲ ਪੇਂਟ ਕੀਤੇ ਹੋਏ ਵੱਡੇ ਗੇਟ ਦੀ ਆਭਾ ਨਾਲ ਜਿੰਦਰ ਦਾ ਇਹ ਘਰ, ਇਕ ਤਰ੍ਹਾਂ ਨਾਲ 'ਮਹੱਲ' ਹੀ ਮਾਲੂਮ ਹੋ ਰਿਹਾ ਹੈ।

ਅਮੀਰੀ ਠਾਠ ਵਾਲੇ ਇਸ ਘਰ ਵਿਚ ਬੈਠਾ ਮੈਂ ਆਪਣੇ ਕੱਚੇ ਪੱਕੇ ਜਿਹੇ ਬਾਲਿਆਂ ਵਾਲੇ ਘਰ ਬਾਰੇ ਸੋਚ ਕੇ ਝੂਰ ਰਿਹਾਂ ਕਿ ਕਦੇ ਮੈਂ ਵੀ ਆਪਣੇ ਪਰਿਵਾਰ ਨੂੰ ਅਜਿਹਾ ਘਰ ਬਣਾ ਕੇ ਦੇ ਸਕਾਂਗਾ? ਬੈਠੇ-ਬੈਠੇ ਮੈਨੂੰ ਵਿਚਾਰ ਆਇਆ, ਹੇ ਮਨਾਂ! ਆਏ ਦਿਨ ਮੈਂ ਲੋਕਾਂ ਲਈ ਅਰਦਾਸਾਂ ਕਰਦਾ ਰਹਿੰਨਾਂ, ਫਲਾਣੇ ਦੇ ਘਰ ਨੌਂ ਨਿਧਾਂ ਬਾਰਾਂ ਸਿਧਾਂ ਆ ਜਾਣ, ਢਿਮਕੇ ਨੂੰ ਅੰਨ-ਧੰਨ, ਦੁੱਧ-ਪੁੱਤ ਦੇ ਖੁੱਲ੍ਹੇ ਗੱਫੇ ਬਖਸ਼ੋ ਜੀ! ਪਰ ਮੇਰੀ ਖੁਦ ਦੀ ਹਾਲਤ...?

ਕਿਸਮਤ ਦੀਆਂ ਗੱਲਾਂ ਨੇ ਜੀ ਸਭ... ਮੈਂ ਤੇ ਜਿੰਦਰ ਇਕੱਠੇ ਹੀ ਸਕੂਲ ਵਿਚ ਪੜ੍ਹਦੇ ਰਹੇ ਹਾਂ। ਇਹ ਨੌਵੀਂ ਵਿਚੋਂ ਫੇਲ੍ਹ ਹੋ ਕੇ ਮੁੜ ਸਕੂਲੇ ਵੜਿਆ ਹੀ ਨਹੀਂ, ਪਰ ਮੈਂ ਦਸਵੀਂ ਤੋਂ ਬਾਅਦ ਲਾਗੇ ਦੇ ਸ਼ਹਿਰ ਕਾਲਜ ਜਾ ਲੱਗਿਆ। ਮੇਰੇ ਮਾਂ-ਬਾਪ ਭਾਵੇਂ ਮਾਲੀ ਹਾਲਤ ਮਾੜੀ ਹੋਣ ਕਾਰਨ ਮੇਰੀ ਪੜ੍ਹਾਈ ਦੇ ਹੱਕ ਵਿਚ ਨਹੀਂ ਸਨ, ਪਰ ਮੈਂ ਇਹ ਸੋਚ ਕੇ ਕਾਲਜ ਜਾ ਲੱਗਾ ਕਿ ਗਰੈਜੂਏਸ਼ਨ ਕਰ ਕੇ ਕੋਈ ਛੋਟੀ ਮੋਟੀ ਨੌਕਰੀ ਮਿਲ ਹੀ ਜਾਵੇਗੀ, ਪਰ ਕਈ ਸਾਲ ਇਧਰ-ਉਧਰ ਟੱਕਰਾਂ ਮਾਰ, ਭਟਕਦਿਆਂ, ਹਾਰ-ਹੰਭ ਕੇ ਮੈਂ ਅਣਸਰਦੀ ਨੂੰ ਪਾਠੀਆਂ ਦੇ ਜਥੇ ਵਿਚ ਰਲ ਗਿਆ। ਪਿੰਡ ਦੇ ਗੁਰਦੁਆਰੇ ਵਿਚ ਕੋਈ ਪੁਰਾਣਾ ਟਿਕਿਆ ਹੋਇਆ ਬਜ਼ੁਰਗ ਬਾਬਾ ਚੜ੍ਹਾਈ ਕਰ ਗਿਆ ਅਤੇ ਪਿੰਡ ਵਾਲਿਆਂ ਦੇ ਕਹਿਣ 'ਤੇ ਉਹਦੀ 'ਪੋਸਟ' ਉਤੇ ਮੇਰੀ 'ਨਿਯੁਕਤੀ' ਹੋ ਗਈ।

ਇਧਰ ਜਿੰਦਰ ਸਕੂਲੋਂ ਹਟ ਕੇ ਆਪਣੇ ਬਾਪ ਨਾਲ ਖੇਤੀਬਾੜੀ ਵਿਚ ਹੱਥ ਵਟਾਉਣ ਲੱਗ ਪਿਆ। ਗੱਭਰੂ ਹੁੰਦਿਆਂ ਹੀ ਸਾਡੇ ਦੋਹਾਂ ਦੇ ਵਿਆਹ ਵੀ ਤਕਰੀਬਨ ਇਕੋ ਸਮੇਂ ਹੋਏ। ਬੱਸ, ਇੰਨਾ ਫਰਕ ਸੀ ਕਿ ਉਹਦਾ ਵਿਆਹ ਧੂਮ ਧੜੱਕੇ ਨਾਲ ਹੋਇਆ ਤੇ ਮੈਨੂੰ ਪੰਜ ਬੰਦੇ ਹੀ ਵਿਆਹ ਲਿਆਏ ਸਨ। ਜਿੰਦਰ ਦੀ ਇਕ ਭੈਣ ਵਿਦੇਸ਼ ਵਿਚ ਵਿਆਹੀ ਗਈ। ਜਦ ਉਸ ਦੇ ਕੋਈ ਬਾਲ ਬੱਚਾ ਹੋਇਆ ਤਾਂ ਉਸ ਨੇ ਆਪਣੇ ਮਾਂ-ਬਾਪ ਨੂੰ ਵੀ ਵਿਦੇਸ਼ ਸੱਦ ਲਿਆ। ਪਿਉ ਦੇ ਬਾਹਰ ਚਲੇ ਜਾਣ ਤੋਂ ਬਾਅਦ ਖੇਤੀ ਦਾ ਲੰਮਾ-ਚੌੜਾ ਕੰਮ ਸਾਂਭਣ ਲਈ, ਜਿੰਦਰ ਨੇ ਤਿੰਨ-ਚਾਰ ਭੱਈਏ ਰੱਖ ਲਏ। ਆਮਦਨੀ ਤਾਂ ਇਨ੍ਹਾਂ ਨੂੰ ਖੇਤੀ ਵਿਚੋਂ ਵੀ ਸੋਹਣੀ ਹੋਈ ਜਾਂਦੀ ਸੀ, ਪਰ ਹੁਣ ਕਹਿੰਦੇ ਵਿਦੇਸ਼ ਵਿਚ ਜਿੰਦਰ ਦੇ ਮੰਮੀ-ਡੈਡੀ ਵੀ ਕੋਈ ਜੌਬ ਕਰਨ ਲੱਗ ਪਏ ਸਨ। ਇੰਜ ਇਥੇ ਘਰ-ਬਾਰ 'ਤੇ ਡਾਲਰਾਂ ਦਾ ਵੀ ਸੋਨੇ 'ਤੇ ਸੁਹਾਗਾ ਫਿਰਨ ਲੱਗ ਪਿਆ। ਜਿੰਦਰ, ਉਸ ਦੀ ਵਹੁਟੀ ਅਤੇ ਉਨ੍ਹਾਂ ਦੇ ਮੁੰਡਾ-ਕੁੜੀ, ਕੱਪੜਾ ਲੀੜਾ ਅਤੇ ਜੁੱਤੀਆਂ ਵਗੈਰਾ 'ਬਾਹਰੋਂ' ਆਇਆ ਹੋਇਆ ਹੀ ਪਾਉਂਦੇ-ਹੰਢਾਉਂਦੇ ਆ ਰਹੇ ਹਨ। ਸਾਡੇ ਵਰਗੇ ਤਾਂ ਐਵੇਂ ਦਿਨ ਕਟੀ ਹੀ ਕਰਨ ਡਹੇ ਹਨ, ਜ਼ਿੰਦਗੀ ਦਾ ਲੁਤਫ ਤਾਂ ਜਿੰਦਰ ਹੁਣੀ ਲੁੱਟ ਰਹੇ ਨੇ।

"ਛੇਤੀ-ਛੇਤੀ ਚਾਹ ਬਣਾ ਦੇ ਧੀਰੇ ਲਈ, 'ਫੇ ਅਸੀਂ ਬਾਬੇ ਦੀ ਬੀੜ ਲੈਣ ਜਾਣੈਂ ਗੁਰਦੁਆਰੇ?"

ਬਾਹਰੋਂ ਜਿੰਦਰ ਵਲੋਂ ਆਪਣੀ ਵਹੁਟੀ ਨੂੰ ਕਹੇ ਗਏ ਇਸ ਵਾਕ ਨੇ ਮੇਰੀ ਸੋਚ ਲੜੀ ਨੂੰ ਵਿਸ਼ਰਾਮ ਲਾ ਦਿੱਤਾ। ਅੱਜ ਦੇ ਕੰਮਾਂ ਬਾਰੇ ਭੱਈਆਂ ਨੂੰ ਹਦਾਇਤਾਂ ਦਿੰਦਿਆਂ ਉਸ ਨੇ ਰਸੋਈ ਵਿਚ ਕੰਮ ਕਰ ਰਹੀ ਆਪਣੀ ਵਹੁਟੀ ਨੂੰ ਛੇਤੀ ਚਾਹ ਬਣਾ ਕੇ ਮੈਨੂੰ ਫੜਾਉਣ ਲਈ ਵੀ ਆਖ ਦਿੱਤਾ। ਬਾਹਰ ਲਾਊਡ ਸਪੀਕਰ ਵਾਲਾ ਵੀ ਆ ਕੇ ਉਸ ਤੋਂ ਪੁੱਛ-ਪੁਛੱਈਆ ਕਰਨ ਲੱਗ ਪਿਆ ਸੀ।

ਚਾਹ ਪੀਂਦਿਆਂ ਮੈਂ ਸੋਚਣ ਲੱਗਾ ਕਿ ਇਨ੍ਹਾਂ ਦੇ ਘਰ ਕਿਸੇ ਖੁਸ਼ੀ-ਗਮੀ ਜਾਂ ਹੋਰ ਕੋਈ ਦਿਨ-ਸੁਦ ਮਨਾਉਣ ਦੀ ਤਾਂ ਕੋਈ ਸੂਹ ਸੁਣਨ ਵਿਚ ਨਹੀਂ ਆਈ, ਫਿਰ ਇਹ ਪਾਠ ਕਾਹਦੇ ਲਈ ਕਰਵਾਉਣ ਲੱਗੇ ਹੋਣਗੇ? ਪੁੱਤਰ ਦੀ 'ਦਾਤ ਪ੍ਰਾਪਤੀ' ਲਈ ਤਾਂ ਹੋ ਨਹੀਂ ਸਕਦਾ... ਕਿਉਂਕਿ ਜਿੰਦਰ ਦੇ ਵੀ ਲੜਕਾ ਹੈਗਾ ਤੇ ਇਨ੍ਹਾਂ ਦੀ ਬਾਹਰ ਵਾਲੀ ਕੁੜੀ ਦੀ ਗੋਦੀ ਵੀ ਮੁੰਡਾ ਹੈਗਾ। ਕੁੜੀ ਦੇ ਪੁੱਤਰ ਹੋਣ ਦੀ ਖੁਸ਼ੀ ਵਿਚ ਤਾਂ ਇਨ੍ਹਾਂ ਨੇ ਹਾਲੇ ਪਿਛੇ ਜਿਹੇ ਰੰਗਾ-ਰੰਗ ਪਾਰਟੀ ਕੀਤੀ ਸੀ, ਜਿਸ ਵਿਚ ਨਾਮੀ-ਗਰਾਮੀ ਗਾਇਕ ਬੁਲਾਇਆ ਸੀ। ਚਾਹ ਮੁਕਾ ਕੇ ਮੈਂ ਇਹ ਸੋਚਦਿਆਂ ਬਾਹਰ ਨੂੰ ਉਠ ਕੇ ਆ ਗਿਆ ਕਿ ਅਰਦਾਸ ਕਰਨ ਤੋਂ ਪਹਿਲਾਂ ਜਿੰਦਰ ਨੂੰ ਪਾਠ ਕਰਵਾਉਣ ਦੇ ਮਕਸਦ ਬਾਰੇ ਵੀ ਪੁੱਛ ਲਵਾਂਗਾ।

ਲਾਊਡ ਸਪੀਕਰ ਵਾਲੇ ਨੇ ਧਾਰਮਿਕ ਗੀਤਾਂ ਦੀ ਰੀਲ ਚਲਾ ਦਿੱਤੀ ਤੇ ਅਸੀਂ ਪੰਜ ਸੱਤ ਜਣੇ ਗੁਰਦੁਆਰੇ ਨੂੰ ਚੱਲ ਪਏ। ਉਥੇ ਪਹੁੰਚ ਕੇ ਜਿੰਦਰ ਨੂੰ ਪਾਸੇ ਜਿਹੇ ਕਰ ਕੇ ਆਪਣੇ ਕਿਆਸ ਮੁਤਾਬਕ ਪੁੱਛਿਆ ਕਿ ਜਿੰਦਰ ਸਿਆਂ, ਇਹ ਪਾਠ ਤੁਸੀਂ ਪਰਿਵਾਰਕ ਸੁੱਖ-ਸ਼ਾਂਤੀ ਤੇ ਤੰਦਰੁਸਤੀ ਵਾਸਤੇ ਹੀ ਕਰਵਾ ਰਹੇ ਓ ਨਾ?

ਜਿੰਦਰ ਨੇ ਜਦ ਆਪਣੀ ਆਸ਼ਾ ਮਨਸ਼ਾ ਦੱਸੀ, ਉਸ ਨੂੰ ਸੁਣ ਕੇ ਮੇਰੇ ਦੰਦ ਹੀ ਜੁੜ ਗਏ... ਪਲ ਦੀ ਪਲ ਮੈਂ ਹੱਕਾ-ਬੱਕਾ ਜਿਹਾ ਹੋਇਆ, ਉਹਦੇ ਮੂੰਹ ਵੱਲ ਹੀ ਦੇਖਦਾ ਰਹਿ ਗਿਆ!

ਸਾਰਾ ਸੁਖਮਨੀ ਸਾਹਿਬ ਵੀ ਪੜ੍ਹ ਦਿੱਤਾ... ਉਹਦੇ ਦੱਸੇ ਅਨੁਸਾਰ ਅਰਦਾਸ ਵੀ ਕਰ ਦਿੱਤੀ, ਪਰ ਇਹ ਸਾਰਾ ਕੁਝ ਮੈਂ ਬੇਚੈਨ ਮਨ ਚਿੱਤ ਨਾਲ ਸੋਚਾਂ ਵਿਚ ਉਲਝੇ ਹੋਏ ਨੇ ਸਿਰੇ ਚੜ੍ਹਾਇਆ।

ਜਦ ਮੈਂ ਉਸ ਨੂੰ ਗੁਰਦੁਆਰੇ ਪਰਦੇ ਜਿਹੇ ਵਿਚ ਪੁੱਛਿਆ ਸੀ ਕਿ ਤੁਸੀਂ ਪਰਿਵਾਰਕ ਸੁੱਖ-ਸ਼ਾਂਤੀ ਜਾਂ ਤੰਦਰੁਸਤੀ ਦੀ ਕਾਮਨਾ ਕਰ ਕੇ ਪਾਠ ਕਰਾਉਣਾ ਹੈ, ਤਾਂ ਉਹ ਨੱਕ ਜਿਹਾ ਮਰੋੜ ਕੇ ਬੋਲਿਆ, "ਸੁੱਖ ਸ਼ਾਂਤੀ ਜਾਂ ਤੰਦਰੁਸਤੀ ਦੇ ਮਾਰ ਗੋਲੀ ਯਾਰਾ! ਬਾਹਰ ਬੁੜ੍ਹੇ ਨੇ ਕੀਤੀ ਹੋਈ ਆ ਮੇਰੀ 'ਪਟੀਸ਼ਨ'... ਕਈ ਸਾਲ ਹੋ ਚੱਲੇ ਉਡੀਕਦਿਆਂ। ਅੰਬੈਸੀ ਤੋਂ ਕੋਈ ਚਿੱਠੀ-ਚੁੱਠੀ ਨਹੀਂ ਆਈ ਸਾਲੀ, ਸਾਡੇ ਇਕ 'ਮਹਾਰਾਜ' ਐ, ਅਸੀਂ ਉਥੇ 'ਪੁੱਛ' ਪੁਆਈ ਸੀ, ਉਹ ਕਹਿੰਦੇ, ਕਿਸੇ ਯਕੀਨ ਵਾਲੇ ਪਾਠੀ ਕੋਲੋਂ ਸੁਖਮਨੀ ਸਾਹਿਬ ਦਾ ਪਾਠ ਕਰਵਾਓ, ਫਿਰ ਕੰਮ ਬਣੂ! ਹੁਣ ਯਾਰਾ, ਤੂੰ 'ਵਧੀਆ ਜਿਹੀ' ਅਰਦਾਸ ਕਰ ਦੇਈਂ, ਭਰਾ ਬਣ ਕੇ, ਹੋਰ ਨਾ ਕਿਤੇ ਐਥੇ ਈ ਭੱਸੜ ਭਨਾਉਂਦੇ ਰਹਿ ਜਾਈਏ!"

---

# ਸਾਉਣ ਮਹੀਨਾ ਆ ਗਿਆ ਛਾਈ ਘਟਾ ਘਨਘੋਰ...

## ਮਾਏ ਨੀ ਸਾਵਣ ਆ ਗਿਆ

ਮਾਏ ਨੀ ਮਾਏ ਮੈਨੂੰ ਪੀਂਘ ਪੁਆ ਦੇ
ਰੰਗਲਾ ਲੈ ਦੇ ਪੰਘੂੜਾ
ਕਿ ਸਾਵਣ ਆ ਗਿਆ।
ਛਣ ਛਣ ਛਣਕੇ ਚੂੜਾ
ਕਿ ਸਾਵਣ ਆ ਗਿਆ।

ਛਮ ਛਮ ਛਮ ਛਮ
ਵੱਸਦਾ ਏ ਸਾਉਣ ਨੀ,
ਗਾਉਂਦੀਆਂ ਨੇ ਕੋਇਲਾਂ
ਤੇ ਮੋਰ ਪੈਲਾਂ ਪਾਉਣ ਨੀ,
ਤੱਕਨੀ ਆਂ ਰਾਹ ਪਈ
ਸਵੇਰ ਦਾ ਮੈਂ ਸੱਜਣਾਂ ਦਾ,
ਗਲੀ ਵਿਚ ਡਾਹ ਕੇ ਮੂੜ੍ਹਾ
ਕਿ ਸਾਵਣ ਆ ਗਿਆ।

ਲਾਲ ਸੂਹੇ ਰੰਗ ਦਾ
ਮੈਂ ਸੂਟ ਅੱਜ ਪਾਇਆ ਏ,
ਚੜ੍ਹਿਆ ਏ ਚਾਅ
ਮੇਰਾ ਮਾਹੀ ਘਰ ਆਇਆ ਏ,
ਸਿਰ ਉਤੇ ਲਵਾਂਗੀ
ਮੈਂ ਲਾਲ ਫੁਲਕਾਰੀ,
ਨਾਲੇ ਕਰਾਂਗੀ ਜਲੇਬੀ ਜੂੜਾ
ਕਿ ਸਾਵਣ ਆ ਗਿਆ।

ਸਾਲ ਪਿਛੋਂ ਆਇਆ ਏ
ਮਹੀਨਾ ਮਾਏ ਤੀਆਂ ਦਾ,
ਸਹੁਰਿਆਂ ਦੇ ਪਿੰਡ ਦਿਲ
ਲੱਗਦਾ ਨਾ ਧੀਆਂ ਦਾ,
ਠੰਢੀ ਠੰਢੀ ਹਵਾ ਵਿਚ
ਬਹਿ ਕੇ ਮਾਏ ਛੱਤ ਉਤੇ,
ਖਾਵਾਂਗੀ ਮੈਂ ਖੀਰ ਨਾਲ ਪੂੜਾ
ਕਿ ਸਾਵਣ ਆ ਗਿਆ।

ਛਾਈਆਂ ਨੇ ਘਟਾਵਾਂ ਅੱਜ
ਸਾਉਣ ਦੀਆਂ ਕਾਲੀਆਂ,
ਮੇਘੜੇ ਨੂੰ ਵੇਖ ਮੈਨੂੰ
ਚੜ੍ਹ ਆਈਆਂ ਲਾਲੀਆਂ,
ਹੱਥਾਂ ਉਤੇ ਲਾਈ ਸੀ ਮੈਂ
ਰਾਤੀਂ ਜਿਹੜੀ ਮਹਿੰਦੀ,
ਰੰਗ ਉਹਦਾ ਚੜ੍ਹਿਆ ਏ ਗੂੜ੍ਹਾ
ਕਿ ਸਾਵਣ ਆ ਗਿਆ।

ਪੀਂਘ ਤੇ ਖਲੋ ਕੇ ਜਦੋਂ
ਪੀਂਘ ਮੈਂ ਚੜ੍ਹਾਵਾਂਗੀ,
ਉਡ ਉਡ ਅੰਬਰਾਂ ਨੂੰ
ਹੱਥ ਪਈ ਮੈਂ ਲਾਵਾਂਗੀ,
ਮਾਏ ਮੇਰਾ ਪਿਆਰ
ਸਦਾ ਰਹੂ 'ਸੁਰਜੀਤ',
ਹੋਰ ਸਭ ਕੁਝ ਦੁਨੀਆਂ ਦਾ ਕੂੜਾ
ਕਿ ਸਾਵਣ ਆ ਗਿਆ।

## ਸਾਉਣ ਮਹੀਨਾ

ਸਾਉਣ ਮਹੀਨਾ ਆ ਗਿਆ
ਛਾਈ ਘਟਾ ਘਨਘੋਰ।
ਮੇਘੜੇ ਨੂੰ ਵੇਖ ਕੇ ਪੈਲਾਂ ਪਾਵਣ ਮੋਰ।

ਸਾਉਣ ਮਹੀਨਾ ਚੜ੍ਹ ਪਿਆ
ਰਿਮ ਝਿਮ ਦਿੱਤੀ ਲਾ।
ਰਿਮ ਝਿਮ ਵਿਚ ਪਈ ਨਹਾਂਵਦੀ
ਚੰਚਲ ਸ਼ੋਖ ਹਵਾ।

ਸਾਉਣ ਨੂੰ ਆਉਂਦਾ ਦੇਖ ਕੇ
ਧਰਤ ਨੂੰ ਚੜ੍ਹਿਆ ਚਾ।
ਕੋਇਲ ਨੂੰ ਗਾਉਂਦੀ ਤੱਕ ਕੇ
ਰਾਹੀ ਭੁੱਲ ਗਏ ਰਾਹ।

ਸਾਉਣ ਨੂੰ ਆਇਆਂ ਵੇਖ ਕੇ
ਚਾਤ੍ਰਿਕ ਲੱਗਾ ਗਾਉਣ।
ਚਾਤ੍ਰਿਕ ਦੇ ਵੱਲ ਵੇਖ ਕੇ
ਵਰਸਣ ਲੱਗ ਪਿਆ ਸਾਉਣ।

ਸਾਉਣ ਛਮਾ-ਛਮ ਵਰਸਦਾ
ਡੱਡੂਆਂ ਪਾਇਆ ਸ਼ੋਰ।
ਬੀਂਡੇ ਬੀਨ ਵਜਾਂਵਦੇ ਸੁਣ ਕੇ ਚੜ੍ਹਦੀ ਲੋਰ।

ਸਾਉਣ ਮਹੀਨੇ ਧੀਆਂ ਨੇ
ਪੀਂਘਾਂ ਲਈਆਂ ਪਾ।
ਬਾਹੀਂ ਚੂੜੇ ਛਣਕਦੇ ਉਡਣ ਵਿਚ ਹਵਾ।

ਸਾਵਣ ਵਿਚ ਪਈ ਤੜਫਦੀ
ਇਕ ਬ੍ਰਿਹਨ ਮੁਟਿਆਰ।
ਉਹਨੂੰ ਵੱਢ ਵੱਢ ਪਿਆ ਖਾਂਵਦਾ
ਉਸ ਦਾ ਹਾਰ ਸ਼ਿੰਗਾਰ।

ਸਾਵਣ ਸਾਰੀ ਧਰਤ 'ਤੇ
ਛਹਿਬਰ ਦਿੱਤੀ ਲਾ।
ਫਸਲਾਂ ਇੰਜ ਲਹਿਰਾਉਂਦੀਆਂ
ਜਿਵੇਂ ਗਿੱਧਾ ਰਹੀਆਂ ਪਾ।

ਸਾਵਣ ਖੁੱਲ੍ਹ ਕੇ ਵਰਸਿਆ
ਧਰਤ ਦੀ ਮਿਟ ਗਈ ਭੁੱਖ।
ਧਰਤ ਨੂੰ ਨੱਚਦੀ ਵੇਖ ਕੇ
ਝੂਮਣ ਲੱਗ ਪਏ ਰੁੱਖ।

ਸਾਉਣ ਮਹੀਨੇ ਪ੍ਰਭੂ ਦੇ
ਮਿਲ ਕੇ ਗਾਈਏ ਗੀਤ।
ਰਹਿਮਤ ਮਿਲ ਜਾਏ ਓਸ ਦੀ
ਹੋ ਜਾਈਏ 'ਸੁਰਜੀਤ'।

## ਆਇਐ ਮਹੀਨਾ ਸਾਉਣ ਦਾ

ਆਇਐ ਮਹੀਨਾ ਸਾਉਣ ਦਾ
ਗਿੱਧੇ ਤੇ ਭੰਗੜੇ ਪਾਉਣ ਦਾ,
ਪਿਆਰਾਂ ਨੂੰ ਗਲ ਨਾਲ ਲਾਉਣ ਦਾ
ਨਫਰਤ ਦੀ ਕੰਧ ਨੂੰ ਢਾਹੁਣ ਦਾ।

ਚੜ੍ਹੀਆਂ ਘਟਾਵਾਂ ਕਾਲੀਆਂ
ਹਰ ਪਾਸੇ ਨੇ ਹਰਿਆਲੀਆਂ,
ਪਏ ਮੋਰ ਪੈਲਾਂ ਪਾਂਵਦੇ
ਕੋਇਲਾਂ ਨੂੰ ਚਾਅ ਏ ਗਾਉਣ ਦਾ।

ਜਦ ਕਣੀਆਂ ਕਿਣ ਮਿਣ ਵਰ੍ਹਦੀਆਂ
ਤਪੀਆਂ ਨੇ ਰੂਹਾਂ ਠਰਦੀਆਂ,
ਖੀਰਾਂ ਤੇ ਪੂੜੇ ਪੱਕ ਗਏ
ਦਿਨ ਆਇਆ ਖਾਣ ਖੁਆਉਣ ਦਾ।

ਕੁੜੀਆਂ ਨੇ ਪੇਕੇ ਆ ਗਈਆਂ
ਚਿਹਰੇ 'ਤੇ ਖੁਸ਼ੀਆਂ ਛਾਂ ਗਈਆਂ,
ਹੱਥਾਂ 'ਤੇ ਲਾ ਕੇ ਮਹਿੰਦੀਆਂ
ਫਿਰ ਚੂੜੀਆਂ ਛਣਕਾਉਣ ਦਾ।

ਪਿੱਪਲਾਂ 'ਤੇ ਪੀਂਘਾਂ ਪੈ ਗਈਆਂ
ਪੀਂਘਾਂ 'ਤੇ ਕੁੜੀਆਂ ਬਹਿ ਗਈਆਂ,
ਉਡੀਆਂ ਨੇ ਵੱਲ ਅਸਮਾਨ ਦੇ
ਚਾਅ ਚੜ੍ਹਿਐ ਪੀਂਘ ਚੜ੍ਹਾਉਣ ਦਾ।

ਚੱਲੀਆਂ ਹਵਾਵਾਂ ਠੰਢੀਆਂ
ਟੁੱਟੀਆਂ ਪ੍ਰੀਤਾਂ ਗੰਢੀਆਂ,
ਕੁੜੀਆਂ ਨੇ ਬਣੀਆਂ ਤਿਤਲੀਆਂ
ਚਾਅ ਚੜ੍ਹਿਐ ਗਿੱਧੇ ਪਾਉਣ ਦਾ।

ਡੱਡੂ ਗੜੈਂ ਗੜੈਂ ਗਾਂਵਦੇ
ਬੀਂਡੇ ਨੇ ਬੀਨ ਵਜਾਂਵਦੇ,
ਮੱਖੀਆਂ ਦੇ ਭੀਂ ਭੀਂ ਕਰਨ ਦਾ
ਮੱਛਰਾਂ ਦੇ ਡੰਗ ਚਲਾਉਣ ਦਾ।

ਬ੍ਰਿਹਾ ਦੀ ਮਾਰੀ ਨਾਰ ਇਕ
ਤੜਫੇ ਪਈ ਮੁਟਿਆਰ ਇਕ,
ਮਾਹੀ ਜਿਦ੍ਹਾ ਪਰਦੇਸ ਹੈ
ਦੱਸਦਾ ਕਦੀ ਨਹੀਂ ਆਉਣ ਦਾ।

ਕਦੀ ਨੱਚਦੀਆਂ ਕਦੀ ਗਾਉਂਦੀਆਂ
ਕਈ ਹੱਸਦੀਆਂ ਸ਼ਰਮਾਉਂਦੀਆਂ,
ਕਦੀ ਗੀਤ ਗਾ ਕੇ ਪਿਆਰ ਦੇ
ਮਾਹੀਏ ਦੀ ਬੋਲੀ ਪਾਉਣ ਦਾ।

ਰੱਖੜੀ ਦਾ ਅੱਜ ਤਿਉਹਾਰ ਹੈ
ਭੈਣਾਂ ਦਾ ਦਿਲ ਵਿਚ ਪਿਆਰ ਹੈ,
ਸੁੱਖਾਂ ਵੀਰਾਂ ਦੀਆਂ ਮੰਗ ਕੇ
ਬਾਬਲ ਦੀ ਵੇਲ ਵਧਾਉਣ ਦਾ।

ਸਾਵਣ ਹੈ ਛਮ ਛਮ ਵਸ ਰਿਹਾ
ਸੰਸਾਰ ਸਾਰਾ ਹੱਸ ਰਿਹਾ।
'ਸੁਰਜੀਤ' ਫਿਰਦੀ ਝੁਮਦੀ
ਇਹ ਦਿਨ ਹੈ ਨਗ਼ਮੇ ਗਾਉਣ ਦਾ।

## ਸਾਵਣ ਦਾ ਗੀਤ

ਜੇਠ ਹਾੜ੍ਹ ਵਿਚ ਸੂਰਜ ਸਾੜੇ
ਸਾਵਣ ਠੰਢਾਂ ਪਾਈਆਂ ਨੇ।
ਪਿੱਪਲਾਂ ਥੱਲੇ ਪੀਂਘਾਂ ਝੂਟਣ
ਕੁੜੀਆਂ ਰਲ ਕੇ ਆਈਆਂ ਨੇ।
ਸਾਉਣ ਮਹੀਨਾ ਛਮ ਛਮ ਵਸਦਾ
ਛਾਈ ਏ ਹਰਿਆਲੀ,
ਹਰੀਆਂ ਭਰੀਆਂ ਫਸਲਾਂ ਦੇ ਨਾਲ
ਝੂਮੇ ਡਾਲੀ ਡਾਲੀ,
ਧਰਤ ਅਕਾਸ਼ ਨੂੰ ਨੱਚਦਾ ਤਕ ਕੇ
ਨੱਚ ਰਹੀਆਂ ਪੁਰਵਾਈਆਂ ਨੇ।
ਸੱਜ ਵਿਆਹੀਆਂ ਪੇਕੀਂ ਆਈਆਂ
ਸੱਧਰਾਂ ਦੇ ਨਾਲ ਭਰੀਆਂ,
ਧਰਤੀ ਦੇ ਸੀਨੇ ਠੰਢ ਪੈ ਗਈ
ਤਪੀਆਂ ਰੂਹਾਂ ਠਰੀਆਂ,
ਘਟਾ ਕਾਲੀਆਂ ਚਾਰ ਚੁਫੇਰੇ
ਅੰਬਰਾਂ ਉਤੇ ਛਾਈਆਂ ਨੇ।

ਹਾਰ ਹਮੇਲਾਂ ਦੌਣੀ ਟਿੱਕੇ
ਗਹਿਣਿਆਂ ਦੇ ਨਾਲ ਭਰੀਆਂ,
ਇੰਜ ਜਾਪੇ ਜਿਉਂ ਧਰਤੀ ਉਤੇ
ਆ ਗਈਆਂ ਨੇ ਪਰੀਆਂ,
ਅਣਖ ਗੈਰਤਾਂ ਦੇ ਨਾਲ ਭਰੀਆਂ
ਪੰਜ ਆਬਾਂ ਦੀਆਂ ਜਾਈਆਂ ਨੇ।

ਹੱਥਾਂ ਉਤੇ ਮਹਿੰਦੀ ਸਜਦੀ
ਬਾਹਵਾਂ ਦੇ ਵਿਚ ਚੂੜੇ,
ਸਾਉਣ ਮਹੀਨਾ ਲੈ ਕੇ ਆਇਆ
ਰੰਗ ਪਿਆਰ ਦੇ ਗੂੜ੍ਹੇ,
ਆਉਣਾ ਏਂ ਅੱਜ ਦਿਲ ਦਾ ਜਾਨੀ
ਰਾਹ ਵੱਲ ਅੱਖੀਆਂ ਲਾਈਆਂ ਨੇ।

ਨੱਚਦੇ ਮੋਰ ਪਪੀਹੇ ਗਾਉਂਦੇ
ਕੋਇਲ ਗੀਤ ਸੁਣਾਵੇ,
ਨੱਚਦੀਆਂ ਵੇਖ ਪੰਜਾਬਣ ਕੁੜੀਆਂ
ਕੁਦਰਤ ਸਦਕੇ ਜਾਵੇ,
ਬਾਗਾਂ ਵਿਚ ਬਹਾਰਾਂ ਨੱਚੀਆਂ
ਜਦ ਵੰਗਾਂ ਛਣਕਾਈਆਂ ਨੇ।


ਕਾਲੇ ਕਾਲੇ ਬੱਦਲਾਂ ਦੇ ਵਿਚ
ਪੀਂਘ ਪਈ ਸਤਰੰਗੀ,
ਰੂਪ ਵੇਖ ਮੁਟਿਆਰਾਂ ਦੇ ਅੱਜ
ਬਿਜਲੀ ਵੀ ਕੁਝ ਸੰਗੀ,
ਚੁੰਨੀਆਂ ਵਿਚ ਸਿਤਾਰੇ ਚਮਕਣ
ਪੀਂਘਾਂ ਜਦੋਂ ਚੜ੍ਹਾਈਆਂ ਨੇ।

ਸਦਕੇ ਜਾਵਾਂ ਸੋਹਣੇ ਰੱਬ ਤੋਂ
ਸਾਵਣ ਜਿਨ੍ਹੇ ਬਣਾਇਆ
ਧਰਤੀ ਮਾਂ ਦੀ ਪਿਆਸ ਹੈ ਮੁੱਕੀ
ਸਾਰਾ ਜੱਗ ਨਸ਼ਿਆਇਆ,
ਉਠ 'ਸੁਰਜੀਤ' ਤੂੰ ਵੀ ਕੁਝ ਲਿਖ ਲੈ
ਸਾਵਣ ਝੜੀਆਂ ਲਾਈਆਂ ਨੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮੁੱਖ ਪਾਰਲੀਮਾਨੀ ਸਕੱਤਰ ਮਾਮਲੇ 'ਚ ਕਿਹੜੀ ਧਿਰ ਸਾਫ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਾਰਾਂ ਅਗਸਤ ਨੂੰ ਆਇਆ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਫੈਸਲਾ ਪੰਜਾਬ ਦੀ ਅਕਾਲੀ ਦਲ ਤੇ ਭਾਜਪਾ ਦੀ ਸਾਂਝੀ ਸਰਕਾਰ ਲਈ ਇੱਕ ਬਹੁਤ ਵੱਡਾ ਕਾਨੂੰਨੀ ਝਟਕਾ ਹੈ। ਇਹ ਸਿਰਫ ਪੰਜਾਬ ਤੱਕ ਸੀਮਤ ਨਹੀਂ, ਗਵਾਂਢੀ ਹਰਿਆਣੇ ਵਿਚ ਇਕੱਲੀ ਭਾਜਪਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੂੰ ਵੀ ਹਿਲਾ ਸਕਦਾ ਹੈ। ਮੁਢਲਾ ਪ੍ਰਭਾਵ ਇਹੋ ਹੈ ਕਿ ਇਹ ਫੈਸਲਾ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਦੇ ਖਿਲਾਫ ਹੈ, ਪਰ ਮੌਜੂਦਾ ਸਰਕਾਰ ਦੇ ਨਾਲ ਇਸ ਫੈਸਲੇ ਨੇ ਪਿਛਲੀ ਕਾਂਗਰਸ ਸਰਕਾਰ ਵਾਲਿਆਂ ਨੂੰ ਵੀ ਕਟਹਿਰੇ ਵਿਚ ਲਿਆ ਖੜੇ ਕੀਤਾ ਹੈ ਤੇ ਦਿੱਲੀ ਵਿਚ ਚੱਲਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁਖੀ ਦੀ ਨੀਂਦ ਵੀ ਉਡਾ ਦਿੱਤੀ ਹੋਵੇਗੀ। ਭਾਰਤ ਦੇ ਕੁਝ ਹੋਰਨਾਂ ਰਾਜਾਂ ਉਤੇ ਵੀ ਇਸ ਦਾ ਅਸਰ ਪੈਣਾ ਹੈ ਤੇ ਭਾਰਤ ਦੀ ਰਾਜਨੀਤੀ ਦਾ ਕੋਝਾਪਣ ਨੰਗਾ ਕਰ ਦੇਣ ਵਾਲਾ ਇਹ ਮੁੱਦਾ ਕਿਸੇ ਵਿਰਲੀ ਪਾਰਟੀ ਤੋਂ ਬਿਨਾਂ ਬਾਕੀ ਸ਼ਾਇਦ ਸਾਰੀਆਂ ਧਿਰਾਂ ਨੂੰ ਸ਼ਰਮਿੰਦਗੀ ਦਾ ਅਹਿਸਾਸ ਕਰਵਾਉਣ ਜੋਗਾ ਹੈ।

ਇਹ ਮੁੱਦਾ ਪਿਛਲੇ ਦਰਵਾਜ਼ੇ ਤੋਂ ਉਹ ਵਜ਼ੀਰੀ ਅਹੁਦੇ ਦੇਣ ਦਾ ਹੈ, ਜਿਨ੍ਹਾਂ ਨੂੰ ਮੁੱਖ ਪਾਰਲੀਮਾਨੀ ਸਕੱਤਰ ਕਿਹਾ ਜਾਂਦਾ ਹੈ। ਇਸ ਸਰਕਾਰ ਨੇ ਸੱਤਾ ਸਾਂਭਦੇ ਸਾਰ 19 ਜਣੇ ਮੁੱਖ ਪਾਰਲੀਮਾਨੀ ਸਕੱਤਰ ਬਣਾਏ ਸਨ। ਹਾਈ ਕੋਰਟ ਨੇ ਉਨ੍ਹਾਂ ਸਾਰਿਆਂ ਦੀ ਨਿਯੁਕਤੀ ਨੂੰ ਗੈਰ-ਸੰਵਿਧਾਨਕ ਕਦਮ ਗਰਦਾਨਿਆ ਹੈ। ਇਨ੍ਹਾਂ ਵਿਚੋਂ ਇੱਕ ਜਣਾ ਕਿਰ ਗਿਆ ਤੇ ਬਾਕੀ ਦੇ ਅਠਾਰਾਂ ਤੋਂ ਬਾਅਦ ਜਿਹੜੇ ਛੇ ਹੋਰ ਵਿਧਾਇਕਾਂ ਨੂੰ ਪਿਛਲੇ ਮਹੀਨੇ ਝੰਡੀ ਵਾਲੀ ਕਾਰ ਮਿਲੀ ਸੀ, ਉਨ੍ਹਾਂ ਦਾ ਫੈਸਲਾ ਵੱਖਰਾ ਆ ਸਕਦਾ ਹੈ। ਅਕਾਲੀ ਦਲ ਸੋਚਾਂ ਵਿਚ ਪਿਆ ਹੈ, ਭਾਜਪਾ ਲੀਡਰਸ਼ਿਪ ਬੋਲੀ ਨਹੀਂ ਤੇ ਕਾਂਗਰਸ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਦਾਲਤ ਦੇ ਇਸ ਫੈਸਲੇ ਉਤੇ ਖੁਸ਼ੀ ਮਨਾਉਣ ਦੇ ਨਾਲ ਇਸ ਦਾ ਸਾਰਾ ਦੋਸ਼ ਅਕਾਲੀ-ਭਾਜਪਾ ਲੀਡਰਸ਼ਿਪ ਉਤੇ ਪਾ ਦਿੱਤਾ ਹੈ। ਜਿੱਦਾਂ ਦੀ ਰਾਜਨੀਤੀ ਚੱਲ ਰਹੀ ਹੈ, ਉਸ ਵਿਚ ਇਸੇ ਤਰ੍ਹਾਂ ਦੀ ਪ੍ਰਤੀਕ੍ਰਿਆ ਆਉਣੀ ਸੀ, ਜਿਸ ਤਰ੍ਹਾਂ ਦੀ ਆਈ ਹੈ।

ਤਾਜ਼ਾ ਕੇਸ ਸਾਢੇ ਚਾਰ ਸਾਲ ਪਹਿਲਾਂ ਲਗਾਤਾਰ ਦੂਸਰੀ ਵਾਰ ਬਣੀ ਅਕਾਲੀ-ਭਾਜਪਾ ਸਰਕਾਰ ਦੇ ਨਿਯੁਕਤ ਕੀਤੇ ਮੁੱਖ ਪਾਰਲੀਮਾਨੀ ਸਕੱਤਰਾਂ ਦਾ ਹੈ, ਪਰ ਏਦਾਂ ਦਾ ਇੱਕ ਕੇਸ ਪਿਛਲੀ ਅਕਾਲੀ-ਭਾਜਪਾ ਸਰਕਾਰ ਦਾ ਤੇ ਇੱਕ ਉਸ ਤੋਂ ਵੀ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਦਾ ਸੀ। ਉਨ੍ਹਾਂ ਦੋਵਾਂ ਦੀ ਸੁਣਵਾਈ ਵਿਚ ਏਨਾ ਵਕਤ ਲੰਘ ਗਿਆ ਕਿ ਅਗਲੀ ਚੋਣ ਪਿੱਛੋਂ ਉਹ ਲੋਕ ਅਹੁਦੇ ਉਤੇ ਹੀ ਨਹੀਂ ਸਨ, ਇਸ ਲਈ ਉਹ ਕੇਸ ਕੋਈ ਕਾਨੂੰਨੀ ਸੱਟ ਨਹੀਂ ਸੀ ਮਾਰ ਸਕਦੇ। ਏਦਾਂ ਦਾ ਕੇਸ ਗਵਾਂਢੀ ਹਿਮਾਚਲ ਪ੍ਰਦੇਸ਼ ਵਿਚ ਵੀ ਹੋ ਚੁੱਕਾ ਸੀ। ਕਾਂਗਰਸੀ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਇੱਕ ਵਾਰੀ ਆਪਣੇ ਕੁਝ ਵਿਧਾਇਕਾਂ ਨੂੰ ਮੁੱਖ ਪਾਰਲੀਮਾਨੀ ਸਕੱਤਰ ਬਣਾਇਆ ਸੀ ਤਾਂ ਭਾਰਤੀ ਜਨਤਾ ਪਾਰਟੀ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਫਿਰ ਆਪਣੀ ਸਰਕਾਰ ਬਣ ਗਈ ਤਾਂ ਭਾਜਪਾ ਨੇ ਵੀ ਇਹੋ ਕੁਝ ਕੀਤਾ ਅਤੇ ਕਾਂਗਰਸੀ ਆਗੂ ਅਦਾਲਤ ਵਿਚ ਚਲੇ ਗਏ ਸਨ। ਇਸ ਤਰ੍ਹਾਂ ਦੇ ਕੇਸਾਂ ਵਿਚ ਪਹਿਲੀ ਕਾਨੂੰਨੀ ਸੱਟ 2005 ਵਿਚ ਹਿਮਾਚਲ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਸਰਕਾਰ ਨੂੰ ਪਈ ਸੀ ਅਤੇ ਦੂਸਰੀ ਚਾਰ ਸਾਲ ਬਾਅਦ ਗੋਆ ਦੇ ਕਾਂਗਰਸੀ ਮੁੱਖ ਮੰਤਰੀ ਨੂੰ ਪੈ ਗਈ। ਤੀਸਰੀ ਕਾਨੂੰਨੀ ਸੱਟ ਨਵੇਂ ਬਣੇ ਰਾਜ ਤੇਲੰਗਾਨਾ ਵਿਚ ਤੇਲੰਗਾਨਾ ਰਾਸ਼ਟਰੀ ਸੰਮਤੀ ਦੀ ਸਰਕਾਰ ਨੂੰ 2015 ਵਿਚ ਪਈ ਅਤੇ ਚੌਥੀ ਸੱਟ ਇਸ ਤੋਂ ਮਹੀਨਾ ਕੁ ਪਿੱਛੋਂ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਨੂੰ ਪੈ ਗਈ ਸੀ।



*ਨਵੇਂ ਬਣੇ ਮੁੱਖ ਪਾਰਲੀਮਾਨੀ ਸਕੱਤਰ ਸਹੁੰ ਚੁੱਕਣ ਪਿਛੋਂ ਮੁੱਖ ਮੰਤਰੀ ਬਾਦਲ ਨਾਲ*

ਇਨ੍ਹਾਂ ਸਭ ਸਰਕਾਰਾਂ ਨੇ ਮੁੱਖ ਪਾਰਲੀਮਾਨੀ ਸਕੱਤਰ ਦਾ ਦਰਜਾ ਦੇ ਕੇ ਕੁਝ ਵਿਧਾਇਕਾਂ ਨੂੰ ਪਿਛਲੇ ਦਰਵਾਜ਼ੇ ਤੋਂ ਮੰਤਰੀ ਵਾਲਾ ਟੌਹਰ ਬਖਸ਼ਿਆ ਹੋਇਆ ਸੀ ਤੇ ਇਨ੍ਹਾਂ ਸਾਰਿਆਂ ਨੂੰ ਕਾਨੂੰਨ ਨੇ ਸ਼ੀਸ਼ਾ ਵਿਖਾ ਕੇ ਠਿੱਠ ਕੀਤਾ ਸੀ।

ਸਾਲ 2004 ਵਿਚ ਕੇਂਦਰ ਦੀ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਪਾਰਲੀਮੈਂਟ ਵੱਲੋਂ ਕੀਤੀ ਗਈ ਇੱਕ ਸੰਵਿਧਾਨਕ ਸੋਧ ਨਾਲ ਯਕੀਨੀ ਬਣਾਇਆ ਗਿਆ ਸੀ ਕਿ ਕਿਸੇ ਵੀ ਰਾਜ ਵਿਚ ਮੰਤਰੀਆਂ ਦੀ ਗਿਣਤੀ ਉਥੋਂ ਦੇ ਚੁਣੇ ਹੋਏ ਸਦਨ ਵਿਧਾਨ ਸਭਾ ਦੇ ਕੁੱਲ ਮੈਂਬਰਾਂ ਦੀ ਪੰਦਰਾਂ ਫੀਸਦੀ ਤੋਂ ਵੱਧ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਬੜੇ ਵੱਡੇ ਮੰਤਰੀ ਮੰਡਲ ਬਣ ਜਾਇਆ ਕਰਦੇ ਸਨ। ਪੰਜਾਬ ਦੀ ਹਰਚਰਨ ਸਿੰਘ ਬਰਾੜ ਦੀ ਸਰਕਾਰ ਨੂੰ 'ਮੰਤਰੀਆਂ ਦੀ ਮਾਲ ਗੱਡੀ' ਕਿਹਾ ਜਾਂਦਾ ਸੀ ਤੇ ਉਤਰ ਪ੍ਰਦੇਸ਼ ਦੇ ਮੰਤਰੀਆਂ ਦੀ ਗਿਣਤੀ ਇੱਕ ਵਾਰੀ ਸੈਂਕੜੇ ਨੇੜੇ ਜਾ ਪਹੁੰਚੀ ਸੀ। ਉਦੋਂ ਕੀਤੀ ਗਈ ਨਵੀਂ ਸੰਵਿਧਾਨਕ ਸੋਧ ਨਾਲ ਜਿਨ੍ਹਾਂ ਰਾਜਾਂ ਵਿਚ ਖੜੇ ਪੈਰ ਸਮੱਸਿਆ ਪੈਦਾ ਹੋ ਗਈ, ਉਨ੍ਹਾਂ ਵਿਚ ਪੰਜਾਬ ਵੀ ਸੀ, ਕਿਉਂਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਖਿਲਾਫ ਕਾਂਗਰਸ ਦੇ ਕਈ ਲੀਡਰ ਝੰਡੇ ਚੁੱਕੀ ਖੜੇ ਸਨ ਤੇ ਉਨ੍ਹਾਂ ਨੂੰ ਵਜ਼ੀਰੀ ਦੇਣੀ ਪੈਣੀ ਸੀ। ਰਾਹ ਇਹ ਕੱਢਿਆ ਗਿਆ ਕਿ ਮੰਤਰੀਆਂ ਦੀ ਗਿਣਤੀ ਸਤਾਰਾਂ ਤੋਂ ਵਧ ਨਹੀਂ ਸਕਦੀ, ਬਾਕੀ ਖਾਹਿਸ਼ਮੰਦਾਂ ਨੂੰ ਮੁੱਖ ਪਾਰਲੀਮਾਨੀ ਸਕੱਤਰ ਬਣਾ ਕੇ ਕੰਮ ਸਾਰਿਆ ਜਾਵੇ। ਜਦੋਂ ਕਾਂਗਰਸ ਨੇ ਮੁੱਖ ਪਾਰਲੀਮਾਨੀ ਸਕੱਤਰ ਬਣਾਏ ਤਾਂ ਅਦਾਲਤ ਵਿਚ ਚੁਣੌਤੀ ਅਕਾਲੀ ਲੀਡਰਾਂ ਨੇ ਦਿੱਤੀ ਸੀ, ਜਿਹੜੀ ਸਿਰੇ ਨਹੀਂ ਸੀ ਲੱਗ ਸਕੀ ਤੇ ਚੋਣਾਂ ਆ ਜਾਣ ਕਾਰਨ ਕੇਸ ਲਟਕਦੇ ਰਹਿਣ ਦੌਰਾਨ ਸਰਕਾਰ ਬਦਲ ਗਈ ਸੀ। ਜਿਵੇਂ ਉਦੋਂ ਕਾਂਗਰਸ ਦੇ ਆਗੂਆਂ ਨੇ ਵਾਜਪਾਈ ਸਰਕਾਰ ਵੇਲੇ ਸੰਵਿਧਾਨ ਵਿਚ ਸ਼ਾਮਲ ਕੀਤੀ ਇਸ ਸ਼ਰਤ ਦੀ ਉਲੰਘਣਾ ਕੀਤੀ ਸੀ, ਉਵੇਂ ਹੀ ਬਾਅਦ ਵਿਚ ਅਕਾਲੀ-ਭਾਜਪਾ ਸਰਕਾਰ ਨੇ ਵੀ ਉਲੰਘਣਾ ਕਰ ਲਈ ਸੀ, ਜਿਸ ਦੇ ਖਿਲਾਫ ਹੁਣ ਵਾਲਾ ਫੈਸਲਾ ਆਇਆ ਹੈ।

ਹੋਇਆ ਇਹ ਕਿ ਅਮਰਿੰਦਰ ਸਿੰਘ ਤੋਂ ਬਾਅਦ ਜਦੋਂ ਅਕਾਲੀ-ਭਾਜਪਾ ਗੱਠਜੋੜ ਜਿੱਤ ਗਿਆ ਅਤੇ ਇਨ੍ਹਾਂ ਨੇ ਵੀ ਕਈ ਵਿਧਾਇਕਾਂ ਨੂੰ ਮੁੱਖ ਪਾਰਲੀਮਾਨੀ ਸਕੱਤਰ ਬਣਾ ਦਿੱਤਾ ਤਾਂ ਪੁੱਛੇ ਜਾਣ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਵਾਬ ਦਿਲਚਸਪ ਸੀ। ਉਨ੍ਹਾਂ ਕਿਹਾ ਸੀ ਕਿ ਅਮਰਿੰਦਰ ਸਿੰਘ ਨੇ ਮੁੱਖ ਪਾਰਲੀਮਾਨੀ ਸਕੱਤਰ ਬਣਾ ਲਏ ਸੀ, ਉਹ ਕੇਸ ਚੱਲਦਾ ਹੀ ਹੈ, ਜਦੋਂ ਉਸ ਦਾ ਕੋਈ ਫੈਸਲਾ ਆਵੇਗਾ, ਉਹੋ ਸਾਡੇ ਉਤੇ ਲਾਗੂ ਹੋ ਜਾਵੇਗਾ। ਸਮਾਂ ਲੰਘਦਾ ਗਿਆ ਤੇ ਫੈਸਲਾ ਆਉਣ ਤੋਂ ਪਹਿਲਾਂ ਅਗਲੀ ਚੋਣ ਵਿਚ ਅਕਾਲੀ-ਭਾਜਪਾ ਗੱਠਜੋੜ ਲਗਾਤਾਰ ਦੂਸਰੀ ਵਾਰ ਵੀ ਜਿੱਤ ਗਿਆ। ਉਸੇ ਤਰ੍ਹਾਂ ਫਿਰ 19 ਮੁੱਖ ਪਾਰਲੀਮਾਨੀ ਸਕੱਤਰ ਬਣਾ ਦਿੱਤੇ ਤੇ ਇੱਕ ਹੋਰ ਛੜੱਪੇ ਵਿਚ ਇੱਕ ਜਣਾ ਕੱਢ ਕੇ ਇਨ੍ਹਾਂ 'ਚ 6 ਹੋਰ ਪਾ ਕੇ 24 ਕਰ ਦਿੱਤੇ ਗਏ। ਬਹੁਤੇ ਲੋਕਾਂ ਦਾ ਖਿਆਲ ਸੀ ਕਿ ਇਸ ਕੇਸ ਦਾ ਫੈਸਲਾ ਛੇਤੀ ਨਹੀਂ ਆਉਣਾ ਤੇ ਜਦੋਂ ਗੱਲ ਸਿਰੇ ਲੱਗੇਗੀ, ਉਦੋਂ ਤੱਕ ਅਗਲੀਆਂ ਚੋਣਾਂ ਹੋ ਜਾਣਗੀਆਂ ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ। ਏਦਾਂ ਕਈ ਵਾਰ ਹੁੰਦਾ ਹੈ।

ਤਾਮਿਲਨਾਡੂ ਵਿਚ ਇੱਕ ਵਾਰੀ ਇੱਕ ਆਗੂ ਚੋਣ ਜਿੱਤ ਕੇ ਮੰਤਰੀ ਬਣ ਗਿਆ ਸੀ। ਅਦਾਲਤ ਵਿਚ ਉਸ ਦੀ ਚੋਣ ਨੂੰ ਚੁਣੌਤੀ ਦਿੱਤੀ ਗਈ, ਪਰ ਚੁਣੌਤੀ ਦਾ ਕੇਸ ਸਿਰੇ ਲੱਗਣ ਤੋਂ ਪਹਿਲਾਂ ਪੰਜ ਸਾਲ ਮੁੱਕ ਗਏ ਤੇ ਨਵੀਆਂ ਚੋਣਾਂ ਹੋ ਗਈਆਂ। ਫਿਰ ਅਦਾਲਤੀ ਫੈਸਲਾ ਆ ਗਿਆ ਕਿ ਪਿਛਲੀ ਵਾਰੀ ਉਸ ਮੰਤਰੀ ਦੀ ਵਿਧਾਇਕ ਵਜੋਂ ਚੋਣ ਨਾਜਾਇਜ਼ ਸੀ। ਪੰਜ ਸਾਲ ਰਾਜ ਉਹ ਕਰਦਾ ਰਿਹਾ ਸੀ, ਹੁਣ ਉਹ ਵਿਧਾਇਕ ਦੀ ਚੋਣ ਵੀ ਹਾਰ ਚੁੱਕਾ ਸੀ ਤਾਂ ਇਸ ਫੈਸਲੇ ਦਾ ਕੋਈ ਅਰਥ ਨਹੀਂ ਸੀ ਬਣਦਾ। ਏਦਾਂ ਹੀ ਪੰਜਾਬ ਦੇ ਕਈ ਆਗੂ ਸਮਝਦੇ ਸਨ ਕਿ ਅਗਲੀ ਚੋਣ ਤੱਕ ਕੇਸ ਲਮਕ ਜਾਣਾ ਹੈ। ਹੁਣ ਜਦੋਂ ਅਦਾਲਤ ਤੋਂ ਇਸ ਬਾਰੇ ਸਪੱਸ਼ਟ ਫੈਸਲਾ ਇਨ੍ਹਾਂ ਦੇ ਖਿਲਾਫ ਆ ਗਿਆ ਹੈ ਤਾਂ ਹਰ ਕੋਈ ਦੂਜੇ ਦੇ ਸਿਰ ਦੋਸ਼ ਥੱਪਣ ਲੱਗ ਪਿਆ ਹੈ।

ਜਿਨ੍ਹਾਂ ਸਿਆਸੀ ਆਗੂਆਂ ਦੇ ਪ੍ਰਤੀਕਰਮਾਂ ਵਿਚ ਲੋਕਾਂ ਦੇ ਕਰਮ ਰੁਲ ਕੇ ਰਹਿ ਜਾਇਆ ਕਰਦੇ ਹਨ, ਉਨ੍ਹਾਂ ਦੇ ਪ੍ਰਤੀਕਰਮਾਂ ਵਿਚ ਨਾ ਜਾਈਏ ਤਾਂ ਠੀਕ ਰਹੇਗਾ। ਇਸ ਦੀ ਥਾਂ ਹਕੀਕਤਾਂ ਵੇਖਣ ਦੀ ਲੋੜ ਹੈ। ਕਾਂਗਰਸੀ ਸਰਕਾਰਾਂ ਦੇ ਨਿਯੁਕਤ ਕੀਤੇ ਮੁੱਖ ਪਾਰਲੀਮਾਨੀ ਸਕੱਤਰ ਦਾ ਅਸੀਂ ਜ਼ਿਕਰ ਕੀਤਾ ਹੈ, ਤੇਲੰਗਾਨਾ ਤੇ ਪੱਛਮੀ ਬੰਗਾਲ ਦੀ ਗੱਲ ਵੀ ਦੱਸੀ ਹੈ। ਹੁਣ ਅਕਾਲੀ-ਭਾਜਪਾ ਸਰਕਾਰ ਨੂੰ ਇਹ ਕਾਨੂੰਨੀ ਸੱਟ ਪਈ ਹੈ। ਗਵਾਂਢੀ ਹਰਿਆਣਾ ਵਿਚ ਭਾਜਪਾ ਦੀ ਨਿਰੋਲ ਆਪਣੀ ਸਰਕਾਰ ਨੇ ਵੀ ਮੁੱਖ ਪਾਰਲੀਮਾਨੀ ਸਕੱਤਰ ਬਣਾਉਣ ਦਾ ਕੰਮ ਕੀਤਾ ਹੋਇਆ ਹੈ।

ਆਮ ਆਦਮੀ ਪਾਰਟੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਦੀ ਨਾ ਕੋਈ ਮਜ਼ਦੂਰ-ਕਿਸਾਨ ਦੀ ਜਮਾਤੀ ਵੰਡ ਦੀ ਵਿਚਾਰਧਾਰਾ ਹੈ, ਨਾ ਕਿਸੇ ਇੱਕ ਧਰਮ ਦੇ ਰਾਜ ਦਾ ਨਿਸ਼ਾਨਾ ਹੈ, ਉਹ ਇਸ ਦੇਸ਼ ਵਿਚ ਲਾਗੂ ਕੀਤੇ ਗਏ ਸੰਵਿਧਾਨ ਉਤੇ ਪਹਿਰਾ ਦੇਣ ਨੂੰ ਹੀ ਆਪਣਾ ਮੁੱਖ ਸਿਧਾਂਤ ਸਮਝਦੀ ਹੈ, ਪਰ ਇਸ ਗੇੜ ਵਿਚ ਉਹ ਵੀ ਫਸੀ ਪਈ ਹੈ। ਪਿਛਲੇ ਸਾਲ ਉਸ ਨੇ ਜਦੋਂ ਦਿੱਲੀ ਵਿਚ ਏਦਾਂ ਬਹੁਤ ਸਾਰੇ ਮੁੱਖ ਪਾਰਲੀਮਾਨੀ ਸਕੱਤਰ ਨਿਯੁਕਤ ਕਰ ਦਿੱਤੇ ਤਾਂ ਦੇਸ਼ ਵਿਚ ਰੌਲਾ ਪੈ ਗਿਆ। ਕਾਰਨ ਇਹ ਨਹੀਂ ਸੀ ਕਿ ਉਸ ਨੇ ਕੋਈ ਉਹ ਕੰਮ ਕੀਤਾ ਸੀ, ਜਿਹੜਾ ਪਹਿਲਾਂ ਕਿਸੇ ਨੇ ਕੀਤਾ ਨਹੀਂ ਸੀ, ਸਗੋਂ ਇਹ ਸੀ ਕਿ ਸੱਤਰ ਮੈਂਬਰੀ ਵਿਧਾਨ ਸਭਾ ਦੇ ਤੀਹ ਫੀਸਦੀ ਤੋਂ ਵੱਧ ਵਿਧਾਇਕ ਮੁੱਖ ਪਾਰਲੀਮਾਨੀ ਸਕੱਤਰ ਬਣਾਉਣ ਦਾ ਰਿਕਾਰਡ ਬਣਾ ਦਿੱਤਾ ਸੀ। ਪਹਿਲਾਂ ਦਿੱਲੀ ਵਿਚਲੀਆਂ ਭਾਜਪਾ ਅਤੇ ਕਾਂਗਰਸੀ ਸਰਕਾਰਾਂ ਨੇ ਮੁੱਖ ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਵੇਲੇ ਜਿਹੜਾ ਵਿਧਾਨਕ ਅਮਲ ਪੂਰਾ ਕੀਤਾ ਸੀ, ਉਸ ਦਾ ਵੀ ਚੇਤਾ ਨਾ ਰੱਖਿਆ। ਹੁਣ ਉਹ ਕੇਸ ਚੋਣ ਕਮਿਸ਼ਨ ਕੋਲ ਹੈ ਤੇ ਉਸ ਦਾ ਫੈਸਲਾ ਕਿਸੇ ਵੇਲੇ ਵੀ ਆ ਸਕਦਾ ਹੈ। ਪੰਜਾਬ-ਹਰਿਆਣਾ ਹਾਈ ਕੋਰਟ ਦੇ ਇਸ ਫੈਸਲੇ ਪਿੱਛੋਂ ਉਥੋਂ ਆਉਣ ਵਾਲੇ ਫੈਸਲੇ ਦਾ ਅੰਦਾਜ਼ਾ ਵੀ ਲਾਇਆ ਜਾ ਸਕਦਾ ਹੈ।

ਭਾਰਤੀ ਰਾਜਨੀਤੀ ਵਿਚ ਕਦੇ ਇਹ ਗੱਲ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਮੂੰਹੋਂ ਸੁਣਿਆ ਕਰਦੇ ਸਾਂ ਕਿ ਇਹ ਵੱਖਰੀ-ਨਿਆਰੀ ਰਾਜਸੀ ਪਾਰਟੀ ਹੈ। ਰਾਜ-ਗੱਦੀਆਂ ਤੱਕ ਪਹੁੰਚੀ ਤਾਂ ਭਾਜਪਾ ਹੋਰ ਪਾਰਟੀਆਂ ਵਰਗੀ ਪਾਰਟੀ ਨਹੀਂ, ਉਨ੍ਹਾਂ ਤੋਂ ਭੈੜੀ ਸਾਬਤ ਹੋਣ ਲੱਗੀ ਹੈ। ਹੁਣ ਭਰੋਸੇ ਦਾ ਮੁੱਦਾ ਆਮ ਆਦਮੀ ਪਾਰਟੀ ਦਾ ਹੈ। ਇਹ ਵੀ ਦਾਅਵਾ ਕਰਦੀ ਹੈ ਕਿ ਇਹ ਬਾਕੀ ਪਾਰਟੀਆਂ ਤੋਂ ਵੱਖਰੀ ਹੈ। ਇਸ ਨੂੰ ਵੱਖਰੀ ਬਣ ਕੇ ਵਿਖਾਉਣਾ ਚਾਹੀਦਾ ਸੀ, ਪਰ ਦਿੱਲੀ ਵਿਚ ਮੁੱਖ ਪਾਰਲੀਮਾਨੀ ਸਕੱਤਰ ਨਿਯੁਕਤ ਕਰਨ ਤੇ ਇਸ ਵਿਚ ਬਾਕੀ ਪਾਰਟੀਆਂ ਨੂੰ ਪਛਾੜ ਦੇਣ ਨਾਲ ਇਹ ਵੀ ਆਮ ਪਾਰਟੀਆਂ ਵਰਗੀ ਬਣ ਗਈ ਲੱਗਦੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਇਹ ਫੈਸਲਾ ਕਿਸੇ ਸਿਆਸੀ ਚਾਂਦਮਾਰੀ ਦਾ ਮੁੱਦਾ ਨਹੀਂ, ਇੱਕ ਦਿਸ਼ਾ ਦਿਖਾਉਣ ਵਾਲਾ ਮੁੱਦਾ ਹੈ, ਪਰ ਜੇ ਕਿਸੇ ਨੇ ਇਸ ਉਤੇ ਚਾਂਦਮਾਰੀ ਕਰਨੀ ਹੋਵੇ ਤਾਂ ਉਸ ਨੂੰ 'ਰੋਟੀ' ਫਿਲਮ ਦਾ ਗਾਣਾ ਯਾਦ ਕਰਨਾ ਚਾਹੀਦਾ ਹੈ, 'ਪਹਿਲਾ ਪੱਥਰ ਵੋ ਮਾਰੇ, ਜਿਸ ਨੇ ਪਾਪ ਨਾ ਕੀਆ ਹੋ।' ਇਸ ਬਾਰੇ ਦੂਸਰਿਆਂ ਨੂੰ ਦੋਸ਼ ਦੇਣ ਦਾ ਹੱਕ ਵੀ ਸਿਰਫ ਉਸੇ ਨੂੰ ਹੈ, ਜਿਸ ਨੇ ਇਹੋ ਜਿਹਾ ਕੋਈ ਕੰਮ 'ਆਪ ਨਾ ਕੀਆ ਹੋ।' ਏਦਾਂ ਦੀ ਕੋਈ ਧਿਰ ਹੈ ਤਾਂ ਲੋਕਾਂ ਅੱਗੇ ਬਾਂਹ ਖੜੀ ਕਰ ਕੇ ਵਿਖਾਵੇ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਪੰਜਾਬ 'ਚ ਖਾੜਕੂਵਾਦ ਦੀਆਂ ਸਰਗਰਮੀਆਂ ਵਧਣ ਦਾ ਦਾਅਵਾ

**ਹੁਸ਼ਿਆਰਪੁਰ:** ਪੰਜਾਬ ਪੁਲਿਸ ਨੇ ਹੁਸ਼ਿਆਰਪੁਰ ਵਿਚ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਕੋਲ ਪਾਕਿਸਤਾਨੀ ਹਥਿਆਰ ਸਨ। ਇਨ੍ਹਾਂ ਦੇ ਨਾਲ ਦੋ ਪਰਵਾਸੀ ਭਾਰਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਇਕ ਅਮਰੀਕੀ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦਾ ਆਗੂ ਹਰਜਾਪ ਸਿੰਘ ਜਾਪੀ ਤੇ ਦੂਜਾ ਇਟਲੀ 'ਚ ਰਹਿ ਰਿਹਾ ਅਵਤਾਰ ਸਿੰਘ ਹੈ। ਦੋਵੇਂ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ। ਇਹ ਪਹਿਲੀ ਵਾਰ ਹੈ ਜਦੋਂ ਸਿੱਖਸ ਫਾਰ ਜਸਟਿਸ ਦਾ ਖਾੜਕੂਆਂ ਨਾਲ ਸਬੰਧ ਸਾਹਮਣੇ ਆਇਆ ਹੈ।

ਪੁਲਿਸ ਮੁਤਾਬਕ ਤਿੰਨਾਂ ਕੋਲੋਂ ਹੀ ਤਿੰਨ ਪਿਸਟਲ, 15 ਬੁਲੇਟ ਪਰੂਫ ਜੈਕਟਾਂ ਤੇ ਵਿਸਫੋਟਕ ਬਰਾਮਦ ਕੀਤਾ ਗਿਆ ਹੈ। ਪੁੱਛਗਿਛ ਕਰ ਕੇ ਪਤਾ ਕੀਤਾ ਜਾ ਰਿਹਾ ਹੈ ਕਿ ਕਿਧਰੇ ਇਹ 15 ਅਗਸਤ ਨੂੰ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਤਾਂ ਨਹੀਂ ਸਨ ਕਰ ਰਹੇ? ਦੋ ਮਹੀਨੇ ਤੱਕ ਫੋਨ ਕਾਲ ਇੰਟਰਸੈਪਟ ਕਰਨ ਤੋਂ ਬਾਅਦ ਪੁਲਿਸ ਨੇ ਸਭ ਤੋਂ ਪਹਿਲਾਂ ਜਸਪ੍ਰੀਤ ਸਿੰਘ ਜੱਸਾ ਤੇ ਹਰਦੀਪ ਸਿੰਘ ਦੀਪਾ ਨੂੰ ਹੁਸ਼ਿਆਰਪੁਰ ਤੋਂ ਫੜਿਆ। ਇਸ ਤੋਂ ਬਾਅਦ ਪਿੰਡ ਮੋਹਲਾ ਸ਼ੇਖਾਂ ਦੇ ਕੁਲਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ।

ਇਸ ਮਾਮਲੇ ਵਿਚ ਥਾਣਾ ਚੱਬੇਵਾਲ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਫਿਲਹਾਲ ਤਿੰਨੇ ਪੁਲਿਸ ਰਿਮਾਂਡ ਵਿਚ ਹਨ। ਪੁਲਿਸ ਅਨੁਸਾਰ ਪੰਜਾਬ ਵਿਚ ਆਈ.ਐਸ.ਆਈ. ਨੇ ਇਨ੍ਹਾਂ ਖਾਲਿਸਤਾਨੀਆਂ ਨਾਲ ਮਿਲ ਕੇ ਅਤਿਵਾਦ ਨੂੰ ਦੁਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਹਥਿਆਰ ਤੇ ਬੁਲੇਟ ਪਰੂਫ ਜੈਕਟਾਂ ਪਾਕਿਸਤਾਨ ਤੋਂ ਆਏ ਸਨ। ਉਸ 'ਤੇ ਪਾਕਿਸਤਾਨ ਦਾ ਮਾਰਕਾ ਹੈ। ਇਹ ਤਰਨ ਤਾਰਨ ਦੇ ਕਿਸੇ ਇਲਾਕੇ ਤੋਂ ਲੈ ਕੇ ਆਏ ਸਨ। ਪੁਲਿਸ ਹੁਣ ਇਸ ਮਾਮਲੇ ਦੀ ਜਾਂਚ ਵੀ ਕਰ ਰਹੀ ਹੈ ਕਿ ਹਥਿਆਰ ਕਿਥੋਂ ਲਿਆਂਦੇ ਗਏ ਤੇ ਭਾਰਤ ਵਿਚ ਕਿਵੇਂ ਦਾਖਲ ਹੋਏ?

# ਵਿਜੈ ਮਾਲਿਆ ਦੀ ਅਦਾਇਗੀ ਰੋਕੀ

**ਨਵੀਂ ਦਿੱਲੀ:** ਕਰ ਅਧਿਕਾਰੀਆਂ ਦੇ ਹੁਕਮ ਤੋਂ ਬਾਅਦ ਯੂਨਾਈਟਿਡ ਬਰੀਵਰੀਜ਼ ਲਿਮਟਿਡ ਨੇ ਆਪਣੇ ਚੇਅਰਮੈਨ ਵਿਜੈ ਮਾਲਿਆ ਨੂੰ ਕੀਤੀ ਜਾਣ ਵਾਲੀ 1.64 ਕਰੋੜ ਦੀ ਅਦਾਇਗੀ ਰੋਕ ਦਿੱਤੀ ਹੈ। ਕਰ ਅਧਿਕਾਰੀਆਂ ਵੱਲੋਂ ਇਹ ਨਿਰਦੇਸ਼ ਮਾਲਿਆ ਦੀ ਕਿੰਗਫਿਸ਼ਰ ਏਅਰਲਾਈਨ ਖਿਲਾਫ਼ ਚੱਲ ਰਹੇ ਕਰ ਕੇਸ ਦੇ ਮੱਦੇਨਜ਼ਰ ਦਿੱਤੇ ਗਏ ਹਨ।

ਵਿਜੈ ਮਾਲਿਆ ਦਾ ਨਾਂ ਲਏ ਬਿਨਾਂ ਕੰਪਨੀ ਨੇ ਕਿਹਾ ਕਿ ਉਸ ਨੂੰ ਇਸ ਸਾਲ 28 ਜੂਨ ਨੂੰ ਆਮਦਨ ਕਰ ਕਮਿਸ਼ਨਰ (ਟੀ.ਡੀ.ਐਸ.) ਦੇ ਨਿਰਦੇਸ਼ ਪ੍ਰਾਪਤ ਹੋਏ ਸਨ। ਇਨ੍ਹਾਂ ਨਿਰਦੇਸ਼ਾਂ ਤਹਿਤ ਕੰਪਨੀ ਵੱਲੋਂ ਡਾਇਰੈਕਟਰ ਨੂੰ ਤਨਖਾਹ, ਭੱਤਿਆਂ ਦੇ ਰੂਪ ਵਿਚ ਕਿਸੇ ਕਿਸਮ ਦੀ ਵੀ ਅਦਾਇਗੀ ਕਰਨ ਤੋਂ ਵਰਜਿਆ ਗਿਆ ਹੈ।

# ਟਰੰਪ ਨੇ ਅਮਰੀਕੀਆਂ ਲਈ ਵਾਅਦਿਆਂ ਦੀ ਝੜੀ ਲਾਈ

**ਡੈਲਸ:** ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਕਿਹਾ ਕਿ ਉਹ ਸਖਤ ਆਰਥਿਕ ਕਦਮ ਉਠਾ ਕੇ ਇਹ ਯਕੀਨੀ ਬਣਾਏਗਾ ਕਿ ਅਮਰੀਕਾ ਦੀਆਂ ਨੌਕਰੀਆਂ ਚੀਨ ਜਿਹੇ ਦੇਸ਼ਾਂ ਵੱਲ ਨਾ ਜਾਣ। ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਪੈਨਸਿਲਵੇਨੀਆ ਵਿਚ ਨੌਕਰੀਆਂ ਵਾਪਸ ਲੈ ਕੇ ਆਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿਚ ਨਿਰਮਾਣ ਖੇਤਰ ਤੇ ਨੌਕਰੀਆਂ ਦੀ ਹਾਲਤ ਠੀਕ ਨਹੀਂ ਚੱਲ ਰਹੀ।



ਟਰੰਪ ਨੇ ਕਿਹਾ ਕਿ ਅਮਰੀਕਾ ਦੇ ਲੋਕ ਡੈਮੋਕਰੈਟਿਕ ਪਾਰਟੀ ਵੱਲੋਂ ਪ੍ਰਚਾਰੇ ਜਾ ਰਹੇ ਝੂਠ ਨੂੰ ਸੁਣ-ਸੁਣ ਅੱਕ ਚੁੱਕੇ ਹਨ। ਉਹ ਨੌਕਰੀਆਂ ਤੋਂ ਹੱਥ ਧੋ-ਧੋ ਕੇ ਅੱਕ ਚੁੱਕੇ ਹਨ। ਉਹ ਸਾਡੀਆਂ ਕੰਪਨੀਆਂ ਨੂੰ ਮਲੀਆਮੇਟ ਹੁੰਦੇ ਦੇਖ ਤੇ ਦੂਜੀਆਂ ਥਾਵਾਂ ਉਤੇ ਜਾਂਦੇ ਵੇਖ ਕੇ ਅੱਕ ਚੁੱਕੇ ਹਨ। ਉਹ ਚੀਨ ਨੂੰ ਇਥੇ ਆ ਕੇ ਹਰ ਥਾਂ ਆਪਣਾ ਸਟੀਲ ਸੁੱਟਦਿਆਂ ਦੇਖ ਕੇ ਅਤੇ ਸਾਡੀਆਂ ਕੰਪਨੀਆਂ ਨੂੰ ਬੇਕਾਰ ਹੁੰਦਾ ਦੇਖ ਕੇ ਅੱਕ ਚੁੱਕੇ ਹਨ। ਇਸ ਲਈ ਹੁਣ ਸਾਨੂੰ ਚੀਨ ਜਾਣਾ ਪਵੇਗਾ ਤੇ ਆਪਣਾ ਸਟੀਲ ਵਾਪਸ ਲੈ ਕੇ ਆਉਣਾ ਪਵੇਗਾ ਜੋ ਬਹੁਤ ਜਲਦੀ ਹੋਣ ਵਾਲਾ ਹੈ। ਇਸੇ ਕਰ ਕੇ ਸਟੀਲ ਕਾਮੇ ਮੇਰੇ ਨਾਲ ਖੜ੍ਹੇ ਹਨ।

ਸ੍ਰੀ ਟਰੰਪ ਨੇ ਆਪਣੇ ਹਮਾਇਤੀਆਂ ਨੂੰ ਕਿਹਾ ਕਿ ਪੈਨਸਿਲਵੇਨੀਆ ਵਿਚ ਵੋਟਾਂ ਵਾਲੇ ਦਿਨ ਉਹ ਮਤਦਾਨ ਕੇਂਦਰਾਂ ਉਤੇ ਨਜ਼ਰ ਰੱਖਣ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

# ਸਿੱਖ ਟੈਂਪਲ ਗੁਰਦੁਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਦੀ ਹੋ ਰਹੀ ਇਲੈਕਸ਼ਨ ਵਾਸਤੇ ਸਾਧ ਸੰਗਤ ਸਲੇਟ ਵਲੋਂ ਸੰਗਤਾਂ ਨੂੰ ਨਿਮਰਤਾ ਸਾਹਿਤ ਅਪੀਲ

ਸਿੱਖ ਟੈਂਪਲ ਗੁਰਦਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਦੀ ਕਮੇਟੀ ਦੀ ਇਲੈਕਸ਼ਨ 27 ਅਤੇ 28 ਅਗਸਤ ਦਿਨ ਸਨਿਚਰਵਾਰ ਅਤੇ ਐਤਵਾਰ ਨੂੰ ਹੋ ਰਹੀ ਹੈ। ਮੈਂਬਰਾਂ ਦੀ ਫਾਈਨਲ ਲਿਸਟ ਆ ਚੁੱਕੀ ਹੈ। ਬਹੁਤ ਸਾਰੇ ਯੋਗ ਵਿਅਕਤੀ ਜੋ ਡਾਇਰੈਕਟਰ ਦੀ ਚੋਣ ਵਾਸਤੇ ਖੜੇ ਸਨ ਉਹ ਲਿਸਟ ਵਿਚ ਨਹੀਂ ਹਨ। ਕਿਹਾ ਜਾਂਦਾ ਹੈ ਕਿ ਉਹ ਪਿਛਲੇ ਸਾਲਾਂ ਵਿਚ ਮੈਂਬਰ ਨਹੀਂ ਸਨ। ਬਾਈ ਲਾਅ ਦੇ ਮੁਤਾਬਕ ਡਾਇਰੈਕਟਰ ਬਣਨ ਲਈ ਇਕ ਸਾਲ ਪਹਿਲਾਂ ਮੈਂਬਰ ਹੋਣਾ ਜਰੂਰੀ ਹੈ। ਲਿਸਟ ਤੋਂ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਵੀਰ ਭੈਣਾਂ ਮੈਂਬਰ ਵੀ ਨਹੀਂ ਬਣ ਸਕੇ। ਟੈਨੀ ਐਂਡ ਕੰਪਨੀ ਵਲੋਂ ਉਸਦਾ ਕਾਰਨ ਐਡਰੈਸ ਦਾ ਵੱਖਰਾ ਹੋਣਾ ਦੱਸਿਆ ਜਾਂਦਾ ਹੈ ਜਾਂ ਕਈ ਵੀਰ ਭੈਣਾਂ ਨੇ ਇਕ ਤੋਂ ਵੱਧ ਫਾਰਮ ਭਰ ਕੇ ਦੇ ਦਿੱਤੇ ਸਨ। ਪਰ ਇਕ ਵਿਅਕਤੀ ਇਕ ਵਾਰ ਹੀ ਮੈਂਬਰ ਬਣ ਸਕਦਾ ਹੈ। ਤਕਰੀਬਨ 6300 ਤੋਂ ਉਪਰ ਮੈਂਬਰ ਬਣਾਏ ਗਏ ਹਨ। ਵੋਟਾਂ ਦੋ ਦਿਨ ਸਨਿਚਰਵਾਰ ਅਤੇ ਐਤਵਾਰ ਪੈਣੀਆਂ ਹਨ। ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਾ ਹੈ। ਇਹ ਵੋਟ ਤੁਸੀਂ ਗੁਰੂ ਘਰ ਦੇ ਲੰਗਰ ਹਾਲ ਵਿਚ ਗੁਪਤ ਤੌਰ 'ਤੇ ਆਪਣੇ ਬੂਥ ਵਿਚ ਬੈਠ ਕੇ ਆਪਣੇ ਮਨਪਸੰਦ ਦੇ ਉਮੀਦਵਾਰਾਂ ਨੂੰ ਪਾ ਸਕਦੇ ਹੋ। ਇਕ ਮੈਂਬਰ ਵੱਧ ਤੋਂ ਵੱਧ 73 ਡਾਇਰੈਕਟਰਾਂ ਨੂੰ ਵੋਟ ਪਾ ਸਕਦਾ ਹੈ। ਕੁੱਲ 147 ਡਾਇਰੈਕਟਰ ਇਲੈਕਟ ਹੋਣ ਲਈ ਖੜੇ ਹਨ। ਇਸ ਹਫ਼ਤੇ ਸ਼ੁਕਰਵਾਰ ਵਾਲੇ ਦਿਨ ਟ੍ਰਿਊ ਬੈਲਿਟ ਕੰਪਨੀ ਵਲੋਂ 147 ਡਾਇਰੈਕਟਰਾਂ ਦੇ ਨਾਮ ਲਿਖਕੇ ਛਪਿਆ ਪੇਪਰ ਭੇਜਿਆ ਜਾ ਰਿਹਾ ਹੈ। ਮੈਂਬਰ ਵੋਟ ਪਾਉਣ ਵਾਲੇ




ਦਿਨ ਇਹ ਪੇਪਰ ਆਪਣੇ ਨਾਲ ਲੈ ਕੇ ਆਉਣ ਤਾਂ ਕਿ ਉਨਾਂ ਦਾ ਨਾਮ ਸੌਖੇ ਤਰੀਕੇ ਨਾਲ ਲੱਭਿਆ ਜਾ ਸਕੇ। ਸਾਡੀ ਸਲੇਟ ਦਾ ਨਾਮ ਸਾਧ ਸੰਗਤ ਸਲੇਟ ਹੈ। ਅਸੀਂ ਪਿਛਲੇ ਸਾਲਾਂ ਵਿਚ ਗੁਰੂਘਰ ਦੀ ਬਿਹਤਰੀ ਲਈ ਜੋ ਵੀ ਕੰਮ ਕੀਤੇ ਹਨ ਉਹ ਆਪ ਜੀ ਇਸ ਵੀਕ ਦੇ ਆਉਣ ਵਾਲੇ ਪੰਜਾਬੀ ਅਖ਼ਬਾਰਾਂ ਵਿਚ ਪੜ ਸਕਦੇ ਹੋ। ਜਿਸਦੇ ਨਾਲ ਆਪ ਜੀ ਆਪਣਾ ਮਨ ਬਣਾ ਸਕਦੇ ਹੋ ਕਿ ਕਿਹੜੇ ਕਿਹੜੇ ਵਿਅਕਤੀਆਂ ਨੂੰ ਵੋਟ ਪਾਉਣੀ ਹੈ। ਜੇਕਰ ਕਿਸੇ ਵੀ ਵੀਰ ਭੈਣ ਨੂੰ ਮੌਜੂਦਾ ਕਮੇਟੀ ਖਿਲਾਫ਼ ਕੋਈ ਸ਼ਿਕਾਇਤ ਸੀ ਜਾਂ ਹੈ ਆਪ ਜੀ ਹੇਠ ਲਿਖੇ ਨੰਬਰ ਤੇ ਕਾਲ ਕਰਕੇ ਵਿਚਾਰ ਵਟਾਂਦਰਾ ਕਰ ਸਕਦੇ ਹੋ। ਹਰ ਗੱਲ ਦਾ ਜਵਾਬ ਆਪ ਜੀ ਦੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਦਿੱਤਾ ਜਾਵੇਗਾ। ਕੁੱਝ ਲੋਕ ਸ਼ਹਿਰ ਵਿਚ ਝੂਠਾ ਪ੍ਰਚਾਰ ਕਰ ਰਹੇ ਹਨ ਉਨਾਂ ਦੇ ਪਿਛੋਕੜ ਤੇ ਵਰਤਮਾਨ ਬਾਰੇ ਝਾਤ ਮਾਰੋ ਕਿ ਇਨਾਂ ਨੇ ਪਹਿਲਾਂ ਤੇ ਹੁਣ ਗੁਰੂਘਰ ਨੂੰ ਚੰਗਾ ਬਣਾਉਣ ਲਈ ਕੀ ਉਪਰਾਲਾ ਕੀਤਾ ਹੈ? ਇਹ ਵੀ ਦੇਖਣ ਵਾਲੀ ਗੱਲ ਹੈ ਕਿ ਕਈਆਂ ਦੇ ਪਹਿਲਾਂ ਵਿਚਾਰ 'ਗੰਗਾ ਗਏ ਤੇ ਗੰਗਾਰਾਮ, ਯਮਨਾ ਗਏ ਤਾਂ ਯਮਨਾਦਾਸ' ਵਾਲੇ ਤਾਂ ਨਹੀਂ। ਕਈਆਂ ਬਾਰੇ ਤਾਂ ਇਹ ਵੀ ਦੇਖੋ ਕਿ ਪਿਛਲੇ 35 ਸਾਲਾਂ ਵਿਚ ਇਨਾਂ ਨੇ ਕੀ ਕੀਤਾ ਹੈ ਅਤੇ ਹੁਣ ਕੀ ਚੰਗਾ ਕਰ ਸਕਦੇ ਹਨ? ਇਹ ਸਾਰਾ ਹੱਕ ਸਿਰਫ਼ ਤੇ ਸਿਰਫ਼ ਸੰਗਤ ਦੇ ਮੈਂਬਰਾਂ ਕੋਲ ਹੈ। ਅਸੀਂ ਸਮਝਦੇ ਹਾਂ ਕਿ ਇਹ ਮੌਕਾ ਮੈਂਬਰਾਂ ਨੂੰ ਮਿਲਿਆ ਹੈ ਇਸਦਾ ਯੋਗ ਤਰੀਕੇ ਨਾਲ ਆਪਣਾ ਹੱਕ ਸਮਝਕੇ ਵਰਤੋਂ ਕਰੋ ਜੀ। ਜੇਕਰ ਕੋਈ ਵੀ ਗਰੁੱਪ ਸਾਡੇ ਤੇ ਕੋਈ ਦੋਸ਼ ਲਗਾਉਂਦਾ ਹੈ ਉਸਦਾ ਜਵਾਬ ਪਿਆਰ ਤੇ ਸਤਿਕਾਰ ਨਾਲ ਟੀ.ਵੀ., ਅਖ਼ਬਾਰ, ਚਿੱਠੀ ਪੱਤਰ ਰਾਹੀਂ ਜਰੂਰ ਦਿੱਤਾ ਜਾਵੇਗਾ। ਇਕ ਗੱਲ ਯਾਦ ਰੱਖਣਯੋਗ ਹੈ ਕਿ ਗੁਰੂ ਸਾਹਿਬ ਜੀ ਨੇ ਸਾਨੂੰ ਇਹ ਕਿਹਾ ਸੀ ਕਿ ਨਾ ਕਿਸੇ ਨੂੰ ਡਰਾਓ ਤੇ ਫਿਰ ਨਾ ਕਿਸੇ ਤੋਂ ਡਰੋ। ਇਹ ਕਦੇ ਨਹੀਂ ਸੀ ਕਿਹਾ ਕਿ ਡਰਾਓ ਵੀ ਤੇ ਡਰੋ ਵੀ ਨਾ। ਇਹੋ ਜਿਹਾ ਮਾਹੌਲ ਅਸੀਂ ਗੁਰੂਘਰਾਂ ਵਿਚ ਬਣਾ ਰਹੇ ਹਾਂ। ਜਦੋਂ ਆਪ ਮੁਹਾਰੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਲੈਂਦੇ ਹਾਂ। ਸਾਨੂੰ ਪੂਰੀ ਆਸ ਹੈ ਕਿ ਮੈਂਬਰ ਸਾਹਿਬਾਨ ਆਪਣੇ ਹੱਕ ਦਾ ਬਿਨਾਂ ਦਬਾਓ ਤੋਂ, ਸਿੱਖੀ ਸਿਧਾਂਤਾਂ ਦੀਆਂ ਅਤੇ ਕਮਿਊਨਿਟੀ ਦੀਆਂ ਕਦਰਾਂ ਕੀਮਤਾਂ ਨੂੰ ਮੁੱਖ ਰੱਖਕੇ ਸੰਗਤ ਅਤੇ ਨੌਜਵਾਨ ਵਰਗ ਦੇ ਵਧੀਆ ਭਵਿੱਖ ਤੇ ਸ਼ਾਂਤੀ ਦਾ ਮਾਹੌਲ ਬਣਾਉਣ ਵਾਸਤੇ ਇਸ ਹੱਕ ਦੀ ਵਰਤੋਂ ਕਰਨਗੇ। ਨਿਮਰਤਾ ਸਾਹਿਤ ਆਪ ਸਭ ਦੇ ਸਤਿਕਾਰ ਪ੍ਰਤੀ ਸੰਗਤਾਂ ਦੇ ਦਾਸ , ਗੁਰੂ ਘਰ ਦੇ ਸੇਵਾਦਾਰ ।



**ਜਾਰੀ ਕਰਤਾ: ਤੇਜਿੰਦਰ ਸਿੰਘ ਦੇਸਾਂਝ, 530-751-6322**




# ਗੁਰਦੁਆਰਾ ਸਾਹਿਬ ਟਾਇਰਾ ਬਿਓਨਾ ਯੂਬਾਸਿਟੀ ਦੀ ਮੌਜੂਦਾ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਕੀਤੀਆਂ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

1. 2009 ਵਿਚ ਜਦੋਂ ਨਵੀਂ ਕਮੇਟੀ ਹੋਂਦ ਵਿਚ ਆਈ ਤਾਂ ਸਭ ਤੋਂ ਪਹਿਲਾਂ ਮੇਨ ਹਾਲ ਦੀ ਅੰਦਰੋਂ ਬਣਦੀ ਰਿਪੇਅਰ ਕਰਕੇ ਨਵਾਂ ਪੇਂਟ ਕੀਤਾ। ਜਿਥੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਤ ਹੁੰਦੇ ਹਨ ਉਸ ਥਾਂ ਦੀ ਨਵੀਂ ਦਿੱਖ ਬਣਾਈ ਗਈ। ਲੜੀਵਾਰ ਆਖੰਡ ਪਾਠਾਂ ਵਾਲੇ ਕਮਰੇ ਦੀ ਰਿਪੇਅਰ ਅਤੇ ਪੇਂਟ ਕਰਕੇ ਉਸਦੀ ਵੀ ਨਵੀਂ ਦਿੱਖ ਬਣਾਈ ਗਈ। ਮੇਨ ਐਂਟਰੀ ਵਾਲੇ ਨਵੇਂ ਦਰਵਾਜੇ ਲਗਾ ਕੇ ਇਕ ਨਵਾਂ ਡਿਜ਼ਾਇਨ ਬਣਾ ਦਿੱਤਾ। ਸਾਇਡਾਂ ਦੀਆਂ ਸਾਰੀਆਂ ਨਵੀਆਂ ਡੋਰਾਂ ਲਗਾ ਦਿੱਤੀਆਂ ਗਈਆਂ। ਮੇਨ ਹਾਲ ਵਿਚ ਨਵਾਂ ਕਾਰਪੇਟ ਵਿਛਾ ਦਿੱਤਾ ਗਿਆ। ਮੇਨ ਹਾਲ ਨੂੰ ਬਾਹਰੋਂ ਪੇਂਟ ਕਰਕੇ ਨਵਾਂ ਰੂਪ ਦਿੱਤਾ ਗਿਆ। ਮੇਨ ਹਾਲ ਦੀ ਫਰੰਟ ਐਂਟਰੀ ਵਿਚ ਨਵੇਂ ਸੈਂਕ ਅਤੇ ਕੌਂਟਰਟਾਪ (Sink & Countertop) ਲਗਾਏ ਗਏ ਇਸਦਾ ਪਾਣੀ ਨਵੀਂ ਲਾਇਨ ਪਾ ਕੇ ਸੈਪਟਿਕ ਟੈਂਕ ਨਾਲ ਜੋੜ ਦਿੱਤਾ ਗਿਆ।
2. ਦਸ਼ਮੇਸ਼ ਹਾਲ ਅੰਦਰੋਂ ਸਾਰੀ ਰਿਪੇਰਅ ਕਰਕੇ ਨਵਾਂ ਪੇਂਟ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਸਥਾਨ ਨੂੰ ਵੀ ਨਵੀਂ ਦਿੱਖ ਦਿੱਤੀ। ਦਸ਼ਮੇਸ਼ ਹਾਲ ਦੀ ਸਾਰੀ ਬਾਹਰਲੀ ਰਿਪੇਅਰ ਕਰਕੇ ਨਵਾਂ ਪੇਂਟ ਕਰ ਦਿੱਤਾ ਗਿਆ।
3. ਗ੍ਰੰਥੀ ਸਾਹਿਬਾਨਾਂ ਦੇ ਸਾਰੇ ਕਮਰਿਆਂ ਵਿਚ ਨਵੀਂ ਕਿਚਨ, ਬਾਥਰੂਮ, ਨਵੀਆਂ ਫਲੋਰਾਂ ਪਾਈਆਂ ਗਈਆਂ। ਅੰਦਰੋਂ ਬਾਹਰੋਂ ਰਿਪੇਅਰ ਕਰਕੇ ਉਨ੍ਹਾਂ ਨੂੰ ਨਵਾਂ ਪੇਂਟ ਕੀਤਾ ਗਿਆ। ਦਫਤਰ ਅਤੇ ਕਮੇਟੀ ਰੂਮ ਨੂੰ ਵੀ ਅੰਦਰੋਂ ਬਾਹਰੋਂ ਨਵਾਂ ਪੇਂਟ ਕੀਤਾ ਗਿਆ।
4. ਗੁਰੂ ਰਾਮਦਾਸ ਸਕੂਲ ਵਾਲੀ ਬਿਲਡਿੰਗ ਦੀ ਅੰਦਰੋਂ ਬਾਹਰੋਂ ਸਾਰੀ ਰਿਪੇਅਰ ਕੀਤੀ ਗਈ। ਫਰੰਟ ਵਾਲਿਆਂ ਕਮਰਿਆਂ ਵਿਚ ਲੱਕੜ ਦੀ ਫਲੋਰ ਪਾਈ ਗਈ। ਉਸਦੇ ਬਾਥਰੂਮ ਨੂੰ ਵੀ ਪੂਰੀ ਤਰ੍ਹਾਂ ਰੀਮਾਡਲ ਕੀਤਾ ਗਿਆ।
5. ਸਕੂਲ ਵਿਚ ਲੋੜ ਅਨੁਸਾਰ ਨਵਾਂ ਫਰਨੀਚਰ ਪਾਇਆ ਗਿਆ। 2009 ਵਿਚ ਪੰਜਾਬੀ ਖਾਲਸਾ ਸਕੂਲ ਹੋਂਦ ਵਿਚ ਲਿਆਂਦਾ ਗਿਆ। ਜੇਕਰ ਅੱਜ ਤੱਕ ਉਹੀ ਸਕੂਲ ਰਹਿਦਾ ਤਾਂ ਬੱਚਿਆਂ ਦਾ ਭਵਿੱਖ ਕਿਤੇ ਨਾ ਕਿਤੇ ਪਹੁੰਚ ਜਾਣਾ ਸੀ। ਪਰ ਕੁਝ ਸ਼ਰਾਰਤੀ ਅਨਸਰਾਂ ਦੇ ਆਪ ਹੁਦਰੇਪਨ ਕਾਰਨ ਇਸ ਸਕੂਲ ਦਾ ਸਟੈਂਡਡ ਘੱਟਣਾ ਸ਼ੁਰੂ ਹੋ ਗਿਆ। ਉਹ ਅੱਜ ਇਕੱਲਾ ਪੰਜਾਬੀ ਖਾਲਸਾ ਸਕੂਲ ਹੀ ਬਣ ਕੇ ਰਹਿ ਗਿਆ।
6. ਗੁਰੂ ਘਰ ਦੀ ਸਾਰੀ ਪਾਰਕਿੰਗ ਲਾਟ ਟੁੱਟੀ ਪਈ ਸੀ ਇਕ ਵਧੀਆ ਅਮੇਰਿਕਨ ਕੰਪਨੀ ਨੂੰ ਕੰਟਰੈਕਟ ਦੇ ਕੇ ਸਾਰੀਆਂ ਹੀ ਪਾਰਕਿੰਗ ਲਾਟਾਂ ਨਵੀਆਂ ਬਣਾਈਆਂ ਗਈਆਂ। ਜਿਹੜੀਆਂ ਅਗਲੇ 100 ਸਾਲ ਤੱਕ ਟੁੱਟ ਨਹੀਂ ਸਕਦੀਆਂ।
7. ਹਰ ਸਾਲ ਨਗਰ ਕੀਰਤਨ ਦੇ ਸਮੇਂ ਸੈਪਟਿਕ ਟੈਂਕਾਂ ਦਾ ਗੰਦਾ ਪਾਣੀ ਬਾਹਰ ਆ ਜਾਂਦਾ ਸੀ ਅਤੇ ਬਹੁਤ ਹੀ ਪ੍ਰੇਸ਼ਾਨੀ ਹੋ ਜਾਂਦੀ ਸੀ। ਗੁਰੂ ਘਰ ਦੀ ਗਰਾਊਂਡ ਵਿਚ ਇਕ ਬਹੁਤ ਵੱਡੀ ਲੀਚਲਾਇਨ ਪਾਈ ਗਈ। ਸੈਪਟਿਕ ਟੈਂਕਾਂ ਤੋਂ ਅੰਡਰਗਰਾਊਂਡ ਨਵੀਂ ਪਾਈਪ ਲਾਈਨ ਪਾ ਕੇ ਉਸਨੂੰ ਨਵੀਂ ਲੀਚਲਾਇਨ ਨਾਲ ਜੋੜਿਆ ਗਿਆ ਅਤੇ ਨਵਾਂ ਪੰਪ ਲਗਾਇਆ ਗਿਆ। ਇਹ ਸਾਰਾ ਕੰਮ ਸੇਵਾਦਾਰਾਂ ਨੇ ਆਪ ਕੀਤਾ ਜਿਸਦਾ ਐਸਟੀਮੇਟ ਅਮੇਰਿਕਨ ਕੰਪਨੀਆਂ ਵਲੋਂ ਲੱਖ ਡਾਲਰ ਤੋਂ ਵੀ ਉਪਰ ਸੀ। ਇਸਤੋਂ ਬਾਅਦ ਨਗਰ ਕੀਰਤਨ ਦੇ ਸਮੇਂ ਕੋਈ ਵੀ ਮੁਸ਼ਕਲ ਨਹੀਂ ਆਈ।
8. ਜੰਗ ਰੋਡ (Young Road) ਜੋ ਗੁਰੂ ਘਰ ਦੇ ਨਾਰਥ ਵਾਲੇ ਪਾਸੇ ਹੈ ਉਸ ਪਾਸੇ ਗੁਰੂ ਘਰ ਦੀ ਚਾਰ ਦੀਵਾਰੀ ਨਹੀਂ ਸੀ। ਉਸ ਪਾਸੇ ਇੱਟਾਂ ਦੀ ਨਵੀਂ ਕੰਧ ਬਣਾਈ ਗਈ। ਤੇ ਉਸ ਵਿਚ ਲੋਹੇ ਦੀਆਂ ਗਰਿਲਾਂ ਵੀ ਲਗਾਈਆਂ ਗਈਆਂ। ਦੋ ਵੱਡੇ ਗੇਟ ਲਗਾਏ ਗਏ ਤਾਂ ਕਿ ਟਰੱਕ ਤੇ ਕਾਰਾਂ ਅਸਾਨੀ ਨਾਲ ਗੁਰੂਘਰ ਦੇ ਅੰਦਰ ਤੇ ਬਾਹਰ ਬੜੀ ਅਸਾਨੀ ਨਾਲ ਜਾ ਸਕਣ। ਇਸ ਨਾਲ ਗੁਰੂ ਘਰ ਦੀ ਬਿਲਡਿੰਗ ਦੀ ਦਿੱਖ ਹੋਰ ਵੀ ਸੁੰਦਰ ਲੱਗਣ ਲੱਗ ਪਈ।
9. ਟਰੂ ਰੋਡ (True Road) ਜੋ ਗੁਰੂਘਰ ਦੇ ਸਾਊਥ ਵੱਲ ਹੈ ਉਸਦੀ ਅੱਧੀ ਫੈਂਸ ਪੁਰਾਣੀ ਸੀ ਹੁਣ ਸਿਰੇ ਤਾਈਂ ਇੱਟਾਂ ਦੀ ਨਵੀਂ ਕੰਧ ਅਤੇ ਲੋਹੇ ਦੀਆਂ ਗਰਿਲਾਂ ਲਗਾ ਦਿੱਤੀਆਂ ਹਨ।

10 ਖੇਡਣ ਵਾਲੀ ਗਰਾਊਂਡ ਦੇ ਆਲੇ ਦੁਆਲੇ ਦਰੱਖਤ ਲਗਾਏ ਗਏ ਹਨ ਜੋ ਹੁਣ ਕਾਫ਼ੀ ਵੱਡੇ ਹੋ ਗਏ ਹਨ। ਜਦੋਂ ਬੱਚੇ ਗਰਾਊਂਡ ਵਿਚ ਖੇਡਦੇ ਹਨ ਤਾਂ ਉਹ ਛਾਂ ਦਾ ਆਨੰਦ ਮਾਣ ਸਕਦੇ ਹਨ।

11. ਟਰੂ ਰੋਡ (True Road) ਦੇ ਬਾਹਰ ਜੋ ਗੁਰੂਘਰ ਦੀ ਜਮੀਨ ਹੈ ਉਸ ਸਾਰੀ ਜਮੀਨ ਦੀ ਪਾਰਕਿੰਗ ਬਣਾ ਦਿੱਤੀ ਗਈ ਹੈ। ਜਿਸ ਵਿਚ ਨੌਜਵਾਨਾਂ ਦੀ ਮੱਦਦ ਨਾਲ 450 ਦੇ ਕਰੀਬ ਬਜਰੀ ਦੇ ਟਰੱਕ ਬਿਛਾਏ ਗਏ ਹਨ। ਹੁਣ ਨਗਰ ਕੀਰਤਨ ਦੇ ਸਮੇਂ ਜਦੋਂ ਮੀਂਹ ਪੈ ਜਾਂਦਾ ਹੈ ਤਾਂ ਕਾਰਾਂ ਪਾਰਕ ਕਰਨ ਵਿਚ ਕੋਈ ਮੁਸ਼ਕਲ ਨਹੀਂ ਹੁੰਦੀ। ਜੋ ਘਰ ਇਸ ਜਮੀਨ ਵਿਚ ਹੈ ਉਸਦੀ ਅੰਦਰੋਂ ਬਾਹਰੋਂ ਰਿਪੇਅਰ ਕਰਵਾ ਦਿੱਤੀ ਗਈ। ਇਸ ਘਰ ਦੇ ਵਿਚ ਗ੍ਰੰਥੀ ਸਾਹਿਬਾਨ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ।

12 ਗੁਰੂਘਰ ਦੀ ਬਿਲਡਿੰਗ ਦੀਆਂ ਗੈਸ ਲਾਇਨਾਂ ਜੋ ਪੁਰਾਣੀਆਂ ਸਨ ਇਸ ਕਰਕੇ ਗੈਸ ਕਾਫ਼ੀ ਹੌਲੀ ਹੌਲੀ ਲੀਕ ਹੁੰਦੀ ਰਹਿੰਦੀ ਸੀ ਇਹ ਖਤਰਨਾਕ ਵੀ ਸੀ ਤੇ ਗੈਸ ਦਾ ਬਿੱਲ ਵੀ ਜਿਆਦਾ ਆਉਂਦਾ ਸੀ। ਜਿਥੇ ਵੀ ਲੀਕ ਸੀ ਉਥੇ ਲਾਇਨਾਂ ਤੇ ਗੈਸ ਬਲਬ ਨਵੇਂ ਪਾਏ ਗਏ ਹਨ। ਜਿਸ ਨਾਲ ਹੋਰ ਵੀ ਸੇਫਟੀ ਹੋਈ ਹੈ ਗੁਰੂਘਰ ਵਿਚ ਜਿਥੇ ਵੀ ਇਲੈਕਟ੍ਰੀਕਲ ਦੇ ਪੁਰਾਣੇ ਪੈਨਲ ਸਨ ਉਹ ਸਾਰੇ ਅਪਗਰੇਡ ਕਰਕੇ ਨਵੇਂ ਪਾਏ ਗਏ ਹਨ।

13 ਜਿਸ ਥਾਂ ਤੇ ਜਗਤ ਮਾਤਾ ਗੁਜਰ ਕੌਰ ਜੀ ਦੇ ਨਾਂ ਤੇ ਰੋਜ਼ ਗਾਰਡਨ ਬਣਾਇਆ ਹੈ ਭਾਵੇਂ ਉਹ ਥਾਂ ਪਹਿਲਾਂ ਹੀ ਗੁਰੂਘਰ ਦਾ ਸੀ ਪਰ ਦੇਖਣ ਵਿਚ ਇਕ ਸੁੱਕੇ ਛੱਪੜ ਵਾਂਗ ਸੀ। ਸੰਗਤ ਦੇ ਸਹਿਯੋਗ ਨਾਲ ਇਸਦੀ ਇੱਟਾਂ ਦੀ ਚਾਰ ਦਿਵਾਰੀ ਕੀਤੀ ਗਈ। ਨਵੇ ਗੇਟ ਤੇ ਗਰਿੱਲਾਂ ਲਗਾਈਆਂ ਗਈਆਂ। ਅੰਦਰ ਖੰਡੇ ਸਾਹਿਬ ਦਾ ਨਿਸ਼ਾਨ ਬਣਾਕੇ ਉਸ ਵਿਚ ਤਿੰਨ ਗੁਲਾਬ ਦੇ ਫੁੱਲਾਂ ਦੇ ਰੰਗ ਦੇ ਬੂਟੇ ਲਗਾਏ ਗਏ ਹਨ। ਸੀਮੇਂਟ ਨਾਲ ਡਿਜ਼ਾਇਨ ਬਣਾਇਆ ਗਿਆ । ਬਜ਼ੁਰਗਾਂ ਦੀ ਯਾਦ ਵਿਚ ਪਰਿਵਾਰਾਂ ਨੇ ਬੈਂਚ ਦਾਨ ਕੀਤੇ ਉਹ ਯੋਗ ਥਾਂ ਤੇ ਲਗਾਏ ਗਏ। ਪਾਰਕ ਵਿਚ ਨਵੀਆਂ ਲਾਇਟਾਂ ਲੱਗਣ ਨਾਲ ਇਸਦੀ ਰਾਤ ਸਮੇਂ ਦੀ ਦਿੱਖ ਨੂੰ ਹੋਰ ਵੀ ਸੁੰਦਰ ਬਣਾਇਆ ਗਿਆ। ਜੋ ਪਾਣੀ ਪਾਰਕਾਂ ਦਾ ਹੁੰਦਾ ਸੀ ਉਸਨੂੰ ਯੋਗ ਥਾਂ ਤੇ ਪਾਉਣ ਲਈ ਪਾਰਕ ਰੋਜ਼ ਗਾਰਡਨ ਦੇ ਥੱਲੇ 10 ਫੁੱਟ ਡੂੰਘੀ ਲੰਬੀ ਲੀਚ ਲਾਇਨ ਪਾਈ ਗਈ। ਹੁਣ ਇਹ ਸਾਰਾ ਪਾਣੀ ਥੱਲੇ ਚਲਾ ਜਾਂਦਾ ਹੈ ਤੇ ਪਤਾ ਵੀ ਨਹੀਂ ਲੱਗਦਾ। ਇਹ ਸਾਰਾ ਕੰਮ ਸੇਵਾਦਾਰਾਂ ਦੀ ਮੱਦਦ ਨਾਲ ਕੀਤਾ ਗਿਆ ਇਸ ਨਾਲ ਸੰਗਤਾਂ ਦੇ ਪੈਸੇ ਦੀ ਬੱਚਤ ਹੋਈ ਹੈ। ਜੋ ਪਾਰਕ ਮਾਤਾ ਗੁਜਰ ਕੌਰ ਜੀ ਦੇ ਨਾਂ ਤੇ ਬਣਾਇਆ ਗਿਆ ਹੈ ਇਹ ਕੋਈ ਛੋਟਾ ਪ੍ਰੋਜੈਕਟ ਨਹੀਂ ਸੀ । ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਇਸ ਪਾਰਕ ਨੂੰ ਅੰਦਰੋ ਜਾ ਕੇ ਜਰੂਰ ਦੇਖੋ ਜੀ।

14. ਗੁਰੂਘਰ ਦੇ ਮੇਨ ਬਾਥਰੂਮ 42 ਸਾਲ ਪੁਰਾਣੇ ਸਨ ਇਨ੍ਹਾਂ ਵੱਲ ਪਹਿਲਾਂ ਕਦੀ ਕਿਸੇ ਦਾ ਵੀ ਧਿਆਨ ਨਹੀਂ ਗਿਆ। ਦੋਵੇਂ ਬਾਥਰੂਮ ਪੂਰੀ ਤਰ੍ਹਾਂ ਨਵੇਂ ਬਣਾਏ ਗਏ। ਸਾਰੀਆਂ ਲਾਇਨਾਂ ਨਵੀਆਂ ਪਾਈਆਂ ਗਈਆਂ। ਨਵੀਆਂ ਲਾਇਨਾਂ ਅਤੇ ਨਵੀਆਂ ਟਾਇਲਾਂ ਪਾਈਆਂ ਗਈਆਂ। ਨਵੀਆਂ ਟੁਆਇਲਟ ਅਤੇ ਨਵੇਂ ਡਿਵਾਇਡਰ ਪਾਏ ਗਏ। ਨਵੇਂ ਯੂਰਨਿਲ ਅਤੇ ਨਵੇਂ ਡਿਵਾਇਡਰ ਪਾਏ ਗਏ। ਦੋਹਾਂ ਬਾਥਰੂਮਾਂ ਵਿਚ ਨਵਾਂ ਇਲੈਕਟ੍ਰੀਕਲ ਪਾ ਕੇ ਸਾਰੀਆਂ ਨਵੀਆਂ ਲਾਇਟਾਂ ਲਾਈਆਂ ਗਈਆਂ। ਦੋਹਾਂ ਬਾਥਰੂਮਾਂ ਵਿਚ ਵੱਖਰੇ ਨਹਾਉਣ ਵਾਸਤੇ ਛਾਬਰ ਲਗਾਏ ਗਏ।
15. ਗੁਰੂਘਰ ਦੀਆਂ ਛੱਤਾਂ ਤੇ ਚਾਰ ਪੁਰਾਣੇ ਏਅਰਕੰਡੀਸ਼ਨ ਬਦਲਕੇ ਨਵੇਂ ਚਾਰ ਏਅਰਕੰਡੀਸ਼ਨ ਯੂਨਿਟ ਲਗਾਏ ਗਏ। ਲੰਗਰ ਹਾਲ ਅਤੇ ਕਿਚਨ ਵਿਚ ਨਵੇਂ ਕਾਉਂਟਰ ਟਾਪ ਲਗਾਏ। ਕਿਚਨ ਵਿਚ ਅਪ੍ਰੇਗੇਟ ਕਰਕੇ ਨਵਾਂ ਅੱਗ ਬੁਝਾਊ ਵਾਲਾ ਸਿਸਟਮ (Ansul System) ਲਗਾਇਆ ਗਿਆ। ਕਿਚਨ ਅਤੇ ਲੰਗਰ ਹਾਲ ਵਿਚ ਨਵੀਆਂ ਲਾਇਟਾਂ ਲਗਾਈਆਂ ਗਈਆਂ। ਕਿਚਨ ਦੇ ਸਾਰੇ ਪੁਰਾਣੇ ਚੁੱਲ੍ਹੇ ਬਦਲਕੇ ਨਵੇਂ ਚੁੱਲ੍ਹੇ ਲਗਾਏ ਗਏ।
16. ਗੁਰੂਘਰ ਦੇ ਲੰਗਰ ਹਾਲ ਵਿਚ ਤੇ ਸੰਗਤਾਂ ਦੇ ਪ੍ਰੋਗਰਾਮ ਜੋ ਸੰਗਤਾਂ ਦੇ ਘਰਾਂ ਵਿਚ ਹੁੰਦੇ ਹਨ ਵਾਸਤੇ ਨਵੀਆਂ ਕੁਰਸੀਆਂ ਤੇ ਟੇਬਲ ਗੁਰੂਘਰ ਵਿਚ ਲਿਆਂਦੇ ਗਏ।
17. ਲੋੜ ਅਨੁਸਾਰ ਸਾਰੀਆਂ ਛੱਤਾਂ ਦੀ ਮੁਰੰਮਤ ਕਰਵਾਈ ਗਈ।
18. ਨਿਸ਼ਾਨ ਸਾਹਿਬ ਦੇ ਦੁਆਲੇ ਨਵਾਂ ਘਾਹ ਤੇ ਨਵੇਂ ਸਪਰਿਕਲ ਲਗਾਏ ਗਏ। ਸਾਰੇ ਗੁਰੂਘਰ ਵਿਚ ਲੋੜ ਅਨੁਸਾਰ ਫੁਲਬਾੜੀ ਲਗਾਈ ਗਈ ਹੈ।
19. ਨਗਰ ਕੀਰਤਨ ਸਮੇਂ ਬਰਤਣ ਵਾਲੀ ਮੇਨ ਫਲੋਟ ਦੀ ਨਵੀਂ ਪਾਲਕੀ ਸਾਹਿਬ ਇੰਡੀਆ ਤੋਂ ਮੰਗਵਾ ਕੇ ਲਗਵਾਈ ਗਈ ਹੈ।

20 ਗੁਰੂਘਰ ਦੇ ਅੰਦਰ ਲੰਗਰ ਹਾਲ ਦੇ ਅੰਦਰ ਨਵੇਂ ਟੀ.ਵੀ. ਲਗਾਏ ਗਏ ਹਨ ਸੰਗਤਾਂ ਦੀ ਸੇਫਟੀ ਵਾਸਤੇ ਗੁਰੂਘਰ ਦੇ ਅੰਦਰ ਤੇ ਬਾਹਰ ਕੈਮਰੇ ਲਗਾਏ ਹਨ। ਧਾਰਮਿਕ ਪੁਸਤਕਾਂ ਨੂੰ ਸਤਿਕਾਰ ਨਾਲ ਰੱਖਣ ਲਈ ਨਵੀਆਂ ਅਲਮਾਰੀਆਂ ਬਣਾਈਆਂ ਗਈਆਂ ਹਨ। ਪ੍ਰਸ਼ਾਦ ਵਰਤਾਉਣ ਵਾਲੀ ਜਗ੍ਹਾ ਤੇ ਨਵੇਂ ਕਾਊਂਟਰ ਬਣਾਏ ਗਏ ਹਨ। ਨਵੀਂ ਸਟੇਜ਼ ਅਤੇ ਕੀਰਤਨ ਵਾਸਤੇ ਵਧੀਆ ਸਾਊਂਡ ਸਿਸਟਮ ਲਗਾਇਆ ਗਿਆ।

21 ਗੁਰੂਘਰ ਵਿਚ ਵਰਤਿਆ ਜਾਣ ਵਾਲਾ ਪੀਣ ਵਾਲਾ ਪਾਣੀ ਹਰ ਤਿੰਨ ਮਹੀਨੇ ਬਾਅਦ ਲੈਬ ਰਾਹੀਂ ਟੈਸਟ ਹੁੰਦਾ ਹੈ ਇਸ ਨਾਲ ਹਰ ਸਮੇਂ ਪਤਾ ਰਹਿੰਦਾ ਹੈ ਕਿ ਪਾਣੀ ਪੀਣ ਵਾਸਤੇ ਯੋਗ ਹੈ। ਅੱਜ ਜੇਕਰ ਆਪਾਂ ਸੰਗਤੀ ਰੂਪ ਵਿਚ ਗੁਰੂ ਘਰ ਦੀ ਚਾਰ ਦਿਵਾਰੀ ਨੂੰ ਅੰਦਰੋਂ ਬਾਹਰੋਂ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸੰਗਤਾ ਦੇ ਸਹਿਯੋਗ ਨਾਲ ਗੁਰੂ ਘਰ ਵਿਚ ਕਾਫ਼ੀ ਤਰੱਕੀ ਹੋਈ ਹੈ। ਜੇਕਰ ਧੜੇਬਾਜ਼ੀ ਦੇ ਪੱਖ ਨਾਲ ਦੇਖਿਆ ਜਾਵੇ ਤਾਂ ਸਾਢੇ ਸੱਤਾਂ ਸਾਲਾਂ ਵਿਚ ਵਿਰੋਧੀ ਧਿਰ ਨਾ ਸਾਨੂੰ ਕਮੇਟੀ ਹੀ ਮੰਨਦੀ ਹੈ ਤੇ ਨਾਂ ਹੀ ਕੀਤੇ ਕੰਮਾਂ ਦੀ ਸ਼ਲਾਘਾ ਕਰਨ ਨੂੰ ਤਿਆਰ ਹੈ। ਜੋ ਸਮੂਹ ਸਾਧ ਸੰਗਤ ਨੇ ਸਾਨੂੰ ਸਹਿਯੋਗ ਦਿੱਤਾ ਹੈ ਉਨ੍ਹਾਂ ਦੀਆਂ ਸੇਵਾਵਾਂ ਅੱਗੇ ਸਾਡਾ ਸਿਰ ਝੁਕਦਾ ਹੈ। ਉਨ੍ਹਾਂ ਦਾ ਸਹਿਯੋਗ ਹੋਣ ਕਰਕੇ ਹੀ ਕੁਝ ਪ੍ਰਾਪਤੀਆਂ ਕਰ ਸਕੇ ਹਾਂ। ਅਸੀਂ ਹਾਂ ਸੰਗਤਾਂ ਦੇ ਦਾਸ ਗੁਰੂ ਘਰ ਦੇ ਸੇਵਾਦਾਰ ।

## ਜਾਰੀ ਕਰਤਾ: ਸੰਗਤਾਂ ਦੇ ਦਾਸ ਤੇਜਿੰਦਰ ਸਿੰਘ ਦੋਸਾਂਝ ਅਤੇ ਸਮੂਹ ਸੇਵਾਦਾਰ।

# ਭਗਾ ਲੱਗਿਆ ਢੋਲੇ 'ਤੇ...




## ਕਵਾਂਟਲੇਨ ਯੂਨੀਵਰਸਿਟੀ ਵਿਚ ਭੰਗੜੇ ਦੀ ਕੋਰਸ

ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

ਪੰਜਾਬ ਤੋਂ ਇਲਾਵਾ ਕੈਨੇਡਾ ਅਤੇ ਅਮਰੀਕਾ ਵਿਚ ਭੰਗੜੇ ਦੀ ਹਰਮਨਪਿਆਰਤਾ ਪਿਛਲੇ ਸਾਲਾਂ ਕੁਝ ਦੌਰਾਨ ਛਾਲਾਂ ਮਾਰਦੀ ਵਧ ਰਹੀ ਹੈ। ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣ ਇਨ੍ਹਾਂ ਮੁਲਕਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮੇਲਿਆਂ ਵਿਚ ਭੰਗੜੇ ਦੇ ਮੁਕਾਬਲੇ ਹੋਣੇ ਆਮ ਗੱਲ ਹੋ ਗਈ ਹੈ। ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਤੋਂ ਇਲਾਵਾ ਮੇਜ਼ਬਾਨ ਮੁਲਕ ਅਤੇ ਹੋਰ ਮੁਲਕਾਂ ਦੇ ਵਿਦਿਆਰਥੀ ਵੀ ਭੰਗੜੇ ਵਿਚ ਦਿਲਚਸਪੀ ਦਿਖਾ ਰਹੇ ਹਨ। ਇਸੇ ਦੌਰਾਨ ਖਬਰ ਆਈ ਹੈ ਕਿ ਕੈਨੇਡਾ ਦੀ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਸੰਸਾਰ ਦੀ ਪਹਿਲੀ ਅਜਿਹੀ ਯੂਨੀਵਰਸਿਟੀ ਬਣ ਗਈ ਹੈ ਜਿਥੇ ਪੋਸਟ ਗ੍ਰੈਜੂਏਸ਼ਨ ਪੱਧਰ ਉਤੇ ਭੰਗੜਾ ਕੋਰਸ ਸ਼ੁਰੂ ਕੀਤਾ ਗਿਆ ਹੈ।

ਯੂਨੀਵਰਸਿਟੀ ਨੇ ਆਪਣੇ ਇਸ ਕੋਰਸ ਲਈ ਦੋ ਪੰਜਾਬੀ ਨੌਜਵਾਨਾਂ ਗੁਰਪ੍ਰੀਤ ਸਿਆਨ ਅਤੇ ਰਮਨ ਭੁੱਲਰ ਨੂੰ ਬਤੌਰ ਇੰਸਰੱਕਟਰ ਨਿਯੁਕਤ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਪੈਂਦੀ ਇਸ ਯੂਨੀਵਰਸਿਟੀ ਵਿਚ ਭੰਗੜੇ ਨੂੰ ਸਭਿਆਚਾਰਕ ਸਿਖਲਾਈ ਪ੍ਰੋਗਰਾਮ ਦਾ ਹਿੱਸਾ ਵੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਢੋਲ ਨੂੰ ਵੀ ਕੋਰਸ ਵਿਚ ਸ਼ਾਮਲ ਕਰਨ ਦੀ ਚਰਚਾ ਹੈ। ਯਾਦ ਰਹੇ ਕਿ ਗੁਰਪ੍ਰੀਤ ਸਿਆਨ ਹੁਣ ਤੱਕ ਬਹੁਤ ਸਾਰੇ ਭੰਗੜਾ ਮੁਕਾਬਲਿਆਂ ਵਿਚ ਸ਼ਾਮਲ ਹੋ ਚੁੱਕਾ ਹੈ ਅਤੇ ਰਮਨ ਭੁੱਲਰ ਤਬਲਾ, ਢੋਲਕ ਆਦਿ ਸਾਜ਼ ਵਜਾਉਣ ਦਾ ਮਾਹਰ ਹੈ। ਦੋਵੇਂ ਕੈਨੇਡਾ ਵਿਚ ਕਈ ਸਾਲਾਂ ਤੋਂ ਵੱਖ-ਵੱਖ ਪੱਧਰ 'ਤੇ ਭੰਗੜਾ ਅਤੇ ਢੋਲ ਸਮੇਤ ਹੋਰ ਸਾਜ਼ ਸਿਖਾ ਰਹੇ ਹਨ। ਉਨ੍ਹਾਂ ਦੱਸਿਆ ਕਿ ਭੰਗੜੇ ਦੀ ਸਿਖਲਾਈ ਤੋਂ ਇਲਾਵਾ ਭੰਗੜੇ ਅਤੇ ਪੰਜਾਬੀ ਸੰਗੀਤ ਦਾ ਇਤਿਹਾਸ ਵੀ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇਗਾ। ਦੱਸਣਾ ਬਣਦਾ ਹੈ ਕਿ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਸਲਵਾਡੋਰ ਫੈਰੇਰਾਸ ਖੁਦ ਭੰਗੜੇ ਦੇ ਪ੍ਰਸੰਸਕ ਹਨ। ਉਨ੍ਹਾਂ ਭੰਗੜੇ ਦਾ ਇਹ ਕੋਰਸ ਸ਼ੁਰੂ ਕਰਦਿਆਂ ਕਿਹਾ ਹੈ ਕਿ ਇਸ ਨਾਲ ਵਿਦਿਆਰਥੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੁੜਨ ਦਾ ਮੌਕਾ ਮਿਲੇਗਾ। ਭੰਗੜੇ ਦੇ ਜੋਸ਼ੀਲੇਪਣ ਅਤੇ ਤੇਜ਼ ਵੇਗ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭੰਗੜੇ ਨਾਲ ਅਜਿਹੀ ਊਰਜਾ ਪੈਦਾ ਹੁੰਦੀ ਹੈ ਕਿ ਸਭ ਰੁਮਾਂਚਿਤ ਹੋ ਉਠਦੇ ਹਨ।

ਕਿਹਾ ਜਾਂਦਾ ਹੈ ਕਿ ਭੰਗੜੇ ਦੀ ਪੈਦਾਇਸ਼



ਸਾਂਝੇ ਪੰਜਾਬ ਦੇ ਮਾਝਾ ਖਿੱਤੇ ਵਿਚ ਹੋਈ। ਇਸ ਦੀਆਂ ਜੜ੍ਹਾਂ ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ, ਗੁਜਰਾਤ ਅਤੇ ਗੁਰਦਾਸਪੁਰ ਵਿਚ ਮੰਨੀਆਂ ਗਈਆਂ ਹਨ। ਵੰਡ ਤੋਂ ਬਾਅਦ ਭੰਗੜੇ ਦੀ ਪੈਦਾਇਸ਼ ਵਾਲਾ ਬਹੁਤਾ ਹਿੱਸਾ ਪਾਕਿਸਤਾਨ ਵਿਚ ਰਹਿ ਗਿਆ ਹੈ, ਪਰ ਅੱਜ ਇਹ ਸੰਸਾਰ ਪੱਧਰ 'ਤੇ ਛਾ ਰਿਹਾ ਹੈ। -0-



*ਗੁਰਪ੍ਰੀਤ ਸਿਆਨ ਅਤੇ ਰਮਨ ਭੁੱਲਰ ਜਿਨ੍ਹਾਂ ਨੂੰ ਕੈਨੇਡਾ ਦੀ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਨੇ ਬਤੌਰ ਇੰਸਰੱਕਟਰ ਨਿਯੁਕਤ ਕੀਤਾ ਹੈ।*



*ਮਾਹਿਰ ਦੱਸਦੇ ਹਨ ਕਿ 1990 ਤੋਂ ਬਾਅਦ, ਜਦੋਂ ਤੋਂ ਪਰਵਾਸੀਆਂ ਵਿਚ ਭੰਗੜੇ ਦਾ ਵਧੇਰੇ ਸ਼ੌਕ ਜਾਗਿਆ ਹੈ, ਪੱਛਮ ਦੇ ਵੱਖ-ਵੱਖ ਨਾਚਾਂ ਨਾਲ ਸੁਮੇਲ ਤੋਂ ਭੰਗੜੇ ਦਾ ਵੱਖਰੀ ਤਰ੍ਹਾਂ ਦਾ ਰੰਗ ਸਾਹਮਣੇ ਆ ਰਿਹਾ ਹੈ। ਉਂਜ, ਭੰਗੜਚੀਆਂ ਦੇ ਲਿਬਾਸ ਜਿਸ ਵਿਚ ਪੱਗ, ਕੁੜਤਾ, ਚਾਦਰਾ ਅਤੇ ਰੁਮਾਲ ਅਹਿਮ ਅੰਗ ਹਨ, ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਭੰਗੜਾ ਮੇਲਿਆਂ ਦੇ ਪਿੜ ਵਿਚੋਂ ਨਿਕਲ ਕੇ ਕਾਲਜਾਂ ਯੂਨੀਵਰਸਿਟੀਆਂ ਦੀਆਂ ਸਟੇਜਾਂ ਤੋਂ ਹੁੰਦਾ ਹੋਇਆ ਸੰਸਾਰ ਵਿਚ ਸੱਭਿਆਚਾਰਕ ਵੰਨਗੀ ਵਜੋਂ ਪਛਾਣ ਬਣਾ ਚੁੱਕਾ ਹੈ। ਹੁਣ ਤਾਂ ਮੇਲਿਆਂ ਵਿਚ ਭੰਗੜਾ ਪਾਉਂਦੀਆਂ ਕੁੜੀਆਂ ਵੀ ਦਿਸ ਪੈਂਦੀਆਂ ਹਨ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਅਗਸਤ 2016 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-235



*ਨਾ ਹੀ ਮੈਂ ਕੋਈ ਕਰਜਾ ਚੁੱਕਿਆ, ਨਾ ਬਣਿਆ ਹਾਲੇ ਚਾਲਕ।*
*ਸ਼ਾਹੀ ਉਮਰ ਹੈ ਦੇਖੋ ਮੇਰੀ, ਮੈਂ ਹਾਂ ਟਰੈਕਟਰ ਮਾਲਕ।*

### ਕੈਪਸ਼ਨ ਮੁਕਾਬਲਾ-233



ਨਾਲ ਕਲਾ ਦੇ ਚਿਣ ਕੇ ਪਾਥੀਆਂ
ਟੀਸੀ ਬੰਨ੍ਹ ਗੁਹਾਰਾ ਲਾਇਆ।
ਗੋਹੇ ਦੇ ਨਾਲ ਲਿੱਪ ਪੋਚ ਕੇ
ਪੂਰਾ ਇੱਕ ਸਟੋਰ ਬਣਾਇਆ।
ਤੇਨਜਿੰਗ ਤੋਂ ਘੱਟ ਨਾ ਸਮਝੇ
ਕੁੱਤਾ ਪਤਾ ਨੀ ਕਿਥੋਂ ਆਇਆ।
*-ਜਗਮੀਤ ਸਿੰਘ ਪੰਧੇਰ*
*ਫੋਨ:91-98783-37222*

---

ਦੇਈਏ ਰਾਤ ਦਾ ਪਹਿਰਾ ਪਹਿਲਾਂ
ਬੁੱਲਾ ਕਹੇ ਜਾ ਰੂੜੀਆਂ ਸੁੱਤੇ।
ਬਿੜਕ ਰੱਖੀਏ ਮਾਲਕ ਦੇ ਘਰ ਦੀ
ਸੱਦਣ ਤਾਂ ਭੀ ਸਭ ਸਾਨੂੰ ਕੁੱਤੇ।
ਜਾਨ ਭੀ ਆਪਣੀ ਦਾਅ 'ਤੇ ਲਾਉਂਦੇ
ਫੌਜੀ ਚੜ੍ਹੇ ਜਿਉਂ ਕਾਰਗਿਲ ਪਹਾੜੀ ਉਤੇ।
ਅਕ੍ਰਿਤਘਣ ਫਿਰ ਵੀ ਕਦਰ ਨਾ ਕਰਦੇ
ਮਨ ਖੁਸ਼ ਕਰੀਏ ਚੜ੍ਹ ਗੁਹਾੜੀ ਉਤੇ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

---

ਜਿਹੋ ਜਿਹਾ ਹੈ ਨਾਮ ਅਸਾਡਾ
ਕੰਮ ਉਹੋ ਜਿਹੇ ਕਰਦੇ।
ਫੋਟੋ ਖਿਚਵਾਉਣ ਦੀ ਖਾਤਰ
ਅਸੀਂ ਜਾ ਗੁਹਾੜੀ 'ਤੇ ਚੜ੍ਹਦੇ।
ਫੋਟੋ ਤਾਂ ਖਿੱਚ ਲਈ ਅਸਾਡੀ
ਹੁਣ ਉਤਾਰਨ ਦਾ ਵਲ ਤਾਂ ਕਰਦੇ!
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਕੁੱਤਾ ਬੜਾ ਪਾਰਖੂ ਅਤੇ ਵਫਾਦਾਰ
ਚੌਕੀਦਾਰਾ ਵੀ ਹੁਣ ਕੁੱਤੇ ਹੀ ਕਰਦੇ।
ਹੱਡਾ ਰੋੜੀਆਂ ਵਿਚ ਵੀ ਸਰਦਾਰੀ
ਸਰਕਾਰ ਵਲੋਂ ਵੀ ਮਾਨਤਾ ਪ੍ਰਾਪਤ।
ਹਰਵਰਿਆਈ ਦੇ ਕਈ ਕਤੂਰੇ ਮਗਰ
ਅਵਾਰਾ ਫਿਰਦੇ ਜ਼ਹਿਰੀਲੇ ਕੁੱਤੇ,
ਮੱਖੀਆਂ ਭਿਣਕਣ ਜ਼ਖਮਾਂ ਉਤੇ।
ਤਰੜੇ ਕੁੱਤੇ ਭਰਮਾਰ ਬੇਸ਼ੁਮਾਰ
ਅੱਧੀ ਰਾਤ ਸੌਣ ਦਾ ਵਕਤ
ਸ਼ੁਰੂ ਕਰਦੇ ਆਪਣੇ ਕੀਰਨੇ
ਤਰ੍ਹਾਂ ਤਰ੍ਹਾਂ ਦੀਆਂ ਤਰਜਾਂ ਕੱਢ ਕੇ।
ਕੁੱਤਾ ਫਖਰ ਕਰੇ,ਅਸੀਂ ਪਹਿਰਾ ਦੇਈਏ
ਫਿਰ ਉਚੀ ਜਗ੍ਹਾ ਚੜ੍ਹ
ਪਾਥੀਆਂ ਦੇ ਗੁਹਾੜਿਆਂ 'ਤੇ,
ਤਾੜ ਰੱਖਦੇ ਹਾਂ
ਕੌਣ ਗਿਆ, ਕੌਣ ਆਇਆ।
ਭੌਂਕ ਭੌਂਕ ਨਸ਼ਰ ਕਰਦੇ ਓਪਰੇ ਨੂੰ
ਕੰਮ ਉਨ੍ਹਾਂ ਦੇ ਫਿਰ ਵੀ ਕੁੱਤੇ
ਤਾਂਹੀਓਂ ਕਹਿੰਦੇ ਸਿਆਣੇ,
ਛੱਡਿਆ ਨਹੀਂ ਫਿਰ ਕੁੱਤਾ ਕੰਮ!
ਕੁੱਤੇ ਦੀ ਪੂਛ ਕਦੇ ਸਿੱਧੀ ਨਾ ਹੋਵੇ।
*-ਦਰਸ਼ਨ ਪਾਲ ਦੋਸਾਂਝ*

---

ਕੁੱਤਾ ਕੁੱਤਾ ਸਾਰੇ ਕਹਿੰਦੇ
ਮੰਨਿਆ ਮੈਂ ਹਾਂ ਕੁੱਤਾ।
ਰਾਤੀ ਕਰਾਂ ਰਾਖੀ ਸਭ ਦੀ
ਦਿਨੇ ਰਹਾਂ ਮੈਂ ਸੁੱਤਾ।
ਮਾਲਕ ਲਈ ਮੇਰੀ ਵਫਾਦਾਰੀ,
ਇਹੋ ਮੈਨੂੰ ਸਭ ਤੋਂ ਪਿਆਰੀ।
ਡਾਂਗਾਂ ਮਾਰ ਮਾਰ ਗਿੱਟੇ ਭੰਨੇ
ਜਦ ਮੈਂ ਕਿਸੇ ਦੇ ਰਾਹ ਅੜਿਆ।
ਹੁਣ ਗੁੱਸਾ ਚੜ੍ਹਿਆ ਮੈਨੂੰ
ਤਾਹੀਂਓ ਗਹੀਰੇ ਆ ਚੜ੍ਹਿਆ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-960-8403*


ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ
ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ
ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ
ਵੇਚਣ ਵਾਸਤੇ ਸਲਾਹ ਲਈ
ਇੱਕ ਵਾਰ ਸੰਪਰਕ ਕਰੋ
Duplex, Four Plax ਅਤੇ
Apartment Building ਵਿਚ
Investment ਲਈ ਕਾਲ ਕਰੋ ਜੀ
ਜਗਦੇਵ ਸਿੰਘ
ਫੋਨ: 510-689-4625
JAGDEV SINGH
Realtor
CalBre #01423409
42820 Albrae, St.,
Fremont, CA 94538
REALTOR
EQUAL HOUSING OPPORTUNITY


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS
Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


REGULAR
Diesel
EC Unleaded
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080

# ਵੋਟਰਾਂ ਨੂੰ ਭਰਮਾਉਂਦੀ ਬਾਦਲ ਸਰਕਾਰ ਹੋਈ ਕੰਗਾਲ

**ਚੰਡੀਗੜ੍ਹ:** ਚੋਣਾਂ ਦਾ ਸਮਾਂ ਨੇੜੇ ਆਉਂਦਾ ਵੇਖ ਪੰਜਾਬ ਸਰਕਾਰ ਵੱਖ-ਵੱਖ ਵਰਗਾਂ ਨੂੰ ਰਿਆਇਤਾਂ ਦੇ ਕੇ ਸੰਤੁਸ਼ਟ ਕਰਨ ਦੇ ਯਤਨਾਂ 'ਚ ਜੁਟ ਗਈ ਹੈ। ਸਰਕਾਰ ਨੇ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਨੂੰ ਬਿਜਲੀ, ਪਾਣੀ ਮੁਫਤ ਦੇਣ ਦੀ ਨੀਤੀ ਧਾਰਨ ਕੀਤੀ ਹੋਈ ਸੀ। ਨੀਲੇ ਅਤੇ ਪੀਲੇ ਕਾਰਡਾਂ ਦੇ ਆਧਾਰ 'ਤੇ ਸਸਤੀਆਂ ਦਰਾਂ 'ਤੇ ਆਟਾ-ਦਾਲ ਸਕੀਮ ਵੀ ਸ਼ੁਰੂ ਕੀਤੀ ਗਈ ਸੀ। ਹੋਰ ਵੀ ਬਹੁਤ ਸਾਰੀਆਂ ਰਿਆਇਤਾਂ ਦਾ ਐਲਾਨ ਕੀਤਾ ਗਿਆ ਸੀ, ਪਰ ਸਰਕਾਰ ਵੱਲੋਂ ਅਖਤਿਆਰ ਕੀਤੀਆਂ ਗਈਆਂ ਅਜਿਹੀਆਂ ਉਦਾਰ ਨੀਤੀਆਂ ਨੇ ਰਾਜ ਦਾ ਖਜ਼ਾਨਾ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਸੀ।



ਆਪਣੇ ਕੰਮਕਾਰ ਨੂੰ ਚਲਾਉਣ ਲਈ ਅਤੇ ਛੋਹੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਸਰਕਾਰ ਨੇ ਵੱਖ-ਵੱਖ ਅਦਾਰਿਆਂ ਤੋਂ ਅਤੇ ਬੈਂਕਾਂ ਤੋਂ ਵੱਧ ਤੋਂ ਵੱਧ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਸੀ। ਪਿਛਲੇ ਲੰਬੇ ਸਮੇਂ ਤੋਂ ਲਏ ਜਾਂਦੇ ਇਸ ਕਰਜ਼ੇ ਦੀ ਪੰਡ ਬੇਹੱਦ ਭਾਰੀ ਹੋ ਗਈ, ਜਿਸ ਦਾ ਸਾਲਾਨਾ ਵਿਆਜ ਲਾਹੁਣਾ ਹੀ ਸਰਕਾਰ ਲਈ ਮੁਸ਼ਕਲ ਹੋ ਗਿਆ ਹੈ। ਹਾਲਤ ਇਹ ਹੈ ਕਿ ਕਰਜ਼ੇ ਦੇ ਵਿਆਜ ਅਤੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਹੀ ਸਰਕਾਰੀ ਖਜ਼ਾਨੇ ਨੂੰ ਬੇਹੱਦ ਹਲਕਾ ਕਰਨ ਦੇ ਸਮਰੱਥ ਹਨ, ਜਿਸ ਕਰ ਕੇ ਪਿਛਲੇ ਸਮੇਂ ਵਿਚ ਬਹੁਤੀ ਵਾਰ ਸਰਕਾਰ ਨੂੰ ਵੱਡੇ ਆਰਥਿਕ ਸੰਕਟ ਵਿਚੋਂ ਗੁਜ਼ਰਨਾ ਪਿਆ। ਅੱਜ ਵੀ ਅਜਿਹਾ ਸੰਕਟ ਕਾਇਮ ਹੈ, ਪਰ ਸਿਰ 'ਤੇ ਆਈਆਂ ਚੋਣਾਂ ਨੇ ਸਰਕਾਰ ਨੂੰ ਇਕ ਵਾਰ ਫਿਰ ਵੱਡਾ ਦਿਲ ਤੇ ਬਹੁਤੀ ਉਦਾਰਤਾ ਦਿਖਾਉਣ ਲਈ ਮਜਬੂਰ ਕਰ ਦਿੱਤਾ ਹੈ। ਸ਼ਹਿਰੀ ਵਿਕਾਸ ਦੀ ਖੜੋਤ ਤੋੜਨ ਲਈ ਸਨਅਤੀ ਪਲਾਟਾਂ ਨੂੰ ਗੈਰ-ਸਨਅਤੀ ਕੰਮਾਂ ਲਈ ਵਰਤਣ ਦੀ ਖੁੱਲ੍ਹ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਪਿੱਛੇ ਮੰਤਵ ਸ਼ਹਿਰੀ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਦਾ ਦੱਸਿਆ ਜਾ ਰਿਹਾ ਹੈ।

ਇਸ ਨਾਲ ਸਰਕਾਰ ਦਾ ਮਾਲੀਆ ਵੀ ਵਧਣ ਦੀ ਸੰਭਾਵਨਾ ਹੈ, ਪਰ ਦੂਜੇ ਪਾਸੇ ਵੱਖ-ਵੱਖ ਪੱਧਰਾਂ 'ਤੇ ਅਸ਼ਟਾਮ ਡਿਊਟੀ ਘਟਾਉਣ, ਪਛੜੇ ਵਰਗਾਂ ਦੇ ਖਪਤਕਾਰਾਂ ਲਈ 200 ਯੂਨਿਟ ਬਿਜਲੀ ਮੁਫਤ ਕਰਨ ਅਤੇ ਹਲਦੀ, ਜੀਰਾ, ਧਣੀਆ, ਕਾਲੀ ਮਿਰਚ ਆਦਿ 'ਤੇ ਵੈਟ ਦੀ ਦਰ ਘਟਾਉਣ ਨਾਲ ਸਰਕਾਰੀ ਖਜ਼ਾਨੇ 'ਤੇ ਬੋਝ ਪੈਣ ਦੀ ਸੰਭਾਵਨਾ ਹੈ।

ਪੰਜਾਬ ਮੰਤਰੀ ਮੰਡਲ ਦੀ ਤਾਜ਼ਾ ਮੀਟਿੰਗ ਵਿਚ ਲਏ ਗਏ ਫੈਸਲਿਆਂ ਰਾਹੀਂ ਇਕ ਪਾਸੇ ਚੋਣ ਪ੍ਰਚਾਰ ਲਈ ਉਦਯੋਗਪਤੀਆਂ ਅਤੇ ਰੀਅਲ ਅਸਟੇਟ ਕਾਰੋਬਾਰੀਆਂ ਤੋਂ ਚੰਦਾ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕੁਝ ਲਾਭ ਦੇਣ ਅਤੇ ਦੂਜੇ ਪਾਸੇ ਵੋਟਰਾਂ ਤੋਂ ਵੋਟ ਲੈਣ ਲਈ ਉਨ੍ਹਾਂ ਨੂੰ ਥੋੜ੍ਹੀ ਬਹੁਤੀ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ। ਮੰਤਰੀ ਮੰਡਲ ਵੱਲੋਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਨੂੰ ਹੋਰ ਇਕ ਸਾਲ ਲਈ ਵਧਾਉਣ, ਛੋਟੇ ਉਦਯੋਗਾਂ ਨੂੰ ਨਵੀਆਂ ਬਿਜਲੀ ਦਰਾਂ ਜਾਰੀ ਕਰਨ ਮੌਕੇ 48 ਪੈਸੇ ਪ੍ਰਤੀ ਯੂਨਿਟ ਦੀ ਸਬਸਿਡੀ ਦੇ ਨਾਲ ਨਾਲ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੂੰ 200 ਯੂਨਿਟ ਬਿਜਲੀ ਪ੍ਰਤੀ ਮਹੀਨਾ ਮੁਫਤ ਦੇਣ, ਸਸਤੇ ਭਾਅ ਦੇ ਮਕਾਨਾਂ ਅਤੇ ਨਵੇਂ ਬਣੇ ਫਲੈਟਾਂ ਦੀ ਖਰੀਦ ਲਈ ਅਸ਼ਟਾਮ ਡਿਊਟੀ 'ਤੇ ਕ੍ਰਮਵਾਰ 50 ਤੇ 20 ਫੀਸਦੀ ਛੋਟ ਦੇਣ ਦੇ ਲਏ ਗਏ ਫੈਸਲੇ ਭਾਵੇਂ ਇਨ੍ਹਾਂ ਵਰਗਾਂ ਨੂੰ ਕੁਝ ਰਾਹਤ ਦੇਣ ਵਾਲੇ ਹਨ, ਪਰ ਇਨ੍ਹਾਂ ਦਾ ਮੰਤਵ ਕੁਝ ਮਹੀਨਿਆਂ ਬਾਅਦ ਸੂਬਾਈ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਮੌਕੇ ਵੋਟਾਂ ਬਟੋਰਨਾ ਜਾਪਦਾ ਹੈ।

ਕੈਲਾਸ਼ ਮਾਨਸਰੋਵਰ ਯਾਤਰਾ ਦੇ ਸ਼ਰਧਾਲੂਆਂ ਨੂੰ ਇਕ ਲੱਖ ਰੁਪਏ ਦੇਣ ਤੋਂ ਇਲਾਵਾ ਈਸਾਈ ਅਤੇ ਮੁਸਲਿਮ ਭਾਈਚਾਰਿਆਂ ਦੇ ਲੋਕਾਂ ਲਈ ਕਬਰਸਤਾਨ ਵਾਸਤੇ ਜ਼ਮੀਨ ਖ਼ਰੀਦਣ ਦੇ ਫੈਸਲੇ ਵੀ ਆਗਾਮੀ ਚੋਣਾਂ ਦੇ ਮੱਦੇਨਜ਼ਰ ਹੀ ਲਏ ਹਨ। ਸਵਾਲ ਇਹ ਵੀ ਹੈ ਕਿ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ, ਬੇਰੁਜ਼ਗਾਰੀ ਕਾਰਨ ਨਸ਼ਿਆਂ ਵਿਚ ਲਿਪਤ ਹੋ ਰਹੀ ਜਵਾਨੀ ਅਤੇ ਧਰਨੇ ਮੁਜ਼ਾਹਰੇ ਕਰ ਰਹੇ ਮੁਲਾਜ਼ਮਾਂ ਦੇ ਮਸਲੇ ਮੰਤਰੀ ਮੰਡਲ ਦੇ ਏਜੰਡੇ 'ਤੇ ਕਿਉਂ ਨਹੀਂ ਆਉਂਦੇ।

## ਇਰਾਕ 'ਚ ਲਾਪਤਾ ਪੰਜਾਬੀਆਂ ਦਾ ਮੁੱਦਾ ਸੰਸਦ 'ਚ ਗੂੰਜਿਆ

**ਨਵੀਂ ਦਿੱਲੀ:** ਇਰਾਕ ਵਿਚ ਦੋ ਸਾਲ ਪਹਿਲਾਂ ਲਾਪਤਾ ਹੋਏ 39 ਭਾਰਤੀ ਨੌਜਵਾਨਾਂ ਦੇ ਮੁੱਦਾ ਸੰਸਦ ਵਿਚ ਇਕ ਵਾਰ ਫਿਰ ਤੋਂ ਗੂੰਜਿਆ। ਰਾਜ ਸਭਾ ਵਿਚ ਕਾਂਗਰਸ ਦੇ ਮੈਂਬਰਾਂ ਨੇ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਦੇਸ਼ ਨੂੰ ਗੁੰਮਰਾਹ ਕਰ ਰਹੀ ਹੈ। ਵਿਰੋਧ ਭਖਦਾ ਵੇਖ ਅਕਾਲੀ ਦਲ ਦੇ ਮੈਂਬਰ ਨੇ ਵੀ ਇਸ ਮੁੱਦੇ ਉਤੇ ਵਿਦੇਸ਼ ਮੰਤਰੀ ਤੋਂ ਤਾਜ਼ਾ ਜਾਣਕਾਰੀ ਮੰਗੀ। ਲਾਪਤਾ ਭਾਰਤੀਆਂ ਦਾ ਮੁੱਦਾ ਚੁੱਕਦਿਆਂ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਉਤੇ ਦੋਸ਼ ਲਾਇਆ ਕਿ ਉਨ੍ਹਾਂ ਸੰਸਦ ਤੇ ਦੇਸ਼ ਨੂੰ ਇਸ ਮੁੱਦੇ 'ਤੇ ਗੁੰਮਰਾਹ ਕੀਤਾ।

ਜ਼ਿਕਰਯੋਗ ਹੈ ਕਿ ਜੂਨ 2014 ਵਿਚ 40 ਵਿਅਕਤੀਆਂ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਜਾਬੀ ਸਨ, ਨੂੰ ਇਸਲਾਮਿਕ ਸਟੇਟ ਨੇ ਇਰਾਕ ਵਿਚ ਅਗਵਾ ਕਰ ਲਿਆ ਸੀ ਤੇ ਹੁਣ ਤਕ ਉਨ੍ਹਾਂ ਦਾ ਕੁਝ ਵੀ ਪਤਾ ਨਹੀਂ ਲੱਗਿਆ ਹੈ। ਬਾਜਵਾ ਨੇ ਲੋਕ ਸਭਾ ਵਿਚ ਆਖਿਆ ਕਿ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਹਰਜੀਤ ਸਿੰਘ ਜੋ ਆਈ.ਐਸ. ਦੇ ਕਬਜ਼ੇ ਵਿਚੋਂ ਭੱਜ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ, ਨੇ ਦਾਅਵਾ ਕੀਤਾ ਸੀ ਕਿ ਸਾਰੇ ਭਾਰਤੀਆਂ ਨੂੰ ਉਸ ਦੀਆਂ ਅੱਖਾਂ ਮੂਹਰੇ ਮਾਰ ਦਿੱਤਾ ਗਿਆ ਸੀ। ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਉਸ ਸਮੇਂ ਸੰਸਦ ਵਿਚ ਯਕੀਨ ਦੁਆਇਆ ਸੀ ਕਿ ਸਰਕਾਰ ਨੂੰ ਵੱਖ-ਵੱਖ ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਸਾਰੇ ਭਾਰਤੀ ਇਰਾਕ ਵਿਚ ਜਿਉਂਦੇ ਹਨ। ਕਾਂਗਰਸ ਨੇ ਦਾਅਵਾ ਕੀਤਾ ਕਿ ਜੇਕਰ ਸਾਰੇ ਭਾਰਤੀ ਸੁਰੱਖਿਅਤ ਹਨ ਤਾਂ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਕੀ ਯਤਨ ਕੀਤੇ ਜਾ ਰਹੇ ਹਨ। ਉਧਰ ਕਾਂਗਰਸ ਮੈਂਬਰਾਂ ਨਾਲ ਸੁਰ ਮਿਲਾਉਂਦਿਆਂ ਅਕਾਲੀ ਦਲ ਦੇ ਮੈਂਬਰ ਨਰੇਸ਼ ਗੁਜਰਾਲ ਨੇ ਮੰਗ ਕੀਤੀ ਕਿ ਵਿਦੇਸ਼ ਮੰਤਰੀ ਨੂੰ ਇਸ ਮੁੱਦੇ 'ਤੇ ਬਿਆਨ ਦੇਣਾ ਚਾਹੀਦਾ ਹੈ।

## ਹਰਿਆਣਾ ਲਈ ਵੱਖਰੀ ਹਾਈ ਕੋਰਟ 'ਤੇ ਪੰਜਾਬ ਨੂੰ ਇਤਰਾਜ਼

**ਬਠਿੰਡਾ:** ਪੰਜਾਬ ਸਰਕਾਰ ਨੇ ਹਰਿਆਣਾ ਵੱਲੋਂ ਵੱਖਰੀ ਹਾਈ ਕੋਰਟ ਦੀ ਕੇਂਦਰ ਨੂੰ ਭੇਜੀ ਗਈ ਤਜਵੀਜ਼ ਉਤੇ ਇਤਰਾਜ਼ ਲਗਾ ਦਿੱਤਾ ਹੈ, ਜਿਸ ਕਰ ਕੇ ਕੇਂਦਰ ਸਰਕਾਰ ਨੇ ਹਾਲ ਦੀ ਘੜੀ ਆਖਰੀ ਫੈਸਲਾ ਲੈਣ ਤੋਂ ਟਾਲਾ ਵੱਟ ਲਿਆ ਹੈ। ਪੰਜਾਬ ਸਰਕਾਰ ਵੱਲੋਂ ਇਸ ਮਾਮਲੇ 'ਤੇ ਕੀਤੇ ਗਏ ਇਤਰਾਜ਼ਾਂ ਦੇ ਵੇਰਵੇ ਪਤਾ ਨਹੀਂ ਲੱਗ ਸਕੇ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਨੇ ਵੱਖਰੀ ਹਾਈ ਕੋਰਟ ਦੇ ਮਾਮਲੇ 'ਤੇ ਆਪਣੀ ਅਸਹਿਮਤੀ ਕੇਂਦਰ ਨੂੰ ਦੱਸ ਦਿੱਤੀ ਹੈ। ਕੇਂਦਰੀ ਕਾਨੂੰਨ ਮੰਤਰਾਲੇ ਨੇ ਸਾਫ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਈ ਅਸਹਿਮਤੀ ਮਗਰੋਂ ਇਸ ਮਾਮਲੇ ਉਤੇ ਕੋਈ ਫੈਸਲਾ ਨਹੀਂ ਲਿਆ ਗਿਆ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅਪਰੈਲ 2015 ਵਿਚ ਦਿੱਲੀ 'ਚ ਹੋਈ ਮੀਟਿੰਗ ਵਿਚ ਹਰਿਆਣਾ ਲਈ ਚੰਡੀਗੜ੍ਹ ਵਿਚ ਵੱਖਰੀ ਹਾਈ ਕੋਰਟ ਬਣਾਏ ਜਾਣ ਦੀ ਮੰਗ ਉਠਾਈ ਸੀ। ਹਰਿਆਣਾ ਸਰਕਾਰ ਵੱਲੋਂ ਕੁਝ ਅਰਸਾ ਪਹਿਲਾਂ ਚੰਡੀਗੜ੍ਹ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਵੀ ਇਕ ਸੰਘ ਪ੍ਰਚਾਰਕ ਦੇ ਨਾਮ ਉਤੇ ਰੱਖਣ ਦੀ ਤਜਵੀਜ਼ ਕੇਂਦਰ ਨੂੰ ਭੇਜੀ ਗਈ ਸੀ, ਜੋ ਸਿਰੇ ਨਹੀਂ ਲੱਗ ਸਕੀ। ਉਂਜ, ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ 12 ਮਾਰਚ 2002 ਅਤੇ 15 ਦਸੰਬਰ 2005 ਨੂੰ ਹਰਿਆਣਾ ਵਿਧਾਨ ਸਭਾ ਵਿਚ ਵੱਖਰੀ ਹਾਈ ਕੋਰਟ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਮਤੇ ਪਾਸ ਕੀਤੇ ਸਨ। ਹਰਿਆਣਾ ਦਾ ਤਰਕ ਹੈ ਕਿ ਸੰਵਿਧਾਨ ਦੀ ਧਾਰਾ 214 ਵਿਚ ਹਰ ਰਾਜ ਦੀ ਵੱਖਰੀ ਹਾਈ ਕੋਰਟ ਦੀ ਵਿਵਸਥਾ ਹੈ। ਹਰਿਆਣਾ ਸਰਕਾਰ ਨੇ ਤਜਵੀਜ਼ ਦਿੱਤੀ ਹੈ ਕਿ ਵਿਧਾਨ ਸਭਾ ਸਕੱਤਰੇਤ ਅਤੇ ਸਿਵਲ ਸਕੱਤਰੇਤ ਦੀ ਤਰ੍ਹਾਂ ਹੀ ਹਰਿਆਣਾ ਦੀ ਵੱਖਰੀ ਹਾਈ ਕੋਰਟ ਬਣੇ। ਹਰਿਆਣਾ ਨੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਅਫਸਰਾਂ ਦੀ ਤਾਇਨਾਤੀ ਲਈ ਪੰਜਾਬ ਅਤੇ ਹਰਿਆਣਾ ਦੇ 60:40 ਦੇ ਫਾਰਮੂਲੇ ਵਿਚ ਵੀ ਬਦਲਾਅ ਦੀ ਮੰਗ ਉਠਾਈ ਹੈ।

ਦੱਸਣਯੋਗ ਹੈ ਕਿ ਦੇਸ਼ ਦੇ ਚਾਰ ਸੂਬੇ ਗੋਆ, ਅਰੁਣਾਂਚਲ ਪ੍ਰਦੇਸ਼, ਨਾਗਾਲੈਂਡ ਅਤੇ ਮਿਜ਼ੋਰਮ ਕੋਲ ਆਪਣੀ ਹਾਈ ਕੋਰਟ ਹੀ ਨਹੀਂ ਹੈ। ਗੋਆ ਰਾਜ ਇਸ ਵੇਲੇ ਮੁੰਬਈ ਹਾਈ ਕੋਰਟ ਅਧੀਨ ਹੈ ਜਦੋਂਕਿ ਬਾਕੀ ਤਿੰਨੋਂ ਰਾਜ ਗੁਹਾਟੀ ਹਾਈ ਕੋਰਟ ਦੇ ਅਧਿਕਾਰ ਖੇਤਰ ਵਿਚ ਹਨ। ਦੇਸ਼ ਦੇ ਅੱਧੀ ਦਰਜਨ ਸੰਘ ਖੇਤਰ (ਯੂ.ਟੀ.) ਵੀ ਵੱਖੋ-ਵੱਖਰੇ ਰਾਜਾਂ ਦੀਆਂ ਹਾਈ ਕੋਰਟਾਂ ਦੇ ਅਧਿਕਾਰ ਖੇਤਰਾਂ ਵਿਚ ਆਉਂਦੇ ਹਨ।

# ਦਿੱਲੀ ਵਿਚ ਮੋਦੀ ਨੇ ਲਾਈ ਅਣਐਲਾਨੀ ਐਮਰਜੈਂਸੀ

ਜਦੋਂ ਤੋਂ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਬਣੀ ਹੈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਇਕ ਤਰ੍ਹਾਂ ਨਾਲ ਉਥੇ ਐਮਰਜੈਂਸੀ ਹੀ ਲਾ ਦਿੱਤੀ ਹੋਈ ਹੈ। ਪੈਰ-ਪੈਰ 'ਤੇ ਸਰਕਾਰ ਦੇ ਹੱਥ ਬੰਨ੍ਹੇ ਜਾ ਰਹੇ ਹਨ ਤਾਂ ਕਿ ਸਰਕਾਰ ਦੇ ਹਰ ਕੰਮ ਵਿਚ ਰੋੜਾ ਅਟਕਾਇਆ ਜਾ ਸਕੇ। ਇਸ ਕੰਮ ਲਈ ਕੇਂਦਰ ਸਰਕਾਰ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਸਿੱਧੇ-ਅਸਿੱਧੇ ਢੰਗ-ਤਰੀਕਿਆਂ ਨਾਲ ਵਰਤਿਆ ਹੈ।

ਯਾਦ ਰਹੇ, ਆਮ ਆਦਮੀ ਪਾਰਟੀ ਨੇ 7 ਫਰਵਰੀ 2015 ਨੂੰ ਹੋਈਆਂ ਚੋਣਾਂ ਵਿਚ ਦਿੱਲੀ ਵਿਧਾਨ ਸਭਾ ਦੀਆਂ ਕੁੱਲ 70 ਵਿਚੋਂ 67 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਰਿਕਾਰਡ ਬਣਾ ਦਿੱਤਾ ਸੀ। ਇਹ ਕ੍ਰਿਸ਼ਮਾ ਉਸ ਵਕਤ ਹੋਇਆ ਸੀ ਜਦੋਂ ਅਜੇ 8 ਮਹੀਨੇ ਪਹਿਲਾਂ ਹੀ ਕੇਂਦਰ ਵਿਚ ਬਹੁਮਤ ਵਾਲੀ ਮੋਦੀ ਸਰਕਾਰ ਕਾਇਮ ਹੋਈ ਸੀ। ਦਿੱਲੀ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਮੋਦੀ ਦੀ ਭਾਰਤੀ ਜਨਤਾ ਪਾਰਟੀ ਨੂੰ ਮੂਧੇ ਮੂੰਹ ਸੁੱਟ ਲਿਆ ਸੀ, ਪਰ ਇਸ ਦਿਨ ਤੋਂ ਬਾਅਦ ਹੀ ਭਾਜਪਾ ਆਗੂਆਂ ਨੇ 'ਆਪ' ਸਰਕਾਰ ਖਿਲਾਫ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਦਿੱਲੀ ਦੇ ਉਪ ਰਾਜਪਾਲ ਰਾਹੀਂ ਸਰਕਾਰ ਅੱਗੇ ਅੜਿੱਕੇ ਡਾਹੁਣੇ ਅਰੰਭ ਕਰ ਦਿੱਤੇ ਗਏ। ਜਦੋਂ ਫਿਰ ਵੀ ਕੋਈ ਪੇਸ਼ ਨਾ ਗਈ ਅਤੇ ਸਰਕਾਰ, ਆਮ ਲੋਕਾਂ ਵਿਚ ਲੋਕਪ੍ਰਿਯ ਹੁੰਦੀ ਗਈ ਤਾਂ ਕੇਂਦਰ ਸਰਕਾਰ ਨੇ ਦਿੱਲੀ ਪੁਲਿਸ, ਜੋ ਕੇਂਦਰ ਸਰਕਾਰ ਦੇ ਅਧੀਨ ਹੈ, ਰਾਹੀਂ ਸਰਕਾਰ ਤੇ ਪਾਰਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ।

ਜਿਸ ਮੁਲਕ ਦੀ ਪਾਰਲੀਮੈਂਟ ਦੇ ਇਕ ਤਿਹਾਈ ਮੈਂਬਰਾਂ ਖਿਲਾਫ ਅਪਰਾਧਿਕ ਕੇਸ ਦਰਜ ਹਨ; ਮਾਫੀਆ ਨਾਲ ਜੁੜੇ ਐਕਟਰ ਅਦਾਲਤਾਂ ਵਿਚੋਂ ਬਚ ਕੇ ਸਾਫ ਨਿਕਲ ਜਾਂਦੇ ਹਨ; ਰਾਜ ਸਭਾ ਦਾ ਮੈਂਬਰ ਹੋਣ ਦੇ ਨਾਤੇ ਕਾਰਪੋਰੇਟ ਧਨਾਢਾਂ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ; ਕਾਤਲ ਤੇ ਬਲਾਤਕਾਰੀ ਸ਼ਰੇਆਮ ਘੁੰਮਦੇ ਹਨ; ਸੜਕਾਂ ਉਤੇ ਕਤਲੇਆਮ ਮਚਾਉਣ ਵਾਲਾ ਦੇਸ਼-ਧਰੋਹੀ ਨਹੀਂ ਅਖਵਾਉਂਦਾ, ਸਗੋਂ ਸਿਰਫ ਨਾਅਰੇ ਮਾਰਨ ਵਾਲੇ ਨੂੰ ਦੇਸ਼-ਧਰੋਹੀ ਕਰਾਰ ਦੇ ਦਿੱਤਾ ਜਾਂਦਾ ਹੈ; ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ।

ਜਿੱਥੇ ਕਿਸਾਨ ਕੀੜੇ-ਮਕੌੜਿਆਂ ਵਾਂਗ ਖਤਮ ਹੋ ਰਹੇ ਹਨ ਅਤੇ ਗਰੀਬ ਦਲਿਤਾਂ ਨੂੰ ਕੁੱਟਿਆ-ਮਾਰਿਆ ਜਾਂਦਾ ਹੈ, ਜ਼ਲੀਲ ਕੀਤਾ ਜਾਂਦਾ ਹੈ, ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਉਤੇ ਵੀ ਨਿਗ੍ਹਾ ਰੱਖੀ ਜਾਂਦੀ ਹੈ; ਅਜਿਹੇ ਮੁਲਕ ਵਿਚ ਜਿਥੇ ਅਪਰਾਧੀਆਂ ਨੂੰ ਮਹਿਜ਼ ਮੁਆਫ ਕਰਨ ਦੀਆਂ ਅਣਗਿਣਤ ਮਿਸਾਲਾਂ ਹਨ, ਜਿਥੇ ਅਮੀਰਾਂ ਦੇ ਹਿਸਾਬ ਨਾਲ ਨਿਯਮ ਬਣਦੇ ਹਨ, ਜਿਥੇ ਬੰਦਿਆਂ ਦੀਆਂ ਮਾੜੀਆਂ ਕਰਤੂਤਾਂ ਹੀ ਸਿਆਸੀ ਜਿੱਤਾਂ ਲਈ ਰਾਹ ਖੋਲ੍ਹਦੀਆਂ ਹਨ, ਉਥੇ ਮਾੜੀ ਮਾੜੀ ਗੱਲ ਦਾ ਬਹਾਨਾ ਲਾ ਕੇ ਆਮ ਆਦਮੀ ਪਾਰਟੀ ਨਾਲ ਸਬੰਧਤ ਆਗੂਆਂ ਅਤੇ ਵਿਧਾਇਕਾਂ ਨੂੰ ਤੰਗ-ਪ੍ਰੇਸ਼ਾਨ, ਇਥੋਂ ਤਕ ਕਿ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਬਿਨਾਂ ਸਬੂਤ ਗ੍ਰਿਫਤਾਰ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਅਜਿਹਾ ਹੋ ਰਿਹਾ ਹੈ।

ਕਹਿੰਦੇ ਹਨ ਕਿ ਸ਼ਹਿਨਸ਼ਾਹ ਅਕਬਰ ਦੇ ਰਾਜ ਸਮੇਂ ਅਫਸਰਾਂ ਨੂੰ ਆਮ ਬੰਦੇ ਨਾਲੋਂ ਦੁੱਗਣੀ ਸਜ਼ਾ ਦਿੱਤੀ ਜਾਂਦੀ ਸੀ। ਇਹ ਸੁਰੱਖਿਆ ਬਲਾਂ ਨੂੰ ਚੁਕੰਨੇ ਰੱਖਣ ਲਈ ਵਧੀਆ ਪਿਰਤ ਤਾਂ ਸੀ ਹੀ, ਤਾਕਤਾਂ ਦੀ ਦੁਰਵਰਤੋਂ ਰੋਕਣ ਲਈ ਵੀ ਇਕ ਹਥਿਆਰ ਸੀ, ਪਰ ਜਦੋਂ ਮਾਮਲਾ ਆਮ ਆਦਮੀ ਪਾਰਟੀ ਦਾ ਆਉਂਦਾ ਹੈ, ਤਾਂ ਹਰ ਨਿਯਮ ਛਿੱਕੇ ਟੰਗ ਦਿੱਤਾ ਜਾਂਦਾ ਹੈ।

ਪੁਲਿਸ ਨੇ ਹੁਣ ਤਕ ਜਿਹੜੇ 'ਆਪ' ਵਿਧਾਇਕਾਂ ਅਤੇ ਆਗੂਆਂ ਖਿਲਾਫ ਕਥਿਤ ਤੌਰ 'ਤੇ ਬੇਵਜ੍ਹਾ ਕਾਰਵਾਈ ਪਾਈ ਹੈ, ਉਨ੍ਹਾਂ ਦੀ 26 ਜੁਲਾਈ 2016 ਤਕ ਦੀ ਸੂਚੀ ਇਸ ਤਰ੍ਹਾਂ ਹੈ:

**1. ਪ੍ਰਕਾਸ਼ ਜਰਵਾਲ:** ਸਾਲ 2014 ਵਿਚ ਡੀ.ਜੇ.ਬੀ. ਦੇ ਇਕ ਜੂਨੀਅਰ ਇੰਜੀਨੀਅਰ ਦੀ ਖਿੱਚ-ਧੂਹ ਕਰਨ ਦਾ ਦੋਸ਼ ਲਾ ਕੇ ਪ੍ਰਕਾਸ਼ ਜਰਵਾਲ ਨੂੰ ਗ੍ਰਿਫਤਾਰ ਕਰ ਲਿਆ। ਅੱਜ ਤਕ ਕੋਈ ਦੋਸ਼ ਸਾਬਤ ਨਹੀਂ ਹੋਇਆ।




**2. ਨਰੇਸ਼ ਯਾਦਵ:** ਮਾਲੇਰਕੋਟਲਾ ਵਿਚ ਕੁਰਾਨ ਸ਼ਰੀਫ ਦੀ ਬੇਅਦਬੀ ਕਰਨ ਵਾਲੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਦੇ ਬਿਆਨ ਨੂੰ ਆਧਾਰ ਬਣਾ ਕੇ ਪੰਜਾਬ ਪੁਲਿਸ ਨੇ 'ਆਪ' ਵਿਧਾਇਕ ਨਰੇਸ਼ ਯਾਦਵ ਨੂੰ ਦਿੱਲੀ ਤੋਂ ਗ੍ਰਿਫਤਾਰ ਕਰ ਲਿਆ। ਕੋਈ ਖਾਸ ਸਬੂਤ ਨਾ ਮਿਲਣ ਕਰ ਕੇ ਅਦਾਲਤ ਨੇ ਜ਼ਮਾਨਤ 'ਤੇ ਰਿਹਾ ਕਰ ਦਿੱਤਾ।

**3. ਦਿਨੇਸ਼ ਮੋਹਨੀਆ:** 'ਆਪ' ਵਿਧਾਇਕ ਦਿਨੇਸ਼ ਮੋਹਨੀਆ ਨੂੰ ਪ੍ਰੈਸ ਕਾਨਫਰੰਸ ਦੌਰਾਨ ਹੀ ਗ੍ਰਿਫਤਾਰ ਕਰ ਲਿਆ। ਦੋਸ਼ ਔਰਤ ਨਾਲ ਛੇੜਖਾਨੀ ਦਾ ਲਾਇਆ। ਬਾਅਦ ਵਿਚ ਅਦਾਲਤ ਨੇ ਜ਼ਮਾਨਤ ਦੇ ਦਿੱਤੀ।

**4. ਜਗਦੀਪ ਸਿੰਘ:** ਠੋਸ ਕੂੜਾ-ਕਰਕਟ ਪ੍ਰਬੰਧਨ ਕੰਪਨੀ ਵੱਲੋਂ ਹਮਲੇ ਦੇ ਦੋਸ਼ ਤਹਿਤ ਜਗਦੀਪ ਸਿੰਘ ਨੂੰ ਫੜ ਲਿਆ ਗਿਆ। ਉਂਜ ਨਾਲ ਦੀ ਨਾਲ ਉਸ ਨੂੰ ਜ਼ਮਾਨਤ ਮਿਲ ਗਈ।

**5. ਮਹੇਂਦਰ ਯਾਦਵ**: ਤਿੰਨ ਸਾਲਾ ਬੱਚੀ ਨਾਲ ਬਲਾਤਕਾਰ ਦੇ ਦੋਸ਼ ਵਿਚ ਦਿੱਲੀ ਪੁਲਿਸ ਕਾਹਲੀ ਵਿਚ ਇਕ ਬੰਦੇ ਨੂੰ ਬਿਨਾਂ ਵਜ੍ਹਾ ਲਪੇਟ ਰਹੀ ਸੀ। ਜਦੋਂ ਸਥਾਨਕ ਵਿਧਾਇਕ ਮਹੇਂਦਰ ਯਾਦਵ ਅਤੇ ਹੋਰ ਲੋਕਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਅਚਾਨਕ ਉਸ ਨੂੰ ਫੜ ਲਿਆ ਗਿਆ। ਮਗਰੋਂ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ।

**6. ਅਖਿਲੇਸ਼ ਤ੍ਰਿਪਾਠੀ:** ਸਾਲ 2013 ਦੇ ਇਕ ਕੇਸ ਵਿਚ ਅਖਿਲੇਸ਼ ਤ੍ਰਿਪਾਠੀ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ ਇਹ ਲਾਇਆ ਕਿ ਉਸ ਨੇ ਸਰਕਾਰੀ ਫਲੈਟ ਦੀ ਗੈਰ-ਕਾਨੂੰਨੀ ਵਰਤੋਂ ਲਈ ਪੀ.ਡਬਲਿਊ.ਡੀ. ਦੇ ਮੁਲਾਜ਼ਮਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਦਾਲਤ ਨੇ ਇਹ ਦੋਸ਼ ਰੱਦ ਕਰ ਦਿੱਤੇ।

**7. ਸੋਮਨਾਥ ਭਾਰਤੀ:** ਵਿਧਾਇਕ ਸੋਮਨਾਥ ਭਾਰਤੀ ਨੂੰ ਘਰੇਲੂ ਹਿੰਸਾ ਦੇ ਦੋਸ਼ ਵਿਚ ਫੜਿਆ ਗਿਆ। ਬਾਅਦ ਵਿਚ ਅਦਾਲਤ ਨੇ ਉਸ ਨੂੰ ਜ਼ਮਾਨਤ 'ਤੇ ਛੱਡ ਦਿੱਤਾ।

**8. ਸੁਰਿੰਦਰ ਸਿੰਘ:** ਵਿਧਾਇਕ ਸੁਰਿੰਦਰ ਸਿੰਘ ਨੂੰ ਤਾਂ ਨਿਰੋਲ ਸਿਆਸੀ ਬਦਲਾਖੋਰੀ ਹੇਠ ਫੜਿਆ ਗਿਆ। ਉਸ ਨੂੰ ਵੀ ਜ਼ਮਾਨਤ ਮਿਲ ਗਈ।

**9. ਅਮਾਨਤ-ਉਲ੍ਹਾ ਖਾਨ:** ਵਿਧਾਇਕ ਅਮਾਨਤ-ਉਲ੍ਹਾ ਖਾਨ ਨੂੰ ਇਸ ਲਈ ਫੜ ਲਿਆ ਗਿਆ ਕਿਉਂਕਿ ਇਕ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਇਸ ਵਿਧਾਇਕ ਦੇ ਹੁਕਮਾਂ ਉਤੇ 'ਆਪ' ਵਰਕਰਾਂ ਨੇ ਉਸ ਨੂੰ ਧਮਕੀਆਂ ਦਿੱਤੀਆਂ ਹਨ।

**10. ਜਤਿੰਦਰ ਸਿੰਘ ਤੋਮਰ:** 'ਆਪ' ਦੇ ਕਾਨੂੰਨ ਮੰਤਰੀ ਜਤਿੰਦਰ ਸਿੰਘ ਤੋਮਰ ਨੂੰ ਜਆਲੀ ਸਰਟੀਫਿਕੇਟਾਂ ਦੇ ਆਧਾਰ 'ਤੇ ਫੜਿਆ ਗਿਆ। ਅੱਜ ਕੱਲ੍ਹ ਉਹ ਜ਼ਮਾਨਤ ਉਤੇ ਬਾਹਰ ਹੈ। ਦਿੱਲੀ ਪੁਲਿਸ ਨੇ ਇਕ ਸਾਲ ਬਾਅਦ ਵੀ ਚਾਰਜਸ਼ੀਟ ਦਾਖਲ ਨਹੀਂ ਕੀਤੀ।

**11. ਮਨੋਜ ਕੁਮਾਰ:** ਮਨੋਜ ਕੁਮਾਰ ਖਿਲਾਫ ਕਈ ਕੇਸ ਦਰਜ ਕਰਵਾਏ ਗਏ, ਪਰ ਉਸ ਨੂੰ ਜ਼ਮੀਨ ਦੱਬਣ ਦੇ ਕੇਸ ਵਿਚ ਫੜਿਆ ਗਿਆ। ਉਸ ਨੂੰ ਦੋ ਸਾਲ ਪਹਿਲਾਂ ਜੁਲਾਈ 2015 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਨਾਲ ਹੀ ਉਸ ਨੂੰ ਜ਼ਮਾਨਤ ਮਿਲ ਗਈ।

ਇਹੀ ਨਹੀਂ, ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਖਿਲਾਫ ਵੀ ਕੇਸ ਦਰਜ ਕਰਵਾ ਦਿੱਤਾ ਗਿਆ। ਵਾਟਰ ਟੈਂਕਰ ਘੁਟਾਲੇ ਵਿਚ ਤਤਕਾਲੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੀ ਥਾਂ 'ਆਪ' ਦੇ ਜਲ ਮੰਤਰੀ ਤੋਂ ਪੁੱਛਗਿੱਛ ਕੀਤੀ ਗਈ। ਭ੍ਰਿਸ਼ਟਾਚਾਰ-ਵਿਰੋਧੀ ਹੈਲਪਲਾਈਨ ਬੰਦ ਕਰਵਾ ਦਿੱਤੀ ਗਈ। ਇਉਂ ਅਣਗਿਣਤ ਵਾਰ ਸਰਕਾਰ ਦਾ ਕੰਮ ਠੱਪ ਕਰਵਾਉਣ ਦੇ ਮਨਸ਼ੇ ਨਾਲ ਕਾਰਵਾਈਆਂ ਕੀਤੀਆਂ ਗਈਆਂ। ਮੋਦੀ ਸਰਕਾਰ ਇਹ ਸਭ ਬੁਖਲਾਹਟ ਵਿਚ ਆ ਕੇ ਕਰ ਰਹੀ ਹੈ ਕਿਉਂਕਿ ਪੰਜਾਬ, ਗੋਆ, ਉਤਰ ਪ੍ਰਦੇਸ਼ ਅਤੇ ਗੁਜਰਾਤ ਚੋਣਾਂ ਵਿਚ ਇਸ ਨੂੰ ਆਪਣੀ ਹਾਰ ਦਾ ਡਰ ਹੈ।

*-ਅਜੀਤ ਸਿੰਘ, ਸ਼ਿਕਾਗੋ*

# ਹਰਕਿਸ਼ਨ ਸਿੰਘ ਸੁਰਜੀਤ ਦਾ ਬਹੁ ਰੰਗੀ ਚਿਤਰਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਮਾਰਕਸਵਾਦੀ ਪਾਰਟੀ ਦਾ ਸਾਬਕਾ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ 'ਕਿੰਗ ਮੇਕਰ' ਵਜੋਂ ਵੀ ਜਾਣਿਆ ਜਾਂਦਾ ਸੀ ਤੇ ਸਿਆਸਤ ਦੇ ਚਾਣਕੀਆ ਵਜੋਂ ਵੀ। ਇਹ ਬਹੁ-ਰੰਗੀ ਤੇ ਬਹੁ-ਚਰਚਿਤ ਹਸਤੀ ਕਿਵੇਂ ਤੇ ਕਦੋਂ ਬਣੀ, ਜਾਣਨ ਲਈ ਸਾਥੀ ਸੁਰਜੀਤ ਦੀਆਂ ਆਪਣੀਆਂ ਰਚਨਾਵਾਂ ਦਾ ਪਾਠ ਕਰਨਾ ਜ਼ਰੂਰੀ ਹੈ। ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਪ੍ਰਕਾਸ਼ਨ ਤੇ ਅਖਬਾਰ ਦੇਸ਼ ਸੇਵਕ ਨੇ ਰਲ ਕੇ ਇਨ੍ਹਾਂ ਰਚਨਾਵਾਂ ਦੀ ਚੋਣ ਤੇ ਸੰਪਾਦਨ ਕਰਕੇ ਇਹ ਕੰਮ ਸੌਖਾ ਕਰ ਦਿੱਤਾ ਹੈ। ਹਰ ਸਫਲ ਆਦਮੀ ਦੀ ਸਫਲਤਾ ਪਿੱਛੋਂ ਕਿਸੇ ਔਰਤ ਦਾ ਹੱਥ ਹੁੰਦਾ ਹੈ ਪਰ ਸੁਰਜੀਤ ਦੀ ਸੰਖੇਪ ਜੀਵਨੀ ਪੜ੍ਹਿਆਂ ਪਤਾ ਲੱਗਦਾ ਹੈ ਕਿ ਉਸ ਨੂੰ ਬਲ ਦੇਣ ਵਾਲੀ ਉਸ ਦੀ ਮਾਤਾ ਗੁਰਬਚਨ ਕੌਰ ਹੀ ਨਹੀਂ, ਉਸ ਦੀ ਪਤਨੀ ਪ੍ਰੀਤਮ ਕੌਰ ਵੀ ਸੀ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਰੁੱਝੇ ਪਿਤਾ ਹਰਨਾਮ ਸਿੰਘ ਨੂੰ ਤਾਂ ਦੇਸ਼ ਤੇ ਦੇਸ਼ ਤੋਂ ਬਾਹਰ ਕਿਧਰੇ ਵੀ ਚੈਨ ਨਹੀਂ ਮਿਲਿਆ ਪਰ ਮਾਤਾ ਜੀ ਨੇ ਹੌਸਲਾ ਨਹੀਂ ਹਾਰਿਆ। ਉਹ ਆਪਣੇ ਪਤੀ ਵੱਲੋਂ ਖੇਤੀ ਵਾਲੀ ਜੱਦੀ ਜ਼ਮੀਨ ਗਹਿਣੇ ਪਾਉਣ ਦੇ ਬਾਵਜੂਦ ਆਪਣੇ ਨੌਜਵਾਨ ਪੁੱਤਰ ਨੂੰ ਖੁਦ ਜਲਸੇ ਜਲੂਸਾਂ ਵਿਚ ਲੈ ਕੇ ਜਾਂਦੀ ਸੀ।

ਜਲੰਧਰ ਵਿਚ ਨੌਜਵਾਨ ਸੁਰਜੀਤ ਨੂੰ ਡਾ. ਸੈਫੁਦੀਨ ਕਿਚਲੂ, ਡਾ. ਸੱਤਪਾਲ ਤੇ ਬੱਬਰ ਅਕਾਲੀ ਆਗੂ ਮਾਸਟਰ ਮੋਤਾ ਸਿੰਘ ਦੇ ਭਾਸ਼ਣਾਂ ਨੇ ਏਨਾ ਪ੍ਰਭਾਵਤ ਕੀਤਾ ਕਿ ਸੁਰਜੀਤ ਖੁਦ ਉਨ੍ਹਾਂ ਵਰਗਾ ਹੋ ਕੇ ਜ਼ਿਲਾ ਕਾਂਗਰਸ ਕਮੇਟੀ, ਜਲੰਧਰ ਦਾ ਸੈਕਟਰੀ ਥਾਪਿਆ ਗਿਆ। ਉਸ ਨੂੰ ਗੁਪਤਵਾਸ ਵੀ ਕਰਨਾ ਪਿਆ ਤੇ ਜੇਲ੍ਹ ਦੇ ਹਰ ਤਰ੍ਹਾਂ ਦੇ ਤਸੀਹੇ ਝੱਲਣੇ ਪਏ। ਪਤਨੀ ਪ੍ਰੀਤਮ ਕੌਰ ਨੇ ਵੀ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਉਵੇਂ ਹੀ ਔਖਿਆਂ ਹੋ ਕੇ ਕੀਤਾ ਜਿਵੇਂ ਗੁਰਬਚਨ ਕੌਰ ਨੇ ਹਰਕਿਸ਼ਨ ਸਿੰਘ ਦਾ ਕੀਤਾ ਸੀ। ਇਸ ਪਿਛੋਕੜ ਵਾਲੇ ਸੁਰਜੀਤ ਨੇ ਪੰਜਾਬ ਦੇ ਕਾਲੇ ਦਿਨਾਂ ਦੀ ਹਨੇਰੀ ਵਿਚ ਸੰਤ ਭਿੰਡਰਾਂਵਾਲੇ ਦੀ



ਹਰਕਿਸ਼ਨ ਸਿੰਘ ਸੁਰਜੀਤ

ਵੱਖਵਾਦੀ ਲਹਿਰ ਦਾ ਉਦੋਂ ਡੱਟ ਕੇ ਮੁਕਾਬਲਾ ਕੀਤਾ ਜਦੋਂ ਆਪਣੇ ਆਪ ਨੂੰ ਬੱਬਰਾਂ ਦੇ ਸਾਨੀ ਕਹਿਣ ਵਾਲੇ ਵੱਡੇ ਅਕਾਲੀ ਵੀ ਪੈਰ ਘਸੀਟਣ ਲਗ ਪਏ ਸਨ।

ਪ੍ਰਸ਼ਨ-ਉਤਰ ਰੂਪ ਵਿਚ ਲਿਖੀਆਂ ਸੁਰਜੀਤ ਦੀਆਂ ਇਹ ਰਚਨਾਵਾਂ ਚੇਤਨਾ ਤੇ ਜਾਗ੍ਰਿਤੀ ਦੇ ਫਲਸਫੇ ਨੂੰ ਹੀ ਉਜਾਗਰ ਨਹੀਂ ਕਰਦੀਆਂ, ਆਦਰਸ਼ਵਾਦ ਤੇ ਵਿਰੋਧੀ ਵਿਕਾਸ ਪਦਾਰਥਵਾਦ ਨਾਲ ਸਬੰਧਤ ਇਤਿਹਾਸ ਦੀਆਂ ਜੜ੍ਹਾਂ ਵੀ ਫਰੋਲਦੀਆਂ ਹਨ। ਪੁਸਤਕ 1913 ਦੀ ਗਦਰ ਪਾਰਟੀ ਲਹਿਰ ਤੇ 1920-25 ਦੀ ਗੁਰਦੁਆਰਾ ਸੁਧਾਰ ਲਹਿਰ ਦੇ ਹਾਂ ਪੱਖੀ ਅੰਸ਼ਾਂ ਉਤੇ ਵੀ ਚਾਨਣਾ ਪਾਉਂਦੀ ਹੈ, ਖਾਸ ਕਰਕੇ ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ ਮਹਿਤਾਬ ਸਿੰਘ, ਸਰਦੂਲ ਸਿੰਘ ਕਵੀਸ਼ਰ, ਮੰਗਲ ਸਿੰਘ ਤੇ ਸਰਦੂਲ ਸਿੰਘ ਲਾਇਲਪੁਰੀ ਦੇ ਯੋਗਦਾਨ ਬਾਰੇ। ਉਸ ਵੇਲੇ ਪ੍ਰੋਲਤਾਰੀ ਰੁਝਾਨਾਂ ਨੂੰ ਉਭਾਰਨਾ ਕਿੰਨਾ ਜ਼ਰੂਰੀ ਸੀ, ਇਹ ਵੀ ਰਾਜਿਆਂ ਤੇ ਜਗੀਰਦਾਰਾਂ ਦੇ ਪ੍ਰਸੰਗ ਵਿਚ ਯੂਨੀਅਨਿਸਟ ਪਾਰਟੀ ਦੇ ਸਰ ਸਿਕੰਦਰ ਹਯਾਤ ਖ਼ਾਂ ਦੇ ਹਾਂ-ਪੱਖੀ ਰੁਝਾਨ ਬਾਰੇ ਵੀ। ਸਾਰੀ ਉਮਰ ਕੇਸਾਧਾਰੀ ਰਹੇ ਹਰਕਿਸ਼ਨ ਸਿੰਘ ਸੁਰਜੀਤ ਨੇ ਸਿੱਖ ਫਲਸਫੇ ਦੇ ਉਨ੍ਹਾਂ ਬੁਨਿਆਦੀ ਸਰੋਕਾਰਾਂ ਦਾ ਪੱਲਾ ਨਹੀਂ ਛੱਡਿਆ ਜਿਹੜੇ ਸਮੁੱਚੇ ਭਾਈਚਾਰੇ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹਨ, ਗੁਰੂ ਗੋਬਿੰਦ ਸਿੰਘ ਵਲੋਂ ਸਥਾਈ ਫੌਜੀ ਤਾਕਤ ਦੀ ਉਸਾਰੀ ਤੇ ਦੇਹਧਾਰੀ ਗੁਰੂ ਪ੍ਰਥਾ ਦੀ ਸਮਾਪਤੀ ਤੱਕ।

ਇਹ ਰਚਨਾਵਾਂ ਸਮੇਂ ਦੀ ਧੂੜ ਥੱਲੇ ਦੱਬ ਰਹੀ ਖੁਸ਼-ਹੈਸੀਅਤੀ ਟੈਕਸ ਵਿਰੋਧੀ ਜਾਗ੍ਰਿਤੀ ਦਾ ਵਿਸ਼ਲੇਸ਼ਣ ਪੇਸ਼ ਕਰਨ ਸਮੇਂ ਸੀ.ਪੀ.ਆਈ. (ਐਮ) ਦੇ ਪੋਲਿਟ ਬਿਊਰੋ ਮੈਂਬਰ ਤੇ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਐਸ. ਰਾਮਾਚੰਦਰਨ ਪਿੱਲੇ ਤੇ ਸਾਥੀ ਏ.ਕੇ. ਗੋਪਾਲਨ ਵਲੋਂ ਮਿਲੇ ਉਤਸ਼ਾਹ ਤੇ ਰਜਨੀ ਪਾਮ ਦੱਤ ਵਲੋਂ ਹਰਕਿਸ਼ਨ ਸਿੰਘ ਸੁਰਜੀਤ ਨੂੰ ਲੰਡਨ ਵਿਖੇ ਦਿੱਤੀ ਗਈ ਸੇਧ ਨੂੰ ਵੀ ਨਹੀਂ ਵਿਸਾਰਦੀ। ਮੂਲ ਮੰਤਵ ਕਿਸਾਨ ਸਭਾ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਅੱਗੇ ਤੋਰਨ ਦਾ ਦਰਸਾਇਆ ਗਿਆ ਹੈ।

ਪਹਿਲੀ ਤੇ ਦੂਜੀ ਸੰਸਾਰ ਜੰਗ ਵਿਚ ਅਗਾਂਹਵਧੂ ਤਾਕਤਾਂ ਵਲੋਂ ਪਾਏ ਗਏ ਯੋਗਦਾਨ ਤੋਂ ਬਿਨਾਂ ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਤੋਂ ਪ੍ਰਾਪਤ ਹੋਈ ਸ਼ਕਤੀ ਦਾ ਵਰਣਨ ਵੀ ਇਨ੍ਹਾਂ ਰਚਨਾਵਾਂ ਵਿਚ ਖੂਬ ਮਿਲਦਾ ਹੈ। ਪੁਸਤਕ ਐਮਰਜੈਂਸੀ ਤੇ ਰਾਜੀਵ ਗਾਂਧੀ ਦੀ ਹੱਤਿਆ ਤੱਕ ਦੇ ਭਾਰਤੀ ਇਤਿਹਾਸ ਉਤੇ ਚਾਨਣਾ ਪਾਉਂਦੀ ਹੈ। ਥੋੜ੍ਹੇ ਬਹੁਤ ਦੁਹਰਾਓ ਦੇ ਬਾਵਜੂਦ ਪੁਸਤਕ ਪੜ੍ਹਨ ਵਾਲੀ ਹੈ। ਪ੍ਰਕਾਸ਼ਕਾਂ ਦਾ ਉਦਮ ਪ੍ਰਸ਼ੰਸਾ ਦਾ ਹੱਕਦਾਰ ਹੈ। ਪੜ੍ਹੋ ਤੇ ਮਾਣੋ!

**ਮੁਸਲਮਾਨੀ, ਫਿਰੰਗੀ ਤੇ ਭਾਰਤੀ ਮੀਲ ਪੱਥਰ:** ਚੰਡੀਗੜ੍ਹ ਤੋਂ ਦਿੱਲੀ ਨੂੰ ਦਿਨ ਵੇਲੇ ਸਫਰ ਕਰਨਾ ਬੜੀਆਂ ਵਿਸੰਗਤੀਆਂ ਪੇਸ਼ ਕਰਦਾ ਹੈ ਜੇ ਤੁਸੀਂ ਗੱਡੀ ਖੁਦ ਨਾ ਚਲਾ ਰਹੇ



ਸ਼ੇਰ ਸ਼ਾਹ ਸੂਰੀ ਮਾਰਗ ਉਤੇ ਕੋਸ ਮੀਨਾਰ (ਮੀਲ ਪੱਥਰ)

ਹੋਵੋ। ਸੜਕ ਦੇ ਦੋਵੇਂ ਪਾਸੇ ਲੱਗੇ ਰੁੱਖਾਂ, ਬੂਟਿਆਂ ਤੇ ਫਸਲਾਂ ਦੀ ਗੱਲ ਤਾਂ ਛੱਡੋ, ਮੀਲ ਪੱਥਰ ਵੀ ਠੀਕ ਸੇਧ ਦੇਣ ਵਾਲੇ ਨਹੀਂ। ਅੰਗਰੇਜ਼ੀ ਰਾਜ ਵੇਲੇ ਦੇ ਮੀਲ ਪੱਥਰ ਹੁਣ ਵੇਲਾ ਵਹਾ ਚੁੱਕੇ ਹਨ। ਮੀਲ ਪੱਥਰ ਹੈ ਹੀ ਨਹੀਂ, ਫਰਲਾਂਗੀ ਬੁਰਜੀਆਂ ਵੀ ਉਗੜ-ਦੁਗੜੀਆਂ ਤੇ ਬੇ-ਤਰਤੀਬੀਆਂ ਹਨ। ਕਿਧਰੇ ਕਿਧਰੇ 2, 4, 6, 8 ਵਾਲੀਆਂ ਦੋਬੁਰਜੀਆਂ ਬਰੋ-ਬਰਾਬਰ ਖੜ੍ਹੀਆਂ ਹਨ। ਫਿਰੰਗੀ ਰਾਜ ਵੇਲੇ ਕੋਈ ਸੰਕੇਤ ਭੁਲੇਖਾ ਪਾਊ ਨਹੀਂ ਸੀ। ਪਿਛਲੇ ਸਮਿਆਂ ਵਿਚ ਭਾਰਤ ਸਰਕਾਰ ਦੀ ਨੈਸ਼ਨਲ ਹਾਈਵੇ ਅਥਾਰਟੀ ਨੇ ਜਿਹੜੇ ਦੂਰੀ ਦੱਸਣ ਵਾਲੇ ਫੱਟੇ ਲਾਏ ਹਨ, ਅਗਲੇ ਸ਼ਹਿਰ ਜਾਂ ਕਸਬੇ ਦੀ ਦੂਰੀ ਨੂੰ ਫਰੰਗੀ ਰਾਜ ਦੇ ਮੀਲ ਪੱਥਰਾਂ ਨਾਲੋਂ ਅਠ-ਦਸ ਕਿਲੋਮੀਟਰ ਘੱਟ ਵੱਧ ਦਸਦੇ ਹਨ। ਫਰੰਗੀ ਰਾਜ ਦੇ ਮੀਲ ਪੱਥਰਾਂ ਨੂੰ ਜੜ੍ਹੋਂ ਪੁਟਿਆਂ ਮਾਮਲਾ ਕਾਫੀ ਸਪਸ਼ਟ ਹੋ ਜਾਂਦਾ ਹੈ। ਸਾਡੀ ਸਰਕਾਰ ਨੂੰ ਕਰਜ਼ਨ ਰੋਡ ਦਾ ਨਾਂ ਕਸਤੂਰਬਾ ਗਾਂਧੀ ਮਾਰਗ ਰੱਖਣਾ ਤਾਂ ਆਉਂਦਾ ਹੈ ਪਰ ਆਮ ਆਦਮੀ ਨੂੰ ਗੁਮਰਾਹ ਕਰਨ ਵਾਲੇ ਮੀਲ ਪੱਥਰ ਬਦਲਣੇ ਨਹੀਂ ਆਉਂਦੇ। ਏਨਾ ਸ਼ੁਕਰ ਹੈ ਕਿ ਇਨ੍ਹਾਂ ਨੇ ਸ਼ੇਰਸ਼ਾਹ ਸੂਰੀ ਦੀਆਂ ਬੁਰਜੀਆਂ ਨਹੀਂ ਢਾਹੀਆਂ ਜਿਹੜੀਆਂ ਅਗਲੇ ਸ਼ਹਿਰ ਤੇ ਕਸਬੇ ਦੀ ਦੂਰੀ ਤਾਂ ਨਹੀਂ ਦਸਦੀਆਂ ਪਰ ਹਰ ਨਵੇਂ ਮੁਸਾਫਰ ਨੂੰ ਭਟਕਣ ਤੋਂ ਜ਼ਰੂਰ ਰੋਕਦੀਆਂ ਹਨ। ਇਸ ਦੌੜ ਵਿਚ ਜੇ ਮੈਂ ਸ਼ੇਰਸ਼ਾਹ ਸੂਰੀ ਨੂੰ ਸਭ ਤੋਂ ਵੱਧ ਸਿਆਣਾ ਤੇ ਜੇਤੂ ਕਹਿ ਦਿਆਂ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਉਹ ਪੇਸ਼ਾਵਰ ਤੋਂ ਕਲਕੱਤੇ ਤੱਕ ਅਜਿਹੀਆਂ ਸੇਧਾਂ ਕਰ ਗਿਆ ਜਿਹੜੀਆਂ ਪੰਜ ਸੌ ਸਾਲ ਤੋਂ ਉਵੇਂ ਹੀ ਕਾਇਮ ਹਨ।

**ਅੰਤਿਕਾ:** ਨਿਰਮਲ ਦੱਤ

ਹੁਣ ਇਰਾਦੇ ਕਲਮ ਦੇ ਨਾ-ਪਾਕ ਨੇ
ਰੰਗ ਦੇ ਸਭ ਖਾਬ ਕੇਵਲ ਖਾਕ ਨੇ।
ਨਾ ਤਾਂ ਤਸਵੀਰਾਂ 'ਚੋਂ ਲੱਭਣ ਮੂਰਤਾਂ
ਨਾ ਹੀ ਕਿਧਰੇ ਫਿਕਰਿਆਂ ਵਿਚ ਵਾਕ ਨੇ।

# ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਯਾਦਗਾਰੀ ਹੋ ਨਿਬੜੀ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਲੰਘੇ ਐਤਵਾਰ ਇਥੇ ਕਰਵਾਈ ਗਈ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਵਿਚ ਜਿਥੇ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਿਹ 'ਦਿਸਹਦਿਆਂ ਦੇ ਆਰ-ਪਾਰ' ਰਿਲੀਜ਼ ਕੀਤਾ ਗਿਆ ਅਤੇ ਪਰਵਾਸੀ ਪੰਜਾਬੀ ਕਹਾਣੀ ਬਾਰੇ ਗਹਿਰ-ਗੰਭੀਰ ਵਿਚਾਰ ਹੋਈ, ਉਥੇ ਇਕ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਉਘੇ ਸ਼ਾਇਰਾਂ ਨੇ ਆਪਣਾ ਕਲਾਮ ਪੇਸ਼ ਕੀਤਾ।

## ਕਹਾਣੀ ਸੰਗ੍ਰਿਹ 'ਦਿਸਹਦਿਆਂ ਦੇ ਆਰ-ਪਾਰ' ਰਿਲੀਜ਼



(ਖੱਬਿਓਂ ਸੱਜੇ) ਗੁਰਪ੍ਰੀਤ ਕੌਰ, ਡਾ. ਰਵੀ ਸ਼ੇਰਗਿੱਲ, ਰਾਠੀ ਸੂਰਾਪੁਰੀ, ਅਮਰਜੀਤ ਚਾਹਲ, ਹਰਜਿੰਦਰ ਪੰਧੇਰ, ਡਾ. ਜਸਵਿੰਦਰ ਸਿੰਘ, ਗੁਰਮੀਤ ਪਨਾਗ, ਪ੍ਰੋ. ਹਰਭਜਨ ਸਿੰਘ।

ਇਹ ਕਾਨਫਰੰਸ ਕਰਾਂਤੀਕਾਰੀ ਨਾਟਕਕਾਰ-ਰੰਗਕਰਮੀ ਗੁਰਸ਼ਰਨ ਸਿੰਘ ਭਾਅ ਜੀ ਨੂੰ ਸਮਰਪਿਤ ਸੀ। ਉਨ੍ਹਾਂ ਦੀ ਮਹਾਨ ਸ਼ਖਸੀਅਤ ਅਤੇ ਉਨ੍ਹਾਂ ਦੇ ਬੇਮਿਸਾਲ ਸਾਹਿਤਕ, ਸਭਿਆਚਾਰਕ ਯੋਗਦਾਨ ਬਾਰੇ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਬਿੱਕਰ ਕੰਮੇਆਣਾ, ਮਹਿੰਗਾ ਸਿੰਘ ਤੇ ਸੁਖਵਿੰਦਰ ਕੰਬੋਜ ਨੇ ਆਪਣੇ ਅਨੁਭਵ ਅਤੇ ਅਹਿਸਾਸ ਪ੍ਰਗਟ ਕੀਤੇ। ਪਰਮਜੀਤ ਸਿੰਘ ਤੇ ਰੇਣੂ ਸਿੰਘ ਦੀ ਪ੍ਰਸਿੱਧ ਕਲਾਕਾਰ ਜੋੜੀ ਨੇ ਗੁਰਸ਼ਰਨ ਭਾਅ ਜੀ ਦੀ ਪ੍ਰਤੀਬੱਧਤਾ ਅਤੇ ਜੀਵਨ ਭਰ ਕਰਾਂਤੀਕਾਰੀ ਰੰਗ-ਮੰਚ ਸਰਗਰਮੀ ਨੂੰ ਉਨ੍ਹਾਂ ਦੀਆਂ ਨਾਟਕੀ ਰਚਨਾਵਾਂ ਰਾਹੀਂ ਪੇਸ਼ ਕੀਤਾ।

ਕਾਨਫਰੰਸ ਦੀ ਅਗਲੀ ਕੜੀ ਵਿਚ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਵੱਲੋਂ ਸੰਪਾਦਿਤ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਿਹ 'ਦਿਸਹਦਿਆਂ ਦੇ ਆਰ-ਪਾਰ' ਪ੍ਰਧਾਨਗੀ ਮੰਡਲ ਅਤੇ ਹਾਜ਼ਰ ਕਹਾਣੀਕਾਰਾਂ ਵੱਲੋਂ ਲੋਕ ਅਰਪਿਤ ਕੀਤਾ ਗਿਆ। ਇਸ ਉਪਰੰਤ ਚਾਰ ਖੋਜ ਪੱਤਰ ਪੜ੍ਹੇ ਗਏ। ਡਾ. ਜਸਵਿੰਦਰ ਸਿੰਘ ਨੇ ਆਪਣੇ ਖੋਜ ਪੱਤਰ 'ਬਹੁ ਸਭਿਆਚਾਰਕ ਪਰਵਾਸੀ ਪ੍ਰਸੰਗ ਵਿਚ ਪੰਜਾਬੀ ਪਛਾਣ ਤੇ ਉਥਾਨ ਦੀ ਬਿਰਤਾਂਤਕਾਰੀ' ਵਿਚ 'ਦਿਸਹੱਦਿਆਂ ਦੇ ਆਰ-ਪਾਰ' ਦੀਆਂ ਕਹਾਣੀਆਂ ਵਿਚ ਪੇਸ਼ ਪੰਜਾਬੀਆਂ ਦੀ ਹੋਂਦ-ਹਸਤੀ ਦੀ ਬਹੁ ਸੁਵੰਨਤਾ, ਸੰਕਟਾਂ ਅਤੇ ਸੰਗਰਾਮਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੀ ਸਭਿਆਚਾਰਕ ਸਿਆਸਤ ਦੇ ਬਣ ਰਹੇ/ਬਣਦੇ ਸਰੂਪ ਤੇ ਸਾਰਥਕਤਾ ਨੂੰ ਉਭਾਰਿਆ। ਉਨ੍ਹਾਂ 'ਕਰਾਂਤੀ ਗੀਤ', 'ਮੁਰਗਾਬੀਆਂ', 'ਕੁੱਤਾ ਤੇ ਮਨੁੱਖ', 'ਧੁੰਦ ਵਿਚ ਜਗਦੀ ਬੱਤੀ', 'ਆਇਲਨ ਅਤੇ ਐਵਨ' ਦੇ ਹਵਾਲੇ ਨਾਲ ਪਰਵਾਸੀ ਪੰਜਾਬੀ ਕਹਾਣੀ ਦੀ ਇਸ ਨਵੀਂ ਗਲੋਬਲੀ ਰਾਜਸੀ ਚੇਤਨਾ ਅਤੇ ਸਭਿਆਚਾਰਕ ਪਛਾਣ ਨੂੰ ਉਚੇਰੀ ਬਿਰਤਾਂਤਕਾਰੀ ਤੇ ਵੱਡਾ ਹਾਸਲ ਦੱਸਿਆ। ਉਨ੍ਹਾਂ ਕਿਹਾ, ਇਹ ਕਹਾਣੀ ਨਵੀਂ ਅਤੇ ਮੌਲਿਕ ਬਿਰਤਾਂਤਕਾਰੀ ਦਾ ਪ੍ਰਭਾਵੀ ਨਮੂਨਾ ਹਨ। ਵਿਸ਼ੇ ਦੀ ਚੋਣ, ਬਿਰਤਾਂਤਕ ਲੋਕੇਲ ਅਤੇ ਵਿਜ਼ਨ ਪੱਖੋਂ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਾਲੀ ਹੈ। ਉਨ੍ਹਾਂ 'ਘਰ' ਦੇ ਮੈਟਾਫਰ ਦੇ ਹਵਾਲੇ ਨਾਲ 'ਲੋਹ ਪੁਰਸ਼', 'ਸੂਰਜ ਵੱਲ ਵੇਖਦਾ ਆਦਮੀ', 'ਪਿੰਜਰਾ' ਆਦਿ ਕਹਾਣੀਆਂ ਦੇ ਨਿਆਰੇ ਕਥਾ ਵਿਵੇਕ ਤੇ ਬਿਰਤਾਂਤ ਪਸਾਰਾਂ ਨੂੰ ਵੀ ਉਭਾਰਿਆ। ਨਿਰੋਲ ਗੋਰਾ ਮੇਜ਼ਬਾਨ ਸਭਿਆਚਾਰ ਦੇ ਹੀਜ਼-ਪਿਆਜ਼ ਨੂੰ ਜਗ-ਜ਼ਾਹਰ ਕਰਦਿਆਂ ਉਨ੍ਹਾਂ 'ਰਿਹਾਈ', 'ਗਰੈਨੀ ਲੈਜ਼ੀ' ਤੇ 'ਗਵਾਂਢੀ' ਕਹਾਣੀਆਂ ਨੂੰ ਪੰਜਾਬੀ ਬਿਰਤਾਂਤ ਨੂੰ ਮੋਕਲਾ ਕਰਨ ਵਾਲੀਆਂ ਕਰਾਰ ਦਿੱਤਾ, ਜਿਨ੍ਹਾਂ ਰਾਹੀਂ ਸਾਡੇ ਕਹਾਣੀਕਾਰ ਮੇਜ਼ਬਾਨ ਸਭਿਆਚਾਰ ਨੂੰ ਫਰੋਲਣ-ਆਂਕਣ ਦੀ ਨਵੀਂ ਸਮਰਥਾ ਦਰਸਾ ਰਹੇ ਹਨ।

ਡਾ. ਧਨਵੰਤ ਕੌਰ ਦਾ ਖੋਜ ਪੱਤਰ 'ਦਿਸਹਦਿਆਂ ਦੇ ਆਰ-ਪਾਰ: ਸਭਿਆਚਾਰਕ ਸੰਵਾਦਾਂ ਦਾ ਬਿਰਤਾਂਤਕ ਪ੍ਰਵਚਨ' ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮਨਦੀਪ ਗੋਰਾ ਨੇ ਪੇਸ਼ ਕੀਤਾ ਜਿਸ ਵਿਚ ਡਾ. ਧਨਵੰਤ ਕੌਰ ਨੇ ਕਹਾਣੀਆਂ ਦੇ ਹਵਾਲੇ ਨਾਲ ਪਰਵਾਸੀ ਕਹਾਣੀਕਾਰਾਂ ਦੀ ਨਵੀਂ ਪਹਿਲਕਦਮੀ ਨੂੰ ਉਜਾਗਰ ਕੀਤਾ, ਜੋ ਬਹੁਸਭਿਆਚਾਰਕ ਸੰਦਰਭਾਂ ਵਿਚ ਅੱਡ-ਅੱਡ ਪੀੜਤ ਭਾਈਚਾਰਿਆਂ ਦਾ ਬਿਰਤਾਂਤ ਸਿਰਜ ਰਹੀ ਹੈ। ਉਨ੍ਹਾਂ ਅਨੁਸਾਰ ਇਹ ਪੁਸਤਕ ਪਰਵਾਸੀ, ਨੇਟਿਵ ਤੇ ਮੇਜ਼ਬਾਨ ਭਾਈਚਾਰਿਆਂ ਦੇ ਬਹੁ-ਪਰਤੀ ਸਬੰਧਾਂ-ਤਣਾਵਾਂ ਦੀ ਦਾਸਤਾਨ ਖੂਬਸੂਰਤ ਗਲਪਨਿਕ ਰੂਪ 'ਚ ਬਿਆਨ ਕਰ ਰਹੀ ਹੈ।

ਡਾ. ਮਾਨ ਸਿੰਘ ਢੀਂਡਸਾ ਨੇ ਆਪਣੇ ਖੋਜ ਪੱਤਰ 'ਨਵ-ਪੂੰਜੀਵਾਦੀ ਪੱਛਮੀ ਸਭਿਆਚਾਰ ਤੋਂ ਉਪਜੇ ਮਾਨਵੀ ਸੰਕਟ ਦੀ ਪੇਸ਼ਕਾਰੀ: ਦਿਸਹਦਿਆਂ ਦੇ ਆਰ-ਪਾਰ' ਵਿਚ ਸਾਮਰਾਜੀ ਧੌਂਸ ਮੂਲਕ ਸੰਦਰਭਾਂ ਦੇ ਹਵਾਲੇ ਨਾਲ ਪੁਸਤਕ ਦੀ ਸਾਰਥਕਤਾ ਨੂੰ ਉਭਾਰਿਆ। ਉਨ੍ਹਾਂ ਇਨ੍ਹਾਂ ਕਹਾਣੀਆਂ ਵਿਚਲੀ ਪ੍ਰਚੰਡ ਰਾਜਸੀ ਚੇਤਨਾ ਦੇ ਸਾਮਰਾਜਵਾਦ ਵਿਰੋਧੀ ਚਰਿੱਤਰ ਨੂੰ ਉਜਾਗਰ ਕੀਤਾ। ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੇ ਖੋਜ ਪੱਤਰ 'ਪਰਵਾਸੀ ਕਹਾਣੀ ਦੀ ਗੂੜ੍ਹੀ ਹੁੰਦੀ ਪੈੜ' 'ਚ ਪੁਸਤਕ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਪਰਵਾਸੀ ਕਹਾਣੀ ਦੀ ਪਛਾਣ ਦੇ ਵਿਭਿੰਨ ਪਹਿਲੂਆਂ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਅਨੁਸਾਰ ਇਹ ਕਹਾਣੀ ਆਪਣੇ ਅਨੁਭਵੀ ਪ੍ਰਗਟਾਵੇ ਦੀ ਵੱਖਰਤਾ ਕਰਕੇ ਵੱਖਰੀ ਪਛਾਣ ਦੀ ਧਾਰਨੀ ਹੈ। ਇਹ ਦੋਵੇਂ ਪੱਤਰ ਪ੍ਰੋ. ਹਰਭਜਨ ਸਿੰਘ ਵੱਲੋਂ ਪੇਸ਼ ਕੀਤੇ ਗਏ।



ਖੋਜ ਪੱਤਰਾਂ 'ਤੇ ਵਿਚਾਰ-ਚਰਚਾ 'ਚ ਮੁੱਖ ਮਹਿਮਾਨ ਅਮਰਜੀਤ ਚਾਹਲ ਤੇ ਗੁਰਮੀਤ ਪਨਾਗ ਸ਼ਾਮਲ ਹੋਏ। ਡਾ. ਜਸਵਿੰਦਰ ਸਿੰਘ, ਅਮਰਜੀਤ ਚਾਹਲ, ਗੁਰਮੀਤ ਪਨਾਗ, ਹਰਨੇਕ ਸਿੰਘ ਨੇਕ ਤੇ ਤ੍ਰਿਪਤ ਭੱਟੀ ਦਾ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ।

ਪੁਸਤਕ ਰਿਲੀਜ਼ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਜਸਵਿੰਦਰ ਸਿੰਘ, ਅਮਰਜੀਤ ਚਾਹਲ, ਗੁਰਮੀਤ ਪਨਾਗ ਅਤੇ ਹਰਜਿੰਦਰ ਪੰਧੇਰ ਸੁਸ਼ੋਭਿਤ ਸਨ। ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸੀਰਤ, ਮੱਖਣ ਲੁਹਾਰ, ਤਾਰਾ ਸਿੰਘ ਸਾਗਰ ਤੇ ਰਾਠੀ ਸੂਰਾਪੁਰੀ ਸ਼ਾਮਲ ਹੋਏ। ਸਮੁੱਚੇ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਹਾਜ਼ਰ ਸਰੋਤਿਆਂ ਨੇ ਭਾਸ਼ਣਾਂ, ਪੇਪਰਾਂ, ਗੀਤਾਂ ਅਤੇ ਸ਼ਾਇਰੀ ਦਾ ਸੰਜੀਦਗੀ ਨਾਲ ਆਨੰਦ ਮਾਣਿਆ।

ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਨੇ ਪੁਸਤਕ ਸੇਲ ਲਗਾਈ। ਹਾਜ਼ਰ ਸਾਹਿਤ ਪ੍ਰੇਮੀਆਂ ਤੇ ਲੇਖਕਾਂ ਨੇ 'ਦਿਸਹਦਿਆਂ ਦੇ ਆਰ-ਪਾਰ', 'ਮਾਤ ਲੋਕ', 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ', 'ਪਰਵਾਸ ਤੋਂ ਆਵਾਸ ਵੱਲ' ਆਦਿ ਪੁਸਤਕਾਂ ਵੱਡੀ ਗਿਣਤੀ ਵਿਚ ਖਰੀਦੀਆਂ।

ਕਾਨਫਰੰਸ ਦੀ ਆਖਰੀ ਕੜੀ ਮੌਕੇ ਸੁਖਵਿੰਦਰ ਸ਼ਾਹ ਨੇ ਆਪਣੀ ਸੁਰੀਲੀ ਤੇ ਦਮਦਾਰ ਆਵਾਜ਼ ਵਿਚ ਸੁਲਤਾਨ ਬਾਹੂ ਦੇ ਦੋ ਕਲਾਮ ਅਤੇ ਦੋ ਪੰਜਾਬੀ ਲੋਕ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਦੌਰਾਨ ਸੁਰਿੰਦਰ ਸੀਰਤ, ਮੱਖਣ ਲੁਹਾਰ, ਤਾਰਾ ਸਿੰਘ ਸਾਗਰ, ਸੁਖਵਿੰਦਰ ਕੰਬੋਜ, ਹਰਪ੍ਰੀਤ ਕੌਰ, ਰਾਠੀ ਸੂਰਾਪੁਰੀ, ਕਮਲ ਦੇਵ ਪਾਲ, ਮਨਦੀਪ ਗੋਰਾ, ਗੁਲਸ਼ਨ ਦਿਆਲ, ਜਯੋਤੀ ਸਿੰਘ, ਚਰਨਜੀਤ ਸਾਹੀ, ਦਲਵਿੰਦਰ ਨੰਨੂ, ਕਮਲ ਬੰਗਾ, ਜਗਤਾਰ ਸਿੰਘ ਪ੍ਰੀਤ ਆਦਿ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ, ਜਿਨ੍ਹਾਂ ਲਈ ਸਰੋਤਿਆਂ ਨੇ ਭਰਪੂਰ ਦਾਦ ਦਿੱਤੀ।

ਕਾਨਫਰੰਸ ਦਾ ਮੰਚ ਸੰਚਾਲਨ ਪ੍ਰੋ. ਹਰਭਜਨ ਸਿੰਘ ਅਤੇ ਮਨਦੀਪ ਗੋਰਾ ਨੇ ਕੀਤਾ।

# ਦੁਨੀਆਂ 'ਚ ਵਸਦੇ ਪੰਜਾਬੀ ਸਭਿਆਚਾਰ ਦਾ ਬਚਾਅ

*ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡੇ ਪਿੰਡ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਭਰਾ ਬੜੇ ਪਿਆਰ-ਮੁਹੱਬਤ ਨਾਲ ਇਕੱਠੇ ਰਹਿੰਦੇ ਸਨ। ਮੇਰੇ ਪਿਤਾ ਜੀ ਦੇ ਖਿਆਲ ਅੱਲ੍ਹਾ ਬਖਸ਼ ਅਤੇ ਇਬਰਾਹਿਮ, ਸਭ ਮਿਲ ਕੇ ਸਾਂਝੀ ਖੇਤੀ ਕਰਦੇ ਸਨ। ਉਨ੍ਹਾਂ ਦੀਆਂ ਪਤਨੀਆਂ ਮੈਨੂੰ ਪੁੱਤਾਂ ਵਾਂਗ ਪਿਆਰ ਕਰਦੀਆਂ। ਇਬਰਾਹਿਮ ਦਾ ਪੁੱਤਰ ਸਾਨੀ ਅਤੇ ਮੈਂ ਆਪਸ ਵਿਚ ਘੁਲਦੇ ਹੁੰਦੇ ਸੀ। ਕਦੀ ਮਹਿਸੂਸ ਨਹੀਂ ਸੀ ਹੋਇਆ ਕਿ ਉਹ ਮੁਸਲਮਾਨ ਤੇ ਮੈਂ ਸਿੱਖ ਹਾਂ। ਪਹਿਲੀ ਜਮਾਤ ਵਿਚ ਪੜ੍ਹਦਿਆਂ ਜਿਨਾਹ ਤੇ ਪਾਕਿਸਤਾਨ ਦੇ ਸ਼ਬਦ ਕੰਨੀ ਪਏ। ਅਜੇ ਉਰਦੂ ਦਾ ਕਾਇਦਾ ਪੜ੍ਹਿਆ ਹੀ ਸੀ ਕਿ ਪਾਕਿਸਤਾਨ ਬਣਨ ਕਰ ਕੇ ਸਾਡੇ ਪਿੰਡ ਦੇ ਮਾਸਟਰ ਮਰਾਜਦੀਨ ਆਪਣਾ ਜੱਦੀ ਪਿੰਡ ਛੱਡ ਕੇ ਪਾਕਿਸਤਾਨ ਚਲਾ ਗਿਆ ਤੇ ਉਸ ਦੀ ਥਾਂ ਮਾਸਟਰ ਸਾਲਗ ਰਾਮ ਆ ਗਿਆ। ਪੰਜਾਬੀਆਂ ਨੂੰ ਆਪੋ-ਆਪਣੀਆਂ ਜਨਮ ਭੂਮੀਆਂ ਤੋਂ ਉਜੜਨਾ ਪਿਆ। ਲਾਹੌਰ-ਅੰਮ੍ਰਿਤਸਰ ਜੀ.ਟੀ. ਰੋਡ ਤੋਂ ਲੰਘਦੇ ਮੁਸਲਮਾਨਾਂ ਦੇ ਗੱਡਿਆਂ ਦੇ ਕਾਫਲੇ ਤੋਂ ਸਾਰੀ ਰਾਤ ਸ਼ਰਨਾਰਥੀਆਂ ਦੇ ਬੱਚਿਆਂ ਦੀਆਂ 'ਹਾਇ ਲਾਲਾ! ਹਾਇ ਅੰਮਾ!' ਦੀਆਂ ਆਵਾਜ਼ਾਂ ਕੰਨੀ ਪੈਂਦੀਆਂ ਰਹਿੰਦੀਆਂ। ਦਸ ਲੱਖ ਪੰਜਾਬੀ ਮਾਰੇ ਗਏ। ਡੇਢ ਕਰੋੜ ਬੇਘਰ ਹੋਏ। ਦੋਹਾਂ ਪੰਜਾਬਾਂ ਵਿਚ ਧੀਆਂ-ਭੈਣਾਂ ਦੀ ਬੇਹੁਰਮਤੀ ਹੋਈ।*

*ਇਸ ਸਾਲ ਜੂਨ ਮਹੀਨੇ ਫਰਿਜਨੋ ਵਿਖੇ 'ਵਿਸ਼ਵ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ: ਵਰਤਮਾਨ ਤੇ ਭਵਿਖ' ਕਾਨਫਰੰਸ ਹੋਈ। ਲਹਿੰਦੇ ਪੰਜਾਬ ਤੋਂ ਆਈ ਰਬੀਨਾ ਰਾਜਪੂਤ ਨੇ 'ਦੁਨੀਆ ਵਿਚ ਵਸਦੇ ਪੰਜਾਬੀ ਸਭਿਆਚਾਰ ਦੇ ਬਚਾਅ' ਉਤੇ ਪੇਪਰ ਪੜ੍ਹਿਆ। ਸ਼ਾਹਮੁਖੀ ਵਿਚ ਲਿਖੇ ਇਸ ਲੇਖ ਦਾ ਪੰਜਾਬੀ (ਗੁਰਮੁਖੀ) ਰੂਪਾਂਤਰ ਪਾਠਕਾਂ ਲਈ ਤਿਆਰ ਕੀਤਾ ਹੈ।*

*-ਜਸਵੰਤ ਸਿੰਘ ਸੰਧੂ ਘਰਿੰਡਾ*
*ਫੋਨ: 510-516-5971*

ਪੁਰਾਣੇ ਜ਼ਮਾਨੇ ਵਿਚ ਅਰਬ ਵਿਚ ਰਿਵਾਜ ਹੁੰਦਾ ਸੀ ਕਿ ਚੰਗੇ ਤਬਕੇ ਦੇ ਲੋਕ ਆਪਣੇ ਬੱਚਿਆਂ ਨੂੰ ਆਪਣੀ ਖਾਸ ਤੇ ਸਹੀ ਜ਼ਬਾਨ (ਬੋਲੀ) ਸਿੱਖਣ ਲਈ ਪਿੰਡਾਂ ਵਿਚ ਘੱਲ ਦਿੰਦੇ ਸਨ ਤਾਂ ਕਿ ਬੱਚਿਆਂ ਨੂੰ ਖਾਲਸ ਜ਼ਬਾਨ ਬੋਲਣੀ ਆਵੇ ਤੇ ਜ਼ਬਾਨ ਵਿਚ ਕੋਈ ਖੋਟ ਨਾ ਹੋਵੇ, ਪਰ ਸਾਡੇ ਪੰਜਾਬੀ ਭਰਾਵਾਂ ਦੀ ਬਹੁਗਿਣਤੀ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੀ ਕੋਸ਼ਿਸ਼ ਨਹੀਂ ਕਰਦੇ, ਬਲਕਿ

**ਰਬੀਨਾ ਰਾਜਪੂਤ, ਲਾਹੌਰ**
**ਫੋਨ: +92-30030-63071**

ਆਪਣੀ ਮਾਂ ਬੋਲੀ ਨੂੰ ਉਹ ਥਾਂ ਨਹੀਂ ਦਿੰਦੇ ਜਿਹੜਾ ਉਹ ਦੂਜਿਆਂ ਦੀ ਜ਼ਬਾਨ ਨੂੰ ਦਿੰਦੇ ਨੇ। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਇਕ ਪੰਜਾਬੀ ਦੂਸਰੇ ਪੰਜਾਬੀ ਨਾਲ ਗੱਲ ਕਰਨ ਲਈ ਆਪਣੀ ਜ਼ਬਾਨ ਦੀ ਵਰਤੋਂ ਨਹੀਂ ਕਰਦਾ; ਬਲਕਿ ਦੂਜੀਆਂ ਬੋਲੀਆਂ ਬੋਲਣਾ ਪਸੰਦ ਕਰਦੇ ਨੇ। ਜੋ ਲੋਕ ਪਿੰਡਾਂ ਵਿਚੋਂ ਆਉਂਦੇ ਨੇ, ਕੁਝ ਪੜ੍ਹ ਲਿਖ ਗਏ ਨੇ, ਉਹ ਪੰਜਾਬੀ ਵਿਚ ਗੱਲ ਕਰਨ ਨੂੰ ਬੇਇਜ਼ਤੀ ਸਮਝਦੇ ਨੇ।

ਸਾਡੇ ਕੁਝ ਮੀਡੀਆ ਵਾਲਿਆਂ ਦਾ ਰਵੱਈਆ ਵੀ ਸਾਡੀ ਮਾਂ ਬੋਲੀ ਨਾਲ ਕੋਈ ਚੰਗਾ ਨਹੀਂ। ਜਿਸ ਨੂੰ ਜਾਹਲ ਜਾਂ ਘਟ ਪੜ੍ਹਿਆ ਲਿਖਿਆ ਦਿਖਾਉਣਾ ਹੁੰਦਾ ਹੈ, ਉਸ ਕਿਰਦਾਰ ਨੂੰ ਪੰਜਾਬੀ ਬੋਲਦਿਆਂ ਦਿਖਾਇਆ ਜਾਂਦਾ ਹੈ। ਨਾਲੇ ਸਾਡੀਆਂ ਪੰਜਾਬੀ ਫਿਲਮਾਂ ਵਿਚ ਸਾਡੇ ਕਲਚਰ ਨੂੰ ਮਨਫ਼ੀ ਕਰ ਦਿੱਤਾ ਜਾਂਦਾ ਹੈ। ਸਾਡੇ ਕਲਚਰ ਦੀ ਤਰਜਮਾਨੀ 90 ਫੀਸਦੀ ਫਿਲਮਾਂ ਵਿਚ ਨਹੀਂ ਹੁੰਦੀ। ਸਾਡੇ ਪੰਜਾਬੀ ਭਰਾ ਰੁਜ਼ਗਾਰ ਦੀ ਚਿੰਤਾ ਤੇ ਸਿੱਖਿਆ ਦੇ ਸਬੰਧ ਵਿਚ ਦੂਜੇ ਦੇਸ਼ਾਂ ਵਿਚ ਜਾਂਦੇ ਨੇ ਅਤੇ ਉਥੇ ਉਹ ਗੈਰ-ਪੰਜਾਬੀ ਔਰਤਾਂ ਨਾਲ ਵਿਆਹ ਕਰ ਲੈਂਦੇ ਨੇ। ਉਹ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਪੰਜਾਬੀ ਕਲਚਰ ਨਾਲ ਜੋੜ ਸਕਦੀਆਂ ਨੇ?

ਸਾਡੇ ਪੰਜਾਬੀ ਲੀਡਰ ਵੀ ਜਿਹੜੇ ਪੰਜਾਬੀਆਂ ਦੇ ਵੋਟ ਲੈ ਕੇ ਅਸੈਂਬਲੀ ਵਿਚ ਆਉਂਦੇ ਨੇ, ਪੰਜਾਬੀ ਅਸੈਂਬਲੀ ਵਿਚ ਵੀ ਪੰਜਾਬੀ ਜ਼ਬਾਨ ਵਿਚ ਲਿਖਾ-ਪੜ੍ਹੀ ਤੇ ਵੱਖਰੀ ਗੱਲ ਏ, ਪੰਜਾਬੀ ਵਿਚ ਤਕਰੀਰ ਵੀ ਨਹੀਂ ਕਰਦੇ। ਇਹ ਬਹੁਤ ਦੁੱਖ ਵਾਲਾ ਰਵੱਈਆ ਹੈ। ਹਾਲਾਂਕਿ ਇਕ ਸਿੰਧੀ ਦੂਜੇ ਸਿੰਧੀ ਨਾਲ ਹਮੇਸ਼ਾ ਸਿੰਧੀ ਜ਼ਬਾਨ ਵਿਚ ਗੱਲ ਕਰਦਾ ਹੈ; ਬਲਕਿ ਸਿੰਧ ਅਸੈਂਬਲੀ ਵਿਚ ਤਕਰੀਰ ਤੇ ਲਿਖਾ-ਪੜ੍ਹੀ ਵੀ ਸਿੰਧੀ ਵਿਚ ਹੀ ਕਰਦੇ ਨੇ।

ਪਿੱਛੇ ਜਿਹੇ ਯੂਨੈਸਕੋ ਨੇ ਰਿਪੋਰਟ ਛਾਪੀ ਹੈ ਕਿ ਪੰਜਾਬੀ ਜ਼ਬਾਨ 50 ਸਾਲਾਂ ਬਾਅਦ ਖਤਮ ਹੋ ਜਾਵੇਗੀ। ਇਹ ਸਾਡੇ ਲਈ ਸੋਚਣ ਵਾਲੀ ਗੱਲ ਏ ਕਿ ਮਾਂ-ਬੋਲੀ ਤੇ ਸਾਡਾ ਸਭਿਆਚਾਰ ਐਨਾ ਖ਼ੂਬਸੂਰਤ ਤੇ ਰੰਗਾ ਰੰਗ ਹੈ, ਜਿਸ ਦੀ ਕੋਈ ਮਿਸਾਲ ਦੁਨੀਆ ਵਿਚ ਨਹੀਂ ਮਿਲਦੀ। ਸਾਡੇ ਕੋਲ ਪੰਜਾਬੀ ਸ਼ਾਇਰੀ ਵਿਚ ਗੀਤ, ਮਾਹੀਏ, ਟੱਪੇ, ਲੋਕ ਕਹਾਣੀਆਂ ਦਾ ਖਜ਼ਾਨਾ ਮੌਜੂਦ ਹੈ। ਸਾਡੇ ਕੁਝ ਨਾਦਾਨ ਲੋਕ ਆਪਣੇ ਕਲਚਰ ਨੂੰ ਕਿਉਂ ਭੁਲਾ ਬੈਠੇ ਨੇ? ਸਾਡੇ ਕੋਲ ਵਾਰਸ ਸ਼ਾਹ, ਸ਼ਾਹ ਹੁਸੈਨ ਤੇ ਬਾਬੇ ਬੁਲ੍ਹੇ ਸ਼ਾਹ ਜਿਹੇ ਅਨਮੋਲ ਹੀਰੇ ਨੇ, ਜਿਨ੍ਹਾਂ ਦੀ ਚਮਕ ਕਦੇ ਵੀ ਘਟ ਨਹੀਂ ਹੋਈ। 1835 ਵਿਚ ਗੁਰਮੁਖੀ ਪ੍ਰਿੰਟਿੰਗ ਪ੍ਰੈਸ ਲੁਧਿਆਣਾ ਵਿਚ ਸ਼ੁਰੂ ਹੋਈ। 1838 ਵਿਚ ਪੰਜਾਬੀ ਗਰਾਮਰ ਉਤੇ ਕੰਮ ਹੋਇਆ ਤੇ 1854 ਵਿਚ ਪਹਿਲੀ ਪੰਜਾਬੀ ਡਿਕਸ਼ਨਰੀ ਛਪੀ। ਸਾਡੇ ਸਿੱਖ ਭਰਾਵਾਂ ਨੇ ਪੰਜਾਬੀ ਅਦਬ (ਸਾਹਿਤ) ਵਿਚ ਬੜਾ ਵਧੀਆ ਕੰਮ ਕੀਤਾ ਹੈ। ਇਥੇ ਬਹੁਤ ਵੱਡੇ-ਵੱਡੇ ਨਾਂ ਮੌਜੂਦ ਨੇ। ਮੈਂ ਕੁਝ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਭਾਈ ਵੀਰ ਸਿੰਘ ਨੇ ਪੰਜਾਬੀ ਦੀ ਬੜੀ ਸੇਵਾ ਕੀਤੀ ਹੈ। ਉਨ੍ਹਾਂ ਨੇ ਪਹਿਲਾਂ ਪੈਂਫਲਿਟ ਬਣਾਉਣ ਦਾ ਕੰਮ ਸ਼ੁਰੂ ਕੀਤਾ। ਫਿਰ ਤਰੱਕੀ ਕਰਦਿਆਂ ਉਨ੍ਹਾਂ ਨੇ ਪੰਜਾਬੀ ਅਦਬ ਵਿਚ ਉਚਾ ਸਥਾਨ ਹਾਸਲ ਕੀਤਾ। ਭਾਈ ਵੀਰ ਸਿੰਘ ਨੇ ਫਾਰਸੀ ਸ਼ਾਇਰੀ ਨੂੰ ਪੰਜਾਬੀ ਦੇ ਰੰਗ ਵਿਚ ਰੰਗਿਆ ਤੇ ਪੰਜਾਬੀ ਅਦਬ ਦੇ (ਪੱਛਮੀ ਨਾਵਲਾਂ ਤੋਂ ਪ੍ਰਭਾਵਿਤ ਹੋ ਕੇ) ਖਜ਼ਾਨੇ ਨੂੰ ਵਧਾਇਆ। ਉਨ੍ਹਾਂ ਨੇ ਸਾਡੀ ਰਵਾਇਤੀ ਕਲਾਸੀਕਲ ਸਿੱਖ ਫ਼ਿਲਾਸਫ਼ੀ ਨੂੰ ਵੀ ਦੁਨੀਆ ਵਿਚ ਰੋਸ਼ਨੀ ਵਾਂਗ ਫੈਲਾਇਆ। ਜਿਸ ਤਰ੍ਹਾਂ ਸਾਡੀਆਂ ਰਵਾਇਤੀ ਕਹਾਣੀਆਂ (ਨਾਵਲ) ਸੁੰਦਰੀ, ਸਤਵੰਤ ਕੌਰ ਆਦਿ। ਨਾਨਕ ਸਿੰਘ ਨੇ ਪੰਜਾਬੀ ਨਾਵਲ ਨੂੰ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਨਾਲ ਮਹਿਕਾ ਦਿੱਤਾ। ਸੋਹਣ ਸਿੰਘ ਸੀਤਲ, ਜਸਵੰਤ ਸਿੰਘ ਕੰਵਲ ਨੇ ਸਾਡੀ ਰਵਾਇਤ ਨਾਲ ਜੁੜੀਆਂ ਕਹਾਣੀਆਂ ਨੂੰ ਆਪਣੇ ਨਾਵਲਾਂ ਵਿਚ ਖ਼ੂਬਸੂਰਤ ਰੰਗ ਦਿੱਤੇ। ਸਾਡੀ ਸ਼ਾਇਰੀ ਵਿਚ ਖ਼ੂਬਸੂਰਤ ਰੰਗ ਭਰਨ ਵਾਲੇ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ ਅਤੇ ਮੋਹਨ ਸਿੰਘ ਆਦਿ। ਪਾਕਿਸਤਾਨ ਵਿਚ ਉਸਤਾਦ ਦਾਮਨ। ਅੰਮ੍ਰਿਤਾ ਪ੍ਰੀਤਮ ਨੂੰ ਕੌਣ ਭੁਲਾ ਸਕਦਾ ਹੈ- 'ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ'। ਇਨ੍ਹਾਂ ਸਭ ਦੀ ਸ਼ਾਇਰੀ, ਜਜ਼ਬਾਤ, ਅਹਿਸਾਸ ਅਤੇ ਹੋਰ ਦਰਦਮੰਦੀ ਦੀ ਤਰਜਮਾਨੀ ਕਰਦੀ ਏ।

ਪੰਜਾਬ ਵਿਚ ਥੀਏਟਰ ਦੀ ਰਵਾਇਤ ਬਹੁਤ ਪੁਰਾਣੀ ਹੈ। ਸਾਡੇ ਪਿੰਡਾਂ ਵਿਚ ਫਨਕਾਰ (ਕਲਾਕਾਰ) ਹੀਰ ਰਾਂਝਾ ਤੇ ਦੂਸਰੇ ਡਰਾਮੇ ਕਰ ਕੇ ਲੋਕਾਂ ਦਾ ਦਿਲ ਪਰਚਾਵਾ ਕਰਦੇ ਸਨ। ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਚਰਨ ਦਾਸ ਤੇ ਪਾਕਿਸਤਾਨ ਵਿਚ ਆਲਮ ਲੁਹਾਰ, ਆਰਿਫ਼ ਲੁਹਾਰ ਤੇ ਹੋਰ ਕਾਫੀ ਫਨਕਾਰ ਪੁਰਾਣੀ ਕਲਾ ਰਾਹੀਂ ਲੋਕਾਂ ਦੀ ਸੇਵਾ ਕਰਦੇ ਰਹੇ।

ਜਿਸ ਜ਼ਬਾਨ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਰੋੜਾਂ ਹੈ, ਉਹਦੇ ਲਈ ਯੂਨੈਸਕੋ ਦੀ ਰਿਪੋਰਟ ਬੜੀ ਫਿਕਰ ਵਾਲੀ ਗੱਲ ਏ। ਸਾਨੂੰ ਰਲ-ਮਿਲ ਕੇ ਇਸ ਉਤੇ ਗੌਰ ਕਰਨੀ ਚਾਹੀਦੀ ਏ। ਸਭ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਨਰਸਰੀ ਤੇ ਕੇ.ਜੀ. ਤੋਂ ਹੀ ਪੰਜਾਬੀ ਪੜ੍ਹਾਉਣਾ ਸ਼ੁਰੂ ਕਰ ਦਈਏ।



ਰਬੀਨਾ ਰਾਜਪੂਤ ਅਤੇ ਜਸਵੰਤ ਸਿੰਘ ਸੰਧੂ ਘਰਿੰਡਾ

ਪੂਰਬੀ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ, ਪਰ ਸਾਡੇ ਸਕੂਲਾਂ ਵਿਚ ਨਹੀਂ। ਇਸ ਕਾਰਨ ਅਸੀਂ ਬਹੁਤ ਪਿਛੇ ਰਹਿ ਗਏ ਹਾਂ। ਇਕ ਹੋਰ ਨੁਕਤਾ ਕਿ ਸਾਡੇ ਪੰਜਾਬੀ ਭਰਾ ਰੁਜ਼ਗਾਰ ਦੀ ਚਿੰਤਾ ਕਾਰਨ ਸਾਰੀ ਦੁਨੀਆਂ ਵਿਚ ਫੈਲੇ ਹੋਏ ਨੇ। ਉਹ ਗੈਰ-ਪੰਜਾਬੀ ਔਰਤਾਂ ਨਾਲ ਵਿਆਹ ਕਰਦੇ ਨੇ, ਉਨ੍ਹਾਂ ਨੂੰ ਸਾਡੇ ਕਲਚਰ ਤੇ ਜ਼ਬਾਨ ਦਾ ਕਿਹੜਾ ਇਲਮ ਹੋਵੇਗਾ? ਹੋਣਾ ਇਹ ਚਾਹੀਦਾ ਹੈ ਕਿ ਪੰਜਾਬੀ ਭਰਾ ਆਪਣੇ ਘਰ ਵਿਚ ਆਪਣੀ ਸਵਾਣੀ ਤੇ ਬੱਚਿਆਂ ਨੂੰ ਆਪਣੇ ਕਲਚਰ ਦੀ ਜਾਣਕਾਰੀ ਦੇਣ ਤੇ ਉਨ੍ਹਾਂ ਨੂੰ ਆਪਣੇ ਰੰਗ ਵਿਚ ਰੰਗਣ, ਨਾ ਕਿ ਉਨ੍ਹਾਂ ਦੇ ਰੰਗ 'ਚ ਰੰਗੇ ਜਾਣ; ਪਰ ਮੈਂ ਵੇਖਿਆ ਹੈ ਕਿ ਸਾਡੇ ਬਹੁਤੇ ਲੋਕ ਆਪਣੇ ਘਰਾਂ ਵਿਚ ਦੂਜੀਆਂ ਜ਼ਬਾਨਾਂ ਬੋਲਣ ਵਿਚ ਫ਼ਖਰ ਸਮਝਦੇ ਨੇ।

ਇਕ ਹੋਰ ਜ਼ਰੂਰੀ ਗੱਲ ਰਸਮੁਲ ਖ਼ਤ (ਲਿਪੀ) 'ਤੇ ਸਹਿਮਤ ਨਾ ਹੋਣਾ ਵੀ ਏ। ਪੂਰਬੀ ਪੰਜਾਬ ਵਿਚ ਪੰਜਾਬੀ ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਏ, ਜਦਕਿ ਪੱਛਮੀ ਪੰਜਾਬ ਵਿਚ ਇਹ ਸ਼ਾਹਮੁਖੀ ਲਿਪੀ ਵਿਚ ਲਿਖੀ ਜਾਂਦੀ ਏ। ਇਹ ਬੜੀ ਗੌਰਤਲਬ (ਧਿਆਨ ਦੇਣ ਵਾਲੀ) ਗੱਲ ਏ। ਸਾਨੂੰ ਮਿਲ ਕੇ ਇਸ ਗੱਲ 'ਤੇ ਗੌਰ ਕਰਨਾ ਚਾਹੀਦਾ ਏ ਕਿ ਜਿਥੇ-ਜਿਥੇ ਪੰਜਾਬੀ ਭਰਾ ਵੱਸਦੇ ਨੇ, ਇਨ੍ਹਾਂ ਨੂੰ ਇਕ ਲਿਪੀ, ਅਰਥਾਤ ਗੁਰਮੁਖੀ ਲਿਪੀ ਉਤੇ ਸਹਿਮਤ ਹੋ ਜਾਣਾ ਚਾਹੀਦਾ ਏ। ਹੋਰ ਐਸੀਆਂ ਸੰਸਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਨੇ ਜੋ ਸਾਰਿਆਂ ਨੂੰ ਗੁਰਮੁਖੀ ਲਿਪੀ ਦੀ ਜਾਣਕਾਰੀ ਦੇਣ। ਸਾਡੀ ਖਿੰਡੀ ਹੋਈ ਕੌਮ ਇਕ ਪਲੇਟਫਾਰਮ ਉਤੇ ਇਕੱਠੀ ਹੋ ਜਾਵੇ। ਸਾਡੇ ਮੀਡੀਆ ਨੂੰ ਆਪਣਾ ਰਵੱਈਆ ਠੀਕ ਕਰਨਾ ਪਵੇਗਾ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਏ ਕਿ ਆਪਣੇ ਕਲਚਰ ਦੇ ਅਨੁਸਾਰ ਪ੍ਰੋਗਰਾਮ ਦਿਖਾਏ ਜਾਣ ਤੇ ਸਾਡੇ ਦਾਨਸ਼ਵਰ ਸਾਹਿਤਕਾਰ ਤੇ ਸ਼ਾਇਰ ਸਭ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਆਪਣੀ ਮਾਂ-ਬੋਲੀ ਲਈ ਜਦੋਜਹਿਦ ਕਰਨ। ਫਿਲਮਸਾਜ਼ਾਂ ਨੂੰ ਵੀ ਇਸ ਗੱਲ ਦਾ ਪਾਬੰਦ ਕੀਤਾ ਜਾਵੇ ਕਿ ਉਹ ਪੰਜਾਬ ਦਾ ਅਸਲ ਚਿਹਰਾ ਦਿਖਾਉਣ, ਨਾ ਕਿ ਸਾਡੇ ਕਲਚਰ ਨੂੰ ਮਨਫੀ ਕਰਨ ਲਈ।

ਸਾਡੇ ਸਾਹਿਤਕ ਖੇਤਰ, ਮਾਂ-ਬੋਲੀ ਨੂੰ ਹੱਲਾਸ਼ੇਰੀ ਦੇਣ ਲਈ ਬਹੁਤ ਜ਼ਿਆਦਾ ਕੰਮ ਕਰ ਰਹੇ ਨੇ। ਸ਼ਾਇਰ ਤੇ ਸਾਹਿਤਕਾਰ ਦਿਲ ਦੇ ਖੂਨ ਨਾਲ ਮਾਂ-ਬੋਲੀ ਦਾ ਮਾਣ ਵਧਾਉਣ ਦੀ ਕੋਸ਼ਿਸ਼ਾਂ ਕਰ ਰਹ ਨੇ ਤੇ ਇਹ ਕਾਨਫਰੰਸ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਏ ਕਿ ਅਸੀਂ ਸਾਰੇ ਇਕ ਜਾਨ ਹੋ ਕੇ ਮਾਂ-ਬੋਲੀ ਨੂੰ ਬਚਾਵਾਂਗੇ। ਉਮੀਦ ਏ ਕਿ ਸਾਡੀ ਮਾਂ-ਬੋਲੀ ਕਿਆਮਤ ਤੱਕ ਕਾਇਮ ਰਹੇਗੀ। ਸਾਡੀ ਮਾਂ-ਬੋਲੀ ਉਤੇ ਅਮਰੀਕਾ ਵਿਚ ਬਹੁਤ ਕੰਮ ਹੋ ਰਿਹਾ ਏ ਤੇ ਕੈਨੇਡਾ ਵਿਚ ਤੇ ਪੰਜਾਬੀ ਨੇ ਖਾਸ ਮੁਕਾਮ ਹਾਸਲ ਕਰ ਲਿਆ ਏ। ਇਹ ਸਾਡੀ ਵੱਡੀ ਕਾਮਯਾਬੀ ਏ।

# ਪਾਕਿਸਤਾਨ 'ਚ ਪੰਜਾਬੀ ਸਿੱਖਿਆ

ਕਿਸੇ ਸਮੇਂ ਅਣਵੰਡੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਦੇ ਗੁਲਦਸਤੇ ਵਿਚ ਹਿੰਦਕੀ, ਰਾਠੀ, ਕਾਂਗੜੀ, ਜਟਕੀ, ਪਿਸ਼ਾਚੀ, ਮਾਝੀ, ਮਲਵਈ, ਦੁਆਬੀ, ਪੁਆਧੀ, ਭਟਨੇਰੀ (ਭਟਿਆਣੀ), ਪੁਣਛੀ, ਡੋਗਰੀ, ਕਾਂਗੜੀ, ਭੀਰੋਚੀ, ਧਨੀ, ਕੱਛੀ, ਜੰਗਲੀ, ਪੋਠੋਹਾਰੀ ਅਤੇ ਥਲੀ (ਬਾਰ ਦੇ ਇਲਾਕਿਆਂ ਦੀ ਉਪ-ਬੋਲੀ) ਆਦਿ ਕੋਈ 25 ਉਪ-ਬੋਲੀਆਂ ਦੇ ਰੰਗ-ਬਿਰੰਗੇ ਫੁੱਲ ਸਜੇ ਸਨ। ਇਨ੍ਹਾਂ ਨਾਲ ਪੰਜਾਬ ਦੀ ਭਾਈਚਾਰਕ ਖੁਸ਼ਬੋਈ ਬਰਕਰਾਰ ਸੀ, ਪਰ ਦੇਸ਼ ਵੰਡ ਕਾਰਨ ਇਨ੍ਹਾਂ ਵਿਚੋਂ

**ਦਰਸ਼ਨ ਸਿੰਘ ਆਸ਼ਟ**
**ਫੋਨ: +91-98144-23703**

ਕਰੀਬ 14 ਉਪ-ਬੋਲੀਆਂ ਪਾਕਿਸਤਾਨੀ ਪੰਜਾਬ ਅਤੇ 11 ਉਪ-ਬੋਲੀਆਂ ਭਾਰਤੀ ਪੰਜਾਬ ਵਿਚ ਵੰਡੀਆਂ ਗਈਆਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਭੂਗੋਲਿਕ ਦ੍ਰਿਸ਼ਟੀ ਤੋਂ ਹੋਈ ਹਾਨੀ ਨੂੰ ਤਾਂ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ।

ਪਾਕਿਸਤਾਨੀ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਉਰਦੂ ਨੂੰ ਕੌਮੀ ਦਰਜਾ ਦੇਣ ਲਈ ਪੰਜਾਬੀ 'ਤੇ ਹਮਲੇ ਹੁੰਦੇ ਰਹੇ ਹਨ। ਵਿਰੋਧੀ ਹਾਲਾਤ 'ਚ ਵੀ ਪੰਜਾਬੀ ਨੇ ਆਪਣਾ ਵਜੂਦ ਕਾਇਮ ਰੱਖਣ ਲਈ ਜੱਦੋਜਹਿਦ ਜਾਰੀ ਰੱਖੀ ਹੈ। ਬੀਤੀ ਇੱਕ ਸਦੀ ਦੌਰਾਨ ਰਾਜ ਸੱਤਾ ਲਈ ਲਾਲਚ ਇੰਨਾ ਵਧਦਾ ਗਿਆ ਕਿ ਪੰਜਾਬੀ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਤੋਂ ਆਪਣੇ ਆਪ ਨੂੰ ਆਜ਼ਾਦ ਨਾ ਕਰਵਾ ਸਕੀ।

1947 ਵਿਚ ਪਾਕਿਸਤਾਨ ਬਣਨ ਨਾਲ ਭਾਸ਼ਾ ਦੇ ਲਿਹਾਜ਼ ਨਾਲ ਸਭ ਤੋਂ ਵੱਧ ਮਾਰ ਪੰਜਾਬੀ ਨੂੰ ਪਈ। 1948 ਵਿਚ ਦਿਆਲ ਸਿੰਘ ਕਾਲਜ ਲਾਹੌਰ ਦੇ ਤਤਕਾਲੀ ਪ੍ਰਿੰਸੀਪਲ ਸੱਯਦ ਆਬਿਦ ਅਲੀ ਆਬਿਦ ਦੀ ਸਦਾਰਤ ਹੇਠ ਲਾਹੌਰ ਵਿਚ ਹੋਏ ਕੌਮੀ ਇਕੱਠ ਦਾ ਮੁੱਖ ਏਜੰਡਾ ਪਾਕਿਸਤਾਨ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪੰਜਾਬੀ ਨੂੰ ਜ਼ਰੀਆ-ਏ-ਤਾਲੀਮ ਬਣਾਉਣ ਨਾਲ ਸਬੰਧਿਤ ਸੀ। ਪੰਜਾਬੀ ਭਾਸ਼ਾ ਨੂੰ ਖਾਸ ਕਰ ਕੇ ਸਕੂਲਾਂ-ਕਾਲਜਾਂ 'ਚ ਲਾਗੂ ਕਰਨ ਲਈ ਕਈ ਹੋਰ ਪੰਜਾਬੀ ਹਿਤੈਸ਼ੀਆਂ ਨੂੰ ਕਮੇਟੀ ਵਿਚ ਲਿਆ ਗਿਆ। ਕਮੇਟੀ ਵਿਚ ਡਾ. ਫਕੀਰ ਮੁਹੰਮਦ ਫਕੀਰ (ਜੋ ਵੰਡ ਪਿਛੋਂ ਪਟਿਆਲੇ ਤੋਂ ਲਾਹੌਰ ਚਲੇ ਗਏ ਸਨ), ਮੇਓ ਕਾਲਜ ਆਫ ਆਰਟਸ ਲਾਹੌਰ ਦੇ ਸਾਬਕਾ ਪ੍ਰਿੰਸੀਪਲ ਫਿਰੋਜ਼-ਉਦ-ਦੀਨ, ਅਬਦੁਲ ਮਜੀਦ ਸਾਲਿਕ ਅਤੇ ਉਸਤਾਦ ਅਕਰਮ ਆਦਿ ਸ਼ਾਮਿਲ ਸਨ। ਪੰਜਾਬੀ ਕਵੀ ਮੌਲਾ ਬਖ਼ਸ਼ ਕੁਸ਼ਤਾ ਦੇ ਪੁੱਤਰ ਚੌਧਰੀ ਅਫਜ਼ਲ ਖਾਂ, ਨਸੀਰ ਏ. ਸ਼ੇਖ ਅਤੇ ਐਮ. ਖਾਂ ਨੇ ਪੰਜਾਬੀ ਭਾਸ਼ਾ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਲਾਗੂ ਕਰਵਾਉਣ ਲਈ 'ਪੰਜਾਬੀ ਅਦਬੀ ਲੀਗ' ਕਾਇਮ ਕੀਤੀ, ਪਰ ਪੰਜਾਬੀ ਭਾਸ਼ਾ ਪ੍ਰਤੀ ਵਿਰੋਧੀ ਨੀਤੀ ਬਣਾਉਣ ਵਾਲਿਆਂ ਨੇ ਅਜਿਹਾ ਕੂਟਨੀਤਕ ਪ੍ਰਚਾਰ ਕੀਤਾ ਕਿ ਪੰਜਾਬੀ ਨੂੰ ਅਫਸਰਸ਼ਾਹੀ ਵੱਲੋਂ ਮਧੋਲਿਆ ਜਾਣ ਲੱਗਿਆ। ਫਿਰ ਵੀ ਅਯੂਬ ਖਾਂ ਵਰਗੇ ਕੁਝ ਪੰਜਾਬੀ ਹਿਤੈਸ਼ੀਆਂ ਨੇ ਇਸ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਆਪਸ਼ਨਲ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਜੱਦੋਜਹਿਦ ਕੀਤੀ, ਪਰ ਸੱਤਾਧਾਰੀ ਸਾਜ਼ਿਸ਼ਾਂ ਨੇ ਉਨ੍ਹਾਂ ਤਜਵੀਜ਼ਾਂ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ। 1962 ਵਿਚ ਮੁਲਤਾਨ ਵਿਚ ਕੁਦਰਤੁੱਲਾ ਖਾਂ ਨੇ ਵੀ ਪੰਜਾਬੀ ਕਾਨਫਰੰਸ ਕਰਵਾ ਕੇ ਕਾਲਜਾਂ-ਸਕੂਲਾਂ ਵਿਚ ਪੰਜਾਬੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦਾ ਯਤਨ ਕੀਤਾ।

ਲਾਹੌਰ ਵਿਚ ਭਾਵੇਂ ਪੰਜਾਬ ਯੂਨੀਵਰਸਿਟੀ 1882 ਵਿਚ ਸਥਾਪਿਤ ਹੋਈ ਸੀ, ਪਰ 1947 ਪਿਛੋਂ ਇਸ ਯੂਨੀਵਰਸਿਟੀ ਦੇ ਪਹਿਲੇ ਵੀ.ਸੀ. ਡਾ. ਉਮਰ ਹਯਾਤ ਮਲਿਕ ਨੇ ਅਕਾਦਮਿਕ ਪੱਧਰ 'ਤੇ ਸਰਾਇਕੀ, ਸਿੰਧੀ ਅਤੇ ਬਲੋਚੀ ਆਦਿ ਖੇਤਰੀ ਭਾਸ਼ਾਵਾਂ ਦੀ ਪੜ੍ਹਾਈ ਅਤੇ ਖੋਜ ਕਾਰਜ ਕਰਵਾਉਣ ਦੀ ਯੋਜਨਾ ਵਿਉਂਤੀ। ਯੂਨੀਵਰਸਿਟੀ 'ਚ ਪੰਜਾਬੀ ਵਿਭਾਗ 1970 'ਚ ਕਾਇਮ ਹੋਇਆ ਜਿਸ ਵਿਚ ਐਮ.ਏ. ਪੰਜਾਬੀ ਦੀਆਂ ਜਮਾਤਾਂ ਸ਼ੁਰੂ ਕਰਨ ਲਈ ਜੱਦੋਜਹਿਦ ਕਰਨੀ ਪਈ। ਬੀ.ਏ. ਸਮੇਤ ਪੰਜਾਬੀ ਜਾਂ ਫਾਜ਼ਿਲ ਦੇ ਨਾਲ ਪੰਜਾਬੀ ਦਾ ਵਿਸ਼ਾ ਪਾਸ ਕਰਨ ਵਾਲਿਆਂ ਨੂੰ ਐਮ.ਏ. ਪੰਜਾਬੀ 'ਚ ਦਾਖਲਾ ਮਿਲਣ ਲੱਗਾ। ਪਹਿਲਾਂ ਯੂਨੀਵਰਸਿਟੀ 'ਚ ਐਮ.ਏ. ਪੰਜਾਬੀ ਦੀਆਂ ਸੀਟਾਂ ਸੀਮਿਤ ਸਨ, ਪਰ ਪਿਛੋਂ ਕੁਝ ਵਧਾ ਦਿੱਤੀਆਂ ਗਈਆਂ। ਐਮ.ਫਿਲ. ਅਤੇ ਪੀਐਚ. ਡੀ. ਪ੍ਰਤੀ ਖੋਜਾਰਥੀਆਂ ਦੀ ਤਾਂ ਭਰਪੂਰ ਦਿਲਚਸਪੀ ਸੀ, ਪਰ ਉਰਦੂ ਜ਼ੁਬਾਨ ਦੇ ਬੋਲਬਾਲੇ ਨੇ ਇਸ ਭਾਸ਼ਾ ਨੂੰ ਖੋਜ ਦੇ ਪੱਧਰ ਤੋਂ ਉਨਾ ਨਹੀਂ ਉਠਣ ਦਿੱਤਾ, ਜਿੰਨਾ ਉਠਣਾ ਚਾਹੀਦਾ ਸੀ। ਇਹ ਵਿਭਾਗ ਬਣਾਉਣ ਅਤੇ ਐਮ.ਏ., ਐਮ.ਫਿਲ. ਅਤੇ ਪੀਐਚ. ਡੀ. ਦੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਪੰਜਾਬ ਦੇ ਕਈ ਸਰਕਾਰੀ ਤੇ ਗੈਰ-ਸਰਕਾਰੀ ਕਾਲਜਾਂ ਵਿਚ ਪੰਜਾਬੀ ਨੂੰ ਆਪਸ਼ਨਲ ਵਿਸ਼ੇ ਵਜੋਂ ਪੜ੍ਹਾਉਣ ਦੀ ਜੰਗ ਲੜੀ ਗਈ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਵੱਖ ਵੱਖ ਕੈਂਪਸਾਂ, ਕਾਲਜਾਂ ਅਤੇ ਕੇਂਦਰਾਂ ਤੋਂ ਇਲਾਵਾ ਵੱਖ ਵੱਖ ਸਰਕਾਰੀ ਕਾਲਜਾਂ ਵਿਚ ਪੰਜਾਬੀ ਨੂੰ ਅਖ਼ਤਿਆਰੀ ਮਜ਼ਮੂਨ ਵਜੋਂ ਲਾਗੂ ਕਰਨ ਲਈ ਅੰਦੋਲਨ ਵਿੱਢਿਆ ਗਿਆ।

ਪਾਕਿਸਤਾਨ ਦੀ ਇਕ ਹੋਰ ਯੂਨੀਵਰਸਿਟੀ ਵਿਚ ਹੁਣੇ-ਹੁਣੇ ਪੰਜਾਬੀ ਭਾਸ਼ਾ ਨੂੰ ਯੂਨੀਵਰਸਿਟੀਆਂ ਵਿਚ ਲਾਗੂ ਕਰਵਾਉਣ ਲਈ ਵਿੱਢੇ ਅਮਲ ਨੂੰ ਬੂਰ ਪਿਆ ਹੈ। ਗਿਆਰਾਂ ਸਾਲ ਦੀ ਨਿਰੰਤਰ ਜੱਦੋਜਹਿਦ ਪਿਛੋਂ ਮੁਲਤਾਨ ਸਥਿਤ ਪ੍ਰਸਿੱਧ ਬਹਾਉਦੀਨ ਜ਼ਕਰੀਆ ਯੂਨੀਵਰਸਿਟੀ ਵਿਚ ਮੌਜੂਦਾ ਸੈਸ਼ਨ, ਭਾਵ ਸਤੰਬਰ 2016 ਤੋਂ ਐਮ.ਏ. ਪੰਜਾਬੀ ਪੜ੍ਹਾਉਣ ਦਾ ਫੈਸਲਾ ਲਾਗੂ ਹੋ ਗਿਆ ਹੈ। ਯੂਨੀਵਰਸਿਟੀ ਵੱਲੋਂ 19 ਜੁਲਾਈ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਸਲਾਮੀਆ ਯੂਨੀਵਰਸਿਟੀ, ਬਹਾਵਲਪੁਰ ਤੋਂ ਵੀ ਪੰਜਾਬੀ ਦੇ ਵਿਦਿਆਰਥੀ ਪ੍ਰਾਈਵੇਟ ਤੌਰ 'ਤੇ ਐਮ.ਏ. ਪੰਜਾਬੀ ਕਰ ਸਕਦੇ ਹਨ। ਸੰਭਵ ਹੈ ਕਿ ਨੇੜ ਭਵਿਖ ਵਿਚ ਇਸ ਯੂਨੀਵਰਸਿਟੀ ਵਿਚ ਪੰਜਾਬੀ ਵਿਚ ਐਮ.ਫਿਲ. ਅਤੇ ਪੀਐਚ.ਡੀ. ਕਰਵਾਉਣ ਦੀ ਰੂਪਰੇਖਾ ਵੀ ਵਿਉਂਤੀ ਜਾਵੇ। ਇਸ ਨਾਲ ਪਾਕਿਸਤਾਨ ਵਿਚ ਪੰਜਾਬੀ ਦੀ ਉਚੇਰੀ ਤਾਲੀਮ ਹਾਸਲ ਕਰਨ ਲਈ ਰੁਜ਼ਗਾਰ ਦੇ ਅਵਸਰ ਵੀ ਮਿਲਣਗੇ। ਪੰਜਾਬੀ ਭਾਸ਼ਾ ਦੀ ਤਹਿਰੀਕ ਬਣਨ ਨਾਲ ਸੰਭਵ ਹੈ ਕਿ ਪੰਜਾਬ ਅਸੈਂਬਲੀ ਵਿਚ ਪੰਜਾਬੀ ਬੋਲਣ ਉਤੇ ਆਇਦ ਬੰਦਿਸ਼ਾਂ ਵੀ ਖਤਮ ਹੋ ਜਾਣ।

ਹੁਣ ਪਾਕਿਸਤਾਨ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਨੂੰ ਸਿੰਧੀ, ਸਰਾਇਕੀ ਅਤੇ ਬਲੋਚੀ ਆਦਿ ਭਾਸ਼ਾਵਾਂ ਵਾਂਗ ਬਣਦਾ ਸਤਿਕਾਰ ਦੇਣ ਲਈ ਪੰਜਾਬੀ ਰਸਾਲੇ ਅਤੇ ਅਖ਼ਬਾਰ ਛਪਣ ਲੱਗੇ ਹਨ, ਅਦਬੀ ਅਤੇ ਖੋਜ ਨਾਲ ਸਬੰਧਿਤ ਤਾਲੀਮੀ ਅਤੇ ਅਦਬੀ ਮਜਲਿਸਾਂ ਹੋਂਦ ਵਿਚ ਆਉਣ ਲੱਗੀਆਂ ਹਨ, ਪੰਜਾਬੀ ਪੱਖੀ ਅੰਦੋਲਨ ਪਾਕਿਸਤਾਨ ਵਿਚ ਹੌਲੀ-ਹੌਲੀ ਲਹਿਰ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ ਤਾਂ ਜੋ ਗੁਰੂਆਂ, ਪੀਰਾਂ, ਦਾਨਿਸ਼ਵਰਾਂ, ਸੂਫ਼ੀ ਸ਼ਾਇਰਾਂ ਅਤੇ ਦਰਵੇਸ਼ਾਂ ਵੱਲੋਂ ਪਿਆਰੀ ਸਤਿਕਾਰੀ ਇਸ ਭਾਸ਼ਾ ਦਾ ਉਥੋਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਰੁਤਬਾ ਹੋਰ ਬੁਲੰਦ ਹੋ ਸਕੇ।

# ਰੱਬ ਹੁਣ ਬੰਦਿਆਂ ਵਿਚ ਨਹੀਂ ਵਸਦਾ?

**ਨੋਕ-ਝੋਕ**



**ਐਸ. ਅਸ਼ੋਕ ਭੌਰਾ**
ਫੋਨ: 510-415-3315

*ਔਖੇ ਰਾਹਾਂ ਤੋਂ ਲੰਘਣ ਵਾਲਿਆਂ ਨੇ ਹੀ ਦੂਜਿਆਂ ਨੂੰ ਦੱਸਣਾ ਹੁੰਦਾ ਹੈ ਕਿ ਔਖੇ ਪੈਂਡੇ ਕਿੰਜ ਤੈਅ ਕਰੀਦੇ ਨੇ? ਇਸੇ ਲਈ ਦੁਖੀ, ਉਦਾਸ ਤੇ ਚਿੰਤਿਤ ਲੋਕ ਹੀ ਦੁਨੀਆਂ ਨੂੰ ਗਿਆਨ ਦੇ ਕੇ ਗਏ ਨੇ ਕਿ ਜ਼ਿੰਦਗੀ ਸੁਖਾਲੀ ਕਿਵੇਂ ਕੱਟੀ ਜਾਵੇ? ਜੇਠ-ਹਾੜ ਦੀਆਂ ਧੁੱਪਾਂ ਵਿਚ ਜਦੋਂ ਗੁਲਮੋਹਰ ਖਿੜਦਾ ਹੈ ਤਾਂ ਹਰ ਇਕ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਗਰਮੀ 'ਚ ਸਿਰਫ ਤਪਦੇ ਮਾਰੂਥਲ ਨੂੰ ਹੀ ਯਾਦ ਨਹੀਂ ਰੱਖੀਦਾ? ਅੱਜ ਕੱਲ ਉਦਾਸ ਗੀਤ ਇਸ ਕਰਕੇ ਚੰਗੇ ਲੱਗਣ ਲੱਗ ਪਏ ਹਨ ਕਿਉਂਕਿ ਉਦਾਸੀ ਕੱਪੜਿਆਂ ਤੋਂ ਪਹਿਲਾਂ ਸਰੀਰ ਨਾਲ ਚਿੰਬੜ ਗਈ ਹੁੰਦੀ ਹੈ। ਡੇਰਿਆਂ ਦੀ ਗਿਣਤੀ ਇਸ ਕਰਕੇ ਵਧ ਗਈ ਹੈ ਕਿ ਇਨ੍ਹਾਂ ਨੂੰ ਛਤਰੀ ਸਿਆਸਤਦਾਨਾਂ ਨੇ ਦਿੱਤੀ ਹੋਈ ਹੈ। ਫਿਕਰਾਂ ਤੇ ਤਣਾਓ 'ਚ ਜਕੜੇ ਲੋਕ ਇੱਥੋਂ ਰੱਬ ਲੱਭਣ ਲੱਗ ਪਏ ਹਨ, ਇਹ ਭੰਬਲਭੂਸਾ ਨੇਤਾਵਾਂ ਨੇ ਤਾਂ ਪਾਇਆ ਹੋਇਆ ਹੈ ਕਿ ਲੋਕ ਸਮਝ ਹੀ ਨਾ ਸਕਣ ਕਿ ਰੱਬ ਬਣਨ ਦੀ ਇੱਛਾ ਤਾਂ ਉਨ੍ਹਾਂ ਦੇ ਆਪਣੇ ਅੰਦਰ ਪੈਦਾ ਹੋ ਚੁੱਕੀ ਹੁੰਦੀ ਹੈ। ਡੇਰਿਆਂ 'ਤੇ ਲੋਕ ਮੱਥਾ ਰਗੜ ਰਹੇ ਹਨ, ਤਰਲੇ ਮਿੰਨਤਾਂ, ਹਾੜ੍ਹੇ ਕੱਢੇ ਜਾ ਰਹੇ ਹਨ, ਇਹ ਲੁਕਿਆ ਕਿੱਥੇ ਰਹਿ ਗਿਆ ਹੈ? ਕਾਂ ਨੇ ਚਿੜੀ ਦੇ ਮੂੰਹ 'ਚੋਂ ਰੋਟੀ ਦਾ ਟੁੱਕ ਖੋਹਿਆ ਤਾਂ ਉਹ ਗੁੱਸੇ 'ਚ ਬੋਲੀ, "ਕੰਜਰਾ ਤੂੰ ਨਾ ਬੰਦਾ ਬਣਿਆ!" ਕਾਂ ਅੱਗੋਂ ਹੀਂ ਹੀਂ ਕਰਕੇ ਬੋਲਿਆ, "ਭਲੀਏ ਮਾਣਸੇ ਉਹ ਕਿਹੜਾ ਬੰਦੇ ਬਣ ਗਏ ਹਨ!" ਚਿੜੀ ਹੈਰਾਨ ਹੋਈ ਕਹਿਣ ਲੱਗੀ, "ਅੱਗ ਲੱਗਣਿਆਂ ਉਹ ਕੌਣ?" ਕਾਂ ਨੇ ਮਸ਼ਕਰੀ ਲਹਿਜ਼ੇ 'ਚ ਕਿਹਾ, "ਮੂਰਖੇ ਜਹਾਨ ਦੀਏ ਜਿਨ੍ਹਾਂ ਨੂੰ ਬੰਦੇ ਵੋਟਾਂ ਪਾਉਂਦੇ ਨੇ" ਤੇ ਚਿੜੀ ਭੁੱਖਣ-ਭਾਣੀ ਉਦਾਸ ਹੋ ਕੇ ਫਿਰ ਉਸੇ ਡੇਰੇ 'ਤੇ ਜਾ ਬੈਠੀ ਜਿੱਥੋਂ ਉਹ ਰੋਟੀ ਦਾ ਟੁੱਕ ਲੈ ਕੇ ਆਈ ਸੀ ਅਤੇ ਲੋਕੀ ਰੱਬ ਤੋਂ ਪੁੱਛਣ ਲਈ ਅੱਗੇ ਹੱਥ ਜੋੜ ਕੇ ਬੈਠੇ ਸਨ, "ਐਤਕੀਂ ਵੋਟ ਕਿਹਨੂੰ ਪਾਈਏ?" ਧਰਮ ਪਸਰ ਤਾਂ ਰਿਹਾ ਹੈ ਪਰ ਰੱਬ ਤੋਂ ਲੋਕਾਂ ਦਾ ਵਿਸ਼ਵਾਸ ਉਠ ਰਿਹਾ ਹੈ। ਸੀਰੀਆ 'ਚ ਧਰਮ ਦੇ ਨਾਂ 'ਤੇ ਖੂਨ ਕਿਵੇਂ ਡੁੱਲ੍ਹ ਰਿਹਾ ਹੈ? ਆਈ. ਐਸ. ਕੀ ਕਰ ਰਹੀ ਹੈ? ਇਰਾਕ 'ਚ ਕੀ ਹੋ ਕੇ ਹਟਿਆ ਹੈ? ਪੂਰੀ ਦੁਨੀਆਂ 'ਚ ਧਰਮ ਦੇ ਪੈਰੋਕਾਰ ਗੋਲੀਆਂ ਨਾਲ ਨਿਹੱਥੇ ਲੋਕਾਂ ਨੂੰ ਭੁੰਨ ਰਹੇ ਹਨ, ਬਾਰੂਦ ਦੇ ਢੇਰ 'ਤੇ ਬੈਠਾ ਵਿਸ਼ਵ ਵਿਗਿਆਨਕ ਯੁੱਗ 'ਚ ਵੀ ਕਹਿਣ ਲੱਗ ਪਿਆ ਹੈ, "ਹੁਣ ਤਾਂ ਰੱਬ ਹੀ ਰਾਖਾ!" ਸਰਕਾਰਾਂ ਪਰਜਾ ਨੂੰ ਤੀਰਥ ਯਾਤਰਾਵਾਂ ਤਾਂ ਕਰਵਾਉਣ ਲੱਗ ਪਈਆਂ ਹਨ ਕਿ ਸਾਡੇ ਹੱਥ ਖੜੇ ਨੇ, ਦੁੱਖ ਰੱਬ ਨੂੰ ਹੀ ਦੱਸੋ। ਹਾਲੇ ਕਲਯੁਗ ਹੋਰ ਫੈਲੇਗਾ? ਜੇ 'ਹਾਂ' 'ਚ ਉਤਰ ਹੈ ਤਾਂ 'ਨਾਂਹ' ਰੱਬ ਦੇ ਇਸ ਵਰਤਾਰੇ 'ਤੇ ਵੀ ਨਹੀਂ ਕਰ ਸਕੋਗੇ!*

"ਨੀਂ ਰੱਖੀਏ ਅਹੁ ਵੇਖ ਲਾਲਿਆਂ ਦੀ ਸ਼ਕੁੰਤਲਾ ਸਵਰਗ 'ਚ ਘੁੰਮਦੀ ਆ।"

"ਨੀ ਭਜਨੀਏ ਇੱਥੇ ਵੀ ਨ੍ਹੇਰ ਆਇਆ ਪਿਆ, ਧਰਤੀ 'ਤੇ ਇਨ੍ਹਾਂ ਕੋਈ ਚੰਗਾ ਕੰਮ ਨ੍ਹੀਂ ਕੀਤਾ, ਸੁੱਖ ਸਾਰੇ ਮਾਣੇ ਤੇ ਚੌੜੀ ਹੋ ਕੇ ਸਵਰਗ 'ਚ ਵੇਖ ਕਿੱਦਾਂ ਥਾਣੇਦਾਰ ਵਾਂਗੂ ਗੇੜੇ ਮਾਰਦੀ ਫਿਰਦੀ ਆ?"

"ਅੱਗ ਲੱਗਣੀ ਨੇ ਰੱਬ ਦਾ ਵੀ ਮੂੰਹ ਬੰਦ ਕਰ ਦਿੱਤਾ ਹੋਣੈ।"

"ਆਹੋ ਜਾਂ ਪੈਸਿਆਂ ਨਾਲ ਜੇਬ ਭਰ ਦਿੱਤੀ ਹੋਣੀ ਐ। ਸੁਨੱਖੀ ਹੇਠਾਂ ਵੀ ਬਥੇਰੀ ਸੀ, ਨਿੱਖਰੀ ਹੁਣ ਵੀ ਫਿਰਦੀ ਐ, ਇੱਥੇ ਵੀ ਕੋਈ ਘਾਲਾ ਮਾਲਾ ਈ ਲੱਗਦੈ।"

"ਅਸੀਂ ਦੁਖੀ ਆਈਆਂ, ਇਥੇ ਵੀ ਨਰਕ 'ਚ ਤੁੰਨ'ਤਾ। ਅਹੁ ਵੇਖ ਰੱਬ ਨੇ ਕਚਹਿਰੀ ਲਾਈ ਹੋਈ ਐ, ਸ਼ਿਕਾਇਤਾਂ ਸੁਣਦੈ ਘੁੱਗੂ ਜਿਹਾ ਬਣ ਕੇ, ਚੱਲ ਆਪਾਂ ਵੀ ਪਿੱਟ ਸਿਆਪਾ ਕਰੀਏ।"

"ਨ੍ਹੀ ਰੱਬ ਨੂੰ ਕਾਹਨੂੰ ਏਦਾਂ ਬੋਲਦੀ ਐਂ, ਫਿਰ ਵੀ ਇਨਸਾਫ ਦਾ ਬਾਦਸ਼ਾਹ ਹੈ।"

"ਸੁਆਹ ਬਾਦਸ਼ਾਹ! ਅਸੀਂ ਹੇਠਾਂ ਕੀ ਕਰ ਦਿੱਤਾ ਜਿਹੜਾ ਉਪਰ ਸਾਨੂੰ ਆਉਂਦੀਆਂ ਨੂੰ ਫਿਰ ਨਰਕ ਵਿਚ ਦੁੱਖ ਝੱਲਣ ਲਈ ਬਿਠਾ ਦਿੱਤਾ।"

ਤੇ ਦੋਵੇਂ ਜਣੀਆਂ ਰੱਬ ਦੀ ਕਚਹਿਰੀ 'ਚ ਜਾ ਖੜੀਆਂ ਹੋਈਆਂ। ਰੱਬ ਗੁੱਸੇ 'ਚ ਬੋਲਿਆ, "ਤੁਸੀਂ ਕੌਣ ਹੋ? ਇੱਥੇ ਕਿੱਦਾਂ ਆਈਆਂ?"

"ਮੇਰਾ ਨਾਂ ਭਜਨੀ ਐ।"

"ਮੇਰਾ ਨਾਂ ਰੱਖੀ ਐ।"

"ਨਾ ਕੋਈ ਸਲਾਮ, ਨਾ ਕੋਈ ਦੁਆ, ਤੁਹਾਨੂੰ ਪਤਾ ਨਹੀਂ ਇਹ ਰੱਬ ਦੀ ਕਚਹਿਰੀ ਐ?"

"ਪਤਾ ਐ ਕਿ ਰੱਬ ਦੀ ਕਚਹਿਰੀ ਐ, ਕੋਈ ਸੰਗਤ ਦਰਸ਼ਨ ਤਾਂ ਨਹੀਂ? ਨਾਲੇ ਥੱਲੇ ਵੀ ਨਰਕ ਭੋਗਦੀਆਂ ਆਈਆਂ, ਹੁਣ ਵੀ ਸਿੱਧੀਆਂ ਨਰਕ 'ਚ, ਸਾਡਾ ਕੀ ਵਿਗਾੜ ਲਏਂਗਾ, ਨਰਕ ਤੋਂ ਪਰ੍ਹੇ ਤਾਂ ਕੁਝ ਨ੍ਹੀਂ?"

"ਚੱਲ ਗੱਲ ਦੱਸੋ ਕੀ ਐ?"

ਭਜਨੀ ਹੋ ਗਈ ਸ਼ੁਰੂ, "ਮੇਰੇ ਘਰ ਵਾਲੇ ਦਾ ਨਾਮ ਫੱਕਰ ਸਿਹੁੰ ਸੀ, ਸੁਭਾਅ ਵੀ ਫੱਕਰਾਂ ਵਰਗਾ ਤੇ ਕੰਮ ਵੀ ਫੱਕਰਾਂ ਵਾਲੇ ਕਰਦਾ ਸੀ। ਮਰ ਗਿਆ ਤੇਰਾ ਸਤਾਇਆ।"

"ਥੋੜਾ ਚੱਜ ਨਾਲ ਬੋਲ, ਮੇਰੀ ਤੱਕੜੀ ਤੇਰਾਂ ਤੇਰਾਂ ਤੋਲਦੀ ਐ।"

"ਪਾਂਸਕ ਪਈ ਐ ਤੇਰੀ ਤੱਕੜੀ 'ਚ, ਨਹੀਂ ਤੋਲਦੀ ਤੇਰਾਂ ਤੇਰਾਂ, ਸੌਦਾ ਘੱਟ 'ਤੇ ਵੱਟੇ ਵੱਧ ਪਾਈ ਫਿਰਦਾਂ, ਵੱਡਾ ਰੱਬ ਬਣਕੇ ਬੈਠਾਂ ਏਥੇ।"

"ਹੱਦ ਹੋ ਗਈ! ਪਹਿਲੀ ਵਾਰ ਜਨਾਨੀ ਵੇਖੀ ਏਦਾਂ ਬੋਲਦੀ।"

"ਹੈਹਾ ਰੱਬਾ! ਤੇਰਾ ਕੱਖ ਨਾ ਰਹੇ, ਤੂੰ ਵੀ ਏਥੇ ਤੀਵੀਆਂ ਤੇ ਬੰਦਿਆਂ 'ਚ ਫਰਕ ਪਾਈ ਬੈਠਾਂ? ਭਰੀ ਪਈ ਆਂ, ਬੋਲਾਂ ਨਾ ਤਾਂ ਕੀ ਕਰਾਂ?"

"ਤੂੰ ਗੱਲ ਦੱਸ ਕੀ ਐ?"

"ਸੁਣ ਫਿਰ। ਮੇਰੇ ਸਹੁਰੇ ਦੇ ਕਿੱਲੇ ਸੀਗੇ ਬਾਰਾਂ। ਚਾਰ ਸੀ ਉਹਦੇ ਪੁੱਤ। ਜ਼ਮੀਨ ਵੰਡੀ ਗਈ। 3 ਕਿੱਲੇ ਮੇਰੇ ਘਰ ਵਾਲੇ ਫੱਕਰ ਸਿਹੁੰ ਨੂੰ ਆਏ। ਬੜੀ ਸੋਹਣੀ ਜ਼ਿੰਦਗੀ ਚੱਲ ਰਹੀ ਸੀ। ਕਦੀ ਸਬਜ਼ੀ ਬੀਜ ਲਈ, ਕਦੇ ਕੁਝ ਬੀਜ ਲਿਆ, ਕਦੇ ਕੁਝ।"

"ਫਿਰ ਹੋਇਆ ਕੀ ਸੀ?"

"ਦੋ ਸਾਲ ਪਹਿਲਾਂ ਨਰਮਾ ਬੀਜ ਲਿਆ। ਤੇਰਾ ਪਾਲਤੂ ਕੁੱਤਿਆਂ ਵਾਂਗੂ ਪਾਲਿਆ ਮੱਛਰ ਗਰਮੀਆਂ 'ਚ ਤਾਂ ਸਾਰਿਆਂ ਨੂੰ ਵੱਢ ਵੱਢ ਖਾਂਦਾ ਹੀ ਸੀ, ਇਕ ਨਵੇਂ ਰੰਗ ਦਾ ਤੂੰ ਹੋਰ ਮੱਛਰ ਪੈਦਾ ਕਰ'ਤਾ।"

"ਕਿਹੜਾ? ਮੇਰੇ ਤਾਂ ਧਿਆਨ 'ਚ ਨ੍ਹੀਂ।"

"ਉਹ ਰੱਬਾ ਭੋਲਾ ਨਾ ਬਣ! ਚਿੱਟਾ ਮੱਛਰ! ਘਰ ਘਰ ਪੁੱਛ ਜ਼ਿਮੀਂਦਾਰਾਂ ਨੂੰ, ਚਿੱਟਾ ਮੱਛਰ ਕਹਿੰਦੇ ਕੀਹਨੂੰ ਆ? ਤੂੰ ਕਹਿੰਨੈ ਮੈਨੂੰ ਪਤਾ ਨ੍ਹੀਂ। ਪਹਿਲਾ ਮੱਛਰ ਸਾਨੂੰ ਖਾਂਦਾ ਸੀ ਤੇ ਇਹ ਚਿੱਟਾ ਮੱਛਰ ਸਾਡਾ ਨਰਮਾ ਖਾ ਗਿਆ। ਹੇਠਾਂ ਵੱਡਿਆਂ ਦੇ ਤਾਂ ਦੋਵੇਂ ਹੱਥਾਂ 'ਚ ਲੱਡੂ ਫੜਾਏ ਹੋਏ ਆ ਤੇ ਆਪਣੇ ਹੱਥ ਜ਼ੁਲਮ ਦੀ ਤਲਵਾਰ ਫੜੀ ਬੈਠਾਂ।"

"ਡੀ ਡੀ ਟੀ ਛਿੜਕਾ ਕੇ ਦੂਜਾ ਮੱਛਰ ਮਰ ਜਾਂਦਾ, ਇਹ ਨ੍ਹੀਂ ਮਾਰ ਹੋਇਆ?"

"ਡੀ ਡੀ ਟੀ ਦਾ ਨ੍ਹੀਂ ਮੈਨੂੰ ਪਤਾ। ਪਰ ਬਹਿ ਗਿਆ ਬੇੜਾ ਚਿੱਟੇ ਝੱਗੇ ਵਾਲੇ ਦਾ, ਲੀਡਰ ਬਣੀ ਫਿਰਦਾ ਸੀ, ਬਥੇਰੀ ਦਵਾਈ ਛਿੜਕਾਈ, ਹਾਏ ਓਏ ਰੱਬਾ ਦਵਾਈ ਨਕਲੀ ਨਿੱਕਲੀ! ਤੂੰ ਚੜ੍ਹਾਉਂਦਾਂ ਨਿੰਮ 'ਤੇ ਕਰੇਲੇ, ਚਿੱਟੇ ਮੱਛਰ ਪੈਦਾ ਕਰਦਾਂ, ਉਪਰੋਂ ਲੀਡਰਾਂ ਦੀ ਮਦਾਦ ਕਰਦਾਂ ਤੇ ਸਾਨੂੰ ਚੁੱਕ ਕੇ ਨਰਕ 'ਚ ਸੁੱਟਦੈਂ।"

"ਚੱਲ ਜੇ ਨਰਮਾ ਮਰ ਗਿਆ ਤਾਂ ਫੱਕਰ ਸਿੰਘ ਕਾਹਤੋਂ ਮਰ ਗਿਆ?"

"ਬੱਲੇ ਓ ਭੋਲਿਆ ਪੰਛੀਆ। ਮਾਰ ਕੇ ਪੁੱਛਦਾਂ ਏ, ਸੱਟਾਂ ਕਿੱਥੇ ਕਿੱਥੇ ਲੱਗੀਆਂ? ਜਦ ਨਰਮਾ ਈ ਮਰ ਗਿਆ ਤਾਂ ਬੈਂਕ ਤੋਂ ਲਿਆ ਕਰਜ਼ਾ ਮੋੜ ਨਾ ਹੋਇਆ, ਮਹਿੰਗੀਆਂ ਦਵਾਈਆਂ ਨੇ ਖ਼ੂਨ ਪੀ ਲਿਆ, ਦੱਸ ਫੱਕਰ ਸਿਹੁੰ ਕੀ ਕਰਦਾ?"

"ਕੀ ਕੀਤਾ ਓਹਨੇ?"

"ਤੜਕੇ ਖੇਤਾਂ 'ਚ ਕਿੱਕਰ ਨਾਲ ਤੋਰੀ ਵਾਂਗ ਲਮਕਦਾ ਵੇਖਿਆ, ਉਜੜ ਗਿਆ ਸਾਡਾ ਘਰ। ਬਣੀ ਬੈਠਾ ਵੱਡਾ ਰੱਬ! ਸੁਣਦਾ ਨ੍ਹੀਂ ਗਰੀਬਾਂ ਦੀ, ਸਾਡੀ ਵਾਰ ਨੂੰ ਤੇਰੇ ਕੰਨ ਬੋਲੇ ਆ?"

"ਨਾ ਮਰਿਆ ਕਾਹਤੋਂ?"

"ਤੇਰੇ ਜਣਦੇ ਬੈਂਕ ਆਲੇ ਤੰਗ ਕਰਦੇ ਸੀ। ਦੇਹ ਗੱਡੀ 'ਤੇ ਗੱਡੀ, ਖਾਕੀ ਵਰਦੀਆਂ ਵਾਲੇ ਨਾਲ, ਕਹਿੰਦੇ ਚੁੱਕ ਲੈਣਾ, ਉਨ੍ਹਾਂ ਦੇ ਚੁੱਕਣ ਤੋਂ ਡਰਦਾ ਸੀ ਤੈਂ ਹੀ ਚੁੱਕ ਲਿਆ। ਆਂਹਦਾ ਕਿੱਦਾਂ ਮਰ ਗਿਆ? ਰੱਬਾ ਜੇ ਤੇਰਾ ਕੋਈ ਪੁੱਤ ਏਦਾਂ ਮਰੇ, ਫੇਰ ਤੈਨੂੰ ਪਤਾ ਲੱਗੇ ਕਿ ਜ਼ਿਮੀਦਾਰ ਮਰਦੇ ਕਿੱਦਾਂ ਆ? ਭਲਾ ਜਿਹਦੇ ਸਿਰ ਦਾ ਸਾਈਂ ਦੁਖੀ ਹੋ ਕੇ 50-60 ਸਾਲ ਦੀ ਉਮਰੇ ਮਰ ਜਾਏ, ਉਹਦੇ ਜਿਊਣ ਦਾ ਕੋਈ ਹੱਜ ਹੈ? ਹਉਕਿਆਂ 'ਚ ਮਹੀਨੇ ਕੁ ਬਾਅਦ ਮੇਰੀਆਂ ਅੱਖਾਂ ਮੀਚ ਹੋ ਗਈਆਂ ਤੇ ਹੋ ਗਈ ਤੈਨੂੰ ਪਿਆਰੀ। ਹੇਠਾਂ ਉਤਰ ਫਿਰ ਤੈਨੂੰ ਪਤਾ ਲੱਗੇ ਕਿ ਜ਼ਿਮੀਂਦਾਰਾਂ ਨਾਲ ਹੁੰਦੀ ਕੀ ਕੀ ਐ? ਦੋ ਬਲੂੰਗੜਿਆਂ ਵਰਗੇ ਪੁੱਤ ਛੱਡ ਆਈ ਆਂ। ਤੂੰ ਹੀ ਜਾਣੇਂ ਉਨ੍ਹਾਂ ਦਾ ਕੀ ਬਣੂੰ?"

"ਚੱਲ ਹੁਣ ਚੁੱਪ ਕਰ ਰੱਖੀ ਦੀ ਗੱਲ ਸੁਣ ਲੈਣ ਦੇ ਮੈਨੂੰ।"

"ਹਾਂ ਤੂੰ ਦੱਸ ਰੱਖੀਏ, ਤੇਰਾ ਕੀ ਦੁਖਦਾ?"

"ਰੱਬਾ ਸਿਰ ਵੀ ਦੁਖਦਾ, ਢਿੱਡ ਵੀ ਦੁਖਦਾ, ਲੁੱਟ ਕੇ ਲਿਆਇਆਂ ਮੈਨੂੰ।"

"ਮੈਂ ਕਿੱਦਾਂ ਲੁੱਟਿਆ?"

"ਸੁਣ ਫਿਰ, ਮੇਰਾ ਪਤੀ ਸੀ ਗਿਆਨ ਚੰਦ, ਸ਼ਰੀਫ, ਸਿੱਧਾ ਸਾਦਾ ਬੰਦਾ, ਦਿਹਾੜੀਆਂ ਕਰਦਾ।"

"ਰੋਟੀ ਨ੍ਹੀਂ ਮਿਲਦੀ ਸੀ ਫਿਰ?"

"ਰੋਟੀ ਮਿਲਦੀ ਹੁੰਦੀ ਤਾਂ ਤੇਰੇ ਸਾਹਮਣੇ ਅੱਜ ਸਿਆਪਾ ਨਾ ਕਰਦੀ।"

"ਪਾਪੀਆ, ਦਿਹਾੜੀ ਕਰ ਕਰ ਧੀ ਪਾਲੀ, ਪੁੱਤ ਪਾਲਿਆ, ਸੌ ਰੁਪਏ ਦਿਹਾੜੀ ਨਾਲ ਤਾਂ ਰੋਟੀ ਨਹੀਂ ਚੱਲਦੀ ਸੀ, ਸੁਸਾਇਟੀ ਤੋਂ ਕਰਜ਼ਾ ਚੁੱਕਿਆ, ਫਿਰ ਧੀ ਵਿਆਹੀ, ਤੇਰਾ ਬਹਿ ਗਿਆ ਬੇੜਾ, ਜਿਹੜਾ ਜੁਆਈ ਟੱਕਰਿਆ ਉਹ ਚਿੱਟਾ ਪੀਵੇ।"

"ਭਜਨੀ ਤਾਂ ਚਿੱਟੇ ਮੱਛਰ ਦੀ ਗੱਲ ਕਰਦੀ ਸੀ, ਇਹ ਹੋਰ ਚਿੱਟਾ ਕੀ ਐ?"

"ਲੈ ਜਿੱਦਾਂ ਕਿਤੇ ਪਤਾ ਈ ਨ੍ਹੀਂ ਹੁੰਦਾ? ਹੇਠਾਂ ਚੱਲ ਕੇ ਤਾਂ ਵੇਖ, ਤੇਰਾ ਨਾਂ ਕੋਈ ਨ੍ਹੀਂ ਲੈਂਦਾ, ਚਿੱਟਾ ਈ ਚਿੱਟਾ ਹੋਈ ਪਈ ਐ। ਚਿੱਟੇ ਲੀੜਿਆਂ ਵਾਲੇ ਚਿੱਟਾ ਵੇਚਦੇ ਆ। ਕੋਠੇ ਜਿੱਡਾ ਮੇਰਾ ਜੁਆਈ ਚਿੱਟਾ ਪੀ ਕੇ ਮਰ ਗਿਆ, ਧੀ ਦੇ ਸਿਰ 'ਤੇ ਤੈਂ ਚਿੱਟੀ ਚੁੰਨੀ ਦੇ'ਤੀ, ਅੱਗ ਲੱਗਣਾ ਜੁਆਈ ਮੇਰੇ ਪੁੱਤ ਨੂੰ ਚਿੱਟਾ ਪੀਣ ਲਾ ਗਿਆ, ਸੌ ਡੂਢ ਸੌ ਰੁਪਿਆ ਦਿਹਾੜੀ, 7-8 ਸੌ ਦਾ ਰੋਜ਼ ਚਿੱਟਾ ਪੀਣ ਲੱਗ ਪਿਆ। ਤੂੰ ਦੱਸ ਫਿਰ ਗਿਆਨ ਚੰਦ ਕੀ ਕਰਦਾ?"

"ਕੀ ਕੀਤਾ ਫਿਰ ਓਹਨੇ?"

"ਕਰਨਾ ਕੀ ਸੀ? ਉਹਨੇ ਵੀ ਲੈ ਲਿਆ ਚਿੱਟਾ ਕੱਫਣ। ਸਲਫਾਸ ਖਾ ਲਈ ਤੇ ਪਾਪੀਆ ਜਿਹੜੀ ਇਕ ਗੋਲੀ ਬਚਦੀ ਸੀ ਉਹ ਮੈਂ ਖਾ ਕੇ ਆ ਗਈ ਹਾਂ ਤੇਰੇ ਕੋਲ।"

"ਤੇਰੇ ਪੁੱਤ ਦਾ ਕੀ ਬਣੇਗਾ, 'ਕੱਲਾ ਰਹਿ ਗਿਆ?"

"ਜਿੱਦਾਂ ਕਿਤੇ ਤੈਨੂੰ ਮੇਰੇ ਪੁੱਤ ਦਾ ਬਹੁਤ ਫਿਕਰ ਹੁੰਦਾ ਐ। ਮੈਂ 'ਕੱਲੀ ਮਾਂ ਨਹੀਂ, ਕਿਤੇ ਪੌੜੀਆਂ ਲਾ ਕੇ ਹੇਠਾਂ ਤਾਂ ਉਤਰ, ਘਰ ਘਰ ਮਾਂਵਾਂ ਚਿੱਟੇ ਦਾ ਪਿਛੋਂ, ਪਹਿਲਾਂ ਤੇਰਾ ਸਿਆਪਾ ਕਰਦੀਆਂ। ਕਰ ਲੈ ਪੁੱਤਾਂ ਦਾ ਖਿਆਲ ਜੇ ਆਪਣੀ ਗੱਦੀ ਬਚਾਉਣੀ ਆ।"

"ਅੱਛਾ! ਏਨਾ ਨ੍ਹੇਰ ਪਿਆ ਹੋਇਐ।"

"ਤੈਂ ਪਾਇਆ ਰੱਬਾ, ਤੈਂ ਪਾਇਆ।"

"ਮੈਂ ਕਿੱਦਾਂ ਪਾਇਆ?"

"ਐਥੇ ਕਿਹੜਾ ਤੂੰ ਕੋਈ ਫਰਕ ਨਹੀਂ ਪਾਇਆ? ਹਾਅ ਜਿਹੜੀ ਲਾਲਿਆਂ ਦੀ ਸ਼ਕੁੰਤਲਾ ਤੁਰੀ ਫਿਰਦੀ ਐ। ਇਹਨੇ ਹੇਠਾਂ ਏਦਾਂ ਦਾ ਕੀ ਕੰਮ ਕੀਤਾ ਜਿਹਨੂੰ ਤੂੰ ਸਵਰਗ 'ਚ ਰੱਖਿਐ।"

"ਕਰਾਉਨਾਂ ਚੈਕ ਮੈਂ ਇਹਦਾ ਰਿਕਾਰਡ।"

"ਤੈਂ ਕੀ ਕਰਾਉਣਾ, ਮੈਂ ਦੱਸਦੀ ਆਂ। ਇਹਦੇ ਸਹੁਰੇ ਦਾ ਨਾਂ ਸੀ ਭਗਵਾਨ ਦਾਸ। ਪਿੰਡ 'ਚ ਕਰਿਆਨੇ ਦੀ ਟੁੱਟੀ ਜਿਹੀ ਦੁਕਾਨ ਕਰਦਾ ਸੀ। ਉਹਦਾ ਸੀ ਇਕ ਮੁੰਡਾ ਪਿਆਰੇ ਲਾਲ। ਉਹਨੇ ਸ਼ਹਿਰ 'ਚ ਆੜ੍ਹਤ ਦੀ ਦੁਕਾਨ ਪਾ ਲਈ। ਜ਼ਿਮੀਂਦਾਰ ਲੁੱਟ ਲੁੱਟ ਖਾਧੇ, ਫੁੱਟਬਾਲ ਵਰਗੀ ਗੋਗੜ ਸੀ ਉਹਦੀ। ਮੂਲ ਰੁਪਿਆ ਹੁੰਦਾ, ਵਿਆਜ ਪਾ ਕੇ 3-3 ਵਸੂਲ ਕਰਦਾ। ਐਂ ਫੈਲਿਆ ਕਤੀਰੇ ਗੂੰਦ ਵਾਂਗੂ। ਪਿਆਰੇ ਲਾਲ ਨੇ ਤਿੰਨ ਜੰਮੇ, ਇਕ ਐਮ ਐਲ ਏ ਆ, ਦੂਜਾ ਚੇਅਰਮੈਨ, ਤੀਜਾ ਰਿਸ਼ਵਤ ਦੇ ਕੇ ਕਾਨੂੰਗੋ ਲਾ ਲਿਆ। ਆਪ ਆੜ੍ਹਤ 'ਚ ਲੁੱਟਦੈ ਜ਼ਿਮੀਂਦਾਰਾਂ ਨੂੰ ਤੇ ਕਾਨੂੰਗੋ ਜ਼ਿਮੀਂਦਾਰਾਂ ਤੋਂ ਇੰਤਕਾਲ ਕਰਵਾਉਣ ਤੇ ਫਰਦਾਂ ਬਣਾਉਣ ਦੇ ਪੈਸੇ ਲੈਂਦਾ। ਹਾਅ ਜਿਹੜੀ ਸ਼ਕੁੰਤਲਾ, ਇਹ ਪੁਆੜੇ ਦੀ ਜੜ੍ਹ। ਗਰੀਬ ਨੂੰ ਘਰ ਨਾ ਵੜਨ ਦਿੰਦੀ ਅਖੇ ਅਸੀਂ ਭਿੱਟੇ ਜਾਵਾਂਗੇ। ਇਹ ਜਾਤ-ਪਾਤ ਦੇ ਵਾਜੇ ਵਜਾ ਕੇ ਆਈ ਆ, ਇਹ ਸਵਰਗ ਵਿਚ ਕਿੱਦਾਂ ਬੈਠੀ ਆ।"

"ਮੈਂ ਪੁੱਛਿਆ ਸੀ ਆਪਣੇ ਪੀ ਏ ਨੂੰ ਕਿ ਇਹਨੂੰ ਸਵਰਗ ਕਿੱਦਾਂ ਅਲਾਟ ਕੀਤਾ? ਉਹ ਆਂਹਦਾ ਇਹ ਰੋਜ਼ ਗਊ ਨੂੰ ਪੇੜਾ ਦਿੰਦੀ ਸੀ।"

ਤੇ ਮਾਰੀ ਰੱਖੀ ਨੇ ਪੱਟਾਂ 'ਤੇ ਦੁਹੱਥੜੀ, "ਓਹ ਰੱਬਾ! ਤੂੰ ਅੰਨਾ ਹੋ ਗਿਐਂ, ਤੈਨੂੰ ਖਰੇ ਖੋਟੇ ਦਾ ਕੋਈ ਫਰਕ ਨਹੀਂ ਪਤਾ? ਇਹ ਸਾਰੇ ਪਾਪ ਗਾਂ ਨੂੰ ਪੇੜਾ ਦੇਣ ਨਾਲ ਧੋਤੇ ਗਏ? ਜੇ ਤੂੰ ਸੱਚੀਂ ਰੱਬ ਐਂ ਤਾਂ ਹੇਠਾਂ ਦੀਆਂ ਖਬਰਾਂ ਵੇਖ, ਇਹ ਗਊ ਰਾਖੇ ਗਰੀਬਾਂ ਨਾਲ ਕਰ ਕੀ ਰਹੇ ਆ? ਇਹ ਪੇੜਿਆਂ ਦੇ ਪੁਆੜੇ ਤੇਰੇ ਦਰਬਾਰ 'ਚ ਵੀ ਪਏ ਹੋਏ ਆ।"

"ਚੱਲ ਤੁਸੀਂ ਖਫਾ ਨਾ ਹੋਵੋ। ਮੈਂ ਆਪਣੇ ਪੀ ਏ ਨੂੰ ਬੁਲਾਉਨਾਂ ਹੁਣੇ ਈ, ਗ੍ਰਹਿ ਮੰਤਰੀ ਨੂੰ ਵੀ। ਉਨ੍ਹਾਂ ਨੂੰ ਪੁੱਛਦਾਂ, ਇਨ੍ਹਾਂ ਬੀਬੀਆਂ ਨੂੰ ਨਰਕ ਕਿਉਂ ਦਿੱਤਾ ਤੇ ਸ਼ਕੁੰਤਲਾ ਨੂੰ ਸਵਰਗ ਕਿਉਂ?"

"ਬੱਲੇ ਓ ਤੇਰੇ! ਬੰਨ੍ਹ ਦੇ ਸਾਡੀ ਗੁੱਤ ਨਾਲ ਰਾਮ ਤੋਰੀ, ਪਾ ਲੈ ਸਾਡੇ ਅੱਖੀਂ ਘੱਟਾ, ਕੱਖ ਨ੍ਹੀਂ ਕਰਨਾ ਤੈਂ ਤੇ ਜੇ ਹੁਣ ਨਾ ਕੀਤਾ ਤਾਂ ਪਰਲੋ ਆਏਗੀ ਹੀ ਆਏਗੀ।"

"ਤੁਹਾਨੂੰ ਕਹਿ ਤਾਂ ਦਿੱਤਾ ਕਿ ਮੈਂ ਆਪਣੇ ਪੀ ਏ ਤੇ ਗ੍ਰਿਹ ਮੰਤਰੀ ਨੂੰ ਪੁੱਛਦਾਂ ਸਭ ਕੁਝ।"

"ਕੱਖ ਨ੍ਹੀਂ ਹੋਣਾ! ਕੱਖ ਨ੍ਹੀਂ ਤੈਂ ਕਰਨਾ!"

"ਇਹ ਭਜਨੀਏ, ਇਹ ਰੱਖੀਏ, ਯਕੀਨ ਕਰੋ ਮੈਂ ਫਿਰ ਵੀ ਰੱਬ ਆਂ।"

"ਤੂੰ ਕਲਯੁਗੀ ਰੱਬ ਐਂ, ਪਰਿਵਾਰ ਪਾਲਦੈਂ, ਅਖੇ ਪੀ ਏ ਨੂੰ ਪੁੱਛਦਾਂ, ਗ੍ਰਹਿ ਮੰਤਰੀ ਨੂੰ ਸੱਦਦਾਂ, ਸਾਨੂੰ ਸਭ ਪਤੈ।"

"ਰੱਬ ਦੇ ਘਰ ਦਾ ਨ੍ਹੀਂ ਕਿਸੇ ਨੂੰ ਪਤਾ! ਭੋਲੀਓ।"

"ਓਹ ਕਿੱਦਾਂ ਨ੍ਹੀਂ ਪਤਾ? ਤੇਰਾ ਪਰਦਾ ਚੁੱਕਣ ਲੱਗੀਆਂ ਅਸੀਂ। ਪੀ ਏ ਤੇਰਾ ਸਾਲਾ ਆ ਤੇ ਗ੍ਰਹਿ ਮੰਤਰੀ ਜੀਜਾ, ਤੂੰ ਨ੍ਹੀਂ ਇਨਸਾਫ ਦੇ ਸਕਦਾ। ਚੱਲ ਛੱਡ! ਸਾਨੂੰ ਤਾਂ ਨਰਕ 'ਚ ਈ ਰਹਿਣ ਦੇ, ਪਰ ਇਕ ਗੱਲ ਦਾ ਜਵਾਬ ਦੇਹ।"

"ਦੱਸੋ ਕਿਹੜੀ?"

"ਸਾਰੀ ਦੁਨੀਆਂ ਕਹਿੰਦੀ ਆ ਰੱਬ ਬੰਦਿਆਂ 'ਚ ਵਸਦੈ। ਪਰ ਹੁਣ ਨ੍ਹੀਂ ਲੱਗਦਾ।"

"ਤੁਹਾਨੂੰ ਅਕਲ ਨ੍ਹੀਂ, ਵੋਟਾਂ ਪਾਉਣ ਵੇਲੇ ਪਊਆ ਲੈ ਲੈਂਦੇ ਆ, ਭੁੱਕੀ ਲੈ ਲੈਂਦੇ ਆ, ਪੈਸੇ ਲੈ ਲੈਂਦੇ ਆ, ਤੇ ਕੁੱਟ ਖਾਵੇ ਰੱਬ। ਜਿਹੜਾ ਕਰੂ ਉਹ ਭਰੂ, ਭਰੋ ਹੁਣ।"

"ਰੱਬਾ ਜੇ ਸਾਡੇ ਤੋਂ ਈ ਵੋਟਾਂ ਪੈ ਜਾਂਦੀਆਂ, ਤੂੰ ਤਾਂ ਹਰ ਬੰਦੇ ਦੇ ਹਿਰਦੇ 'ਚ ਵਸਦੈਂ, ਇਨ੍ਹਾਂ ਲੀਡਰਾਂ ਦੇ ਈ ਕੋਈ ਮਨ ਸਮੱਤਿਆ ਪਾ ਦੇ।"

"ਜਾਓ ਬੀਬੀਓ ਚਲੇ ਜਾਓ। ਤੁਹਾਨੂੰ ਨ੍ਹੀਂ ਸਮਝ ਲੱਗਣੀ, ਕੀ ਕੀ ਦੱਸਾਂ?"

"ਖੋਲ੍ਹ ਕੇ ਦੱਸ?"

"ਅਕਲ ਦੀਓ ਅੰਨ੍ਹੀਓ, ਮੈਂ ਬੰਦਿਆਂ 'ਚ ਵਸਦਾਂ, ਲੀਡਰਾਂ 'ਚ ਨ੍ਹੀਂ।"

ਤੇ ਸੁੱਤੀ ਪਈ ਪੋਤੀ ਨੇ ਰਾਮ ਰੱਖੀ ਨੂੰ ਹਲੂਣ ਕੇ ਉਠਾ ਦਿੱਤਾ, "ਦਾਦੀ ਮਾਂ ਤਾਜ਼ੀ ਡਬਲ ਰੋਟੀ ਭਾਈ ਵੇਚਦਾ ਬਾਹਰ, ਉਹ ਲੈ ਦੇ।"

"ਅੱਗ ਲੱਗੇ ਤੇਰੀ ਡਬਲ ਰੋਟੀ ਨੂੰ, ਕਰ ਲੈਣ ਦਿੰਦੀ ਤਾਂ ਰੱਬ ਨਾਲ ਕੁਪੱਤ ਮੈਨੂੰ। ਚੱਲ ਵੱਢਾਂ ਤੇਰਾ ਵੀ ਫਾਹਾ।"

ਤੇ ਚੁੰਨੀ ਦੇ ਲੜ ਨਾਲੋਂ ਰੁਪਈਏ ਦਾ ਸਿੱਕਾ ਖੋਲ੍ਹ ਕੇ ਪੋਤੀ ਨੂੰ ਦਾਦੀ ਡਬਲ ਰੋਟੀ ਲੈ ਕੇ ਦੇਣ ਲਈ ਬਾਹਰ ਨਿਕਲੀ। ਪਹੁ ਫੁੱਟਦੀ ਨੂੰ ਗਜ਼ਾ ਕਰਨ ਵਾਲਾ ਫਕੀਰ ਗਾ ਰਿਹਾ ਸੀ:

ਜੱਗ ਵਿਚ ਰੱਬ ਨੇ ਬਣਾਏ ਬੰਦੇ ਇੱਕੋ ਜਿਹੇ
ਨੱਕ, ਕੰਨ, ਅੱਖ, ਮੁੱਖ ਇਕ ਪ੍ਰਕਾਰ ਦਾ,
ਸੂਰਜ ਨ੍ਹੀਂ ਕਹਿੰਦਾ
ਧੁੱਪੇ ਬੈਠੇ ਨਾ ਚਮਾਰ ਕੋਈ,
ਚੰਦ ਵੀ ਨ੍ਹੀਂ ਕੱਲਿਆਂ ਬ੍ਰਾਹਮਣਾ ਨੂੰ ਠਾਰ੍ਹਦਾ।
ਇਹ ਅੱਗ, ਪੌਣ, ਪਾਣੀ
ਸੁੱਖ ਦਿੰਦੇ ਸਾਰੇ ਇਕੋ ਜਿਹਾ,
ਇਹ ਧਰਤੀ ਨ੍ਹੀਂ ਕਹਿੰਦੀ
ਭਾਰ ਲੱਗੇ ਘੁਮਿਆਰ ਦਾ।
ਫਿਰ ਕਿਉਂ ਹਨੇਰ ਏਨਾ
ਆਇਆ ਏ ਜਹਾਨ ਉਤੇ,
ਬੰਦੇ ਤਾਈਂ ਬੰਦਾ ਕੁੱਤੇ ਵਾਂਗੂੰ ਦੁਰਕਾਰਦਾ।

"ਦਾਦੀ ਮਾਂ ਇਹ ਬਾਬਾ ਕਹਿੰਦਾ ਰੱਬ ਨੇ ਸਾਰੇ ਬੰਦੇ ਇੱਕੋ ਜਿਹੇ ਬਣਾਏ ਆ! ਪਰ ਤੂੰ ਕਿੰਨੀ ਸੋਹਣੀ ਆਂ, ਬਾਬਾ ਕੂਲ ਕੱਟਾ ਕਾਲਾ! ਫੇਰ ਇੱਕੋ ਜਿਹੇ ਤਾਂ ਨ੍ਹੀਂ ਹੋਏ ਨਾ?"

"ਭੋਲੀਏ ਧੀਏ, ਹਾਲੇ ਤੈਨੂੰ ਕੁਝ ਨ੍ਹੀਂ ਪਤਾ।"

"ਪਤਾ ਦਾਦੀ ਮਾਂ, ਕੱਲ੍ਹ ਮੇਰੀ ਸਕੂਲੇ ਮੈਡਮ ਵੀ ਕਹਿੰਦੀ ਸੀ, ਧਰਤੀ 'ਤੇ ਸਾਰੇ ਬੰਦੇ ਰੱਬ ਨੇ ਬਣਾਏ ਆ। ਭਲਾ ਤੈਨੂੰ ਵੀ ਰੱਬ ਨੇ ਬਣਾਇਆ!"

"ਹਾਂ! ਮੈਨੂੰ ਰੱਬ ਨੇ ਬਣਾਇਆ।"

"ਮੈਨੂੰ ਵੀ?"

"ਜਦ ਸਾਰਿਆਂ ਨੂੰ ਰੱਬ ਬਣਾਉਂਦਾ, ਤੈਨੂੰ ਵੀ ਤਾਂ ਰੱਬ ਨੇ ਈ ਬਣਾਇਆ ਆ।"

"ਪਰ ਦਾਦੀ ਮਾਂ, ਰੱਬ ਕੋਲ ਪਹਿਲਾਂ ਬੰਦੇ ਬਣਾਉਣ ਵਾਲੀਆਂ ਪੁਰਾਣੀਆਂ ਮਸ਼ੀਨਾਂ ਹੋਣੀਆਂ, ਹੁਣ ਕੰਪਿਊਟਰ ਹੋਊ ਪੱਕਾ!"

"ਨੀ ਚਲਾਕੋ, ਤੈਨੂੰ ਕਿੱਦਾਂ ਪਤਾ?"

"ਲੈ! ਪਤਾ ਕਿੱਦਾਂ ਨ੍ਹੀਂ? ਤੂੰ ਬੁੜੀ ਐਂ ਤੈਨੂੰ ਪੁਰਾਣੀ ਮਸ਼ੀਨ ਨਾਲ ਬਣਾਇਆ, ਮੈਂ ਵੇਖ ਨਿੱਕੀ ਜਿਹੀ ਬੱਚੀ ਕਿੰਨੀ ਸੋਹਣੀ, ਮੈਨੂੰ ਕੰਪਿਊਟਰ ਨਾਲ ਬਣਾਇਆ। ਤੂੰ ਬੁੱਢੀ, ਮੈਂ ਬੱਚੀ ਤੇ ਰੱਬ ਕੋਲ ਪੱਕਾ ਮੋਬਾਈਲ ਵੀ ਹੋਊ।"

"ਦਾਦੀ ਮਾਂ ਹੋਰ ਪ੍ਰੇਸ਼ਾਨ ਹੋ ਗਈ ਸੀ ਕਿ ਇਸ ਬਾਲੜੀ ਨੂੰ ਕਿਵੇਂ ਦੱਸਾਂ ਕਿ ਧੀਏ ਬੁੱਢੀ ਤੂੰ ਵੀ ਹੋਵੇਂਗੀ, ਕਦੀ ਮੈਂ ਵੀ ਤੇਰੇ ਵਰਗੀ ਸੀ। ਜਦ ਤੂੰ ਮੇਰੇ ਵਰਗੀ ਹੋਵੇਂਗੀ ਤਾਂ ਮੈਂ ਇਸ ਧਰਤੀ 'ਤੇ ਨਹੀਂ ਹੋਵਾਂਗੀ। ਇਹਨੂੰ ਕੀ ਦੱਸਾਂ ਕਿ ਰੱਬ ਕੋਲ ਕੰਪਿਊਟਰ ਹੈ ਜਾਂ ਨਹੀਂ? ਪਰ ਇਹਨੂੰ ਰੱਬ ਦੀਆਂ ਵਧੀਕੀਆਂ ਤੇ ਸ਼ੈਤਾਨੀਆਂ ਪਤਾ ਨਹੀਂ ਕਿੰਨੀਆਂ ਕੁ ਸਹਿਣੀਆਂ ਪੈਣਗੀਆਂ। ਚਲੋ ਮਾਸਟਰ ਤੇ ਮੈਡਮਾਂ ਇਹ ਤਾਂ ਹਾਲੇ ਦੱਸੀ ਜਾਂਦੇ ਨੇ ਕਿ ਰੱਬ ਬੰਦਿਆਂ 'ਚ ਵਸਦੈ, ਪਰ ਮੈਂ ਸਾਰੀ ਉਮਰ ਕਿਸੇ ਬੰਦੇ 'ਚ ਰੱਬ ਨਹੀਂ ਵੇਖਿਆ।"

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਸੱਟਾਂ ਕਿੱਦਾਂ ਲੱਗੀਆਂ ਨੇ...?*

ਚੀਕਾਂ ਮਾਰੇ ਵਿਲ੍ਹਕੇ ਪੁੰਨੂ, ਨਹੀਂ ਸੁਣਦਾ ਕੋਈ ਸ਼ੋਰ ਤੇਰਾ।
ਤੂੰ ਸੱਸੀਏ ਫਿਰ ਕਦ ਜਾਗੇਂਗੀ, ਲੁੱਟਿਆ ਗਿਆ ਭੰਬੋਰ ਤੇਰਾ।
ਕੋਈ ਮਿਰਜ਼ੇ ਦੀਆਂ ਕਾਨੀਆਂ ਏਥੇ, ਸਾਹਿਬਾਂ ਭੰਨ੍ਹਦੀ ਦੇਖੀ ਨਹੀਂ,
ਨਾ ਜੱਟਾ ਹੁਣ ਚੰਦੜਾਂ ਮੂਹਰੇ, ਚਲਣਾ ਏ ਕੋਈ ਜ਼ੋਰ ਤੇਰਾ।
ਭੁੱਖ ਦੇ ਛੈਣੇ ਘਰ ਵਿਚ ਛਣਕਣ, ਮੰਦਰੀਂ ਟੱਲ ਵਜਾਉਂਦੇ ਲੋਕ।
ਬੇਸੁਰੀਆਂ ਲਾ ਲਾ ਕੇ ਹੇਕਾਂ, ਪੱਕੇ ਰਾਗ ਸੁਣਾਉਂਦੇ ਲੋਕ।
ਡੱਬੂ ਚੜ੍ਹ ਕੇ ਕੰਧਾਂ ਉਤੇ ਬੱਕਰੇ ਰੋਜ਼ ਬੁਲਾਉਂਦੇ ਨੇ।
ਬੀਬੇ ਬੰਦਿਆਂ ਦੇ ਕਿੱਸੇ, ਹੁਣ ਜਾਨੀ ਚੋਰ ਸੁਣਾਉਂਦੇ ਨੇ।
ਦਿਨ ਛੁਪਦਾ ਤਾਂ ਗੋਤੇ ਪੈਂਦੇ, ਘਰ ਨੂੰ ਨ੍ਹੇਰ ਡਰਾਉਂਦਾ ਏ।
ਵਿਰਲੀ ਕੋਈ ਮਾਂ ਜਿਹਦਾ ਪੁੱਤ, ਜਿਵੇਂ ਤੋਰਿਆ ਆਉਂਦਾ ਏ।
ਵਿਹੜੇ ਵਿਚੋਂ ਧੁੱਪ ਗੁਆਚੀ, ਰੁੱਖਾਂ ਹੇਠਾਂ ਛਾਂ ਨਹੀਂ ਹੈ।
ਦਿਲ ਨੂੰ ਪੁੱਛੋ ਉਜੜਿਆ ਕਿਹੜਾ, ਅੱਜ ਕੱਲ੍ਹ ਸ਼ਹਿਰ ਗਰਾਂ ਨਹੀਂ ਹੈ।
ਲੋਕੀਂ ਸਮਝਣ ਲੀਡਰ ਬੋਲਣ, ਹੈ ਨਿਰੀਆਂ ਤਸਵੀਰਾਂ ਨੇ।
ਇਨ੍ਹਾਂ ਦੇ ਉਤੇ ਫੇਰ ਭਰੋਸਾ ਕਰ ਲੈਣਾ ਤਕਦੀਰਾਂ ਨੇ।
ਪੈਰ ਪੈਰ 'ਤੇ ਕੰਡੇ ਖਿਲਰੇ ਕੋਹ ਕੋਹ ਉਤੇ ਠੱਗੀਆਂ ਨੇ।
ਮਾਰ ਕੇ ਲੋਕੀਂ ਪੁੱਛਦੇ 'ਭੌਰੇ' ਸੱਟਾਂ ਕਿੱਦਾਂ ਲੱਗੀਆਂ ਨੇ?

ਗੁਰਮਤਿ ਵਿਚਾਰ

# ਵਰਤਿਆ ਪਾਪੁ ਸਭਸਿ ਜਗਿ ਮਾਂਹੀ



ਡਾ. ਗੁਰਨਾਮ ਕੌਰ, ਕੈਨੇਡਾ

ਸੁਮੇਰ ਪਰਬਤ ਤੇ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਵਾਰਤਾਲਾਪ ਜਾਰੀ ਹੈ। ਇਸ 30ਵੀਂ ਪਉੜੀ ਵਿਚ ਉਹ ਸਿੱਧਾਂ ਦੇ ਇਸ ਪ੍ਰਸ਼ਨ ਕਿ ਹੇਠਾਂ ਮਾਤ-ਲੋਕ ਅਰਥਾਤ ਮੁਲਕ ਅੰਦਰ ਕਿਸ ਤਰ੍ਹਾਂ ਚੱਲ ਰਿਹਾ ਹੈ, ਦੇ ਉਤਰ ਵਿਚ ਭਾਰਤ ਦੇ ਧਾਰਮਕ, ਸਮਾਜਕ ਅਤੇ ਰਾਜਸੀ ਹਾਲਾਤ ਦਾ ਜ਼ਿਕਰ ਜਾਰੀ ਰੱਖਦੇ ਹਨ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਗੁਰੂ ਨਾਨਕ ਸਿੱਧਾਂ ਨੂੰ ਅਕਾਲ ਪੁਰਖ ਅੱਗੇ ਅਰਦਾਸ ਦੇ ਹਵਾਲੇ ਨਾਲ ਦੱਸਦੇ ਹਨ ਕਿ ਹੇ ਦੁਨੀਆਂ ਦੇ ਮਾਲਕ! ਇਹ ਕਲਿਯੁਗ ਦਾ ਸਮਾਂ ਅਜਿਹਾ ਆਇਆ ਹੈ ਜਿਸ ਵਿਚ ਮਨੁੱਖ ਦੀ ਮਾਨਸਿਕਤਾ ਕੁੱਤੇ ਦੇ ਮੂੰਹ ਵਰਗੀ ਹੋ ਗਈ ਹੈ ਜਿਸ ਦੇ ਮੂੰਹ ਨੂੰ ਹਮੇਸ਼ਾ ਮੁਰਦੇ ਦਾ ਲਹੂ ਲੱਗਿਆ ਰਹਿੰਦਾ ਹੈ। ਭਾਵ ਜਿਸ ਦੇ ਹੱਥ ਵਿਚ ਤਾਕਤ ਹੈ ਉਹ ਮਨੁੱਖ ਬਹੁਤ ਜ਼ੁਲਮੀ ਹੋ ਗਿਆ ਹੈ। ਇਸ ਦਾ ਹਵਾਲਾ ਭਾਈ ਸਾਹਿਬ ਅਗਲੀ ਪੰਕਤੀ ਵਿਚ ਦਿੰਦੇ ਹਨ ਕਿ ਰਾਜ-ਕਰਤਾ ਦਾ ਫਰਜ਼ ਪਰਜਾ ਦੀ ਰਾਖੀ ਕਰਨਾ ਹੁੰਦਾ ਹੈ, ਪਰ ਇਸ ਕਲਿਯੁਗ ਦੇ ਸਮੇਂ ਵਿਚ ਸਭ ਕੁਝ ਉਲਟ ਹੋ ਰਿਹਾ ਹੈ ਕਿਉਂਕਿ ਰਾਜੇ ਪਰਜਾ ਤੇ ਜ਼ੁਲਮ ਕਰ ਰਹੇ ਹਨ। ਉਹ ਇੱਥੇ ਖੇਤ ਨੂੰ ਕੀਤੀ ਵਾੜ ਦਾ ਦ੍ਰਿਸ਼ਟਾਂਤ ਦਿੰਦੇ ਹਨ ਜੋ ਖੇਤ ਦੁਆਲੇ ਇਸ ਲਈ ਕੀਤੀ ਜਾਂਦੀ ਹੈ ਕਿ ਕੋਈ ਅਵਾਰਾ ਪਸ਼ੂ ਫਸਲ ਨੂੰ ਖਰਾਬ ਨਾ ਕਰ ਦੇਵੇ ਪਰ ਇਸ ਉਲਟੇ ਵਰਤਾਰੇ 'ਚ ਵਾੜ ਰਾਖੀ ਕਰਨ ਦੀ ਥਾਂ ਫਸਲ ਦੇ ਉਜਾੜੇ ਦਾ ਸਾਧਨ ਬਣ ਰਹੀ ਹੈ।

ਗੁਰੂ ਨਾਨਕ ਇਸ ਵਰਤਾਰੇ 'ਚ ਆਮ ਲੋਕਾਂ ਦਾ ਕਸੂਰ ਵੀ ਦੱਸਦੇ ਹਨ ਕਿ ਲੋਕ ਆਪਣੇ ਹੱਕ ਤੋਂ ਚੇਤੰਨ ਨਹੀਂ ਹਨ। ਗਿਆਨ ਵਿਹੂਣੀ ਪਰਜਾ ਆਪਣੇ ਹੱਕਾਂ ਤੋਂ ਅਣਜਾਣ ਹੈ, ਉਸ ਨੂੰ ਸੱਚਾਈ ਦਾ ਪਤਾ ਹੀ ਨਹੀਂ ਹੈ। ਜਦੋਂ ਕੋਈ ਮਨੁੱਖ ਸੱਚਾਈ ਤੋਂ ਅਣਜਾਣ ਹੁੰਦਾ ਹੈ ਤਾਂ ਜੋ ਦਿਖਾਈ ਦਿੰਦਾ ਹੈ, ਉਸ ਨੂੰ ਸੱਚ ਕਰਕੇ ਜਾਣਦਾ ਹੈ। ਜੇ ਅਗਿਆਨ ਹਨੇਰਾ ਹੈ, ਤਾਂ ਅਗਿਆਨੀ ਪੁਰਸ਼ ਅੰਨ੍ਹਾ ਹੈ ਕਿਉਂਕਿ ਗਿਆਨ ਦੀ ਰੌਸ਼ਨੀ ਨਾ ਹੋਣ ਕਰਕੇ ਉਸ ਨੂੰ ਸੱਚਾਈ ਸਪੱਸ਼ਟ ਨਜ਼ਰ ਨਹੀਂ ਆਉਂਦੀ। ਇਸ ਲਈ ਪਰਜਾ ਗਿਆਨ-ਵਿਹੂਣੀ ਹੋਣ ਕਰਕੇ ਅੰਨ੍ਹੀ ਹੈ ਅਤੇ ਸੱਚਾਈ ਤੋਂ ਅਣਜਾਣ ਹੋਣ ਕਰਕੇ ਝੂਠ ਹੀ ਬੋਲੀ ਜਾਂਦੀ ਹੈ।

ਅੱਗੇ ਆਪਣੀ ਵਾਰਤਾਲਾਪ ਵਿਚ ਗੁਰੂ ਨਾਨਕ ਕਥਿਤ ਗੁਰੂਆਂ ਅਰਥਾਤ ਲੋਕਾਂ ਨੂੰ ਸਿੱਖਿਆ ਦੇਣ ਵਾਲਿਆਂ ਅਤੇ ਉਨ੍ਹਾਂ ਤੋਂ ਸਿੱਖਿਆ ਲੈਣ ਵਾਲੇ ਚੇਲਿਆਂ ਦੀ ਅਸਲੀਅਤ ਦੱਸਦੇ ਹਨ। ਅਸੂਲਨ ਚੇਲੇ ਜਾਂ ਸਿਖਾਂਦਰੂ ਨੇ ਸਿੱਖਿਆ ਪ੍ਰਾਪਤ ਕਰਨ ਲਈ ਚੱਲ ਕੇ ਗੁਰੂ ਪਾਸ ਆਉਣਾ ਹੁੰਦਾ ਹੈ ਅਤੇ ਗੁਰੂ ਦੇ ਇਸ਼ਾਰਿਆਂ ਮੁਤਾਬਕ ਕਾਰਜ ਕਰਨਾ ਹੁੰਦਾ ਹੈ, ਪਰ ਇਸ ਉਲਟੇ ਵਰਤਾਰੇ ਵਿਚ, ਇਸ ਕਲਿਯੁਗ ਦੇ ਸਮੇਂ ਵਿਚ ਚੇਲੇ ਸਾਜ ਵਜਾਉਂਦੇ ਹਨ ਅਤੇ ਗੁਰੂ ਉਨ੍ਹਾਂ ਦੇ ਸਾਜਾਂ ਦੀ ਧੁਨ 'ਤੇ ਨੱਚ ਰਹੇ ਹਨ ਭਾਵ ਚੇਲਿਆਂ ਦੇ ਇਸ਼ਾਰਿਆਂ 'ਤੇ ਗੁਰੂ ਆਪਣਾ ਕਾਰਜ ਕਰ ਰਹੇ ਹਨ। ਚੇਲੇ ਗੁਰੂਆਂ ਦੇ ਦਰਵਾਜ਼ੇ 'ਤੇ ਜਾਣ ਦੀ ਥਾਂ ਆਪਣੇ ਘਰਾਂ 'ਚ ਬੈਠੇ ਹਨ ਅਤੇ ਗੁਰੂ ਆਪ ਚੱਲ ਕੇ ਉਨ੍ਹਾਂ ਦੇ ਘਰਾਂ ਜਾ ਰਹੇ ਹਨ। ਉਨ੍ਹਾਂ ਸਮਿਆਂ ਵਿਚ ਕਿਉਂਕਿ ਮੁਸਲਮਾਨ ਹਾਕਮਾਂ ਦਾ ਰਾਜ ਸੀ ਇਸ ਲਈ ਬਹੁਤੇ ਫੈਸਲੇ ਕਾਜ਼ੀਆਂ ਤੋਂ ਮਸ਼ਵਰਾ ਲੈ ਕੇ ਕੀਤੇ ਜਾਂਦੇ ਸਨ ਜਿਨ੍ਹਾਂ ਦਾ ਫਰਜ਼ ਧਾਰਮਕ ਹਸਤੀ ਹੋਣ ਕਰਕੇ ਇਨਸਾਫ ਨਾਲ ਖੜ੍ਹਨਾ ਹੁੰਦਾ ਹੈ। ਗੁਰੂ ਨਾਨਕ ਉਲਟੇ ਵਰਤਾਰੇ ਦਾ ਜ਼ਿਕਰ ਕਰਦੇ ਹਨ ਕਿ ਕਾਜ਼ੀ ਰਿਸ਼ਵਤਖੋਰ ਹੋ ਗਏ ਹਨ; ਇਸ ਲਈ ਸੱਚ ਦਾ ਸਾਥ ਦੇਣ ਦੀ ਥਾਂ ਝੂਠ ਦਾ ਸਾਥ ਦੇ ਕੇ ਗਲਤ ਫੈਸਲੇ ਕਰਦੇ ਹਨ ਤੇ ਆਪਣੇ ਅਹੁਦੇ ਤੋਂ ਨੀਵੇਂ ਗਿਰ ਰਹੇ ਹਨ। ਇਸਤਰੀ-ਪੁਰਸ਼ ਦਾ ਰਿਸ਼ਤਾ ਆਪਸੀ ਪ੍ਰੇਮ 'ਤੇ ਟਿਕਿਆ ਹੁੰਦਾ ਹੈ ਪਰ ਇਸ 'ਚ ਵੀ ਲਾਲਚ ਆ ਗਿਆ ਹੈ। ਇੰਜ ਦੁਨੀਆਂ 'ਤੇ ਚਾਰੇ ਪਾਸੇ ਪਾਪ ਤੇ ਝੂਠ ਦਾ ਬੋਲਬਾਲਾ ਹੈ:

ਕਲਿ ਆਈ ਕੁਤੇ ਮੁਹੀ  
ਖਾਜੁ ਹੋਇਆ ਮੁਰਦਾਰ ਗੁਸਾਈ।  
ਰਾਜੇ ਪਾਪੁ ਕਮਾਂਵਦੇ  
ਉਲਟੀ ਵਾੜ ਖੇਤ ਕਉ ਖਾਈ।  
ਪਰਜਾ ਅੰਧੀ ਗਿਆਨ ਬਿਨੁ  
ਕੂੜ ਕੁਸਤੁ ਮੁਖਹੁ ਆਲਾਈ।  
ਚੇਲੇ ਸਾਜ ਵਜਾਇਦੇ  
ਨਚਨਿ ਗੁਰੂ ਬਹੁਤੁ ਬਿਧਿ ਭਾਈ।  
ਚੇਲੇ ਬੈਠਨਿ ਘਰਾਂ ਵਿਚਿ  
ਗੁਰਿ ਉਠਿ ਘਰੀਂ ਤਿਨਾੜੇ ਜਾਈ।  
ਕਾਜੀ ਹੋਏ ਰਿਸਵਤੀ  
ਵਢੀ ਲੈ ਕੇ ਹਕੁ ਗਵਾਈ।  
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ  
ਆਇ ਕਿਥਾਊਂ ਜਾਈ।  
ਵਰਤਿਆ ਪਾਪੁ ਸਭਸਿ ਜਗਿ ਮਾਂਹੀ॥੩੦॥

ਪਹਿਲਾਂ ਵੀ ਇਹ ਹਵਾਲਾ ਦਿੱਤਾ ਗਿਆ ਹੈ ਕਿ ਸਿੱਖ ਚਿੰਤਨ ਅਨੁਸਾਰ ਕਲਿਯੁਗ ਸਮੇਂ ਦੀ ਕੋਈ ਖਾਸ ਵੰਡ ਨਹੀਂ ਹੈ। ਕਲਿਯੁਗ ਉਦੋਂ ਵਾਪਰਦਾ ਹੈ ਜਦੋਂ ਮਨੁੱਖ ਦਾ ਸੁਭਾਅ ਬਦੀ ਵਾਲਾ ਹੋ ਜਾਂਦਾ ਹੈ, ਜਦੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਮਨੁੱਖ ਦੇ ਸੁਭਾਅ ਵਿਚ ਭਾਰੂ ਹੋ ਜਾਂਦੀਆਂ ਹਨ। ਇਸ ਲਈ ਇਹ ਕਦੇ ਵੀ ਅਤੇ ਕਿਤੇ ਵੀ ਵਾਪਰ ਸਕਦਾ ਹੈ। ਗੁਰੂ ਨਾਨਕ ਇਸੇ ਕਿਸਮ ਦਾ ਖਿਆਲ ਆਪਣੀ ਬਾਣੀ ਵਿਚ ਵੀ ਕਈ ਥਾਂਈਂ ਪ੍ਰਗਟ ਕਰਦੇ ਹਨ ਜਿਵੇਂ 'ਸਾਰੰਗ ਕੀ ਵਾਰ ਮਹਲਾ ੪' ਦੇ ਇੱਕ ਸਲੋਕ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਲੋਕਾਂ ਦੇ ਸੁਭਾਅ ਕੁੱਤਿਆਂ ਵਰਗੇ ਹੋ ਗਏ ਹਨ ਜਿਨ੍ਹਾਂ ਨੂੰ ਹਰ ਸਮੇਂ ਖਾਣ ਦਾ ਅਤੇ ਭੌਂਕਣ ਦਾ ਸ਼ੁਦਾ ਕੁੱਦਿਆ ਰਹਿੰਦਾ ਹੈ। ਇਸੇ ਤਰ੍ਹਾਂ ਲੋਕਾਂ ਦਾ ਸੁਭਾਅ ਭੁੱਖਾ, ਬਕਵਾਸੀ ਤੇ ਕਮੀਨਾ ਹੋ ਗਿਆ ਹੈ, ਵੱਢੀ ਆਦਿ ਹਰਾਮ ਦਾ ਖਾਣਾ ਉਨ੍ਹਾਂ ਦਾ ਮਨਭਾਉਂਦਾ ਖਾਜਾ ਹੋ ਗਿਆ ਹੈ ਅਤੇ ਉਹ ਸਾਰਾ ਦਿਨ ਝੂਠ ਬੋਲਦੇ ਹਨ; ਜਿਸ ਕਰਕੇ ਧਰਮ ਤੇ ਗੁਣਾਂ ਦੀ ਵਿਚਾਰ, ਰੱਬ ਦੀ ਸਿਫਤਿ-ਸਾਲਾਹ ਮੁੱਕ ਗਈ ਹੈ। ਅਜਿਹੇ ਲੋਕਾਂ ਦੀ, ਜਦੋਂ ਤੱਕ ਉਹ ਇਸ ਧਰਤੀ 'ਤੇ ਜਿਉਂਦੇ ਹਨ, ਕੋਈ ਇੱਜ਼ਤ ਨਹੀਂ ਹੁੰਦੀ, ਕੋਈ ਸਵੈਮਾਨ ਨਹੀਂ ਹੁੰਦਾ ਅਤੇ ਮਰਨ ਪਿਛੋਂ ਵੀ ਉਨ੍ਹਾਂ ਦੀ ਮੰਦੀ ਸੋਅ ਹੀ ਯਾਦ ਕੀਤੀ ਜਾਂਦੀ ਹੈ:

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥  
ਕੂੜੁ ਬੋਲਿ ਬੋਲਿ ਭਉਕਣਾ  
ਚੂਕਾ ਧਰਮੁ ਬੀਚਾਰੁ॥  
ਜਿਨ ਜੀਵੰਦਿਆ ਪਤਿ ਨਹੀਂ  
ਮੁਇਆ ਮੰਦੀ ਸੋਇ॥ (ਪੰਨਾ ੧੨੪੨)

ਇਸੇ ਤਰ੍ਹਾਂ ਆਸਾ ਦੀ ਵਾਰ ਵਿਚ ਗੁਰੂ ਨਾਨਕ ਧਾਰਮਕ ਵਰਤਾਰੇ ਦੀ ਗੱਲ ਕਰਦੇ ਹਨ ਜਿਸ ਵਿਚ ਰਾਸਾਂ ਪਾਈਆਂ ਜਾਂਦੀਆਂ ਹਨ ਅਤੇ ਕ੍ਰਿਸ਼ਨ ਤੇ ਗੋਪੀਆਂ, ਰਾਮ ਚੰਦਰ ਅਤੇ ਸੀਤਾ ਆਦਿ ਦੇ ਸਵਾਂਗ ਰਚਾਏ ਜਾਂਦੇ ਹਨ। ਇਨ੍ਹਾਂ ਰਾਸਾਂ ਵਿਚ ਚੇਲੇ ਸਾਜ ਵਜਾਉਂਦੇ ਹਨ ਅਤੇ ਉਨ੍ਹਾਂ ਸਾਜਾਂ ਦੀ ਧੁਨ 'ਤੇ ਗੁਰੂ ਆਪਣੇ ਪੈਰ ਹਿਲਾ ਹਿਲਾ ਕੇ ਅਤੇ ਸਿਰ ਫੇਰ ਕੇ ਨੱਚਦੇ ਹਨ। ਨੱਚਣ ਨਾਲ ਧੂੜ ਉਡ ਉਡ ਕੇ ਉਨ੍ਹਾਂ ਦੇ ਸਿਰ ਵਿਚ ਪੈਂਦੀ ਹੈ ਜਿਸ ਨੂੰ ਵੇਖ ਕੇ ਲੋਕ ਘਰ ਜਾ ਕੇ ਹੱਸਦੇ ਹਨ। ਇਹ ਕੋਈ ਧਰਮ-ਕਰਮ ਨਹੀਂ ਹੈ ਬਲਕਿ ਰੋਟੀ ਰੋਜ਼ੀ ਕਮਾਉਣ ਲਈ ਸਾਰਾ ਕੁਝ ਕਰ ਰਹੇ ਹਨ, ਆਪਣੇ ਆਪ ਨੂੰ ਪਟਾਕ ਪਟਾਕ ਧਰਤੀ 'ਤੇ ਸੁੱਟਦੇ ਹਨ ਅਤੇ ਸਵਾਂਗ ਰਚਾਉਂਦੇ ਹਨ:

ਵਾਇਨਿ ਚੇਲੇ ਨਚਨਿ ਗੁਰ॥  
ਪੈਰ ਹਲਾਇਨਿ ਫੇਰਨ੍ਹਿ ਸਿਰ॥  
ਉਡਿ ਉਡਿ ਰਾਵਾ ਝਾਟੈ ਪਾਇ॥  
ਵੇਖੈ ਲੋਕੁ ਹਸੈ ਘਰਿ ਜਾਇ॥  
ਰੋਟੀਆ ਕਾਰਣਿ ਪੂਰਹਿ ਤਾਲ॥  
ਆਪੁ ਪਛਾੜਹਿ ਧਰਤੀ ਨਾਲਿ॥  
ਗਾਵਨਿ ਗੋਪੀਆ ਗਾਵਨਿ ਕਾਨ੍ਹ॥  
ਗਾਵਨਿ ਸੀਤਾ ਰਾਜੇ ਰਾਮ॥ (ਪੰਨਾ ੪੬੫)

ਇਸੇ ਤਰ੍ਹਾਂ ਗੁਰੂ ਨਾਨਕ ਰਾਗ ਧਨਾਸਰੀ ਵਿਚ ਦੱਸਦੇ ਹਨ ਕਿ ਕਾਜ਼ੀ ਜੋ ਇਕ ਪਾਸੇ ਇਸਲਾਮੀ ਧਰਮ ਦਾ ਨੇਤਾ ਹੈ ਅਤੇ ਦੂਸਰੇ ਪਾਸੇ ਉਹ ਹਾਕਮ ਵੀ ਹੈ ਕਿਉਂਕਿ ਉਸ ਦਾ ਫਰਜ਼ ਇਨਸਾਫ ਕਰਨਾ ਵੀ ਹੈ। ਪਰ ਉਹ ਕਰ ਕੀ ਰਿਹਾ ਹੈ? ਰਿਸ਼ਵਤ ਲੈ ਕੇ ਸ਼ਰਈ ਕਾਨੂੰਨ ਬਾਰੇ ਝੂਠ ਬੋਲ ਕੇ ਹਰਾਮ ਦਾ ਮਾਲ ਖਾਂਦਾ ਹੈ ਅਤੇ ਗਲਤ ਫੈਸਲੇ ਕਰਦਾ ਹੈ। ਇਸੇ ਤਰ੍ਹਾਂ ਬ੍ਰਾਹਮਣ ਕਰੋੜਾਂ ਸ਼ੂਦਰ ਕਹੇ ਜਾਣ ਵਾਲੇ ਲੋਕਾਂ ਨੂੰ ਦੁਖੀ ਕਰਦਾ ਹੈ ਅਤੇ ਫਿਰ ਤੀਰਥ ਇਸ਼ਨਾਨ ਵੀ ਕਰਦਾ ਹੈ। ਜੋਗੀ ਅੰਨ੍ਹਾ ਹੈ ਕਿਉਂਕਿ ਉਹ ਜੀਵਨ ਦੀ ਜਾਚ ਨਹੀਂ ਜਾਣਦਾ। ਇਹ ਤਿੰਨੇ ਆਪੋ ਆਪਣੀ ਕਿਸਮ ਦੇ ਧਾਰਮਕ ਆਗੂ ਹਨ, ਧਰਮ ਦੇ ਨੇਤਾ ਹਨ ਪਰ ਤਿੰਨੇ ਉਜਾੜੇ ਦਾ ਸਾਧਨ ਹਨ ਕਿਉਂਕਿ ਇਹ ਗਿਆਨ ਵਿਹੂਣੇ ਅੰਦਰੋਂ ਆਤਮਕ ਤੌਰ 'ਤੇ ਖਾਲੀ ਹਨ, ਇਨ੍ਹਾਂ ਦੇ ਅੰਦਰ ਸੁੰਞ ਵਰਤ ਰਹੀ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥  
ਬ੍ਰਾਹਮਣੁ ਨਾਵੈ ਜੀਆ ਘਾਇ॥  
ਜੋਗੀ ਜੁਗਤਿ ਨ ਜਾਣੈ ਅੰਧੁ॥  
ਤੀਨੇ ਓਜਾੜੇ ਕਾ ਬੰਧੁ॥ (ਪੰਨ ੬੬੨)

ਆਸਾ ਦੀ ਵਾਰ ਵਿਚ ਕਲਿਯੁਗ ਦੇ ਵਰਤਾਰੇ ਨੂੰ ਸਪੱਸ਼ਟ ਕਰਦੇ ਹਨ ਕਿ ਲਾਲਚ ਦੁਨੀਆਂ 'ਤੇ ਰਾਜ ਕਰ ਰਿਹਾ ਹੈ ਜਿਸ ਦਾ ਵਜ਼ੀਰ ਪਾਪ ਹੈ, ਕੂੜ ਅਰਥਾਤ ਝੂਠ ਉਸ ਦਾ ਸਿੱਕੇ ਬਣਾਉਣ ਵਾਲਾ ਸਰਦਾਰ ਹੈ। ਇਸ ਲੋਭ ਅਤੇ ਪਾਪ ਦੇ ਦਰਬਾਰ ਵਿਚ ਕਾਮ ਨਾਇਬ ਹੈ ਜਿਸ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ। ਪਰਜਾ ਅਗਿਆਨੀ ਹੋਣ ਕਰਕੇ ਅੰਨ੍ਹੀ ਹੈ ਅਤੇ ਤ੍ਰਿਸ਼ਨਾ ਦੀ ਅੱਗ ਦੀ ਚੱਟੀ ਭਰ ਰਹੀ ਹੈ, ਆਪਣੇ ਆਪ ਨੂੰ ਗਿਆਨੀ ਕਹਾਉਣ ਵਾਲੇ ਲੋਕਾਂ ਨੂੰ ਉਪਦੇਸ਼ ਕਰਨ ਵਾਲੇ ਨੱਚਦੇ ਹਨ, ਵਾਜੇ ਵਜਾਉਂਦੇ ਹਨ ਅਤੇ ਭਾਂਤ ਭਾਂਤ ਦੇ ਸਾਂਗ ਰਚਾਉਂਦੇ ਹਨ, ਸ਼ਿੰਗਾਰ ਕਰਦੇ ਤੇ ਉਚੀ ਉਚੀ ਕੂਕਦੇ ਹਨ, ਯੋਧਿਆਂ ਦੇ ਪ੍ਰਸੰਗ ਸੁਣਾਉਂਦੇ ਤੇ ਉਨ੍ਹਾਂ ਦੀ ਵਿਆਖਿਆ ਕਰਦੇ ਹਨ। ਪੜ੍ਹੇ-ਲਿਖੇ ਮੂਰਖ ਹਨ ਕਿਉਂਕਿ ਉਹ ਸਿਰਫ ਚਲਾਕੀਆਂ ਕਰਨੀਆਂ ਅਤੇ ਦਲੀਲਾਂ ਦੇਣੀਆਂ ਜਾਣਦੇ ਹਨ ਅਤੇ ਮਾਇਆ ਇਕੱਠੀ ਕਰਨ ਵਿਚ ਲੱਗੇ ਹੋਏ ਹਨ। ਜਿਹੜੇ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ ਅਤੇ ਧਰਮ ਦਾ ਕੰਮ ਕਰਦੇ ਹਨ, ਉਹ ਆਪਣੀ ਧਰਮ ਦੀ ਕਮਾਈ ਇਸ ਲਈ ਗੁਆ ਲੈਂਦੇ ਹਨ ਕਿਉਂਕਿ ਇਸ ਦੇ ਬਦਲੇ ਮੁਕਤੀ ਮੰਗਦੇ ਹਨ। ਕਈ ਆਪਣੇ ਆਪ ਨੂੰ ਜਤੀ ਅਖਵਾਉਂਦੇ ਹਨ ਪਰ ਜਤੀ ਹੋਣ ਦੀ ਜੁਗਤ ਨਹੀਂ ਜਾਣਦੇ ਅਤੇ ਘਰ-ਘਾਟ ਛੱਡ ਬੈਠਦੇ ਹਨ:

ਲਬੁ ਪਾਪੁ ਦੁਇ ਰਾਜਾ ਮਹਤਾ  
ਕੂੜੁ ਹੋਆ ਸਿਕਦਾਰੁ॥  
ਕਾਮੁ ਨੇਬੁ ਸਦਿ ਪੁਛੀਐ  
ਬਹਿ ਬਹਿ ਕਰੇ ਬੀਚਾਰੁ॥  
ਅੰਧੀ ਰਯਤਿ ਗਿਆਨ ਵਿਹੂਣੀ  
ਭਾਹਿ ਭਰੇ ਮੁਰਦਾਰੁ॥  
ਗਿਆਨੀ ਨਚਹਿ ਵਾਜੇ ਵਾਵਹਿ  
ਰੂਪ ਕਰਹਿ ਸੀਗਾਰੁ॥  
ਊਚੇ ਕੂਕਹਿ ਵਾਦਾ ਗਾਵਹਿ  
ਜੋਧਾ ਕਾ ਵੀਚਾਰੁ॥  
ਮੂਰਖ ਪੰਡਿਤ ਹਿਕਮਤਿ ਹੁਜਤਿ  
ਸੰਜੈ ਕਰਹਿ ਪਿਆਰੁ॥  
ਧਰਮੀ ਧਰਮੁ ਕਰਹਿ ਗਾਵਾਵਹਿ  
ਮੰਗਹਿ ਮੋਖ ਦੁਆਰੁ॥  
ਜਤੀ ਸਦਾਵਹਿ ਜੁਗਤਿ ਨ ਜਾਣਹਿ  
ਛਡਿ ਬਹਹਿ ਘਰ ਬਾਰੁ॥  
(ਪੰਨਾ ੪੬੮-੬੯)

ਅਗਲੀ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਫਿਰ ਸਿੱਧਾਂ ਦੇ ਮਨ ਵਿਚ ਗੁਰੂ ਨਾਨਕ ਸਾਹਿਬ ਬਾਰੇ ਇਹ ਵਿਚਾਰ ਆ ਗਿਆ ਕਿ ਕਿਸੇ ਤਰ੍ਹਾਂ ਇਹ ਨੌਜੁਆਨ ਉਨ੍ਹਾਂ ਦੇ ਯੋਗ ਮੱਤ ਵਿਚ ਆ ਜਾਵੇ, ਉਨ੍ਹਾਂ ਦੇ ਫਲਸਫੇ ਨੂੰ ਅਪਨਾ ਲਵੇ। ਉਹ ਗੁਰੂ ਨਾਨਕ ਦੀ ਵਿਚਾਰ-ਚਰਚਾ ਦਾ ਬਹੁਤ ਅਸਰ ਕਬੂਲਦੇ ਹਨ ਅਤੇ ਸੋਚਦੇ ਹਨ ਕਿ ਜੇ ਇਸ ਤਰ੍ਹਾਂ ਦਾ ਜ਼ਹੀਨ ਅਤੇ ਸਮਝਦਾਰ ਉਨ੍ਹਾਂ ਦੇ ਮੱਤ ਵਿਚ ਆ ਜਾਵੇ ਤਾਂ ਉਨ੍ਹਾਂ ਦੇ ਪੰਥ ਨੂੰ ਇਸ ਕਲਿਯੁਗ ਦੇ ਸਮੇਂ ਵਿਚ ਸਾਰੇ ਸੰਸਾਰ ਵਿਚ ਚਮਕਾ ਸਕਦਾ ਹੈ। ਗੁਰੂ ਦੀ ਪ੍ਰੀਖਿਆ ਲੈਣ ਲਈ ਇੱਕ ਨਾਥ ਨੇ ਭਿਖਿਆ ਮੰਗਣ ਵਾਲਾ ਆਪਣਾ ਖੱਪਰ ਗੁਰੂ ਨਾਨਕ ਨੂੰ ਫੜ੍ਹਾ ਕੇ ਕਿਹਾ ਕਿ ਪਾਣੀ ਲੈ ਕੇ ਆਉ ਅਤੇ ਗੁਰੂ ਨਾਨਕ ਪਾਣੀ ਲੈਣ ਚਲੇ ਗਏ। ਸਿੱਧਾਂ ਦੀ ਕਰਾਮਾਤਾਂ ਵਿਖਾਉਣ ਵਿਚ ਮਸ਼ਹੂਰੀ ਰਹੀ ਹੈ (ਬਾਬੇ ਨਾਨਕ ਦਾ ਸਥਾਪਤ ਕੀਤਾ ਧਰਮ ਕਰਾਮਾਤਾਂ ਨੂੰ 'ਅਵਰਾ ਸਾਦ' ਕਹਿੰਦਾ ਹੈ)। ਬਾਬਾ ਨਾਨਕ ਜਦੋਂ ਪਾਣੀ ਲੈਣ ਆਏ ਤਾਂ ਉਨ੍ਹਾਂ ਨੇ ਦੇਖਿਆ ਕਿ ਜਲ ਦੇ ਸਰੋਤ ਵਿਚ ਪਾਣੀ ਦੀ ਥਾਂ ਹੀਰੇ, ਰਤਨ, ਜਵਾਹਰਾਤ ਪਏ ਹਨ। ਗੁਰੂ ਜਾਣੀ ਜਾਣ ਸਨ, ਸਿੱਧਾਂ ਬਾਰੇ ਸਭ ਕੁਝ ਜਾਣਦੇ ਸਨ। ਸਤਿਗੁਰ ਨਾਨਕ ਤਾਂ ਆਪ ਅਪਹੁੰਚ ਅਤੇ ਪੂਰਨ ਪੁਰਖ ਸਨ। ਇਸ ਲਈ ਉਨ੍ਹਾਂ ਦੀ ਬਰਾਬਰੀ ਸਿੱਧ ਕਿਵੇਂ ਕਰ ਸਕਦੇ ਸੀ? ਗੁਰੂ ਦੀ ਤਾਬ ਝੱਲਣੀ ਕਿਸੇ ਵਾਸਤੇ ਵੀ ਅਸਾਨ ਨਹੀਂ ਸੀ। ਗੁਰੂ ਸਾਹਿਬ ਬਿਨਾ ਵਿਚਲਤ ਹੋਏ ਬੜੇ ਠਰੰਮੇ ਨਾਲ ਵਾਪਸ ਆ ਗਏ ਅਤੇ ਸਿੱਧਾਂ ਨੂੰ ਸਤਿਕਾਰ ਨਾਲ ਕਿਹਾ ਕਿ ਉਥੇ ਤਾਲ ਵਿਚ ਕੋਈ ਪਾਣੀ ਨਹੀਂ ਹੈ।

ਭਾਈ ਗੁਰਦਾਸ ਕਹਿੰਦੇ ਹਨ, ਇਸ ਤਰ੍ਹਾਂ ਸ਼ਬਦ ਭਾਵ ਵਿਚਾਰ-ਚਰਚਾ ਨਾਲ ਗੁਰੂ ਨਾਨਕ ਨੇ ਸਿੱਧਾਂ ਦੇ ਟੋਲੇ ਨੂੰ ਜਿੱਤ ਲਿਆ ਅਤੇ ਆਪਣਾ ਨਿਰਾਲਾ ਪੰਥ ਸਥਾਪਤ ਕੀਤਾ। ਗੁਰੂ ਨਾਨਕ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਸ ਕਲਿਯੁਗ ਦੇ ਸਮੇਂ ਵਿਚ ਯੋਗ-ਆਸਣਾਂ ਰਾਹੀਂ ਨਹੀਂ ਬਲਕਿ ਪਰਮਾਤਮਾ ਨੂੰ ਪਾਉਣ ਦਾ ਰਸਤਾ ਉਸ ਦੇ ਨਾਮ ਦਾ ਸਿਮਰਨ ਕਰਨ ਵਿਚ ਹੈ:

ਸਿਧੀ ਮਨੋ ਬੀਚਾਰਿਆ  
ਕਿਵੈ ਦਰਸਨੁ ਏ ਲੇਵੈ ਬਾਲਾ।  
ਐਸਾ ਜੋਗੀ ਕਲੀ ਮਹਿ ਹਮਰੇ  
ਪੰਥੁ ਕਰੇ ਉਜਿਆਲਾ।  
ਖਪਰੁ ਦਿਤਾ ਨਾਥ ਜੀ  
ਪਾਣੀ ਭਰਿ ਲੈਵਣਿ ਉਠਿ ਚਾਲਾ।  
ਬਾਬਾ ਆਇਆ ਪਾਣੀਐ  
ਡਿਠੇ ਰਤਨ ਜਵਾਹਰ ਲਾਲਾ।  
ਸਤਿਗੁਰ ਅਗਮ ਅਗਾਧਿ ਪੁਰਖੁ  
ਕੇਹੜਾ ਝਲੇ ਗੁਰੂ ਦੀ ਝਾਲਾ।  
ਫਿਰਿ ਆਇਆ ਗੁਰ, ਨਾਥ ਜੀ  
ਪਾਣੀ ਠਉੜ ਨਾਹੀ ਉਸਿ ਤਾਲਾ।  
ਸਬਦਿ ਜਿਤੀ ਸਿਧਿ ਮੰਡਲੀ  
ਕੀਤੋਸੁ ਅਪਣਾ ਪੰਥੁ ਨਿਰਾਲਾ।  
ਕਲਿਜੁਗਿ ਨਾਨਕ ਨਾਮੁ ਸੁਖਾਲਾ॥੩੧॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰੂ ਨਾਨਕ ਦੀ ਮੱਕੇ ਦੀ ਯਾਤਰਾ ਦਾ ਜ਼ਿਕਰ ਕਰਦੇ ਹਨ। ਗੁਰੂ ਨਾਨਕ ਦਾ ਮਕਸਦ ਲੋਕਾਂ ਨੂੰ ਕਰਾਮਾਤ ਦਿਖਾਉਣਾ ਨਹੀਂ ਬਲਕਿ ਧਰਮ ਦੀ ਅਸਲੀਅਤ ਦਾ ਗਿਆਨ ਦੇਣਾ ਸੀ। ਭਾਈ ਗੁਰਦਾਸ ਅਨੁਸਾਰ ਜਗਤ-ਬਗੀਚੇ ਦੇ ਮਾਲਕ ਗੁਰੂ ਨਾਨਕ ਨੇ ਮੱਕੇ ਜਾਣ ਦੀ ਤਿਆਰੀ ਵਿਚ ਨੀਲੇ ਰੰਗ ਦੇ ਕਪੜੇ ਪਹਿਨ ਲਏ। ਹੱਥ ਵਿਚ ਸੋਟਾ ਫੜ ਲਿਆ, ਕੱਛ ਵਿਚ ਕਿਤਾਬ ਦੇ ਲਈ ਅਤੇ ਲੋਟਾ (ਮੁਸਲਮਾਨ ਨਮਾਜ਼ ਤੋਂ ਪਹਿਲਾਂ ਵੁਜ਼ੂ ਕਰਨ ਲਈ ਰੱਖਦੇ ਹਨ), ਫੂੜੀ ਲੈ ਕੇ ਤੁਰ ਪਏ। ਬਾਬਾ ਨਾਨਕ ਜਾ ਕੇ ਮਸਜਿਦ ਵਿਚ ਬੈਠ ਗਏ ਜਿੱਥੇ ਹਾਜੀ ਹੱਜ ਗੁਜ਼ਾਰਨ ਜਾਂਦੇ ਹਨ। ਜਦੋਂ ਰਾਤ ਪਈ ਤਾਂ ਮਹਿਰਾਬ (ਮਸੀਤ ਦੀ ਉਹ ਡਾਟ ਜੋ ਖਾਨਾ ਕਾਬਾ ਵੱਲ ਹੁੰਦੀ ਹੈ) ਵੱਲ ਪੈਰ ਪਸਾਰ ਕੇ ਪੈ ਗਏ। ਜੀਵਣ ਨਾਮ ਦੇ ਕਾਜ਼ੀ ਨੇ ਲੱਤ ਦੀ ਠੋਕਰ ਮਾਰੀ ਕਿ ਕਿਹੜਾ ਕਾਫਰ ਬੇਅਦਬੀ ਕਰ ਰਿਹਾ ਹੈ ਜੋ ਮੱਕੇ ਵੱਲ ਪੈਰ ਪਸਾਰ ਕੇ ਸੁੱਤਾ ਹੈ। ਉਸ ਅਨੁਸਾਰ ਖੁਦਾ ਦੇ ਘਰ ਵੱਲ ਪੈਰ ਕਰਕੇ ਸੌਣਾ ਪਾਪ ਹੈ ਅਤੇ ਇਹ ਪਾਪ ਕੌਣ ਕਮਾ ਰਿਹਾ ਹੈ? ਆਪਣੇ ਵੱਲੋਂ ਉਸ ਨੇ ਪੈਰ ਦੂਜੇ ਪਾਸੇ ਕਰਨ ਲਈ ਬਾਬੇ ਨੂੰ ਟੰਗ ਤੋਂ ਫੜ ਕੇ ਖਿੱਚਿਆ ਅਤੇ ਉਸ ਨੂੰ ਮੱਕਾ ਘੁੰਮਦਾ ਜਾਪਿਆ ਅਰਥਾਤ ਜਿਸ ਪਾਸੇ ਉਹ ਪੈਰ ਕਰੇ ਤਾਂ ਉਸ ਨੂੰ ਮੱਕਾ ਉਸੇ ਪਾਸੇ ਵੱਲ ਘੁੰਮਦਾ ਨਜ਼ਰ ਆਵੇ। ਆਖਰ ਉਹ ਹੈਰਾਨ ਹੋ ਕੇ ਗੁਰੂ ਨਾਨਕ ਨੂੰ ਨਮਸਕਾਰ ਕਰਨ ਲੱਗਾ। ਗੁਰੂ ਨਾਨਕ ਦਾ ਮਕਸਦ ਇਥੇ ਇਹ ਸਮਝਾਉਣਾ ਸੀ ਕਿ ਖੁਦਾ ਹਰ ਥਾਂ ਵੱਸਦਾ ਹੈ, ਉਹ ਕਿਸੇ ਇੱਕ ਥਾਂ 'ਤੇ ਮਹਿਦੂਦ ਨਹੀਂ ਹੈ, ਇੱਕ ਵਿਆਪਕ ਹਸਤੀ ਹੈ:

ਬਾਬਾ ਫਿਰਿ ਮੱਕੇ ਗਇਆ  
ਨੀਲ ਬਸਤ੍ਰ ਧਾਰੇ ਬਨਵਾਰੀ।  
ਆਸਾ ਹਥਿ ਕਿਤਾਬ ਕਛਿ ਕੂਜਾ  
ਬਾਂਗ ਮੁਸੱਲਾ ਧਾਰੀ।  
ਬੈਠਾ ਜਾਇ ਮਸੀਤ ਵਿਚਿ  
ਜਿਥੈ ਹਾਜੀ ਹਜਿ ਗੁਜਾਰੀ।  
ਜਾ ਬਾਬਾ ਸੁਤਾ ਰਾਤਿ ਨੋ  
ਵਲਿ ਮਹਰਾਬੇ ਪਾਇ ਪਸਾਰੀ।  
ਜੀਵਣਿ ਮਾਰੀ ਲਤਿ ਦੀ  
ਕੇਹੜਾ ਸੁਤਾ ਕੁਫਰ ਕੁਫਾਰੀ।  
ਲਤਾ ਵਲਿ ਖੁਦਾਇ ਦੇ  
ਕਿਉ ਕਰਿ ਪਇਆ ਹੋਇ ਬਜਿਗਾਰੀ।  
ਟੰਗੋਂ ਪਕੜਿ ਘਸੀਟਿਆ  
ਫਿਰਿਆ ਮੱਕਾ ਕਲਾ ਦਿਖਾਰੀ।  
ਹੋਇ ਹੈਰਾਨੁ ਕਰੇਨਿ ਜੁਹਾਰੀ॥੩੨॥

ਗੁਰਬਾਣੀ ਗਿਆਨ

# ਭਏ ਕ੍ਰਿਪਾਲ ਗੋਵਿੰਦ ਗੁਸਾਈ

**ਮਾਝ ਮਹਲਾ ੫**

ਭਏ ਕ੍ਰਿਪਾਲ ਗੋਵਿੰਦ ਗੁਸਾਈ॥  
ਮੇਘੁ ਵਰਸੈ ਸਭਨੀ ਥਾਈ॥  
ਦੀਨ ਦਇਆਲ ਸਦਾ ਕਿਰਪਾਲਾ  
ਠਾਢਿ ਪਾਈ ਕਰਤਾਰੇ ਜੀਉ॥੧॥  
ਅਪੁਨੇ ਜੀਅ ਜੰਤ ਪ੍ਰਤਿਪਾਰੇ॥  
ਜਿਉ ਬਾਰਿਕ ਮਾਤਾ ਸੰਮਾਰੇ॥  
ਦੁਖ ਭੰਜਨ ਸੁਖ ਸਾਗਰ ਸੁਆਮੀ  
ਦੇਤ ਸਗਲ ਆਹਾਰੇ ਜੀਉ॥੨॥  
ਜਲਿ ਥਲਿ ਪੂਰਿ ਰਹਿਆ ਮਿਹਰਵਾਨਾ॥  
ਸਦ ਬਲਿਹਾਰਿ ਜਾਈਐ ਕੁਰਬਾਨਾ॥  
ਰੈਣਿ ਦਿਨਸੁ ਤਿਸੁ ਸਦਾ ਧਿਆਈ  
ਜਿ ਖਿਨ ਮਹਿ ਸਗਲ ਉਧਾਰੇ ਜੀਉ॥੩॥  
ਰਾਖਿ ਲੀਏ ਸਗਲੇ ਪ੍ਰਭਿ ਆਪੇ॥  
ਉਤਰਿ ਗਏ ਸਭ ਸੋਗ ਸੰਤਾਪੇ॥  
ਨਾਮੁ ਜਪਤ ਮਨੁ ਤਨੁ ਹਰੀਆਵਲੁ  
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ॥੪॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਜਗਤ ਦੇ ਜੀਵਾਂ ਨੂੰ ਪ੍ਰਭੂ ਪਰਮੇਸ਼ਰ ਦੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੰਦਿਆਂ ਆਖਦੇ ਹਨ- ਹੇ ਭਾਈ! ਉਹ ਪ੍ਰਭੂ ਪਿਤਾ ਇਸ ਸੰਸਾਰ ਦਾ ਮਾਲਕ ਵੀ ਤੇ ਪ੍ਰਤਿਪਾਲਕ ਵੀ ਹੈ, ਆਉ ਇਸ ਸੋਹਣੀ ਵਰਖਾ ਰੁੱਤ ਵਿਚ ਮਿਹਰਾਂ ਦੇ ਉਸ ਮਾਲਕ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ।

ਭਏ ਕ੍ਰਿਪਾਲ ਗੋਵਿੰਦ ਗੁਸਾਈ॥  
ਮੇਘੁ ਵਰਸੈ ਸਭਨੀ ਥਾਈ॥  
ਦੀਨ ਦਇਆਲ ਸਦਾ ਕਿਰਪਾਲਾ  
ਠਾਢਿ ਪਾਈ ਕਰਤਾਰੇ ਜੀਉ॥੧॥

ਸਤਿਗੁਰੂ ਪਿਤਾ ਜੀ ਆਖਦੇ ਹਨ- ਹੇ ਭਾਈ! ਜਦੋਂ ਮੇਘ ਬੱਦਲ ਚੜ੍ਹ ਕੇ ਆਉਂਦਾ ਹੈ, ਬਾਰਸ਼ ਹੁੰਦੀ ਹੈ ਤਾਂ ਉਹ ਬਾਰਸ਼ ਉਚੀਆਂ ਨੀਵੀਆਂ ਸਭ ਥਾਂਵਾਂ 'ਤੇ ਇਕ ਸਮਾਨ ਹੁੰਦੀ ਹੈ। ਮੇਘ ਬਰਸਣ ਲੱਗਾ ਉਚੇ ਨੀਵੇਂ ਥਾਂਵਾਂ ਦਾ ਭਿੰਨ-ਭੇਦ ਨਹੀਂ ਕਰਦਾ। ਇਵੇਂ ਹੀ ਉਹ ਮਿਹਰਬਾਨ ਪ੍ਰਭੂ ਵੀ ਸਭ ਜੀਵਾਂ ਉਤੇ ਇਕ ਸਮਾਨ ਹੀ ਬਖਸ਼ਿਸ਼ ਕਰਦਾ ਹੈ ਅਤੇ ਆਪਣੇ ਪਿਆਰਿਆਂ ਦੇ ਹਿਰਦਿਆਂ ਉਤੇ ਨਾਮ ਰੂਪੀ ਬੱਦਲ ਬਣ ਕੇ ਵੱਸਦਾ ਹੈ ਤੇ ਤਪਦੇ ਹਿਰਦਿਆਂ ਨੂੰ ਠੰਢ ਪਾਉਂਦਾ ਹੈ।

ਅਪੁਨੇ ਜੀਅ ਜੰਤ ਪ੍ਰਤਿਪਾਰੇ॥  
ਜਿਉ ਬਾਰਿਕ ਮਾਤਾ ਸੰਮਾਰੇ॥  
ਦੁਖ ਭੰਜਨ ਸੁਖ ਸਾਗਰ ਸੁਆਮੀ  
ਦੇਤ ਸਗਲ ਆਹਾਰੇ ਜੀਉ॥੨॥

ਹੇ ਭਾਈ! ਜਿਵੇਂ ਮਾਂ ਆਪਣੇ ਬੱਚਿਆਂ ਦੀ ਸਾਂਭ-ਸੰਭਾਲ ਕਰਦੀ ਹੈ, ਹਰ ਤਰ੍ਹਾਂ ਉਨ੍ਹਾਂ ਦਾ ਖਿਆਲ ਰੱਖਦੀ ਹੈ, ਇਵੇਂ ਹੀ ਉਹ ਮਿਹਰਬਾਨ ਪ੍ਰਭੂ ਵੀ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਪਿਆਰ ਨਾਲ ਪਾਲਣਾ ਕਰਦਾ ਹੈ ਅਤੇ ਸਭ ਨੂੰ ਖਾਣ ਨੂੰ ਦਿੰਦਾ ਹੈ। ਹੇ ਭਾਈ! ਉਹ ਪ੍ਰਭੂ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਅਤੇ ਸੁੱਖਾਂ ਦਾ ਸਮੁੰਦਰ ਵੀ ਉਹ ਪ੍ਰੀਤਮ ਪ੍ਰਭੂ ਆਪ ਹੀ ਹੈ, ਐਸੇ ਸੁੱਖਾਂ ਦੇ ਸਾਗਰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

ਜਲਿ ਥਲਿ ਪੂਰਿ ਰਹਿਆ ਮਿਹਰਵਾਨਾ॥  
ਸਦ ਬਲਿਹਾਰਿ ਜਾਈਐ ਕੁਰਬਾਨਾ॥  
ਰੈਣਿ ਦਿਨਸੁ ਤਿਸੁ ਸਦਾ ਧਿਆਈ  
ਜਿ ਖਿਨ ਮਹਿ ਸਗਲ ਉਧਾਰੇ ਜੀਉ॥੩॥

ਹੇ ਭਾਈ! ਉਹ ਮਿਹਰਬਾਨ ਪ੍ਰਭੂ ਜੋ ਮਿਹਰਾਂ ਦਾ ਮਾਲਕ ਹੈ, ਪਾਣੀ ਅਤੇ ਧਰਤੀ ਵਿਚ ਹਰ ਥਾਂ ਉਤੇ ਆਪ ਹੀ ਵੱਸ ਰਿਹਾ ਹੈ, ਐਸੇ ਪ੍ਰਭੂ ਤੋਂ ਤਾਂ ਸਦਾ ਹੀ ਬਲਿਹਾਰ, ਸਦਕੇ ਜਾਣਾ ਚਾਹੀਦਾ ਹੈ, ਕੁਰਬਾਨ ਹੋਣਾ ਚਾਹੀਦਾ ਹੈ। ਗੁਰਦੇਵ ਪਿਤਾ ਆਖਦੇ ਹਨ, ਐਸੇ ਪ੍ਰਭੂ ਨੂੰ ਤਾਂ ਰਾਤ-ਦਿਨ, ਭਾਵ ਹਰ ਸਮੇਂ ਹੀ ਧਿਆਈਏ, ਭਾਵ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ ਜੋ ਇਕ ਪਲ ਵਿਚ ਹੀ ਸਾਰੇ ਜੀਵਾਂ ਨੂੰ ਭਵਜਲ ਤੋਂ ਪਾਰ ਕਰ ਦਿੰਦਾ ਹੈ।

ਰਾਖਿ ਲੀਏ ਸਗਲੇ ਪ੍ਰਭਿ ਆਪੇ॥  
ਉਤਰਿ ਗਏ ਸਭ ਸੋਗ ਸੰਤਾਪੇ॥  
ਨਾਮੁ ਜਪਤ ਮਨੁ ਤਨੁ ਹਰੀਆਵਲੁ  
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ॥੪॥

ਹੇ ਭਾਈ! ਜੋ ਵੀ ਜੀਵ ਉਸ ਮਿਹਰਬਾਨ ਪ੍ਰਭੂ ਦੀ ਸ਼ਰਨ ਵਿਚ ਆਏ, ਉਨ੍ਹਾਂ ਸਾਰਿਆਂ ਨੂੰ ਹੀ ਪ੍ਰਭੂ ਨੇ ਦੁੱਖਾਂ ਕਲੇਸ਼ਾਂ ਤੋਂ ਬਚਾ ਲਿਆ, ਉਨ੍ਹਾਂ ਦੇ ਸੋਗ ਸੰਤਾਪ, ਭਾਵ ਸਾਰੇ ਚਿੰਤਾ-ਫਿਕਰ ਦੂਰ ਕਰ ਦਿੱਤੇ। ਸ਼ਰਨ ਪਏ ਜੀਵਾਂ ਨੂੰ ਆਪਣਾ ਨਾਮ ਸਿਮਰਨ ਦੇ ਕੇ ਸਹਿਜ ਅਨੰਦ ਨਾਲ ਭਰਪੂਰ ਕਰ ਕੇ ਉਨ੍ਹਾਂ ਦਾ ਮਨ ਤਨ ਹਰਿਆ ਕਰ ਦਿੱਤਾ। ਨਾਨਕ ਵੀ ਬੇਨਤੀ ਕਰਦਾ ਹੈ, ਪ੍ਰਭੂ ਜੀ! ਮੇਰੇ ਉਤੇ ਵੀ ਮਿਹਰ ਦੀ ਨਜ਼ਰ ਕਰ ਕੇ ਆਪਣੇ ਨਾਲ ਜੋੜ ਲਵੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# ਰੂਹ ਦਾ ਰਿਸ਼ਤਾ

## ਲਹਿੰਦੇ ਤੇ ਚੜ੍ਹਦੇ ਪੰਜਾਬਾਂ ਦੀ ਕਹਾਣੀ

*ਸ. ਹਰਨੇਕ ਸਿੰਘ ਘੜੂੰਆਂ ਹੈ ਤਾਂ ਭਾਵੇਂ ਸਿਆਸੀ ਆਗੂ, ਪਰ ਵੱਖ-ਵੱਖ ਸਮਿਆਂ ਤੇ ਸਰਕਾਰਾਂ ਦੌਰਾਨ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਕਈ ਗੇੜਿਆਂ ਤੋਂ ਬਾਅਦ ਹਰਫ ਅਤੇ ਹਾਲਾਤ ਨੂੰ ਜੋੜ-ਜੋੜ ਕੇ ਉਨ੍ਹਾਂ ਅਨੂਠਾ ਸਫਰਨਾਮਾ ਜੋੜ ਲਿਆ- ਉਠ ਗਏ ਗੁਆਂਢੋਂ ਯਾਰ। ਇਹ ਅਸਲ ਵਿਚ ਸਫਰਨਾਮਾ ਨਹੀਂ, ਦੋਹਾਂ ਪੰਜਾਬਾਂ ਦੇ ਲੋਕਾਂ ਦੀ ਇਕ-ਦੂਜੇ ਨੂੰ ਮਿਲਣ ਦੀ ਤੜਫਾਹਟ ਹੈ। 'ਰੂਹ ਦਾ ਰਿਸ਼ਤਾ' ਨਾਂ ਦੇ ਇਸ ਲੇਖ ਵਿਚ ਲਿਖਾਰੀ ਨੇ ਇਸ ਤੜਫਾਹਟ ਦਾ ਬਿਆਨ ਕੀਤਾ ਹੈ। ਇਸ ਬਿਆਨ ਵਿਚ ਅਪਣੱਤ ਦੀਆਂ ਛੱਲਾਂ ਠਾਠਾਂ ਮਾਰਦੀਆਂ ਹਨ ਜੋ ਪੜ੍ਹਨ-ਸੁਣਨ ਵਾਲੇ ਹਰ ਜੀਅ ਨੂੰ ਠਾਰਦੀਆਂ ਹਨ। -ਸੰਪਾਦਕ*



**ਹਰਨੇਕ ਸਿੰਘ ਘੜੂੰਆਂ**

ਮੈਂ ਭਾਵੇਂ ਪਾਕਿਸਤਾਨ ਦੇ ਦਸ ਬਾਰਾਂ ਚੱਕਰ ਲਾ ਆਇਆ ਸਾਂ, ਪਰ ਨੀਲੀ ਬਾਰ ਦੇ ਇਲਾਕੇ ਵਿਚ ਪਹਿਲੀ ਵਾਰ ਗਿਆ ਸੀ। ਰਾਤੀਂ ਦੇਰ ਨਾਲ ਅਸੀਂ ਮਾਨਾਮੋਰ ਘੁੰਮਣਾਂ ਦੇ ਡੇਰੇ 'ਤੇ ਪਹੁੰਚੇ। ਇਹ ਡੇਰਾ ਮੰਡੀ ਬੂਰੇ ਵਾਲੇ ਤੋਂ ਦੋ ਕੁ ਮੀਲ 'ਤੇ ਹੈ। ਸਾਰੀ ਰਾਤ ਸਿਬੜ-ਸਿਬੜ ਹੁੰਦੀ ਰਹੀ, ਦਿਨ ਚੜ੍ਹਨ ਵੇਲੇ ਬਾਰਸ਼ ਰੁਕ ਚੁੱਕੀ ਸੀ, ਪਰ ਅਸਮਾਨ ਨੇ ਅਜੇ ਵੀ ਬੱਦਲਾਂ ਦੀ ਬੁੱਕਲ ਮਾਰੀ ਹੋਈ ਸੀ। ਮੈਂ ਬਾਹਰ ਨਿਕਲ ਕੇ ਕਣਕ ਦੇ ਖੇਤਾਂ ਵੱਲ ਨਿਗ੍ਹਾ ਮਾਰੀ। ਕਿਸੇ ਅੱਲ੍ਹੜ ਮੁਟਿਆਰ ਦੀ ਤੋਤੇ ਰੰਗੀ ਚੁੰਨੀ 'ਤੇ ਚਿਪਕੇ ਹੋਏ ਮੋਤੀਆਂ ਵਾਂਗ ਕਣਕ ਦੇ ਹਰੇ ਕਚੂਰ ਪੱਤਿਆਂ ਨਾਲ ਉਸ ਦੇ ਤੁਪਕੇ ਲਟਕ ਰਹੇ ਸਨ। ਕਿਸਾਨ ਪਰਿਵਾਰ ਵਿਚ ਪੈਦਾ ਹੋਣ ਕਾਰਨ ਫਸਲਾਂ ਨੂੰ ਵੇਖ ਕੇ ਰੂਹ ਦਾ ਖਿੜ ਜਾਣਾ ਕੁਦਰਤੀ ਸੀ। ਸਾਡੇ ਪਿੰਡ ਦੇ ਤਿੰਨ ਪਰਿਵਾਰ ਇਸ ਇਲਾਕੇ ਤੋਂ 1947 ਦੇ ਉਜਾੜੇ ਵੇਲੇ ਉਠ ਕੇ ਗਏ ਸਨ। ਕੁਝ ਬਜ਼ੁਰਗ ਤਾਂ ਇਸ ਧਰਤੀ ਦੇ ਵਿਛੋੜੇ ਦੀ ਸੀਨੇ ਵਿਚ ਟਸ-ਟਸ ਕਰਦੀ ਪੀੜਾ ਨਾਲ ਲੈ ਕੇ ਦਫਨ ਹੋ ਗਏ, ਬਚਦੇ ਅੱਜ ਵੀ ਬਾਰਾਂ ਦਾ ਜ਼ਿਕਰ ਤੁਰਨ ਉਤੇ ਸਰਦ ਹਉਕਾ ਭਰਦੇ ਹਨ। ਮੈਂ ਸੋਚ ਰਿਹਾ ਸਾਂ, ਬਾਰਸ਼ ਨਾਲ ਕਣਕ ਦੀ ਫਸਲ 'ਤੇ ਜਿਹੜਾ ਜੋਬਨ ਆਇਆ ਏ, ਉਸ ਤੋਂ ਘੁੰਮਣ ਪਰਿਵਾਰ ਬੜਾ ਖੁਸ਼ ਹੋਏਗਾ, ਪਰ ਸਨਾਉਲਾ ਘੁੰਮਣ ਮੂੰਹ ਲਟਕਾਈ ਬੈਠਾ ਸੀ। ਉਸ ਦੇ ਮੂੰਹੋਂ ਨਿਕਲਿਆ, "ਸਰਦਾਰ ਸਾਹਿਬ! ਬਾਰਸ਼ ਨੇ ਸਾਰਾ ਕੰਮ ਗੜਬੜ ਕਰ ਦਿੱਤਾ ਏ।"

"ਕਿਉਂ?" ਮੈਂ ਹੈਰਾਨ ਹੋ ਕੇ ਪੁੱਛਿਆ।

"ਗੱਲ ਇਸ ਤਰ੍ਹਾਂ ਏ, ਤੁਹਾਡੀ ਆਮਦ 'ਤੇ ਅਸੀਂ ਚਾਰ ਪੰਜ ਸੌ ਬੰਦੇ ਸੱਦੇ ਸਨ ਤੇ ਨਾਲੇ ਆਤਿਸ਼ਬਾਜ਼ੀ ਤੇ ਪਟਾਕਿਆਂ ਦਾ ਇੰਤਜ਼ਾਮ ਵੀ ਕੀਤਾ ਸੀ, ਪਰ ਬਾਰਸ਼ ਕਾਰਨ ਸਾਰਾ ਕੁਝ ਰੱਦ ਕਰਨਾ ਪਿਆ।" ਜਿਥੇ ਇਨ੍ਹਾਂ ਦੀ ਮਹਿਮਾਨ ਨਿਵਾਜ਼ੀ 'ਤੇ ਮੈਂ ਵਾਰੀ-ਵਾਰੀ ਜਾ ਰਿਹਾ ਸਾਂ, ਉਥੇ ਉਦਾਸ ਹੋਣੋਂ ਨਾ ਰਹਿ ਸਕਿਆ। ਅਸੀਂ ਸੀਮਤ ਸਾਧਨਾਂ ਦੇ ਮਾਲਕ ਕਿਵੇਂ ਪੂਰੇ ਉਤਰਾਂਗੇ ਇਨ੍ਹਾਂ ਲੋਕਾਂ ਨਾਲ? ਅਖੀਰ ਫੈਸਲਾ ਹੋਇਆ ਕਿ ਬਾਕੀ ਲੋਕਾਂ ਨੂੰ ਇਥੇ ਬੁਲਾਉਣ ਦੀ ਬਜਾਏ ਸਮੇਂ ਅਨੁਸਾਰ ਕੁਝ ਦੇ ਡੇਰਿਆਂ 'ਤੇ ਜਾਇਆ ਜਾਵੇ। ਖੁਆ-ਪਿਲਾ ਕੇ ਇਨ੍ਹਾਂ ਲੋਕਾਂ ਨੇ ਸਾਡਾ ਇੰਨਾ ਬੁਰਾ ਹਾਲ ਕਰ ਦਿਤਾ ਕਿ ਮੈਨੂੰ ਨਾਨਕ ਸਿੰਘ ਦੀ ਕਹਾਣੀ 'ਭੂਆ' ਚੇਤੇ ਆ ਗਈ।

ਇਸ ਤੋਂ ਬਾਅਦ ਅਸੀਂ ਮੰਡੀ ਬੂਰੇ ਵਾਲਾ ਤਹਿਸੀਲ ਨਾਜ਼ਮ ਉਸਮਾਨ ਵੜੈਚ ਦੇ ਦਫਤਰ ਗਏ। ਉਥੇ ਅਖਬਾਰਾਂ ਵਾਲਿਆਂ ਦੀ ਭੀੜ ਨੇ ਕਾਫੀ ਦੇਰ ਸਾਨੂੰ ਘੇਰੀ ਰੱਖਿਆ। ਅਸੀਂ ਅਖਬਾਰਾਂ ਵਾਲਿਆਂ ਨੂੰ ਬੇਨਤੀ ਕੀਤੀ, "ਰੁਖ ਜ਼ਰਾ ਹਾਂ-ਪੱਖੀ ਰੱਖਣਾ, ਕਈ ਵਾਰ ਪਾਕਿਸਤਾਨੀ ਅਖਬਾਰ ਤੁਹਾਡੀ ਗੱਲ ਤਰੋੜ-ਮਰੋੜ ਕੇ ਲਿਖ ਦਿੰਦੇ ਹਨ।" ਉਨ੍ਹਾਂ ਨੇ ਇਸੇ ਤਰ੍ਹਾਂ ਕੀਤਾ ਤੇ ਨਾਲ ਹੀ ਕਿਹਾ, "ਸਾਡੀਆਂ ਖਬਰਾਂ ਕੱਲ੍ਹ ਪੜ੍ਹ ਲੈਣਾ, ਪਰ ਤੁਸੀਂ ਵੀ ਸਾਡੇ ਨਾਲ ਵਾਅਦਾ ਕਰੋ ਕਿ ਤੁਸੀਂ ਸਾਨੂੰ ਇੰਡੀਆ ਬੁਲਾਓਗੇ।"

ਕਦੇ ਇਸ ਸ਼ਹਿਰ ਵਿਚ ਸਰਦਾਰਾਂ ਦਾ ਬੜਾ ਬੋਲ ਬਾਲਾ ਸੀ। ਸਰਦਾਰ ਅਜੀਤ ਸਿੰਘ ਇਥੋਂ ਦੇ ਨਾਮਵਰ ਸਿੱਖਾਂ ਵਿਚੋਂ ਸਨ, ਪਰ 1947 ਤੋਂ ਬਾਅਦ ਕੋਈ ਟਾਵਾਂ ਟੱਲਾ ਸਿੱਖ ਇਸ ਪਾਸੇ ਆਇਆ ਸੀ। ਬਹੁਤੇ ਸਿੱਖ ਲਾਹੌਰ, ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਹੋ ਕੇ ਵਾਪਸ ਆ ਜਾਂਦੇ ਸਨ। ਇਹੀ ਕਾਰਨ ਸੀ ਕਿ ਸਾਡੀਆਂ ਪਗੜੀਆਂ ਉਨ੍ਹਾਂ ਲੋਕਾਂ ਦੀ ਦਿਲਚਸਪੀ ਦਾ ਸਬੱਬ ਬਣੀਆਂ ਹੋਈਆਂ ਸਨ। ਸ਼ਹਿਰ ਬੜਾ ਰੌਣਕ ਵਾਲਾ ਪ੍ਰਤੀਤ ਹੋ ਰਿਹਾ ਸੀ। ਆਲੇ-ਦੁਆਲੇ ਦਾ ਇਲਾਕਾ ਉਪਜਾਊ ਹੋਣ ਕਾਰਨ ਦੁਕਾਨਦਾਰ ਕਾਫੀ ਖੁਸ਼ਹਾਲ ਹਨ। ਵਸੋਂ ਪੱਖੋਂ ਇਹ ਸ਼ਹਿਰ ਵਿਹਾੜੀ ਨਾਲੋਂ ਵੱਡਾ ਹੈ, ਤੇ ਹੈ ਵੀ ਤਰਤੀਬ ਵਿਚ ਵੱਸਿਆ ਹੋਇਆ, ਪਰ ਕੁਝ ਸਿਆਸੀ ਕਾਰਨਾਂ ਕਰ ਕੇ ਵਿਹਾੜੀ ਜ਼ਿਲ੍ਹਾ ਬਣ ਗਿਆ। ਫਿਲਮ ਸਟਾਰ ਰਾਜੇਸ਼ ਖੰਨਾ ਦੇ ਪਿਤਾ ਇਥੇ ਹੀ ਸਕੂਲ ਮਾਸਟਰ ਹੁੰਦੇ ਸਨ ਅਤੇ ਉਨ੍ਹਾਂ ਦਾ ਘਰ ਅਜੇ ਵੀ ਮਹਿਫੂਜ਼ ਹੈ। ਪੰਜਾਬ ਪੁਲਿਸ ਦੇ ਮੁਖੀ ਰਹੇ ਕੇ.ਪੀ. ਐਸ. ਗਿੱਲ ਦੀ ਮੁੱਢਲੀ ਪੜ੍ਹਾਈ ਵੀ ਇਸੇ ਸ਼ਹਿਰ ਵਿਚ ਹੋਈ।

ਮੰਡੀ ਬੂਰੇ ਵਾਲਾ ਤੋਂ ਬਾਅਦ ਅਸੀਂ ਚੱਕ ਨੰਬਰ 317 ਈ.ਬੀ. ਲਈ ਚਾਲੇ ਪਾ ਦਿਤੇ। ਇਹ ਸਥਾਨ ਉਥੋਂ 14-15 ਕਿਲੋਮੀਟਰ ਹੈ। ਚੰਦ ਮਿੰਟਾਂ ਵਿਚ ਅਸੀਂ ਉਸ ਜਗ੍ਹਾ ਪਹੁੰਚ ਗਏ। ਇਸ ਚੱਕ ਦਾ ਨਾਂ ਚੱਕ ਹਾਜੀ ਸ਼ਾਹ ਸ਼ੇਰ ਜਾਂ ਤਪ ਸਥਾਨ ਵੀ ਲਿਆ ਜਾਂਦਾ ਹੈ। ਇਥੇ ਮੁਸਲਮਾਨ ਫਕੀਰ ਹਾਜੀ ਪੀਰ ਦੀ ਮਜ਼ਾਰ ਹੈ। ਪੀਰ ਦਾ ਦੇਹਾਂਤ 730 ਈਸਵੀ ਵਿਚ ਹੋਇਆ। ਇਹ ਚੁੰਨੀਆਂ ਦੇ ਮਹਾਰਾਜੇ ਮਹੀਂਵਾਲ ਦੇ ਬੇਟੇ ਸਨ, ਪਰ ਆਪਣੇ ਰਾਜ ਭਾਗ ਨੂੰ ਲੱਤ ਮਾਰ ਕੇ ਸਾਰੀ ਉਮਰ ਫਕੀਰੀ ਕਮਾਈ। ਪੀਰ ਨੂੰ ਮਹਾਂਸਾਵਰ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਦੀ ਭੈਣ ਦਾ ਨਾਂ ਕੰਗਣ ਬੁਰਜ ਸੀ ਜਿਸ ਦੀ ਕਬਰ ਪੀਰ ਦੇ ਨਾਲ ਬਣੀ ਹੈ। ਜ਼ਿਲ੍ਹਾ ਕਸੂਰ ਦਾ ਸ਼ਹਿਰ ਕੰਗਣਪੁਰ ਇਨ੍ਹਾਂ ਦੇ ਨਾਂ 'ਤੇ ਵੱਸਿਆ ਹੈ।

ਇਲਾਕੇ ਦੇ ਸ਼ੁਦਾਈਆਂ ਨੂੰ ਲੋਕ ਇਥੇ ਛੱਡ ਜਾਂਦੇ ਹਨ ਜਿਨ੍ਹਾਂ ਨੂੰ ਸੰਗਲ ਪਾ ਕੇ ਰੱਖਿਆ ਜਾਂਦਾ ਹੈ। ਸਿੱਧੇ-ਸਾਧੇ ਲੋਕਾਂ ਵਿਚ ਇਹ ਧਾਰਨਾ ਬਣੀ ਹੋਈ ਹੈ ਕਿ ਜਦੋਂ ਸ਼ੁਦਾਈ ਠੀਕ ਹੋ ਜਾਂਦਾ ਹੈ, ਤਦ ਉਸ ਦਾ ਸੰਗਲ ਆਪਣੇ ਆਪ ਟੁੱਟ ਜਾਂਦਾ ਹੈ। ਅਸੀਂ ਸ਼ੁਦਾਈਆਂ ਵਾਲੇ ਪਾਸੇ ਜਾਣਾ ਚਾਹੁੰਦੇ ਸਾਂ, ਪਰ ਸਨਾਉਲਾ ਘੁੰਮਣ ਰੋਕ ਰਿਹਾ ਸੀ, "ਛੱਡੋ ਜੀ ਪਰੇ, ਇਨ੍ਹਾਂ ਦਾ ਇਤਬਾਰ ਨਹੀਂ। ਪਤਾ ਨਹੀਂ ਮੂੰਹੋਂ ਕਿਹੜੀ ਗੱਲ ਕੱਢ ਦੇਣ! ਪਿਛੇ ਜਿਹੇ ਸ਼ੂਗਰ ਮਿੱਲ ਬੂਰੇ ਵਾਲੇ ਦਾ ਜਨਰਲ ਮੈਨੇਜਰ ਇਧਰ ਆ ਗਿਆ। ਉਸ ਨੂੰ ਵੇਖ ਕੇ ਇਕ ਸ਼ੁਦਾਈ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ। ਉਸ ਵਿਚਾਰੇ ਨੇ ਗੱਲ ਟਾਲਦਿਆਂ ਕਿਹਾ, ਚਲੋ ਉਹ ਕਿਸੇ ਹੋਰ ਨੂੰ ਗਾਲ੍ਹ ਕੱਢ ਰਿਹਾ ਹੋਵੇਗਾ, ਪਰ ਸ਼ੁਦਾਈ ਨੇ ਝੱਟ, ਫਿਰ ਗਾਲ੍ਹ ਕੱਢਦਿਆਂ ਕਿਹਾ, "ਉਹ ਕੋਟ ਪੈਂਟ ਵਾਲਿਆ, ਮੈਂ ਕਿਸੇ ਹੋਰ ਨੂੰ ਨਹੀਂ, ਤੈਨੂੰ ਗਾਲ੍ਹਾਂ ਕੱਢ ਰਿਹਾਂ।"

ਮੈਨੂੰ ਬਚਪਨ ਤੋਂ ਹੀ ਸ਼ੁਦਾਈਆਂ ਦੀਆਂ ਗੱਲਾਂ ਬੜੀਆਂ ਦਿਲਚਸਪ ਲੱਗਦੀਆਂ ਹਨ। ਮੈਂ ਸੋਚ ਕੇ ਉਸ ਪਾਸੇ ਤੁਰ ਪਿਆ, ਚਲੋ ਜੇ ਕਿਸੇ ਨੇ ਕੁਝ ਕਹਿ ਵੀ ਦਿੱਤਾ ਤਾਂ ਸ਼ੁਦਾਈਆਂ ਦਾ ਕੀ ਗੁੱਸਾ? ਇਕ ਸ਼ੁਦਾਈ ਮੇਰੇ ਵੱਲ ਵਧਿਆ ਤਾਂ ਸਨਾਉਲਾ ਨੂੰ ਬੜੀ ਘਬਰਾਹਟ ਹੋ ਗਈ ਕਿ ਕਿਧਰੇ ਉਹੋ ਗੱਲ ਨਾ ਹੋ ਜਾਏ, ਪਰ ਉਸ ਨੇ ਕੋਲ ਆ ਕੇ ਫੌਜੀਆਂ ਵਾਂਗ ਸਲੂਟ ਮਾਰਿਆ ਤੇ ਕਹਿਣ ਲੱਗਾ, "ਮੈਂ ਸੁਲਤਾਨ ਰਾਹੀ ਵਾਂ।" (ਮਰਹੂਮ ਪੰਜਾਬੀ ਫਿਲਮ ਸਟਾਰ)। ਮੈਂ ਥੋੜ੍ਹੇ ਸ਼ਰਾਰਤੀ ਲਹਿਜ਼ੇ ਵਿਚ ਕਿਹਾ, "ਥੋੜ੍ਹੀ ਹੋਰ ਮਿਹਨਤ ਕਰਿਆ ਕਰ ਫਿਲਮਾਂ ਵਿਚ।"

"ਜੀ ਬਿਹਤਰ, ਅੱਗਿਉਂ ਕੋਈ ਉਲਾਂਭਾ ਨਹੀਂ ਆਏਗਾ।" ਦੁਬਾਰਾ ਸਲੂਟ ਮਾਰ ਕੇ ਉਹ ਵਾਪਸ ਚਲਾ ਗਿਆ।

ਮਜ਼ਾਰ ਤੋਂ ਥੋੜ੍ਹੀ ਦੂਰ ਉਤਰ ਦੱਖਣ ਵੱਲ ਗੁਰਦੁਆਰੇ ਦੀ ਛੋਟੀ ਜਿਹੀ ਇਮਾਰਤ ਹੈ। ਪਹੁੰਚਣ 'ਤੇ ਪਤਾ ਲੱਗਾ ਕਿ ਇਸ ਸਥਾਨ 'ਤੇ ਗੁਰੂ ਨਾਨਕ ਨੇ ਲੰਬਾ ਸਮਾਂ ਇਬਾਦਤ ਕੀਤੀ ਸੀ, ਪਰ ਅਫਸੋਸ ਇਹ ਗੁਰਦੁਆਰਾ ਅੱਜ ਕੱਲ੍ਹ ਕਿਸੇ ਸਾਧਾਰਨ ਜਿਹੇ ਬੰਦੇ ਦੀ ਰਿਹਾਇਸ਼ਗਾਹ ਬਣਿਆ ਹੋਇਆ ਸੀ। ਗੁਰਦੁਆਰੇ 'ਤੇ ਸੰਗਮਰਮਰ ਦੀਆਂ ਕੁਝ ਟੁਕੜੀਆਂ ਲੱਗੀਆਂ ਸਨ ਤੇ ਉਨ੍ਹਾਂ 'ਤੇ ਦਾਨੀਆਂ ਦੇ ਨਾਂ-ਪਤੇ ਲਿਖੇ ਹੋਏ ਸਨ। ਉਸ ਜਗ੍ਹਾ ਦੇ ਵਸਨੀਕਾਂ ਨੇ ਸਾਥੋਂ ਪੱਥਰਾਂ ਦੀ ਇਬਾਰਤ ਪੜ੍ਹਵਾ ਕੇ ਆਪਣੀ ਕਾਪੀ ਵਿਚ ਨੋਟ ਕਰ ਲਈ। ਇਸ ਗੁਰਦੁਆਰੇ ਦੇ ਸਾਹਮਣੇ ਖੂਹੀ ਹੈ ਜਿਸ ਵਿਚੋਂ ਅੱਜ ਵੀ ਸਾਫ ਸੁਥਰਾ ਪਾਣੀ ਨਿਕਲਦਾ ਹੈ। ਇਸ ਖੂਹੀ ਬਾਰੇ ਦੱਸਿਆ ਜਾਂਦਾ ਹੈ ਕਿ ਕਦੇ ਇਥੇ ਬਾਬਾ ਫਰੀਦ ਨੇ ਉਲਟੇ ਹੋ ਕੇ ਤਪੱਸਿਆ ਕੀਤੀ ਸੀ। ਇਸ ਚੱਕ ਤੋਂ ਕਿਲੋ-ਡੇਢ-ਕਿਲੋਮੀਟਰ 'ਤੇ ਦਰਿਆ ਸਤਲੁਜ ਵਗਦਾ ਹੈ। ਇਸ ਚੱਕ ਦੇ ਵਾਸੀ ਜਾਂਗਲੀ ਹਨ। ਇਥੇ ਕਦੇ ਸਰਦਾਰ ਉਮਰਾਓ ਸਿੰਘ (ਸਾਬਕਾ ਮੰਤਰੀ) ਦੇ ਟੱਬਰ ਦੀਆਂ ਪੈਲੀਆਂ ਹੁੰਦੀਆਂ ਸਨ। ਇਥੋਂ ਅਸੀਂ ਵਾਪਸ ਅਸੀਂ ਘੁੰਮਣਾਂ ਦੇ ਡੇਰੇ ਉਤੇ ਆ ਗਏ। ਕਈ ਹੋਰ ਡੇਰਿਆਂ 'ਤੇ ਅਜੇ ਸਾਨੂੰ ਦਾਅਵਤਾਂ ਬਾਕੀ ਸਨ। ਸਾਰਿਆਂ ਦੇ ਡੇਰਿਆਂ 'ਤੇ ਜਾਣਾ ਤਾਂ ਮੁਸ਼ਕਿਲ ਸੀ, ਸਮੇਂ ਦੀ ਬੜੀ ਘਾਟ ਸੀ ਤੇ ਵਾਪਸ ਲਾਹੌਰ ਜਾਣਾ ਸੀ, ਅਸੀਂ ਜਿੰਨੇ ਕੁ ਡੇਰਿਆਂ 'ਤੇ ਹੋ ਸਕਿਆ, ਜਾ ਕੇ ਵਾਪਸ ਲਾਹੌਰ ਪਹੁੰਚ ਗਏ।

ਮੈਂ ਜਦੋਂ ਦਾ ਹਿੰਦੁਸਤਾਨ ਵਾਪਸ ਆਇਆ ਸੀ, ਉਦੋਂ ਤੋਂ ਹੀ ਸਨਾਉਲਾ ਘੁੰਮਣ ਇਧਰ ਆਉਣ ਦੀ ਖਾਹਸ਼ ਜ਼ਾਹਿਰ ਕਰ ਰਿਹਾ ਸੀ। ਮੈਂ ਸਨਾਉਲਾ ਨੂੰ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਦਿਵਸ 'ਤੇ ਬੁਲਾਉਣਾ ਚਾਹੁੰਦਾ ਸਾਂ, ਪਰ ਵੀਜ਼ੇ ਵਿਚ ਦੇਰੀ ਹੋਣ ਨਾਲ ਜਦੋਂ ਉਹ ਇਧਰ ਆਇਆ, ਉਨ੍ਹਾਂ ਦਿਨਾਂ ਵਿਚ ਲੋਹੜੀ ਦਾ ਤਿਉਹਾਰ ਸੀ। ਅਸੀਂ ਸਨਅਤਕਾਰ ਗੁਰਕਿਰਪਾਲ ਸਿੰਘ ਦੇ ਘਰ ਪੋਤੇ ਦੀ ਲੋਹੜੀ 'ਤੇ ਜਾਣਾ ਸੀ। ਮੈਂ ਗੁਰਕਿਰਪਾਲ ਸਿੰਘ ਨਾਲ ਵਾਕਫੀਅਤ ਕਰਾਉਂਦਿਆਂ ਕਿਹਾ, "ਇਹ ਸਾਡੇ ਦੋਸਤ ਸਨਾਉਲਾ ਘੁੰਮਣ ਪਾਕਿਸਤਾਨ ਤੋਂ ਆਏ ਹਨ।" ਉਨ੍ਹਾਂ ਝੱਟ ਕਿਹਾ, "ਅਸੀਂ ਵੀ ਪਾਕਿਸਤਾਨ ਤੋਂ ਹੀ ਇਧਰ ਆਏ ਹਾਂ।" ਸਨਾਉਲਾ ਨੇ ਪੁੱਛਿਆ, "ਕਿਹੜੇ ਸ਼ਹਿਰੋਂ?" "ਮੰਡੀ ਬੂਰੇ ਵਾਲੇ ਤੋਂ।" ਸਨਾਉਲਾ ਇਕਦਮ ਉਛਲ ਪਿਆ, "ਸਰਦਾਰ ਸਾਹਿਬ, ਮੈਂ ਵੀ ਬੂਰੇ ਵਾਲੇ ਤੋਂ ਹੀ ਹਾਂ।" ਬੱਸ ਦੋਵੇਂ ਇਕਦਮ ਜੱਫੀ ਵਿਚ ਘੁੱਟੇ ਗਏ। ਇਸ ਤੋਂ ਬਾਅਦ ਗੁਰਕਿਰਪਾਲ ਸਿੰਘ ਨੇ ਮੈਨੂੰ ਜੱਫੀ ਵਿਚ ਘੁੱਟਦਿਆਂ ਕਿਹਾ, "ਘੜੂੰਆਂ ਸਾਹਿਬ, ਤੁਸੀਂ ਸਾਡੀ ਲੋਹੜੀ ਹੋਰ ਵੀ ਰੰਗੀਨ ਕਰ ਦਿਤੀ।" ਗੁਰਕਿਰਪਾਲ ਸਿੰਘ, ਸਰਦਾਰ ਅਜੀਤ ਸਿੰਘ ਦੇ ਲੜਕੇ ਹਨ ਜਿਨ੍ਹਾਂ ਦਾ ਅਸੀਂ ਮੰਡੀ ਬੂਰੇ ਵਾਲੇ ਬੜਾ ਜ਼ਿਕਰ ਸੁਣਿਆ ਸੀ। ਗੁਰਕਿਰਪਾਲ ਸਿੰਘ ਮੇਰੇ ਬੜੇ ਅੱਛੇ ਦੋਸਤ ਹਨ, ਪਰ ਮੇਰੇ ਜ਼ਿਹਨ ਵਿਚੋਂ ਇਹ ਗੱਲ ਪਤਾ ਨਹੀਂ ਕਿਵੇਂ ਖੁੰਝ ਗਈ, ਅਜੀਤ ਸਿੰਘ ਇਨ੍ਹਾਂ ਦੇ ਪਿਤਾ ਸਨ। ਅਜੀਤ ਸਿੰਘ ਹੁਸ਼ਿਆਰਪੁਰ ਨੇੜੇ ਪਿੰਡ ਬੈਂਸ ਆਪਣੇ ਨਾਨਕੇ ਘਰ ਜੰਮੇ, ਪਲੇ ਅਤੇ ਪੜ੍ਹੇ ਸਨ। ਪਹਿਲੀ ਆਲਮੀ ਜੰਗ ਵੇਲੇ ਇਨ੍ਹਾਂ ਦੇ ਪਿਤਾ ਸੂਬੇਦਾਰ ਮੇਜਰ ਹਰਨਾਮ ਸਿੰਘ ਦੀ ਜੰਗ ਵਿਚ ਮੌਤ ਹੋ ਗਈ ਸੀ। ਇਸ ਦੇ ਬਦਲੇ ਪਰਿਵਾਰ ਨੂੰ ਮੰਡੀ ਬੂਰੇ ਵਾਲਾ ਵਿਚ ਦੋ ਮੁਰੱਬੇ ਜ਼ਮੀਨ ਅਲਾਟ ਹੋ ਗਈ। ਅਜੀਤ ਸਿੰਘ ਚੜ੍ਹਦੀ ਉਮਰੇ ਨਾਨਕਾ ਪਿੰਡ ਛੱਡ ਕੇ ਜ਼ਮੀਨ ਆਬਾਦ ਕਰਨ ਲਈ ਮੰਡੀ ਬੂਰੇ ਵਾਲਾ ਪਹੁੰਚ ਗਏ। ਇਕ ਪਾਸੇ ਓਪਰਾ ਇਲਾਕਾ, ਦੂਜੇ ਪਾਸੇ ਬੰਜਰ ਜ਼ਮੀਨ, ਤੇ ਤੀਜੇ ਆਲੇ-ਦੁਆਲੇ ਦੇ ਬਾਸ਼ਿੰਦੇ ਜਾਂਗਲੀ, ਜੋ ਮੁੱਢ ਕਦੀਮ ਤੋਂ ਡੰਗਰ ਵੱਛੇ ਦੇ ਮੰਨੇ ਹੋਏ ਚੋਰ ਸਨ।

ਅਜੀਤ ਸਿੰਘ ਦੇ ਸਿਰੜੀ ਸੁਭਾਅ ਤੇ ਮਿਹਨਤ ਕਰਨ ਦੀ ਆਦਤ ਨੇ ਅਖੀਰ ਰੰਗ ਲਿਆਂਦੇ। ਜਿਥੇ ਜ਼ਮੀਨ ਵਿਚ ਮਣਾਂਮੂੰਹੀਂ ਫਸਲ ਪੈਦਾ ਹੋਣ ਲੱਗੀ, ਉਥੇ ਅਜੀਤ ਸਿੰਘ ਨੇ ਦੂਸਰੇ ਕੰਮ-ਧੰਦਿਆਂ ਵੱਲ ਵੀ ਧਿਆਨ ਦੇਣਾ ਸ਼ੁਰੂ ਕੀਤਾ। ਪਹਿਲਾਂ ਇਨ੍ਹਾਂ ਨੇ ਨੀਲੀ ਬਾਰ ਬੱਸ ਸਰਵਿਸ ਚਾਲੂ ਕੀਤੀ ਜੋ ਮੰਡੀ ਬੂਰੇ ਵਾਲਾ ਤੋਂ ਲਾਹੌਰ ਜਾਂਦੀ ਸੀ। ਫਿਰ ਕੱਪੜਾ ਮਿੱਲ ਲਾਈ। ਇਸ ਤੋਂ ਬਾਅਦ ਬਰਫ ਅਤੇ ਬਿਜਲੀ ਸਪਲਾਈ ਦੇ ਕਾਰਖਾਨੇ ਲਾਏ। ਫਿਰ ਸ਼ਹਿਰ ਵਿਚ ਆਲੀਸ਼ਾਨ ਮਕਾਨ ਬਣਾਇਆ ਜਿਸ ਦਾ ਵਾਗਲਾ 15 ਏਕੜ ਵਿਚ ਸੀ।

ਪੈਸੇ-ਟੁੱਕਰ ਵੱਲੋਂ ਹੱਥ ਖੁੱਲ੍ਹਾ ਹੋਣ ਤੋਂ ਬਾਅਦ ਉਨ੍ਹਾਂ ਥੋੜ੍ਹਾ-ਬਹੁਤ ਰਾਜਨੀਤੀ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ। ਅਚਾਨਕ 1936 ਵਿਚ ਪਹਿਲੀ ਵਾਰ ਪੰਜਾਬ ਅਸੈਂਬਲੀ ਦੀ ਚੋਣ ਦਾ ਐਲਾਨ ਹੋ ਗਿਆ। ਪੰਜਾਬ ਦੀਆਂ ਮੁੱਢਲੀਆਂ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿਤਾ ਗਿਆ। ਉਸ ਵੇਲੇ ਦੀ ਪਾਰਟੀ ਜ਼ਿਮੀਂਦਾਰਾ ਲੀਗ ਦੇ ਆਗੂ ਸਰਦਾਰ ਸਿਕੰਦਰ ਹਯਾਤ ਖਾਂ ਟਿਵਾਣਾ, ਸਰ ਛੋਟੂ ਰਾਮ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਸਨ। ਦੂਸਰੀਆਂ ਮੁੱਖ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਸਨ ਜਿਨ੍ਹਾਂ ਨੇ ਸਾਂਝੇ ਉਮੀਦਵਾਰ ਖੜ੍ਹੇ ਕੀਤੇ ਸਨ, ਪਰ ਦੋਹਾਂ ਪਾਰਟੀਆਂ ਦੇ ਉਮੀਦਵਾਰ ਲੋਕਾਂ ਦੀਆਂ ਇਛਾਵਾਂ ਤੋਂ ਕੋਹਾਂ ਦੂਰ ਸਨ। ਨੀਲੀ ਬਾਰ ਤੇ ਗੰਜੀ ਬਾਰ ਦੇ ਲੋਕਾਂ ਨੇ ਇਕੱਠ ਕਰ ਕੇ ਅਜੀਤ ਸਿੰਘ ਨੂੰ ਆਜ਼ਾਦ ਉਮੀਦਵਾਰ ਵਜੋਂ ਜਿਤਾ ਲਿਆ। ਬਾਅਦ ਵਿਚ ਜ਼ਿਮੀਂਦਾਰਾਂ ਵਾਲੀ ਲੀਗ ਪਾਰਟੀ ਦੀ ਸਰਕਾਰ ਬਣ ਗਈ। ਉਨ੍ਹਾਂ ਨੇ ਅਜੀਤ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਨੇ ਕਾਂਗਰਸ-ਅਕਾਲੀ ਗਠਜੋੜ ਵਿਚ ਸ਼ਾਮਲ ਹੋਣਾ ਠੀਕ ਸਮਝਿਆ। ਦੂਸਰੀ ਵੱਡੀ ਜੰਗ ਹੋ ਜਾਣ ਕਾਰਨ ਇਸ ਅਸੈਂਬਲੀ ਦੀ ਮਿਆਦ 1946 ਤੱਕ ਵਧਾ ਦਿਤੀ ਗਈ। ਜਦੋਂ 1946 ਵਿਚ ਦੁਬਾਰਾ ਚੋਣ ਹੋਈ, ਉਦੋਂ ਅਕਾਲੀ ਤੇ ਕਾਂਗਰਸੀ ਅਲੱਗ-ਅਲੱਗ ਚੋਣ ਲੜੇ। ਅਜੀਤ ਸਿੰਘ ਅਕਾਲੀ ਟਿਕਟ 'ਤੇ ਚੋਣ ਲੜੇ ਤੇ ਕਾਂਗਰਸੀ ਉਮੀਦਵਾਰ ਪਰਸ਼ੋਤਮ ਸਿੰਘ ਦੀ ਜ਼ਮਾਨਤ ਜ਼ਬਤ ਕਰਾ ਦਿਤੀ। ਉਨ੍ਹਾਂ ਦਿਨਾਂ ਵਿਚ ਨਵੀਂ ਆਬਾਦ ਹੋਈ ਨੀਲੀ ਬਾਰ ਵਿਚ ਜ਼ਬਰਦਸਤ ਕਿਸਾਨ ਅੰਦੋਲਨ ਹੋਇਆ ਜਿਸ ਦੀ ਅਗਵਾਈ ਅਜੀਤ ਸਿੰਘ ਨੇ ਕੀਤੀ।

ਜਦੋਂ ਪਰਿਵਾਰ ਪੈਸੇ-ਟੁੱਕਰ, ਜ਼ਮੀਨ-ਜਾਇਦਾਦ ਤੇ ਸ਼ੋਹਰਤ ਪੱਖੋਂ ਮਾਲਾ-ਮਾਲ ਹੋ ਕੇ ਤੀਆਂ ਵਾਂਗ ਦਿਨ ਬਿਤਾ ਰਿਹਾ ਸੀ ਤਾਂ ਇਕ ਮਨਹੂਸ ਖਬਰ ਨੇ ਨੀਂਦਰਾਂ ਉਡਾ ਦਿੱਤੀਆਂ। ਖਬਰ ਸੀ, ਦੇਸ਼ ਦੀ ਵੰਡ। ਅਜੀਤ ਸਿੰਘ ਦੇ ਦੋਸਤ ਅੱਲਾਰੱਖਾ ਖਾਨ ਤੇ ਦੂਸਰੇ ਮੁਸਲਮਾਨ ਦਰਦੀਆਂ ਨੇ ਉਨ੍ਹਾਂ ਨੂੰ ਮੰਡੀ ਬੂਰੇ ਵਾਲਾ ਨਾ ਛੱਡਣ ਦੀ ਜ਼ਿਦ ਕੀਤੀ, ਪਰ ਜਦੋਂ ਤੱਤੀਆਂ ਹਵਾਵਾਂ ਵਗਣੀਆਂ ਸ਼ੁਰੂ ਹੋ ਗਈਆਂ, ਸਾਰੇ ਬੇਵਸ ਹੋ ਗਏ। ਅਜੀਤ ਸਿੰਘ ਨੇ ਨੀਲੀ ਬਾਰ ਤੇ ਗੰਜੀ ਬਾਰ ਦੇ ਵੱਧ ਤੋਂ ਵੱਧ ਹਿੰਦੂ-ਸਿੱਖਾਂ ਨੂੰ ਇਕੱਠਿਆਂ ਕੀਤਾ ਤੇ ਜਾਨੋਂ ਵੱਧ ਪਿਆਰੀ ਮੰਡੀ ਬੂਰੇ ਵਾਲਾ ਨੂੰ ਆਖਰੀ ਸਲਾਮ ਕਹਿ ਕੇ ਸਦਾ ਲਈ ਛੱਡ ਕੇ ਤੁਰ ਆਏ। ਜਦੋਂ ਨੀਲੀ ਬਾਰ ਉਜੜੀ ਪੁੱਜੜੀ ਸੀ, ਉਦੋਂ ਅਜੀਤ ਸਿੰਘ ਦਾ ਬਾਹਾਂ ਅੱਡ ਕੇ ਸਵਾਗਤ ਕੀਤਾ, ਪਰ ਜਦੋਂ ਆਬਾਦ ਹੋ ਕੇ ਪੂਰੇ ਜੋਬਨ 'ਤੇ ਆ ਗਈ, ਉਦੋਂ ਓਪਰੀ-ਓਪਰੀ ਤੇ ਮੂਲੋਂ ਨਿਰਮੋਹੀ ਹੋ ਗਈ। ਉਨ੍ਹਾਂ ਕਾਫਲੇ ਦੀ ਅਗਵਾਈ ਕੀਤੀ ਤੇ ਇਸ ਦਾ ਨੁਕਸਾਨ ਬਾਕੀ ਕਾਫਲਿਆਂ ਨਾਲੋਂ ਘੱਟ ਹੋਇਆ। ਜਦੋਂ ਸੁਲੇਮਾਨ ਕੀ ਹੈਡ ਤੋਂ ਕਾਫਲਾ ਭਾਰਤ ਦਾਖਲ ਹੋਣ ਲੱਗਿਆ, ਪਾਕਿਸਤਾਨ ਦੇ ਕਰਮਚਾਰੀਆਂ ਨੇ ਉਨ੍ਹਾਂ ਦੀਆਂ ਕਾਰਾਂ ਰੋਕ ਲਈਆਂ। ਹੁਣ ਇਹ ਪਾਕਿਸਤਾਨ ਦੀ ਮਲਕੀਅਤ ਬਣ ਚੁੱਕੀਆਂ ਸਨ। ਐਮ.ਐਲ.ਏ. ਹੋਣ ਦੇ ਨਾਤੇ ਸਿਰਫ ਦੋ ਕਾਰਾਂ ਲੈ ਜਾਣ ਦੀ ਇਜਾਜ਼ਤ ਦਿਤੀ ਗਈ।


ਜਦੋਂ ਸਨਾਉਲਾ ਘੁੰਮਣ ਅਟਾਰੀ ਰੇਲਵੇ ਸਟੇਸ਼ਨ ਉਤੇ ਰੇਲ ਵਿਚੋਂ ਉਤਰਿਆ ਤਾਂ ਪਹਿਲਾਂ ਧਰਤੀ 'ਤੇ ਦੋਵੇਂ ਗੋਡੇ ਨਿਵਾਏ, ਫਿਰ ਜ਼ਮੀਨ ਉਤੇ ਮੱਥਾ ਰਗੜਿਆ, "ਅੱਜ ਮੈਨੂੰ ਵਡੇਰਿਆਂ ਦੀ ਧਰਤੀ ਦੀ ਮਿੱਟੀ ਨਸੀਬ ਹੋਈ ਹੈ।" ਉਹ ਜਿੰਨੇ ਦਿਨ ਸਾਡੇ ਕੋਲ ਰਿਹਾ, ਖੁਸ਼ੀ ਨਾਲ ਕਬੂਤਰ ਵਾਂਗ ਗੁਟਕਦਾ ਰਿਹਾ। ਕਦੇ ਉਹ ਵਿਆਹਾਂ ਵਿਚ ਪੈਂਦੇ ਭੰਗੜਿਆਂ ਦਾ ਅਨੰਦ ਮਾਣਦਾ ਤੇ ਕਦੇ ਖੜਕਦੀਆਂ ਗਲਾਸੀਆਂ ਵੇਖ ਕੇ ਕਹਿ ਉਠਦਾ, "ਨਹੀਂ ਰੀਸਾਂ ਓ ਸਰਦਾਰੋ ਤੁਹਾਡੀਆਂ!" ਫਿਰ ਭਾਵੁਕ ਹੋ ਕੇ ਹੂਕ ਵਰਗੀ ਆਵਾਜ਼ ਕੱਢਦਾ, "ਸਾਡੇ ਬਜ਼ੁਰਗਾਂ ਨੇ ਕਦੇ ਵੀ ਇਸ ਧਰਤੀ ਨੂੰ ਛੱਡਣਾ ਨਹੀਂ ਸੀ ਕਬੂਲਿਆ, ਬੱਸ ਹੋਣੀ ਨੇ ਪਰਾਈ ਧਰਤੀ ਤੇ ਪਰਾਏ ਲੋਕਾਂ ਵਿਚ ਪਟਕਾ ਮਾਰਿਆ। ਮੇਰੀ ਮਾਂ ਅੱਜ ਵੀ ਬੜੇ ਮਾਣ ਨਾਲ ਕਹਿੰਦੀ ਹੈ, 'ਦੇਸ਼ ਵਿਚ ਇਹ ਹੁੰਦਾ ਸੀ, ਦੇਸ਼ ਵਿਚ ਉਹ ਹੁੰਦਾ ਸੀ।' ਮੇਰੇ ਬਾਬਿਓ, ਮੇਰੇ ਤਾਇਓ, ਮੇਰੇ ਚਾਚਿਓ! ਤੁਹਾਡੇ ਵਿਚਕਾਰ ਬੈਠ ਕੇ ਮੇਰੀ ਛਾਤੀ ਚੌੜੀ ਹੋ ਗਈ, ਮੇਰਾ ਸੇਰ ਖੂਨ ਵਧ ਗਿਆ। ਸਨਾਉਲਾ ਨੇ ਕਈ ਸ਼ਾਦੀਆਂ ਵਿਚ ਸ਼ਮੂਲੀਅਤ ਕੀਤੀ, ਫਿਲਮਾਂ ਵੇਖੀਆਂ, ਟੈਗੋਰ ਥੀਏਟਰ ਵਿਚ ਸੰਤੋਖ ਸਿੰਘ ਧੀਰ ਦੀ ਬਟਵਾਰੇ ਬਾਰੇ ਲਿਖੀ ਕਹਾਣੀ 'ਮੇਰਾ ਉਜੜਿਆ ਗੁਆਂਢੀ' ਉਤੇ ਆਧਾਰਤ ਨਾਟਕ ਵੇਖਿਆ ਤੇ ਲੋਹੜੀ ਦਾ ਤਿਉਹਾਰ ਮਾਣਿਆ। ਦਸ ਦਿਨ ਬਸ ਅੱਖ ਦੀ ਫੋਰ ਵਿਚ ਨਿਕਲ ਗਏ।

ਹੁਣ ਸਨਾਉਲਾ ਦੀ ਵਾਪਸੀ ਦਾ ਦਿਨ ਸੀ, ਉਸ ਦਾ ਚਿਹਰਾ ਉਤਰਿਆ ਹੋਇਆ ਸੀ ਤੇ ਦਿਲ ਵਿਚ ਡੋਬੂ ਪੈ ਰਹੇ ਸਨ। ਪਿੰਡ ਵਿਚ ਇਕ-ਦੋ ਸ਼ਾਦੀਆਂ ਸਨ ਤੇ ਮੈਨੂੰ ਉਥੇ ਜਾਣਾ ਪੈਣਾ ਸੀ, ਦੂਸਰੇ ਦੋਸਤ ਉਸ ਨੂੰ ਛੱਡਣ ਜਾ ਰਹੇ ਸਨ। ਪਿੰਡ ਜਾਂਦਿਆਂ ਮੈਂ ਖਰੜ ਤੀਕ ਸਨਾਉਲਾ ਘੁੰਮਣ ਦਾ ਸਾਥ ਕੀਤਾ। ਜਦੋਂ ਅਸੀਂ ਗੱਡੀਆਂ ਬਦਲਣ ਲੱਗੇ, ਸਨਾਉਲਾ ਗਲੇ ਲੱਗ ਕੇ ਮਿਲਿਆ। ਉਹ ਫੁਸ-ਫੁਸਾਉਂਦਾ ਦੂਸਰੀ ਗੱਡੀ ਵਿਚ ਬੈਠ ਗਿਆ। ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਕੁਝ ਨਹੀਂ ਬੋਲ ਸਕਿਆ, ਸ਼ਾਮੀਂ ਮੇਰੇ ਮੋਬਾਈਲ 'ਤੇ ਫਿਰ ਸਨਾਉਲਾ ਦੀ ਆਵਾਜ਼ ਸੁਣਾਈ ਦਿਤੀ, "ਸਰਦਾਰ ਸਾਹਿਬ, ਮੈਂ ਅਟਾਰੀ ਪਹੁੰਚ ਗਿਆ ਹਾਂ। ਮੇਰਾ ਅੱਲ੍ਹਾ ਹੀ ਜਾਣਦਾ ਹੈ, ਮੈਂ ਕਿਸ ਤਰ੍ਹਾਂ ਤੁਹਾਨੂੰ ਛੱਡ ਕੇ ਤੁਰਿਆਂ।" ਉਹ ਅੱਗੇ ਹੋਰ ਕੁਝ ਬੋਲਣਾ ਚਾਹੁੰਦਾ ਸੀ, ਪਰ ਲੱਗ ਰਿਹਾ ਸੀ ਕਿ ਉਸ ਦਾ ਗੱਚ ਭਰ ਆਇਆ ਹੈ, ਉਸ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ। ਮੈਂ ਅੰਦਾਜ਼ਾ ਲਾਇਆ, ਸ਼ਾਇਦ ਉਹ ਉਸ ਵਾਕ ਨੂੰ ਦੁਹਰਾਉਣਾ ਚਾਹੁੰਦਾ ਸੀ ਜਿਹੜਾ ਉਸ ਨੇ ਪਿਛਲੇ ਦਿਨੀਂ ਕਈ ਵਾਰ ਕਿਹਾ ਸੀ, "ਸਰਦਾਰ ਜੀ, ਮੇਰਾ ਤੁਹਾਡੇ ਨਾਲ ਰੂਹ ਦਾ ਰਿਸ਼ਤਾ ਹੈ।"

*ਜਦੋਂ ਅਸੀਂ ਗੱਡੀਆਂ ਬਦਲਣ ਲੱਗੇ, ਸਨਾਉਲਾ ਗਲੇ ਲੱਗ ਕੇ ਮਿਲਿਆ। ਉਹ ਫੁਸ-ਫੁਸਾਉਂਦਾ ਦੂਸਰੀ ਗੱਡੀ ਵਿਚ ਬੈਠ ਗਿਆ। ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਕੁਝ ਨਹੀਂ ਬੋਲ ਸਕਿਆ, ਸ਼ਾਮੀਂ ਮੇਰੇ ਮੋਬਾਈਲ 'ਤੇ ਫਿਰ ਸਨਾਉਲਾ ਦੀ ਆਵਾਜ਼ ਸੁਣਾਈ ਦਿਤੀ- "ਸਰਦਾਰ ਸਾਹਿਬ, ਮੈਂ ਅਟਾਰੀ ਪਹੁੰਚ ਗਿਆ ਹਾਂ। ਮੇਰਾ ਅੱਲ੍ਹਾ ਹੀ ਜਾਣਦਾ ਹੈ, ਮੈਂ ਕਿਸ ਤਰ੍ਹਾਂ ਤੁਹਾਨੂੰ ਛੱਡ ਕੇ ਤੁਰਿਆ।" ਉਹ ਅੱਗੇ ਹੋਰ ਕੁਝ ਬੋਲਣਾ ਚਾਹੁੰਦਾ ਸੀ, ਪਰ ਲੱਗ ਰਿਹਾ ਸੀ ਕਿ ਉਸ ਦਾ ਗੱਚ ਭਰ ਆਇਆ ਹੈ, ਉਸ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ।*



## ਈਦੀ: ਦੁਖਿਆਰਿਆਂ ਦਾ ਦੁੱਖ ਵੰਡਾਉਣ ਵਾਲਾ-3



# ਆਪੇ ਬਣਦੇ ਰਾਹ...

***ਅਬਦੁੱਲ ਸੱਤਾਰ ਈਦੀ (ਜਨਮ ਪਹਿਲੀ ਜਨਵਰੀ 1928) ਨੇ ਲੋੜਵੰਦਾਂ ਦੀ ਇਮਦਾਦ ਲਈ ਈਦੀ ਫਾਊਂਡੇਸ਼ਨ 1951 ਵਿਚ ਬਣਾਈ ਸੀ। ਅੱਠ ਜੁਲਾਈ 2016 ਨੂੰ ਫੌਤ ਹੋਣ ਤਕ ਇਹ ਸੰਸਥਾ ਉਸ ਦੀ ਅਗਵਾਈ ਹੇਠ ਚੱਲੀ। ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਸੰਸਥਾ ਦੇ 300 ਕੇਂਦਰ ਹਨ। ਈਦੀ ਆਖਦਾ ਹੁੰਦਾ ਸੀ- ਲੋਕ ਪੜ੍ਹ-ਲਿਖ ਤਾਂ ਬਥੇਰਾ ਗਏ ਹਨ, ਪਰ ਅਜੇ ਬੰਦੇ ਬਣਨਾ ਬਾਕੀ ਹੈ। ਅੱਜ ਕੱਲ੍ਹ ਸੰਸਥਾ ਦੀ ਅਗਵਾਈ ਈਦੀ ਦੀ ਬੇਗਮ ਬਿਲਕੀਸ ਈਦੀ ਦੇ ਹੱਥ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਈਦੀ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਉਚੇਚਾ ਭੇਜਿਆ ਹੈ। ਐਤਕੀਂ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ***

1982 ਵਿਚ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸੁਹਾਰਤੋ ਨੇ ਪਾਕਿਸਤਾਨ ਆਉਣਾ ਸੀ। ਈਦੀ ਨੂੰ ਸੱਦਾ ਆ ਗਿਆ। ਸੱਦਾ ਇੰਡੋਨੇਸ਼ੀਆ ਦੇ ਸਫ਼ਾਰਤਖਾਨੇ ਵਲੋਂ ਆਇਆ ਸੀ, ਯਾਨੀ ਸੁਹਾਰਤੋ ਵਲੋਂ। ਈਦੀ ਤੁਰ ਪਿਆ, ਸ਼ਾਇਦ ਸੁਹਾਰਤੋ ਨੇ ਕਿਸੇ ਤੋਂ ਈਦੀ ਦਾ ਨਾਮ ਸੁਣਿਆ ਹੋਵੇ। ਸੱਦਾ ਪੱਤਰ ਦੇਖ ਕੇ ਇਕ ਅਫ਼ਸਰ ਈਦੀ ਨੂੰ ਵੀ.ਆਈ.ਪੀ. ਅਹਾਤੇ ਵੱਲ ਛੱਡ ਗਿਆ। ਐਲਾਨ ਹੋਇਆ- ਜਹਾਜ਼ ਆਉਣ ਵਾਲਾ ਹੈ। ਸਾਰੇ ਵੀ.ਆਈ.ਪੀ. ਜਹਾਜ਼ ਤੱਕ ਵਿਛਾਈ ਲਾਲ ਦਰੀ ਦੇ ਦੋਹੀਂ ਪਾਸੀਂ ਸਿੱਧੀ ਕਤਾਰ ਵਿਚ ਖਲੋਤੇ ਸਨ। ਈਦੀ ਨੇ ਨਜ਼ਰ ਦੌੜਾਈ- ਲਿਸ਼ਕਦੇ ਲਿਬਾਸ, ਬੂਟਾਂ ਦੀਆਂ ਟੋਆਂ ਇਉਂ ਚਮਕਦੀਆਂ ਜਿਵੇਂ ਦਰੀ ਦੇ ਕਿਨਾਰੇ ਮੋਤੀਆਂ ਨਾਲ ਪਰੋਏ ਹੋਣ। ਇਨ੍ਹਾਂ ਨਾਲ ਇਕ ਈਦੀ ਵੀ ਸੀ। ਇਕ ਅਫ਼ਸਰ ਉਸ ਕੋਲ ਆਇਆ ਕਿਹਾ- ਈਦੀ ਸਾਹਿਬ! ਮੈਨੂੰ ਅਫ਼ਸੋਸ ਹੈ ਕਿ ਮੈਨੂੰ ਦੱਸਣਾ ਪੈ ਰਿਹਾ ਹੈ, ਇਹੋ ਜਿਹੇ ਮੌਕਿਆਂ 'ਤੇ ਖਾਸ ਲਿਬਾਸ ਪਾਉਣਾ ਹੁੰਦੈ। ਜਾਂ ਤਾਂ ਤੁਹਾਨੂੰ ਕੱਪੜੇ ਬਦਲਣੇ ਪੈਣਗੇ ਜਾਂ... ਅਫ਼ਸੋਸ ਹੈ ਸਰ, ਤੁਹਾਨੂੰ ਇਥੋਂ ਜਾਣਾ ਪਵੇਗਾ। ਈਦੀ ਨੇ ਕਿਹਾ- ਜਦੋਂ ਮੈਨੂੰ ਸੱਦਾ ਭੇਜਿਆ ਗਿਆ ਸੀ, ਉਦੋਂ ਸਰਕਾਰ ਨੂੰ ਮੇਰੇ ਲਿਬਾਸ ਦਾ ਪਤਾ ਨਹੀਂ ਸੀ? ਤੁਹਾਡਾ ਖਿਆਲ ਸੀ, ਸੱਦਾ ਪੱਤਰ ਮਿਲਣ ਸਾਰ ਮੈਂ ਨਵੇਂ ਕੱਪੜੇ ਸਿਲਾ ਲਵਾਂਗਾ? ਇਹ ਸੁਣ ਕੇ ਅਫ਼ਸਰ ਚਲਾ ਗਿਆ। ਫਿਰ ਦੋ ਹੋਰ ਅਫ਼ਸਰ ਆ ਗਏ। ਕਿਹਾ- ਈਦੀ ਸਾਹਿਬ! ਇਹ ਸਾਡਾ ਜ਼ਾਤੀ ਮਾਮਲਾ ਨਹੀਂ ਹੈ। ਸਾਡੀ ਡਿਊਟੀ ਹੈ, ਅਸੀਂ ਸਵਾਗਤ ਵਿਚ ਕੋਈ ਨੁਕਸ ਨਾ ਰਹਿਣ ਦੇਈਏ।



ਹਰਪਾਲ ਸਿੰਘ ਪੰਨੂ
ਫੋਨ: +91-94642-51454

ਤੁਸੀਂ ਚਲੇ ਜਾਉ।

ਈਦੀ ਨੇ ਉਚੀ ਅਵਾਜ਼ ਵਿਚ ਕਿਹਾ- ਦਫ਼ਾ ਹੋ ਜਾਉ। ਮੈਂ ਇਥੇ ਖਲੋਵਾਂਗਾ। ਜਿਸ ਬੰਦੇ ਨੇ ਤੀਹ ਸਾਲ ਦਿਨ ਦੇਖਿਆ ਨਾ ਰਾਤ, ਕੰਮ ਕਰਦਾ ਪਾਗਲ ਹੋ ਗਿਆ, ਉਹ ਤੁਹਾਨੂੰ ਬੁਰਾ ਲਗਦਾ ਹੈ। ਮੈਂ ਸੱਦਾ ਪੱਤਰ ਕਬੂਲ ਕਰ ਕੇ ਪੁੱਜ ਗਿਆ ਹਾਂ। ਹੁਣ ਆਪਣਾ ਫੈਸਲਾ ਨਹੀਂ ਬਦਲਾਂਗਾ। ਉਹ ਨੀਵੀਆਂ ਪਾ ਕੇ ਚਲੇ ਗਏ।

ਵਾਪਸ ਆ ਕੇ ਈਦੀ ਨੇ ਇਸ ਘਟਨਾ ਦਾ ਵੇਰਵਾ ਦਿੰਦਿਆਂ ਸਰਕਾਰ ਨੂੰ ਲਿਖਿਆ- ਭਵਿੱਖ ਵਿਚ ਮੈਨੂੰ ਕਿਸੇ ਸਰਕਾਰੀ ਸਮਾਰੋਹ ਵਿਚ ਨਾ ਬੁਲਾਇਆ ਜਾਏ। ਜਿਹੜੇ ਕੁਝ ਨਹੀਂ ਕਰਦੇ, ਲੁੱਟਦੇ ਹਨ, ਖਾਂਦੇ ਹਨ, ਪੀਂਦੇ ਹਨ, ਸੌਂਦੇ ਹਨ, ਉਨ੍ਹਾਂ ਨੂੰ ਬੁਲਾਇਆ ਕਰੋ। ਹੁਣ ਅਫ਼ਸਰ ਖਿਮਾ ਮੰਗਣ ਆਏ- ਈਦੀ ਸਾਹਿਬ! ਤੁਹਾਡਾ ਉਥੇ ਹੋਣਾ ਬਹੁਤ ਜ਼ਰੂਰੀ ਸੀ, ਸਗੋਂ ਪ੍ਰਸ਼ੰਸਾਯੋਗ ਸੀ, ਈਦੀ ਸਾਹਿਬ... ਈਦੀ ਸਾਹਿਬ...।

ਬਿਲਕੀਸ ਨੂੰ ਕਿਹਾ- ਜਦੋਂ ਅਫ਼ਸਰ ਮੈਨੂੰ ਬਾਹਰ ਦਾ ਰਸਤਾ ਦਿਖਾਣ ਲੱਗੇ ਸਨ, ਮੇਰਾ ਦਿਲ ਕੀਤਾ ਸੀ, ਬੈਗ ਵਿਚੋਂ ਰਸੀਦ ਬੁੱਕ ਕੱਢ ਕੇ ਇਨ੍ਹਾਂ ਤੋਂ ਦਾਨ ਮੰਗਣਾ ਸ਼ੁਰੂ ਕਰ ਦਿਆਂ। ਬਿਲਕੀਸ ਨੇ ਕਿਹਾ- ਫਿਰ ਤਾਂ ਚੁੱਕ ਕੇ ਤੁਹਾਨੂੰ ਬਾਹਰ ਸੁੱਟ ਦੇਣਾ ਸੀ ਉਨ੍ਹਾਂ। ਈਦੀ ਨੇ ਕਿਹਾ- ਮੈਨੂੰ ਕੋਈ ਬਾਹਰ ਨਹੀਂ ਸੁੱਟ ਸਕਦਾ। ਮੇਰੀ ਬੇਇਜ਼ਤੀ, ਆਦਮਜਾਤ ਦੀ ਬੇਇਜ਼ਤੀ ਹੋਣੀ ਸੀ।

ਉਸ ਨੇ ਲਿਬਨਾਨ ਜਾਣ ਦੀ ਆਗਿਆ ਮੰਗੀ। ਐਂਬੈਸੀ ਨੇ ਬੈਂਕ ਸਟੇਟਮੈਂਟ ਮੰਗੀ। ਈਦੀ ਨੇ ਕਿਹਾ- ਮੰਗਤੇ ਕੋਲ ਬੈਂਕ ਸਟੇਟਮੈਂਟ ਕਿਥੇ? ਮੇਰੇ ਕੋਲ ਕੋਈ ਪੈਸਾ ਨਹੀਂ। ਵੀਜ਼ਾ ਮਿਲ ਗਿਆ। ਜਹਾਜ਼ ਡੁਬਈ ਉਤਰਿਆ। ਉਥੋਂ ਬਸ ਰਾਹੀਂ ਬੈਰੂਤ ਜਾਣਾ ਸੀ। ਜਿਥੇ ਬਸ ਨੇ ਉਤਾਰੇ, ਉਥੋਂ ਮਸਜਿਦ ਦੇ ਮੀਨਾਰ ਦੇਖੇ। ਭੁੱਖ ਲੱਗੀ ਹੋਈ ਸੀ। ਮਸਜਿਦ ਵਿਚ ਨਮਾਜ਼ ਪੜ੍ਹੀ। ਇਕ ਪਹਿਰੇਦਾਰ ਆਟੇ ਦੀਆਂ ਬੋਰੀਆਂ ਦੀ ਰਾਖੀ ਕਰ ਰਿਹਾ ਸੀ। ਇਸ਼ਾਰੇ ਨਾਲ ਉਸ ਤੋਂ ਰੋਟੀ ਮੰਗੀ, ਉਸ ਨੇ ਕਿਹਾ- ਮਾਫ਼ ਕਰੋ। ਈਦੀ ਬੈਠਾ ਰਿਹਾ। ਉਹੋ ਪਹਿਰੇਦਾਰ ਵੱਡੀ ਸਾਰੀ ਰੋਟੀ ਤੇ ਚਾਰ ਪੰਜ ਟਮਾਟਰ ਦੇ ਗਿਆ। ਰੋਟੀ ਦਾ ਚੌਥਾ ਹਿੱਸਾ ਟਮਾਟਰ ਨਾਲ ਖਾ ਕੇ ਬਾਕੀ ਦੀ ਝੋਲੇ ਵਿਚ ਪਾ ਲਈ। ਬੈਰੂਤ ਉਜੜ ਚੁੱਕਾ ਸੀ। ਖਾਲੀ ਮਕਾਨ, ਢੱਠੇ ਹੋਟਲ, ਉਜਾੜ ਸੁੰਨਸਾਨ ਗਲੀਆਂ। ਹੋਟਲ ਸਾਹਮਣੇ ਲੇਟੇ ਇਕ ਬੰਦੇ ਨੂੰ ਪੁੱਛਿਆ- ਮੈਂ ਕਿਥੇ ਰਹਿ ਸਕਦਾ ਹਾਂ? ਉਸ ਨੇ ਆਪਣੇ ਹੱਥ ਉਠਾ ਕੇ ਕਿਹਾ- ਜਿਥੇ ਮਰਜ਼ੀ। ਧਰਤੀ ਅਸਮਾਨ ਸਭ ਖਾਲੀ ਹਨ। ਹਰ ਚੀਜ਼ ਮੁਫ਼ਤ ਹੈ। ਸ਼ਹਿਰ ਨਹੀਂ, ਕਬਰਸਤਾਨ ਲਗਦਾ ਸੀ ਇਹ। ਇਕ ਬਜ਼ੁਰਗ ਸਿਪਾਹੀ ਡਿਊਟੀ ਦੇ ਰਿਹਾ ਸੀ। ਉਸ ਨੂੰ ਦੱਸਿਆ- ਮੈਂ ਪਾਰਲੀਮੈਂਟ ਦਾ ਮੈਂਬਰ ਹਾਂ, ਮੈਨੂੰ ਪਾਕਿਸਤਾਨੀ ਸਫ਼ਾਰਤਖਾਨੇ ਦਾ ਰਸਤਾ ਦੱਸ ਦਿਉ। ਸਿਪਾਹੀ ਹੈਰਾਨ ਹੋ ਗਿਆ, ਕਿਹਾ- ਐਮ.ਪੀ. ਤਾਂ ਅਮਰੀਕਾ ਅਤੇ ਯੂਰਪ ਦੀ ਸੈਰ ਕਰਨ ਜਾਂਦੇ ਹਨ, ਤੁਸੀਂ ਇਧਰ ਕਿਵੇਂ ਆਏ? ਸਿਪਾਹੀ ਨੂੰ ਵੀ ਭੁੱਖ ਲੱਗੀ ਹੋਈ ਸੀ। ਦੋਹਾਂ ਨੇ ਈਦੀ ਦੇ ਝੋਲੇ ਵਿਚੋਂ ਬਚੀ ਹੋਈ ਰੋਟੀ ਟਮਾਟਰਾਂ ਨਾਲ ਖਾਧੀ। ਕਾਗਜ਼ ਪੱਤਰ ਦੇਖ ਕੇ ਸਿਪਾਹੀ ਨੇ ਕਿਹਾ- ਇਸ ਗੱਡੀ ਵਿਚ ਜੇ ਪੈਟਰੋਲ ਪੁਆ ਦਿਉ ਤਾਂ ਮੈਂ ਤੁਹਾਡਾ ਡਰਾਇਵਰ ਅਤੇ ਗਾਈਡ ਹੋਵਾਂਗਾ।

ਬੇਘਰੇ ਲੋਕ ਤੰਬੂਆਂ ਵਿਚ ਰਹਿ ਰਹੇ ਸਨ। ਭੁੱਖੇ ਬੱਚੇ ਹੱਥ ਅੱਡ ਕੇ ਈਦੀ ਅੱਗੇ ਖਲੋ ਜਾਂਦੇ। ਈਦੀ ਨੇ ਇਕ ਇਕ ਪਰਿਵਾਰ ਨੂੰ ਦੋ ਦੋ ਸੌ ਡਾਲਰ ਦਿੱਤੇ। ਸ਼ੁਕਰਾਨਾ ਕਰਦਿਆਂ ਆਖਦੇ, ਸਾਡੇ ਅਰਬ ਭਰਾ ਤਾਂ ਆਏ ਨਹੀਂ। ਤੁਸੀਂ ਪਾਕਿਸਤਾਨੋਂ ਹਮਦਰਦੀ ਕਰਨ ਆਏ। ਈਦੀ ਨੇ ਕਿਹਾ- ਪਾਕਿਸਤਾਨ ਦੀ ਸਲਾਮਤੀ ਲਈ ਦੁਆ ਕਰੋ।

1983 ਦੇ ਸਾਲ ਸਿੰਧ ਵਿਚ ਤਾਨਾਸ਼ਾਹੀ ਵਿਰੁੱਧ ਲੋਕ ਰੋਹ, ਉਠਣ ਲੱਗਾ। ਈਦੀ ਉਪਰ ਇਲਜ਼ਾਮ ਲੱਗੇ, ਲਾਸ਼ਾਂ ਢੋਣ ਦੇ ਬਹਾਨੇ ਇਹ ਹਥਿਆਰ ਸਪਲਾਈ ਕਰਦਾ ਹੈ। ਈਦੀ ਨੇ ਕੋਈ ਜਵਾਬ ਨਹੀਂ ਦਿੱਤਾ। ਫਿਰ ਸਵਾਲ ਹੋਇਆ- ਜੇ ਡਾਕੂਆਂ ਦੇ ਖਿਲਾਫ਼ ਹੈ ਤਾਂ ਈਦੀ ਡਾਕੂਆਂ ਵਿਰੁੱਧ ਬਿਆਨ ਕਿਉਂ ਨਹੀਂ ਦਿੰਦਾ? ਈਦੀ ਨੇ ਕਿਹਾ- ਬੱਚੇ ਡਾਕੂ ਕਿਉਂ ਬਣੇ, ਇਸ ਦਾ ਕਾਰਨ ਲੱਭ ਕੇ ਇਲਾਜ ਕਰੋ। ਮਾਹੌਲ ਇੰਨਾ ਖੌਫ਼ਜ਼ਦਾ ਹੋ ਗਿਆ ਹੈ ਕਿ ਸਿੰਧ ਦੀਆਂ ਮਸਜਿਦਾਂ ਵਿਚ ਕੋਈ ਨਮਾਜ਼ ਪੜ੍ਹਨ ਨਹੀਂ ਜਾਂਦਾ। ਜੇ ਪੁਲਿਸ ਅਤੇ ਫੌਜ ਦੇ ਹੁੰਦਿਆਂ ਆਮ ਆਦਮੀ ਸੁਰੱਖਿਅਤ ਨਹੀਂ ਤਾਂ ਹਥਿਆਰ ਆਮ ਲੋਕਾਂ ਵਿਚ ਵੰਡ ਦਿਉ। ਉਹ ਆਪਣੀ ਰਾਖੀ ਆਪ ਕਰ ਲੈਣਗੇ। ਤੁਹਾਡੇ ਬੰਗਲੇ, ਕਾਰਾਂ ਤੇ ਬੈਂਕ ਖਾਤੇ ਤੁਹਾਡੇ ਜੁਰਮਾਂ ਦਾ ਸਬੂਤ ਹਨ।

ਈਦੀ ਨੂੰ ਪਤਾ ਲਗਦਾ ਕਿ ਫਲਾਣੀ ਥਾਂ ਪੁਲਿਸ ਅਤੇ ਡਾਕੂਆਂ ਵਿਚਕਾਰ ਗੋਲੀਬਾਰੀ ਹੋ ਰਹੀ ਹੈ, ਆਪਣੀ ਵੈਨ ਸਟਾਰਟ ਕਰ ਕੇ ਉਥੇ ਪੁੱਜ ਜਾਂਦਾ। ਲਾਊਡ ਸਪੀਕਰ ਵਿਚ ਐਲਾਨ ਕਰਦਾ- ਈਦੀ ਲਾਸ਼ਾਂ ਅਤੇ ਜ਼ਖ਼ਮੀਆਂ ਨੂੰ ਲੈਣ ਆਇਆ ਹੈ। ਗੋਲੀ ਬੰਦ ਕਰੋ। ਗੋਲੀਬਾਰੀ ਬੰਦ ਹੋ ਜਾਂਦੀ। ਦੋਹਾਂ ਪਾਸਿਆਂ ਦੇ ਜ਼ਖ਼ਮੀਆਂ ਤੇ ਲਾਸ਼ਾਂ ਨੂੰ ਲੈ ਕੇ ਵਾਪਸ ਤੁਰ ਪੈਂਦਾ। ਮੁਕਾਬਲਾ ਫਿਰ ਸ਼ੁਰੂ ਹੋ ਜਾਂਦਾ।

ਰਮਜ਼ਾਨ ਦੇ ਮਹੀਨੇ ਸ਼ਾਮੀਂ ਘਰ ਪਰਤ ਰਿਹਾ ਸੀ। ਈਦੀ ਨੇ ਕਾਰ ਪਿਛੇ ਦੋ ਹਥਿਆਰਬੰਦ ਬੰਦੇ ਸ਼ਹਿ ਕੇ ਬੈਠੇ ਦੇਖੇ। ਉਪਰ ਨਿਗ੍ਹਾ ਮਾਰੀ ਤਾਂ ਸੁਨਿਆਰ ਦੀ ਛੱਤ ਉਪਰ ਏ.ਕੇ. ਸੰਤਾਲੀ ਲਈ ਖਲੋਤੇ ਜੁਆਨ ਦੇਖੇ। ਗੋਲੀਆਂ ਚੱਲੀਆਂ। ਇਕ ਨੇ ਕਿਹਾ- ਈਦੀ ਸਾਹਿਬ! ਚਲੇ ਜਾਉ, ਨਹੀਂ ਮਾਰੇ ਜਾਉਗੇ। ਈਦੀ ਨੇ ਕਿਹਾ- ਨਹੀਂ ਜਾਵਾਂਗਾ। ਇਹ ਫਸਤਾ ਵੱਢ ਹੀ ਦਿਉ ਤਾਂ ਚੰਗਾ। ਛੱਤ ਤੋਂ ਇਕ ਜੁਆਨ ਚੀਕਿਆ- ਬੈਠ ਜਾਉ ਈਦੀ, ਤੇ ਨਾਲ ਹੀ ਹੇਠਾਂ ਛਾਲ ਮਾਰ ਦਿੱਤੀ। ਗੋਲੀ ਉਸ ਦੇ ਦਿਲ ਵਿਚੋਂ ਦੀ ਲੰਘ ਗਈ। ਲਹੂ ਦੇ ਫੁਹਾਰੇ ਕੰਧਾਂ ਉਪਰ ਚਲੇ। ਈਦੀ ਦੀ ਜਾਨ ਬਚਾਉਂਦੇ ਦੋ ਜੁਆਨ ਮਰੇ। ਲਹੂ ਭਿੱਜੇ ਕੱਪੜੇ ਦੇਖ ਕੇ ਬਿਲਕੀਸ ਨੇ ਪੁੱਛਿਆ- ਇਹ ਕੀ? ਸਾਰੀ ਗੱਲ ਦੱਸੀ। ਅਗਲੀ ਸਵੇਰ ਬਿਲਕੀਸ ਮੌਕਾ ਦੇਖਣ ਗਈ। ਮਾਸ ਦੇ ਟੁਕੜੇ ਅਜੇ ਖਿਲਰੇ ਪਏ ਸਨ।

ਪੁਲਿਸ ਮੁਕਾਬਲੇ ਵਿਚ ਮਰੇ ਡਾਕੂਆਂ ਦੀਆਂ ਲਾਸ਼ਾਂ ਸਨਮਾਨ ਸਹਿਤ ਮੀਠਾਦਾਰ ਵਿਚ ਦਫਨਾਈਆਂ। ਖਤਰਨਾਕ ਡਾਕੂ ਕਸ਼ਮੀਰੇ ਦੇ ਰਿਸ਼ਤੇਦਾਰ ਉਸ ਦੀ ਕੱਟੀ ਹੋਈ ਲੱਤ ਲੈ ਕੇ ਆਏ। ਲੱਤ ਦਾ ਸਸਕਾਰ ਕਰ ਦਿੱਤਾ। ਉਸ ਸਾਈਜ਼ ਦੀ ਲੱਤ ਬਣਵਾ ਕੇ ਉਨ੍ਹਾਂ ਨੂੰ ਦੇ ਦਿੱਤੀ। ਪੁਲਿਸ ਘੱਟਾਨੀ ਡਾਕੂ ਦੀ ਲਾਸ਼ ਲੈ ਕੇ ਆਈ। ਕਿਸੇ ਨੇ ਕਿਹਾ- ਘੱਟਾਨੀ ਬਹੁਤ ਬੁਰਾ ਆਦਮੀ ਸੀ। ਬਿਲਕੀਸ ਚੀਕੀ- ਕਿਸੇ ਮਾਂ ਦੇ ਪੇਟ ਵਿਚੋਂ ਡਾਕੂ ਨਹੀਂ ਜੰਮਦਾ। ਕਾਨੂੰਨ ਇਸ ਤੋਂ ਵੱਡੇ ਲੁਟੇਰਿਆਂ ਦੀ ਹਿਫ਼ਾਜ਼ਤ ਕਰ ਰਿਹੈ।

ਡਾਕੂਆਂ ਦੇ ਆਪਣੇ ਆਪਣੇ ਇਲਾਕੇ ਸਨ, ਆਪੋ-ਆਪਣੀਆਂ ਚੈਕ ਪੋਸਟਾਂ, ਈਦੀ ਦੀ ਗੱਡੀ ਰੁਕਦੀ ਤਾਂ ਆਵਾਜ਼ ਆਉਂਦੀ- ਈਦੀ ਬਾਬਾ ਹੈ, ਜਾਣ ਦਿਉ।

1986 ਵਿਚ ਫਿਲਪੀਨ ਸਰਕਾਰ ਨੇ ਮੈਗਸਾਸੇ ਸਨਮਾਨ ਦੇਣ ਦਾ ਫੈਸਲਾ ਕੀਤਾ। ਮੀਆਂ ਬੀਵੀ ਨੇ ਦੋ ਦੋ ਜੋੜੇ ਕੱਪੜਿਆਂ ਦੇ ਪੈਕ ਕਰ ਲਏ। ਜਹਾਜ਼ ਤੋਂ ਉਤਰੇ ਤਾਂ ਸਵਾਗਤ ਵਾਸਤੇ ਬੈਂਡ ਵੱਜ ਰਿਹਾ ਸੀ। ਇਕ ਕਾਰ ਵਿਚ ਬਿਠਾ ਕੇ ਪੰਜ-ਤਾਰਾ ਹੋਟਲ ਵਿਚ ਲੈ ਗਏ। ਹੋਟਲ ਦਾ ਕਮਰਾ ਦੇਖ ਕੇ ਬਿਲਕੀਸ ਬੱਚਿਆਂ ਵਾਂਗ ਹਰ ਚੀਜ਼ ਛੂਹ ਛੂਹ ਦੇਖਣ ਲੱਗੀ। ਆਹ ਗੱਦੇ ਦੇਖੋ, ਕਿੰਨੇ ਸਾਫ਼, ਕਿੰਨੇ ਨਰਮ। ਸਿਰਹਾਣਾ ਸੁੰਘ ਕੇ ਤਾਂ ਦੇਖੋ। ਗੁਲਾਬ ਦੀ ਖੁਸ਼ਬੂ। ਇਹ ਗੁਲਾਬ ਜਲ ਨਾਲ ਕੱਪੜੇ ਧੋਂਦੇ ਹੋਣਗੇ। ਆਹ ਪਰਦੇ ਦੇਖੋ। ਇਕ ਇਕ ਨਹੀਂ, ਕਈ ਕਈ ਕੱਪੜੇ ਇਕੱਠੇ ਸਿਉਂ ਕੇ ਬਣਾਏ ਨੇ। ਇਧਰ ਗੁਸਲਖਾਨੇ ਵਿਚ ਆ ਕੇ ਦੇਖੋ... ਫਰਸ਼ ਵਿਚੋਂ ਚਿਹਰਾ ਦਿਸਦਾ ਹੈ। ਉਹ ਗੱਦੇ ਉਤੇ ਲੇਟੀ ਤੇ ਜਲਦੀ ਸੌਂ ਗਈ। ਈਦੀ ਫਰਸ਼ 'ਤੇ ਸੌਂ ਗਿਆ। ਸਵੇਰੇ ਉਠਣ ਸਾਰ ਕਹਿਣ ਲੱਗੀ- ਮੈਂ ਆਪਣੇ ਲਈ ਇਸ ਨਾਲ ਦਾ ਗੱਦਾ ਖਰੀਦ ਕੇ ਲਿਜਾਵਾਂਗੀ। ਅੱਜ ਵਰਗੀ ਨੀਂਦ ਕਦੀ ਨਹੀਂ ਆਈ।

ਸਨਮਾਨ ਸਮਾਰੋਹ ਵਕਤ ਹਾਲ ਭਰਿਆ



***ਭਾਰਤੀ ਸਫਾਰਤਖਾਨੇ ਦਾ ਮੁਲਾਜ਼ਮ, ਅਬਦੁੱਲ ਸੱਤਾਰ ਈਦੀ ਅਤੇ ਭਾਰਤੀ ਕੁੜੀ ਗੀਤਾ ਨਾਲ। ਗੀਤਾ ਬੋਲ ਨਹੀਂ ਸਕਦੀ। ਉਹ 11 ਸਾਲ ਦੀ ਸੀ ਜਦੋਂ ਸਮਝੌਤਾ ਐਕਸਪ੍ਰੈਸ ਰਾਹੀਂ ਪਾਕਿਸਤਾਨ ਪੁੱਜ ਗਈ ਸੀ। ਈਦੀ ਫਾਊਂਡੇਸ਼ਨ ਨੇ ਉਸ ਦੀ ਸਾਂਭ-ਸੰਭਾਲ ਕੀਤੀ। ਫਿਲਮ 'ਬਜਰੰਗੀ ਭਾਈਜਾਨ' ਜੋ ਇਕ ਗੂੰਗੀ ਬੱਚੀ 'ਤੇ ਆਧਾਰਿਤ ਹੈ, ਤੋਂ ਬਾਅਦ ਉਸ ਬਾਰੇ ਗੱਲ ਚੱਲੀ ਅਤੇ ਉਹ ਡੇਢ ਦਹਾਕੇ ਮਗਰੋਂ ਭਾਰਤ ਪੁੱਜੀ।***

ਹੋਇਆ ਸੀ। ਮੀਆਂ ਬੀਵੀ ਦਾ ਨਾਮ ਬੋਲਿਆ ਗਿਆ। ਦੋਵੇਂ ਉਠ ਕੇ ਉਸ ਥਾਂ ਖਲੋ ਗਏ ਜਿਥੇ ਫਿਲਪੀਨ ਅਤੇ ਪਾਕਿਸਤਾਨ ਦੇ ਝੰਡੇ ਲਹਿਰਾ ਰਹੇ ਸਨ। ਪਾਕਿਸਤਾਨ ਦਾ ਕੌਮੀ ਤਰਾਨਾ ਗਾਇਆ ਗਿਆ, ਰਾਸ਼ਟਰਪਤੀ ਨੇ ਸਨਮਾਨ ਚਿੰਨ੍ਹ ਸੋਨੇ ਦਾ ਤਮਗਾ ਤੇ ਵੀਹ ਹਜ਼ਾਰ ਡਾਲਰ ਦਾ ਚੈੱਕ ਦਿੱਤੇ। ਮੀਆਂ ਬੀਵੀ ਦੋਵੇਂ ਰੋ ਪਏ। ਹੇਠਾਂ ਉਤਰੇ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਹਾਲ ਗੂੰਜਿਆ।

ਅਗਲੀ ਸ਼ਾਮ ਪ੍ਰਧਾਨ ਮੰਤਰੀ ਕੈਰੀ ਅਕਾਇਨੋ ਨੇ ਭੋਜਨ ਦਾ ਸੱਦਾ ਦਿੱਤਾ। ਈਦੀ ਸ਼ਾਂਤ ਰਿਹਾ, ਪਰ ਬਿਲਕੀਸ ਖੁਸ਼ੀ ਅਤੇ ਹੈਰਾਨੀ ਨਾਲ ਮਹਿਲ ਦੀ ਹਰ ਚੀਜ਼ ਦੇਖਦਿਆਂ ਆਖਦੀ- ਅਹੁ ਦੇਖ ਈਦੀ... ਅਹੁ ਦੇਖ... ਫਾਨੂਸ ਅਤੇ ਲਾਈਟਾਂ ਜਿਵੇਂ ਅਸਮਾਨ ਵਿਚ ਲਟਕੀਆਂ ਹੋਣ। ਵਾਪਸੀ ਤੇ ਥਾਈਲੈਂਡ ਦੇ ਬਾਦਸ਼ਾਹ ਨੇ ਸੱਦਾ ਦਿਤਾ, ਦਾਅਵਤ ਦਿੱਤੀ। ਉਸ ਪਿਛੋਂ ਬੰਗਲਾ ਦੇਸ਼ ਵਿਚ ਈਦੀ ਫਾਊਂਡੇਸ਼ਨ ਦੀ ਬ੍ਰਾਂਚ ਦਾ ਮੁਆਇਨਾ ਕਰਨ ਚਲੇ ਗਏ। ਪਾਕਿਸਤਾਨ ਵਾਪਸ ਆ ਕੇ ਕਈ ਮਹੀਨੇ ਬਿਲਕੀਸ ਸਫ਼ਰ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ। ਹਰ ਸਵੇਰ ਪਿਛਲੀ ਕਹਾਣੀ ਵਿਚ ਨਵਾਂ ਵਾਧਾ ਹੋ ਜਾਂਦਾ।

ਆਰਮੀਨੀਆ ਵਿਚ ਭੂਚਾਲ ਦੌਰਾਨ ਈਦੀ ਫਾਊਂਡੇਸ਼ਨ ਵਲੋਂ ਨਿਭਾਈ ਭੂਮਿਕਾ ਕਾਰਨ ਸੋਵੀਅਤ ਦੇਸ ਨੇ ਸ਼ਾਂਤੀ ਪੁਰਸਕਾਰ ਦਿੱਤਾ।

ਇਕ ਸਮਾਗਮ ਵਿਚ ਧਨੀ ਸੇਠ ਨੇ ਕਿਹਾ- ਈਦੀ ਕੋਈ ਲੋਕ ਭਲਾਈ ਨਹੀਂ ਕਰਦਾ। ਵਪਾਰ ਕਰ ਰਿਹੈ। ਕਿਸੇ ਸੇਠ ਨੂੰ ਉਸ ਦੇ ਕੰਮ ਦੀ ਨਿਗਰਾਨੀ 'ਤੇ ਤਾਇਨਾਤ ਕਰਨਾ ਚਾਹੀਦਾ ਹੈ। ਲੋਕਾਂ ਨੇ ਉਸ ਨੂੰ ਜੁੱਤੀਆਂ ਮਾਰ ਕੇ ਬਾਹਰ ਕੱਢ ਦਿੱਤਾ। ਈਦੀ ਨੂੰ ਖ਼ਬਰ ਮਿਲੀ, ਹੱਸ ਕੇ ਕਿਹਾ- ਡਾਕੂ, ਨੇਕ ਚਲਣੀ ਦਾ ਸਰਟੀਫਿਕੇਟ ਲੈਣ ਆਇਆ ਸੀ।


ਉਸ ਉਪਰ ਅਜਿਹੇ ਇਲਜ਼ਾਮ ਲਗਦੇ- ਈਦੀ ਫੁੱਟਪਾਥਾਂ ਤੋਂ ਬਦਚਲਨ ਔਰਤਾਂ ਚੁੱਕ ਕੇ ਲੈ ਜਾਂਦਾ ਹੈ। ਇਸ ਨਾਲ ਵਿਭਚਾਰ ਨੂੰ ਉਤਸ਼ਾਹ ਮਿਲਦਾ ਹੈ। ਉਹ ਹਿੰਦੂਆਂ ਅਤੇ ਈਸਾਈਆਂ ਵੱਲ ਵਧੀਕ ਧਿਆਨ ਦਿੰਦਾ ਹੈ। ਈਦੀ ਆਖਦਾ- ਮਾਨਸਿਕ ਰੋਗਣ ਨੂੰ ਪਤਾ ਈ ਨੀ ਹੁੰਦਾ, ਵਿਭਚਾਰ ਕੀ ਹੁੰਦੈ। ਮਰਦ ਉਨ੍ਹਾਂ ਨਾਲ ਜਬਰ ਵੀ ਕਰਦਾ ਹੈ, ਫਿਰ ਦੋਸ਼ ਲਾ ਕੇ ਕੈਦ ਵਿਚ ਭਿਜਵਾ ਦਿੰਦਾ ਹੈ। ਆਸ਼ਰਮ ਵਿਚ ਗਰਭਵਤੀ ਪਾਗਲ ਔਰਤਾਂ ਦਾਖਲ ਕੀਤੀਆਂ ਗਈਆਂ ਹਨ। ਰਹੀ ਗੱਲ ਹਿੰਦੂਆਂ ਤੇ ਈਸਾਈਆਂ ਦੀ, ਇਸਲਾਮ ਅਨੁਸਾਰ ਰੱਬ ਇਕ ਹੈ। ਅੱਯਾਸ਼ ਲੋਕਾਂ ਕੋਲ ਕਈ ਕਈ ਰੱਬ ਹੋਣਗੇ। ਦੁਰਕਾਰਿਆਂ ਹੋਇਆਂ ਦਾ ਰੱਬ ਇਕ ਹੈ। ਮੁਸਲਮਾਨ ਹੋਣ ਦੇ ਨਾਤੇ ਮੈਨੂੰ ਫਖ਼ਰ ਹੈ ਕਿ ਮੈਂ ਗੈਰ ਮੁਸਲਮਾਨਾਂ ਨੂੰ ਉਨਾ ਈ ਪਿਆਰ ਕਰਦਾ, ਜਿੰਨਾ ਮੁਸਲਮਾਨਾਂ ਨੂੰ। ਮੇਰੀ ਐਂਬੂਲੈਂਸ ਕੇਵਲ ਗਰੀਬ ਦੇ ਘਰ ਨਹੀਂ ਜਾਂਦੀ। ਅਮੀਰ 'ਵਾਜ ਮਾਰਦੇ ਹਨ ਤਾਂ ਪੁੱਜਦੀ ਹੈ। ਕਰੋੜਪਤੀ ਬੰਦੇ ਆਪਣੇ ਮਾਪਿਆਂ ਨੂੰ ਇਥੇ ਛੱਡ ਜਾਂਦੇ ਹਨ, ਕਿਉਂਕਿ ਬੋਝ ਬਣ ਗਏ ਹਨ। ਆਖਦੇ ਹਨ- ਕੋਈ ਤਕਲੀਫ਼ ਹੋਵੇ, ਈਦੀ ਸਾਹਿਬ ਦੱਸਣਾ। ਜਿਹੜੇ ਆਪਣੇ ਮਾਪਿਆਂ ਦਾ ਭਾਰ ਨੀ ਚੁੱਕ ਸਕਦੇ, ਈਦੀ ਨੂੰ ਕੀ ਦੇਣਗੇ? ਮਿਲਣ ਵੀ ਨਹੀਂ ਆਉਂਦੇ।

ਰੋਗੀਆਂ ਅਤੇ ਯਤੀਮਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ ਤਾਂ ਕਰਾਚੀ ਨੈਸ਼ਨਲ ਹਾਈਵੇ 'ਤੇ 65 ਏਕੜ ਜ਼ਮੀਨ ਖਰੀਦ ਕੇ ਮਰਦਾਂ ਲਈ ਵੱਖਰਾ ਕੇਂਦਰ ਖੋਲ੍ਹ ਦਿੱਤਾ। ਮਿਠਾਦਾਰ ਵਾਲਾ ਕੰਪਲੈਕਸ ਔਰਤਾਂ ਵਾਸਤੇ ਹੋ ਗਿਆ। ਮਾਨਸਿਕ ਰੋਗੀ ਸਭ ਤੋਂ ਵੱਡੀ ਮੁਸ਼ਕਿਲ ਸਨ। ਉਹ ਗੁਸਲਖਾਨੇ ਵਿਚ ਨਾ ਜਾਂਦੇ। ਜਿਥੇ ਦਿਲ ਕਰਦਾ ਗੰਦ ਖਲਾਰ ਦਿੰਦੇ। ਖੁਰਕ ਖੁਰਕ ਕੇ ਜਿਸਮ ਛਿੱਲ ਲੈਂਦੇ। ਜੂੰਆਂ ਨਾ ਕਢਵਾਉਂਦੇ। ਦਵਾਈਆਂ ਕੋਈ ਅਸਰ ਨਾ ਕਰਦੀਆਂ। ਹਰ ਸਵੇਰ ਜਦੋਂ ਈਦੀ ਉਨ੍ਹਾਂ ਨੂੰ ਇਸ਼ਨਾਨ ਕਰਵਾਉਣ ਜਾਂਦਾ, ਰੌਲਾ ਪੈ ਜਾਂਦਾ- ਈਦੂ ਬਾਬਾ ਆ ਗਿਆ... ਈਦੂ ਬਾਬਾ ਆ ਗਿਆ। ਵਗਦੇ ਨੱਕਾਂ ਅਤੇ ਮੂੰਹ ਵਿਚ ਝੱਗਾਂ ਵਾਲੇ ਬੱਚੇ ਉਸ ਨੂੰ ਚੁੰਮਣਾ ਚਾਹੁੰਦੇ, ਜੱਫੀ ਪਾਉਣਾ ਚਾਹੁੰਦੇ। ਸਾਰਿਆਂ ਨੂੰ ਵਾਰੋ-ਵਾਰੀ ਇਸ਼ਨਾਨ ਕਰਵਾ ਕੇ ਦਵਾਈਆਂ ਮਲ ਕੇ ਪਰਤਦਾ ਤਾਂ ਆਖਦਾ- ਹਰ ਰੋਜ਼ ਹੱਜ ਕਰ ਆਉਂਦਾ ਹਾਂ।

ਈਦੀ ਦਾ ਵਿਰੋਧੀ ਧਨੀ ਮੈਮਨ ਕੈਂਸਰ ਦਾ ਮਰੀਜ਼ ਹੋ ਗਿਆ। ਈਦੀ ਨੂੰ ਬੁਲਾ ਕੇ ਕਿਹਾ- ਟੀਕੇ ਦੀ ਸੂਈ ਇੰਨਾ ਦਰਦ ਕਰਦੀ ਹੈ ਕਿ ਘੰਟਿਆਂ ਬੱਧੀ ਤੜਪਦਾ ਰਹਿਨਾ। ਉਦੋਂ ਮੈਨੂੰ ਤੇਰੇ ਕੰਮ ਦੀ ਸਮਝ ਪੈਂਦੀ ਹੈ। ਈਦੀ ਨੇ ਕਿਹਾ- ਜੇ ਇਨਸਾਨੀਅਤ ਨਾ ਰਹੇ, ਫਿਰ ਕੋਈ ਕੰਮ ਵੀ ਨਹੀਂ ਰਹਿਣਾ। ਆਪਾਂ ਅੱਲਾਹ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦੇ। ਇਕ ਹੋਰ ਸੇਠ ਨੇ ਬੁਲਾਇਆ ਤੇ ਕਿਹਾ- ਤੂੰ ਆਪਣੇ ਲਈ ਤਾਂ ਕੁਝ ਨਹੀਂ ਜੋੜਿਆ ਨਹੀਂ ਈਦੀ। ਇਹ ਸਵਾ ਲੱਖ ਰੁਪਏ ਸਿਰਫ਼ ਤੇਰੇ ਵਾਸਤੇ ਹਨ, ਸੰਸਥਾ ਵਾਸਤੇ ਨਹੀਂ। ਈਦੀ ਪੈਸੇ ਛੱਡ ਕੇ ਆ ਗਿਆ।

ਉਸ ਨੇ ਫੈਸਲਾ ਕੀਤਾ ਕਿ ਹਰ 25 ਕਿਲੋਮੀਟਰ ਦੇ ਦਾਇਰੇ ਵਿਚ ਈਦੀ ਭਲਾਈ ਸੈਂਟਰ ਖੋਲ੍ਹੇਗਾ। ਇਸ ਵਾਸਤੇ ਸਾਰੇ ਦੇਸ ਦਾ ਦੌਰਾ ਕੀਤਾ। ਝੁੱਗੀਆਂ ਝੌਂਪੜੀਆਂ ਵਿਚ ਵਸਦੇ ਔਰਤਾਂ ਮਰਦ ਟੁੱਟ ਚੁੱਕੇ ਸਨ। ਨੰਗੇ ਬੱਚੇ ਪਾਗਲਾਂ ਵਾਂਗ ਈਦੀ ਵੱਲ ਦੌੜਦੇ। ਹਉਕਾ ਲੈ ਕੇ ਈਦੀ ਆਖਦਾ- ਮਾਰੂਥਲ ਦੀਆਂ ਭਵਿੱਖ ਬਾਣੀਆਂ। ਸ਼ਹਿਰੀ ਲੋਕਾਂ ਨੂੰ ਮੇਰੇ ਕੱਪੜੇ ਸੁਹਣੇ ਨਹੀਂ ਲਗਦੇ। ਇਨ੍ਹਾਂ ਲੋਕਾਂ ਨੂੰ ਮੇਰੇ ਕੱਪੜੇ ਕਿੰਨੇ ਸੁਹਣੇ ਲਗਦੇ ਹੋਣਗੇ। ਅੱਜ ਮੈਂ ਰੰਗਦਾਰ ਕਮੀਜ਼ ਕਾਹਨੂੰ ਪਾਉਣਾ ਸੀ? ਮੈਂ ਉਹ ਜ਼ਿੰਦਗੀ ਨਹੀਂ ਜੀਆਂਗਾ ਜਿਸ ਦਾ ਇਹ


(ਬਾਕੀ ਅਗਲੇ ਸਫ਼ੇ 'ਤੇ)



***ਮੈਂ ਆਪਣੀ ਵਸੀਅਤ ਲਿਖ ਦਿਤੀ ਹੈ। ਕਰਾਚੀ ਹਾਈਵੇ ਦੇ ਵੱਡੇ ਪਲਾਟ ਦੇ ਕੋਨੇ ਵਿਚ ਆਪਣੀਆਂ ਇਕੱਠੀਆਂ ਕਬਰਾਂ ਹੋਣਗੀਆਂ। ਕਬਰ ਨਜ਼ਦੀਕ ਵੱਡਾ ਸਾਰਾ ਲੋਹੇ ਦਾ ਗੱਲਾ ਜੰਦਰਾ ਮਾਰ ਕੇ ਰੱਖ ਦਿਆਂਗਾ। ਤੈਨੂੰ ਪਤੈ, ਮੈਂ ਮਸਜਿਦ ਘੱਟ ਗਿਆ ਹਾਂ, ਨਮਾਜ਼ ਘੱਟ ਪੜ੍ਹੀ ਹੈ, ਪਰ ਲੋਕ ਮੈਨੂੰ ਫਕੀਰ ਸਮਝਣਗੇ। ਮੇਰੇ ਨਾਲ ਕਰਾਮਾਤਾਂ ਜੋੜ ਦੇਣਗੇ। ਮਨੋਰੋਗੀਆਂ ਦੇ ਰਿਸ਼ਤੇਦਾਰ ਬਕਸੇ ਵਿਚ ਦਾਨ ਪਾ ਕੇ ਇਲਾਜ ਮੰਗਣਗੇ, ਲੰਮੀਆਂ ਕਾਰਾਂ ਵਾਲੇ ਅਮੀਰ ਐਕਸੀਡੈਂਟਾਂ ਤੋਂ ਬਚਣ ਲਈ ਚੜ੍ਹਾਵੇ ਚਾੜ੍ਹਨਗੇ। ਤੇਰਾ ਖਾਵੰਦ ਮਰਨ ਪਿਛੋਂ ਵੀ ਲੋਕਾਂ ਦੀਆਂ ਜੇਬਾਂ ਕੁਤਰੇਗਾ। ਹੈਨਾ ਪੂਰੀ ਠੱਗੀ?***

# ਟੇਵਾ ਲਾਉਣਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


ਟੇਵਾ ਕਾਗਜ਼ ਦਾ ਉਹ ਪੁਰਜ਼ਾ ਹੁੰਦਾ ਹੈ ਜਿਸ 'ਤੇ ਬੱਚੇ ਦਾ ਜਨਮ ਤੇ ਲਗਨ ਆਦਿ ਦਰਜ ਕੀਤਾ ਹੋਵੇ। ਇਸ ਨੂੰ ਜਨਮ ਕੁੰਡਲੀ, ਜਨਮ ਪੱਤਰੀ, ਨਿਰਾ ਪੱਤਰੀ ਜਾਂ ਕੁੰਡਲੀ ਵੀ ਕਿਹਾ ਜਾਂਦਾ ਹੈ। ਟੇਵਾ ਸ਼ਬਦ ਪੰਜਾਬ, ਹਰਿਆਣਾ, ਰਾਜਸਥਾਨ ਵਿਚ ਖੂਬ ਚਲਦਾ ਹੈ। ਟੇਵਾ ਬਣਾਉਣ ਵਾਲੇ ਨੂੰ ਟੇਵਾਰੀ ਕਹਿੰਦੇ ਹਨ ਅਤੇ ਇਕ ਸੁਝਾਅ ਅਨੁਸਾਰ ਬ੍ਰਾਹਮਣਾਂ ਦਾ ਤਿਵਾਰੀ/ਤਿਵਾੜੀ ਗੋਤ ਇਸੇ ਤੋਂ ਵਿਗੜ ਕੇ ਬਣਿਆ ਹੈ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਇਹ ਤ੍ਰਿਪਾਠੀ ਤੋਂ ਬਣਿਆ ਹੈ ਜਿਵੇਂ ਜੋਸ਼ੀ ਜੋਤਸ਼ੀ ਤੋਂ ਬਣਿਆ ਦੱਸਿਆ ਜਾਂਦਾ ਹੈ।

ਟੇਵੇ ਵਾਲੇ ਕਾਗਜ਼ ਉਤੇ ਬੱਚੇ ਦੇ ਜਨਮ ਸਮੇਂ ਰਾਸ਼ੀ ਚੱਕਰ ਤਹਿਤ ਗ੍ਰਹਿਆਂ ਦੀ ਸਥਿਤੀ, ਮਹੂਰਤ ਅਤੇ ਲਗਨ ਆਦਿ ਨੂੰ ਇਕ ਖਾਨੇਦਾਰ ਸ਼ਕਲ ਵਿਚ ਦਰਸਾਇਆ ਗਿਆ ਹੁੰਦਾ ਹੈ। ਇਸ ਦੇ 12 ਖਾਨਿਆਂ 'ਚ 12 ਰਾਸ਼ੀਆਂ ਦਰਜ ਹੁੰਦੀਆਂ ਹਨ। ਇਨ੍ਹਾਂ ਖਾਨਿਆਂ ਨੂੰ ਭਾਵ ਜਾਂ ਘਰ ਕਿਹਾ ਜਾਂਦਾ ਹੈ। ਜਨਮ ਕੁੰਡਲੀ ਇਕ ਤਰ੍ਹਾਂ ਅਕਾਸ਼ ਦਾ ਨਕਸ਼ਾ ਹੀ ਹੁੰਦਾ ਹੈ। ਕੰਪਿਊਟਰ ਦੀ ਭਾਸ਼ਾ ਵਿਚ ਇਸ ਨੂੰ ਜ਼ਿਪ ਫਾਈਲ ਕਿਹਾ ਜਾ ਸਕਦਾ ਹੈ।

ਜੋਤਿਸ਼ ਅਨੁਸਾਰ ਜਨਮ ਸਮੇਂ ਗ੍ਰਹਿਆਂ ਦੀ ਦਸ਼ਾ ਸਾਡੇ ਜੀਵਨ 'ਚ ਵਾਪਰਨ ਵਾਲੀਆਂ ਘਟਨਾਵਾਂ 'ਤੇ ਪ੍ਰਭਾਵੀ ਹੁੰਦੀ ਹੈ। ਇਸ ਵੇਰਵੇ ਤੋਂ ਮਨੁੱਖ ਦੀ ਸ਼ਖਸੀਅਤ ਦਾ ਵੀ ਪਤਾ ਲਗਦਾ ਹੈ, ਇਸ ਤਰ੍ਹਾਂ ਇਹ ਮਨੁੱਖ ਦੇ ਜੀਵਨ ਦਾ ਸ਼ੀਸ਼ਾ ਹੈ। ਜਨਮ ਸਮੇਂ ਜੋ ਰਾਸ਼ੀ ਖਤਿਜ ਅਰਥਾਤ ਪੂਰਬ ਦੀ ਦਿਸ਼ਾ ਵਿਚ ਉਦੈ ਹੋ ਰਹੀ ਹੁੰਦੀ ਹੈ, ਉਹ ਲਗਨ ਕਹਾਉਂਦੀ ਹੈ ਤੇ ਇਸ ਨੂੰ ਪਹਿਲੇ ਘਰ ਵਿਚ ਦਰਜ ਕੀਤਾ ਜਾਂਦਾ ਹੈ, ਬਾਕੀ ਦੀਆਂ ਰਾਸ਼ੀਆਂ ਕ੍ਰਮਵਾਰ ਹੋਰ ਘਰਾਂ 'ਚ ਦਰਜ ਕੀਤੀਆਂ ਜਾਂਦੀਆਂ ਹਨ। ਹਰ ਲਗਨ ਲਈ ਕੁਝ ਗ੍ਰਹਿ ਸ਼ੁਭ ਹੁੰਦੇ ਹਨ ਤੇ ਕੁਝ ਅਸ਼ੁਭ। ਜੇ ਲਗਨ ਭਾਵ ਵਿਚ ਇਕ ਅੰਕ ਦਰਜ ਹੈ ਤਾਂ ਇਸ ਦਾ ਮਤਲਬ ਹੈ ਕਿ ਵਿਅਕਤੀ ਦਾ ਲਗਨ ਮੇਸ਼ ਹੈ। ਇਸ ਤਰ੍ਹਾਂ ਜਨਮ ਸਮੇਂ ਗ੍ਰਹਿ ਦਸ਼ਾ ਦਾ ਤੁਹਾਡੇ ਭਵਿਖ 'ਤੇ ਅਸਰ ਪੈਂਦਾ ਹੈ। ਫਰਜ਼ ਕਰੋ ਤੁਹਾਡੇ ਜਨਮ ਸਮੇਂ ਉਦੈ ਹੋ ਰਹੀ ਰਾਸ਼ੀ ਮਕਰ ਹੈ ਤਾਂ ਇਸ ਦਾ ਸਵਾਮੀ ਗ੍ਰਹਿ ਸ਼ਨੀ (ਸਨਿਚਰ) ਹੈ। ਇਸ ਰਾਸ਼ੀ ਵਾਲੇ ਮਿਹਨਤੀ, ਵਫਾਦਾਰ ਤੇ ਕਿਸੇ ਵੀ ਕੰਮ ਨੂੰ ਸਮਰਪਿਤ ਹੁੰਦੇ ਹਨ। ਇਹ ਗੁੱਸੇਖੋਰ, ਹੰਕਾਰੀ ਅਤੇ ਖੁਦਗਰਜ਼ ਵੀ ਹੁੰਦੇ ਹਨ, 'ਇਹ ਮੁੰਡਾ ਬੜਾ ਸਨਿਚਰ ਏ।'

ਅਗੇਰੀ ਚਰਚਾ ਤੋਂ ਪਹਿਲਾਂ ਏਨਾ ਦੱਸ ਦੇਵਾਂ ਕਿ ਮੇਰਾ ਜਨਮ ਪੱਤਰੀ/ਕੁੰਡਲੀ/ਟੇਵੇ ਆਦਿ ਦੀ ਸੱਚਾਈ ਵਿਚ ਉਕਾ ਵਿਸ਼ਵਾਸ ਨਹੀਂ। ਇਹ ਸਾਰਾ ਘਾਲਾ-ਮਾਲਾ ਪੂਰੀ ਤਰ੍ਹਾਂ ਅਵਿਗਿਆਨਕ ਹੈ। ਸਿਰਫ ਇਕ ਦੋ ਦਲੀਲਾਂ ਹੀ ਦੇਵਾਂਗਾ। ਕੋਈ ਵੀ ਗ੍ਰਹਿ ਸਾਡੇ ਤੋਂ ਕਰੋੜਾਂ ਮੀਲ ਦੂਰ ਹੈ ਤੇ ਉਸ ਦੀ ਰੋਸ਼ਨੀ ਸਾਡੇ ਤੱਕ ਪੁੱਜਣ ਵਿਚ ਕਈ ਮਿੰਟਾਂ ਤੋਂ ਲੈ ਕੇ ਕਈ ਘੰਟਿਆਂ ਤੱਕ ਲਾ ਸਕਦੀ ਹੈ। ਇਸ ਦਾ ਮਤਲਬ ਹੈ, ਪੱਤਰੀ ਵਿਚ ਜੋ ਗ੍ਰਹਿ ਦੀ ਸਥਿਤੀ ਦਰਜ ਹੈ, ਉਹ ਸਿਰਫ ਅੱਖਾਂ ਨੂੰ ਦਿਸਦੀ ਅਰਥਾਤ ਪ੍ਰਤੱਖ ਹੀ ਹੈ, ਅਸਲ ਵਿਚ ਇਹ ਸਥਿਤੀ ਹੋਰ ਹੈ। ਅੱਜ ਕਲ੍ਹ ਬੱਚੇ ਦਾ ਜਨਮ ਅਪਰੇਸ਼ਨ ਨਾਲ ਵੀ ਹੁੰਦਾ ਹੈ ਜਿਸ ਦੀ ਤਰੀਕ ਨਿਸਚਿਤ ਨਹੀਂ। ਡਾਕਟਰ ਜਾਂ ਗਰਭਵਤੀ ਦੀ ਮਰਜ਼ੀ ਤੇ ਸਰੀਰਕ ਲੋੜ ਅਨੁਸਾਰ ਬੱਚੇ ਦਾ ਜਨਮ ਅੱਗੇ ਪਿੱਛੇ ਪਾਇਆ ਜਾ ਸਕਦਾ ਹੈ।

ਖੈਰ, ਆਪਾਂ ਗੱਲ ਟੇਵਾ ਸ਼ਬਦ ਦੀ ਕਰਨੀ ਹੈ। ਟੇਵਾ ਲਈ ਇਕ ਹੋਰ ਸ਼ਬਦ ਟੀਪ ਵੀ ਚਲਦਾ ਹੈ, ਮੁਲਤਾਨੀ ਵਿਚ ਟਿੱਪਨਾ ਹੈ- ਇਹ ਟੇਵਾ ਦੇ ਰੁਪਾਂਤਰ ਹੀ ਹਨ। ਅਸਲ ਵਿਚ ਜਨਮ ਪੱਤਰੀ




ਆਦਿ ਲਈ ਟੇਵਾ ਸ਼ਬਦ ਦੀ ਵਰਤੋਂ ਆਮ ਤੌਰ 'ਤੇ ਵਿਆਹ ਤੋਂ ਪਹਿਲਾਂ ਹੀ ਕੀਤੀ ਜਾਂਦੀ ਹੈ, ਜਦੋਂ ਵਿਆਹੇ ਜਾਣ ਵਾਲੇ ਕੁੜੀ-ਮੁੰਡੇ ਦੀਆਂ ਜਨਮ ਪੱਤਰੀਆਂ ਮਿਲਾਈਆਂ ਜਾਂਦੀਆਂ ਹਨ। ਟੇਵਾ ਭੇਜਣਾ ਦਾ ਮਤਲਬ ਹੈ, ਸਾਹੇ ਦੀ ਚਿੱਠੀ ਭੇਜਣਾ ਜਿਸ ਵਿਚ ਵਿਆਹ ਲਗਨ ਆਦਿ ਦਰਜ ਹੁੰਦਾ ਹੈ। ਟੇਵਾ ਲਾਉਣਾ ਦਾ ਅਰਥ ਹੈ, ਜੋਤਿਸ਼ ਲਾਉਣਾ ਜਾਂ ਭਵਿਖਵਾਣੀ ਕਰਨਾ। ਪੰਡਿਤ ਬੜੀ ਬਾਰੀਕੀ ਨਾਲ ਜਨਮ ਕੁੰਡਲੀ ਦੀਆਂ ਰਾਸ਼ੀਆਂ ਮਿਲਾਉਂਦੇ ਸਨ, ਇਥੋਂ ਹੀ ਮੀਨ-ਮੇਖ ਕਰਨਾ ਮੁਹਾਵਰਾ ਬਣਿਆ, ਮੀਨ ਤੇ ਮੇਖ ਦੋ ਰਾਸ਼ੀਆਂ ਦੇ ਨਾਂ ਹਨ। ਟੇਵਾ ਸ਼ਬਦ ਤੋਂ ਪਹਿਲਾਂ ਟਿੱਪਣੀ ਸ਼ਬਦ ਬਾਰੇ ਕੁਝ ਜਾਣਨਾ ਠੀਕ ਹੋਵੇਗਾ ਕਿਉਂਕਿ ਟੇਵਾ ਸ਼ਬਦ ਦੇ ਸੰਦਰਭ ਟਿੱਪਣੀ ਨਾਲ ਜਾ ਜੁੜਦੇ ਹਨ। ਇਸ ਸਬੰਧ ਵਿਚ ਡਿਪ, ਟਿਪ ਸ਼ਬਦ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚ ਦਬਾਉਣ, ਬੰਨ੍ਹਣ, ਕੁਰੇਦਣ, ਲੀਕ ਮਾਰਨ, ਨਿਸ਼ਾਨ ਲਾਉਣ, ਲਿੱਪਣ-ਪੋਚਣ ਦੇ ਭਾਵ ਹਨ। ਨਾਂਵ ਵਜੋਂ ਟਿੱਪ ਦਾ ਅਰਥ ਉਂਗਲੀ ਨਾਲ ਲਾਇਆ ਹੋਇਆ ਰੰਗ ਦਾ ਦਾਗ ਹੈ। ਪੁਰਾਣੇ ਜ਼ਮਾਨੇ ਵਿਚ ਲਿਖਣ ਦਾ ਕੰਮ ਜ਼ਮੀਨ ਜਾਂ ਕੰਧ 'ਤੇ ਕੁਰੇਦਣ ਨਾਲ ਹੀ ਹੁੰਦਾ ਸੀ। ਜੋਤਿਸ਼ ਗਣਨਾ ਆਦਿ ਦੇ ਪ੍ਰਸੰਗ ਵਿਚ ਟਿਪ, ਡਿਪ ਵਿਚ ਜ਼ਮੀਨ 'ਤੇ ਆਕਾਰ ਬਣਾਉਣ ਦਾ ਭਾਵ ਸਪੱਸ਼ਟ ਹੋ ਰਿਹਾ ਹੈ। ਇੱਟਾਂ ਦੀਆਂ ਕੰਧਾਂ ਵਿਚ ਗਾਰਾ ਭਰਨ ਦਾ ਕੰਮ ਮੁਢਲੇ ਤੌਰ 'ਤੇ ਇੱਟਾਂ ਨੂੰ ਆਪਸ ਵਿਚ ਜੋੜਨਾ, ਬੰਨ੍ਹਣਾ ਆਦਿ ਹੀ ਹੈ। ਇੱਟਾਂ ਦੇ ਅਲੱਗ ਅਲੱਗ ਜੋੜ ਮਿਲਣ ਨਾਲ ਇਕ ਵਰਗਾਕਾਰ ਸ਼ਕਲ ਬਣਦੀ ਹੈ। ਟਿੱਪਣ ਦਾ ਇਕ ਅਰਥ ਮੇਸਣਾ, ਮਿਟਾਉਣਾ ਹੈ ਤੇ ਦੂਜਾ ਵਹੀ ਖਾਤੇ ਵਿਚ ਟਿੱਕ ਮਾਰਕ ਕਰਨਾ, ਕਾਟਾ ਲਾਉਣਾ ਹੈ। ਇਸੇ ਪ੍ਰਸੰਗ ਵਿਚ ਟੀਪ ਸ਼ਬਦ ਵਰਤਿਆ ਜਾਂਦਾ ਹੈ ਅਰਥਾਤ ਇੱਟਾਂ ਵਿਚਕਾਰ ਦੀਆਂ ਝਰੀਆਂ ਨੂੰ ਗਾਰੇ ਸੀਮੈਂਟ ਆਦਿ ਦੇ ਮਸਾਲੇ ਨਾਲ ਭਰਨਾ ਮਤਲਬ ਮੇਸਣਾ। ਲਿੱਪਣਾ ਪੋਚਣਾ ਵਿਚ ਵੀ ਅਜਿਹੇ ਭਾਵ ਹਨ। ਟੀਪ ਟਾਪ ਸ਼ਬਦ ਜੁੱਟ ਦਾ ਅਰਥ ਹੈ ਚਿਹਰੇ ਆਦਿ ਦੀ ਓਪਰੀ ਸਜਾਵਟ।

ਮੁਢਲੇ ਤੌਰ 'ਤੇ ਟਿੱਪਣੀ ਕੀ ਹੁੰਦੀ ਹੈ? ਇਸ ਦੇ ਸ਼ਬਦਕੋਸ਼ੀ ਅਰਥ ਹਨ, ਟੀਕਾ, ਵਿਆਖਿਆ; ਫੁੱਟਨੋਟ। ਮਹਾਨ ਕੋਸ਼ ਦੀ ਸਹਾਇਤਾ ਲਈਏ, 'ਗ੍ਰੰਥ ਦੇ ਹਾਸ਼ੀਏ 'ਤੇ ਲਿਖੀ ਸੰਖੇਪ ਕਰਕੇ ਟੀਕਾ।' ਦਿਲਚਸਪ ਗੱਲ ਹੈ ਕਿ ਪੰਜਾਬੀ ਵਿਚ ਟਿੱਪੀ ( ਚੰਦ ਜਿਹਾ ਚਿੰਨ੍ਹ ) ਨੂੰ ਵੀ ਟਿੱਪਣੀ ਆਖਦੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਟਿੱਪਣੀ ਮੂਲ ਤੌਰ 'ਤੇ ਇਕ ਨਿਸ਼ਾਨ ਹੀ ਹੈ। ਪੁਰਾਣੇ ਜ਼ਮਾਨੇ ਵਿਚ ਗ੍ਰੰਥਾਂ ਬਾਰੇ ਵਿਆਖਿਆ, ਨੋਟ ਜਾਂ ਕੋਈ ਰਾਏ ਗ੍ਰੰਥ ਦੇ ਹਾਸ਼ੀਏ ਵਿਚ ਖਰੜਿਆਂ ਦੇ ਰੂਪ ਵਿਚ ਅੰਕਿਤ ਕੀਤੇ ਜਾਂਦੇ ਸਨ। ਦਰਅਸਲ ਮੁਢਲੇ ਤੌਰ 'ਤੇ ਵਿਆਖਿਆ ਆਦਿ ਹਿਤ ਹਾਸ਼ੀਏ ਵਿਚ ਲਏ ਨਿਸ਼ਾਨ ਹੀ ਟਿੱਪਣੀ ਕਹਾਉਂਦੇ ਸਨ। ਬਾਅਦ ਵਿਚ ਇਨ੍ਹਾਂ ਹਾਸ਼ੀਆਂ ਵਿਚ ਦਰਜ ਲਿਖਤ ਲਈ ਟਿੱਪਣੀ ਸ਼ਬਦ ਪ੍ਰਚਲਤ ਹੋਇਆ। ਇਨ੍ਹਾਂ ਨਿਸ਼ਾਨਾਂ ਜਾਂ ਟਿੱਪਣੀਆਂ ਵਿਚ ਮੁਸ਼ਕਿਲ ਪਦਾਂ ਜਾਂ ਵਿਚਾਰਾਂ ਦੀ ਵਿਆਖਿਆ ਕੀਤੀ ਜਾਂਦੀ ਸੀ ਤਾਂ ਜੋ ਪੜ੍ਹਨ ਵਾਲਾ ਔਖੀ ਲਿਖਤ ਦੇ ਭਾਵ ਸਮਝ ਸਕੇ। ਇਸੇ ਕਰਕੇ ਇਨ੍ਹਾਂ ਨੂੰ ਭਾਵ ਵੀ ਕਿਹਾ ਜਾਂਦਾ ਹੈ।

ਧਿਆਨ ਦਿਉ, ਟੇਵੇ ਦੇ ਘਰਾਂ ਨੂੰ ਭਾਵ ਕਿਹਾ ਜਾਂਦਾ ਹੈ। ਅੰਗਰੇਜ਼ੀ ਸ਼ਬਦ Mark ਦਾ ਅਰਥ ਨਿਸ਼ਾਨ ਲਾਉਣਾ ਹੈ ਤੇ ਇਸ ਤੋਂ ਬਣੇ Remark ਦਾ ਅਰਥ ਟਿੱਪਣੀ ਹੁੰਦਾ ਹੈ। ਇਸੇ ਤਰ੍ਹਾਂ ਅੰਗਰੇਜ਼ੀ ਨੋਟ (Note) ਦਾ ਮੁਢਲਾ ਅਰਥ ਨਿਸ਼ਾਨ ਲਾਉਣਾ ਤੇ ਵਿਕਸਿਤ ਅਰਥ ਟਿੱਪਣੀ ਆਦਿ ਹੈ। ਅਸਲ ਵਿਚ ਅਰਬੀ ਸ਼ਬਦ ਹਾਸ਼ੀਆ ਦਾ ਅਰਥ ਵੀ ਸਮਾਂ ਪਾ ਕੇ ਟਿੱਪਣੀ ਦੇ ਅਰਥ ਦੇਣ ਲੱਗ ਪਿਆ ਹੈ। ਉਰਦੂ ਵਿਚ 'ਹਾਸ਼ੀਆ ਚੜ੍ਹਾਨਾ' ਦਾ ਮਤਲਬ ਹੈ, ਟਿੱਪਣੀ ਕਰਨਾ।

ਅਸੀਂ ਦੇਖ ਚੁੱਕੇ ਹਾਂ ਕਿ ਜਨਮ ਕੁੰਡਲੀ 'ਚ ਰੇਖਾਵਾਂ ਖਿੱਚਣ ਦੀ ਮਹੱਤਤਾ ਹੈ, ਘਰ ਜਾਂ ਭਾਵ ਰੇਖਾਵਾਂ 'ਟਿੱਪਣ' ਨਾਲ ਹੀ ਬਣਾਏ ਜਾਂਦੇ ਹਨ। ਧਿਆਨਯੋਗ ਹੈ ਕਿ ਟਿੱਪਣੀ ਦੀ ਤਰ੍ਹਾਂ ਇਨ੍ਹਾਂ ਘਰਾਂ ਵਿਚ ਹੀ ਰਾਸ਼ੀਆਂ ਦਾ ਅੰਕਨ ਕੀਤਾ ਹੁੰਦਾ ਹੈ।

ਇਥੇ ਇਕ ਹੋਰ ਸ਼ਬਦ 'ਟੇਵ' ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਜਿਸ ਦਾ ਅਰਥ ਹੈ, ਸੁਭਾਅ, ਬਾਣ, ਆਦਤ। ਗੁਰੂ ਅਰਜਨ ਦੇਵ ਦੀ ਤੁਕ ਹੈ, 'ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ॥' ਅਰਥਾਤ ਜੀਭ ਨਾਲ ਪਰਮਾਤਮਾ ਦੇ ਗੁਣ ਗਾਇਆ ਕਰ, ਇਸ ਤਰ੍ਹਾਂ ਇਹ ਆਦਤ ਹੀ ਬਣ ਜਾਂਦੀ ਹੈ। ਕਈ ਕੋਸ਼ਾਂ 'ਚ ਇਕੋ ਇੰਦਰਾਜ ਅਧੀਨ ਇਸ ਦੇ ਅਰਥ ਸੁਭਾਅ, ਬਾਣ, ਆਦਤ ਦੇ ਨਾਲ ਨਾਲ ਨਿਸ਼ਾਨ, ਚਿੰਨ੍ਹ ਆਦਿ ਵੀ ਦਿੱਤੇ ਹੋਏ ਹਨ। ਮਿਸਾਲ ਵਜੋਂ 'ਮਹਾਨ ਕੋਸ਼' ਪਲੈਟਸ ਦਾ ਹਿੰਦੁਸਤਾਨੀ ਕੋਸ਼ ਆਦਿ। ਪਰ ਦੋਹਾਂ ਸ਼ਬਦਾਂ ਦਾ ਸਰੋਤ ਵੱਖੋ ਵੱਖ ਹੈ। ਨਿਸ਼ਾਨ, ਚਿੰਨ੍ਹ ਵਾਲੇ ਅਰਥਾਂ ਦੀ ਵਿਆਖਿਆ ਤਾਂ ਟੇਵਾ ਦੀ ਚਰਚਾ ਅਧੀਨ ਹੋ ਚੁੱਕੀ ਹੈ। ਉਂਜ ਟੇਵਾ ਲਈ ਕਈ ਥਾਂਵਾਂ 'ਤੇ ਟੇਵ ਸ਼ਬਦ ਵੀ ਚਲਦਾ ਹੈ। ਆਦਤ ਵਾਲੇ ਟੇਵ ਦਾ ਰਿਸ਼ਤਾ ਟੇਕ ਨਾਲ ਜੋੜਨਾ ਤਾਰਕਿਕ ਲਗਦਾ ਹੈ। ਟੇਕ ਦਾ ਇਕ ਅਰਥ ਆਦਤ, ਸੁਭਾਅ ਹੈ। ਇਸ ਦੇ ਅਰਥਾਂ ਵਿਚ ਸਥਿਰਤਾ ਦਾ ਭਾਵ ਹੈ ਜਿਸ ਨਾਲ ਸ਼ਖਸੀਅਤ ਦਾ ਵਿਕਾਸ ਹੁੰਦਾ ਹੈ। ਪਲੈਟਸ ਅਨੁਸਾਰ ਇਸ ਦਾ ਸਬੰਧ 'ਸਥਿਤੀ' ਨਾਲ ਹੈ। ਇਸ ਵਿਚ ਖੜਾ ਕਰਨਾ, ਕਾਇਮ ਕਰਨਾ ਦੇ ਅਰਥਾਂ ਵਾਲਾ 'ਸਥ' ਧਾਤੂ ਕੰਮ ਕਰ ਰਿਹਾ ਹੈ। ਸਥ ਤੋਂ ਸਿਥਕ> ਥੇਗ > ਟੇਕ ਜਿਹੇ ਵਿਕਾਸ ਦਾ ਅਨੁਮਾਨ ਲਾਇਆ ਗਿਆ ਹੈ। ਟੇਕ ਦੇ ਅਰਥ ਹਨ, ਮਨ 'ਚ ਟਿਕੀ ਗੱਲ, ਸੰਕਲਪ, ਠਾਣੀ ਗੱਲ, ਹਠ, ਹਿੰਡ ਤੇ ਇਹੀ ਸ਼ਬਦ ਸਮੇਂ ਨਾਲ ਆਦਤ ਸੁਭਾਅ ਆਦਿ ਦਾ ਅਰਥਾਵਾਂ ਬਣ ਗਿਆ।

ਟੇਕ ਦਾ ਰੁਪਾਂਤਰ ਟੇਵ ਹੈ, ਸ਼ਾਇਦ ਟੇਕ ਤੋਂ ਬਣੇ ਟਿਕਾਵ ਵਿਚੋਂ 'ਕਾ' ਧੁਨੀ ਅਲੋਪ ਹੋ ਗਈ। ਟੇਵ ਤੋਂ ਕੁਟੇਵ ਸ਼ਬਦ ਵੀ ਬਣਿਆ ਜਿਸ ਦਾ ਅਰਥ ਹੈ, ਭੈੜੀ ਆਦਤ: "ਤਾਂ ਤ੍ਰਿਯ ਕੀ ਕੁਟੇਵ ਨਹਿ ਜਾਈ ਅਵਰਨ ਸਾਥ ਰਮੈ ਲਪਟਾਈ।" (ਚਰਿਤ੍ਰ 313) ਭਾਵ ਉਸ ਔਰਤ ਦੀ ਨੀਚ ਜਾਤ ਦੇ ਬੰਦੇ ਨਾਲ ਘੁੰਮਣ ਫਿਰਨ ਤੇ ਲਿਪਟਣ ਦੀ ਭੈੜੀ ਆਦਤ ਨਹੀਂ ਜਾਂਦੀ। ਭਾਈ ਗੁਰਦਾਸ ਕਹਿੰਦੇ ਹਨ, "ਬਾਰ ਬਾਰ ਸ੍ਵਾਨ ਜਉ ਪੈ ਗੰਗਾ ਇਸਨਾਨੁ ਕਰੈ ਟਰੈ ਨ ਕੁਟੇਵ ਦੇਵ ਹੋਤ ਨ ਅਗਿਆਨ ਕੈ।" ਭਾਵ ਕੁੱਤਾ ਵਾਰ ਵਾਰ ਗੰਗਾ ਇਸ਼ਨਾਨ ਕਰਨ ਜਾਂਦਾ ਹੈ ਪਰ ਆਪਣੀ (ਛੱਡਿਆ ਭੋਜਨ) ਖਾਣ ਦੀ ਬੁਰੀ ਆਦਤ ਤੋਂ ਬਾਜ਼ ਨਹੀਂ ਆਉਂਦਾ, ਉਹ ਆਪਣੇ ਅਗਿਆਨ ਕਾਰਨ ਪ੍ਰਭੂ ਨੂੰ ਨਹੀਂ ਪਾ ਸਕਦਾ।

# ਈਦੀ: ਦੁਖਿਆਰਿਆਂ ਦਾ ਦੁੱਖ ਵੰਡਾਉਣ ਵਾਲਾ-3

*(ਪਿਛਲੇ ਸਫੇ ਦੀ ਬਾਕੀ)*

ਸੁਫਨਾ ਵੀ ਨਹੀਂ ਲੈ ਸਕਦੇ।

ਈਦੀ ਨੂੰ ਬਲੋਚਿਸਤਾਨ ਵਿਚ ਕੇਂਦਰ ਸਥਾਪਤ ਕਰਦਿਆਂ ਕਿਸੇ ਨੇ ਦੱਸਿਆ- ਜਦੋਂ ਕਿਸੇ ਬਲੋਚ ਸਰਦਾਰ ਦੀ ਕਾਰ ਜਾ ਰਹੀ ਹੋਵੇ ਤਾਂ ਤੁਹਾਡੀ ਐਂਬੂਲੈਂਸ ਉਸ ਤੋਂ ਅੱਗੇ ਲੰਘਣ ਦੀ ਗੁਸਤਾਖੀ ਨਾ ਕਰੇ। ਇਥੇ ਐਂਬੂਲੈਂਸ ਚੋਰੀ ਵੀ ਹੋ ਸਕਦੀ ਹੈ। ਤੁਹਾਡੇ ਬੰਦੇ ਅਗਵਾ ਕਰ ਕੇ, ਫਿਰੌਤੀ ਮੰਗੀ ਜਾ ਸਕਦੀ ਹੈ। ਹੈਰਾਨ ਹੋਇਆ ਈਦੀ ਕਹਿਣ ਲੱਗਾ- ਇਹ ਕੋਈ ਹੋਰ ਦੇਸ ਹੈ? ਇਹ ਮੇਰਾ ਪਾਕਿਸਤਾਨ ਨਹੀਂ? ਉਹੋ ਗੱਲ ਹੋਈ। ਐਂਬੂਲੈਂਸ ਚੋਰੀ ਹੋ ਗਈ। ਈਦੀ ਸਰਦਾਰ ਕੋਲ ਗਿਆ, ਤੇ ਜਾ ਕੇ ਸ਼ਿਕਾਇਤ ਕੀਤੀ। ਬਲੋਚ ਨੇ ਇਲਾਕੇ ਦੇ ਬੰਦੇ ਬੁਲਾ ਕੇ ਕਿਹਾ- ਈਦੀ ਦੀ ਗੱਡੀ ਵਾਪਸ ਕਰੋ, ਨਹੀਂ ਤਾਂ ਤੁਹਾਥੋਂ ਪੈਸੇ ਉਗਰਾਹ ਕੇ ਨਵੀਂ ਖਰੀਦ ਕੇ ਦਿਆਂਗਾ। ਅਗਲੇ ਦਿਨ ਗੱਡੀ ਲੱਭ ਗਈ।

ਢਾਈ ਸੌ ਕੇਂਦਰ ਸਥਾਪਤ ਹੋ ਗਏ ਜੋ ਵਾਇਰਲੈਸ ਨੈੱਟਵਰਕ ਨਾਲ ਇਕ ਦੂਜੇ ਦੀ ਪਹੁੰਚ ਵਿਚ ਸਨ। ਕੋਰੀਅਰ ਕੰਪਨੀਆਂ ਨੇ ਆਪਣੀਆਂ ਸੇਵਾਵਾਂ ਮੁਫਤ ਦੇ ਦਿੱਤੀਆਂ। ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ ਨੇ ਹਰ ਮਹੀਨੇ ਢਾਈ ਕੁਇੰਟਲ ਡਾਕ ਮੁਫਤ ਢੋਣ ਦੀ ਪੇਸ਼ਕਸ਼ ਕੀਤੀ, ਪ੍ਰਵਾਨ ਹੋਈ।

ਕੋਸ਼ਿਸ਼ ਹੁੰਦੀ ਕਿ ਜਿਸ ਇਲਾਕੇ ਵਿਚੋਂ ਦਾਨ ਮਿਲਦਾ, ਉਸ ਨਾਲ ਉਸੇ ਇਲਾਕੇ ਨੂੰ ਸਹੂਲਤ ਮਿਲਦੀ, ਪਰ ਬਹੁਤ ਗਰੀਬ ਇਲਾਕਿਆਂ ਵਿਚ ਕੇਂਦਰ ਸਥਾਪਤ ਕਰਨ ਲਈ ਇਹ ਅਸੂਲ ਬਦਲਿਆ ਜਾਂਦਾ। ਇਕ ਹਜ਼ਾਰ ਮੁਲਾਜ਼ਮ ਪੈਰੋਲ 'ਤੇ ਸਨ, ਪਰ ਕੁੱਲ ਖਰਚ ਦਾ ਇਹ ਦਸ ਪ੍ਰਤੀਸ਼ਤ ਸਨ। ਐਂਬੂਲੈਂਸਾਂ ਦੀ ਗਿਣਤੀ ਪੰਜ ਸੌ ਹੋ ਗਈ। ਈਦੀ ਬਾਰਾਂ ਕਰੋੜ ਪਾਕਿਸਤਾਨੀਆਂ ਦੀ ਹਿਫਾਜ਼ਤ ਵਾਸਤੇ ਅੱਠੇ ਪਹਿਰ ਤਿਆਰ ਬਰ ਤਿਆਰ, ਪਰ ਕੋਈ ਏਅਰਲਾਈਨ ਵੀ ਲਾਸ਼ ਲਿਜਾਣ ਨੂੰ ਤਿਆਰ ਨਹੀਂ ਸੀ। ਇਸ ਵਾਸਤੇ *'ਈਦੀ ਏਅਰ ਸਰਵਿਸ'* ਦੀ ਲੋੜ ਪਈ। ਸਾਲ 1988 ਵਿਚ ਅਮਰੀਕਾ ਦੇ ਰਾਜਦੂਤ ਰਾਬਰਟ ਓਕਲੇ ਨੇ ਹੈਲੀਕਾਪਟਰ ਦੇਣ ਦੀ ਪੇਸ਼ਕਸ਼ ਕੀਤੀ। ਈਦੀ ਨੇ ਕਿਹਾ- ਜੇ ਇਸ ਨਾਲ ਕੋਈ ਸ਼ਰਤ ਜੋੜੀ, ਫਿਰ ਪ੍ਰਵਾਨ ਨਹੀਂ, ਬਿਨਾਂ ਸ਼ਰਤ ਪ੍ਰਵਾਨ। ਜਹਾਜ਼ ਮਿਲ ਗਿਆ।

1989 ਵਿਚ ਪੰਜਾਬ ਦੇ ਮੁੱਖ ਮੰਤਰੀ ਨਵਾਜ਼ ਸ਼ਰੀਫ ਨੇ ਸੱਦਾ ਭੇਜਿਆ। ਮਿਲੇ। ਸ਼ਰੀਫ ਨੇ ਉਸ ਦੇ ਮਿਸ਼ਨ ਦੀ ਜਾਣਕਾਰੀ ਮੰਗੀ। ਈਦੀ ਨੇ ਕਿਹਾ- ਭਲਾਈ ਕਰਨ ਤੋਂ ਵੱਡੀ ਸਥਿਰ ਸਿਆਸਤ ਹੋਰ ਕੋਈ ਨਹੀਂ। ਬਾਹਰਲੇ ਦੇਸ਼ਾਂ ਤੋਂ ਗ੍ਰਾਂਟਾਂ ਮੰਗਣੀਆਂ ਬੰਦ ਕਰੋ। ਪਾਕਿਸਤਾਨ ਵਿਚ ਬਹੁਤ ਪੈਦਾਵਾਰ ਹੋ ਸਕਦੀ ਹੈ, ਆਤਮ ਨਿਰਭਰ ਹੋ ਜਾਉ। ਤੰਗੀ ਕੱਟ ਲਉ। ਬਾਹਰ ਦੇ ਮੁਥਾਜ ਨਾ ਬਣੋ।

ਹੈਦਰਾਬਾਦ ਵਿਚ ਮੈਨਿੰਗਟੀਜ਼ ਨਾਮ ਦੀ ਬਿਮਾਰੀ ਫੈਲ ਗਈ। ਇਹ ਨਰਵਸ ਸਿਸਟਮ ਨੂੰ ਜਕੜ ਲੈਂਦੀ, ਬੁਖਾਰ, ਸਿਰਦਰਦ, ਰੀੜ੍ਹ ਦੀ ਹੱਡੀ ਦਾ ਦਰਦ ਤੇ ਕਿਸੇ ਕੇਸ ਵਿਚ ਮੌਤ ਵੀ। ਲੋਕ ਹੜ੍ਹ ਵਾਂਗ ਈਦੀ ਕੇਂਦਰਾਂ ਵੱਲ ਤੁਰ ਪਏ। ਫਰਾਂਸ ਤੋਂ ਐਮਰਜੈਂਸੀ ਫਲਾਈਟ ਰਾਹੀਂ 30 ਲੱਖ ਟੀਕੇ ਮੰਗਵਾਏ ਤੇ ਪਾਕਿਸਤਾਨੀ ਫਲਾਈਟਾਂ ਰਾਹੀਂ ਕੇਂਦਰਾਂ ਵਿਚ ਸਪਲਾਈ ਕੀਤੇ। ਸਰਕਾਰ ਨੇ ਸ਼ਾਬਾਸ਼ ਦੇਣ ਤੋਂ ਬਿਨਾਂ ਕੁਝ ਨਹੀਂ ਕੀਤਾ। ਬੇਸ਼ਕ ਢਾਈ ਸੌ ਮੌਤਾਂ ਹੋ ਗਈਆਂ, ਪਰ ਲੱਖਾਂ ਬਚ ਗਏ। ਈਦੀ ਦੇ ਵਲੰਟੀਅਰ ਖੁਸ਼ ਹੋਏ, ਕਹਿਣ ਲੱਗੇ- ਹੁਣ ਅਸੀਂ ਪਹਾੜਾਂ ਨਾਲ ਟਕਰਾ ਸਕਦੇ ਹਾਂ।

ਇਕ ਦਿਨ ਇਕ ਨੌਜਵਾਨ ਮੀਠਾਦਾਰ ਦਫਤਰ ਵਿਚ ਬੜੀ ਹਲੀਮੀ ਨਾਲ ਅੰਦਰ ਲੰਘ ਆਇਆ, ਸਲਾਮ ਅਰਜ਼ ਕੀਤੀ। ਪਤਲਾ ਸੁਨੱਖਾ ਮੁੰਡਾ ਸੀ। ਕਹਿਣ ਲੱਗਾ- ਜੀ ਮੇਰਾ ਨਾਮ ਜਾਵੇਦ ਹੈ। ਪੜ੍ਹ ਲਿਖ ਕੇ ਮੈਂ ਬੈਂਕ ਵਿਚ ਕਲਰਕ ਲੱਗ ਗਿਆ ਹਾਂ। ਛੇ ਮੰਜ਼ਲੀ ਬਿਸਮਿੱਲਾ ਇਮਾਰਤ ਦੇ ਥੇਹ ਵਿਚੋਂ ਤੁਸੀਂ ਮੈਨੂੰ ਜਿਉਂਦਾ ਕੱਢਿਆ ਸੀ। ਤੁਹਾਡੀ ਧੀ ਅਲਮਾਸ ਨਾਲ ਸ਼ਾਦੀ ਕਰਾਉਣ ਦਾ ਇਛੁਕ ਹਾਂ। ਬਿਲਕੀਸ ਆ ਗਈ। ਉਸ ਨੇ ਕਿਹਾ- ਅਲਮਾਸ ਨੂੰ ਦੇਖ ਤਾਂ ਲੈ। ਉਹ ਬੋਲਿਆ- ਕੋਈ ਲੋੜ ਨਹੀਂ। ਤੁਸੀਂ 'ਹਾਂ' ਕਰ ਦਿਉ। ਢੋਲਕੀਆਂ ਵੱਜਣ ਲੱਗ ਪਈਆਂ। ਸਾਰੇ ਈਦੀ ਨੂੰ ਪੁੱਛਣ ਲੱਗੇ- ਤੁਹਾਨੂੰ ਪਤਾ ਹੋਏਗਾ, ਤੁਸੀਂ ਆਪਣੇ ਜਵਾਈ ਨੂੰ ਬਚਾਉਣ ਗਏ ਸਉ! ਗੀਤ ਗਾਏ ਗਏ। ਮੰਗਣੀ ਦੀ ਰਸਮ ਹੋ ਗਈ।

ਟੈਲੀਵਿਜ਼ਨ ਵਲੋਂ ਸੱਦਾ ਆਇਆ ਕਿ ਮੀਆਂ ਬੀਵੀ ਦੋਵੇਂ ਆਉ। ਹਾਲ ਖਚਾ ਖਚ ਭਰਿਆ ਹੋਇਆ ਸੀ। ਦਰਸ਼ਕ ਖਲੋ ਕੇ ਉਦੋਂ ਤੱਕ ਸਵਾਗਤ ਵਿਚ ਤਾੜੀਆਂ ਮਾਰਦੇ ਰਹੇ ਜਦੋਂ ਤੱਕ ਦੋਵੇਂ ਉਚੇ ਡਾਇਸ 'ਤੇ ਬੈਠ ਨਾ ਗਏ। ਬਿਲਕੀਸ ਨੂੰ ਸਟੇਜ ਸਕੱਤਰ ਨੇ ਕਿਹਾ, ਈਦੀ ਉਪਰ ਰੋਸ਼ਨੀ ਪਾਉ। ਬਿਲਕੀਸ ਨੇ ਕਿਹਾ, ਉਹ ਰੌਸ਼ਨ ਹੈ। ਉਸ ਉਪਰ ਰੌਸ਼ਨੀ ਕੀ ਕਰੇਗੀ? ਸਕੱਤਰ ਨੇ ਫਿਰ ਕਿਹਾ, ਚੰਗਾ ਆਪਣੇ ਵਿਆਹ ਬਾਰੇ ਦੱਸੋ। ਬਿਲਕੀਸ ਨੇ ਕਿਹਾ, ਵਿਆਹ ਜੂਏ ਵਾਂਗ ਹੈ ਜਿਸ 'ਚ ਕੋਈ ਜਿੱਤ ਜਾਂਦਾ, ਕੋਈ ਹਾਰ ਜਾਂਦਾ ਹੈ। ਅਸੀਂ ਦੋਵੇਂ ਜਿੱਤੇ।

ਇਕ ਦਿਨ ਕਿਸੇ ਨੇ ਖਬਰ ਦਿੱਤੀ- ਸਰਕਾਰ ਈਦੀ ਫਾਊਂਡੇਸ਼ਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਹੈ, ਯਾਨੀ ਨੈਸ਼ਨਲਾਈਜ਼ ਕਰਨਾ ਚਾਹੁੰਦੀ ਹੈ। ਈਦੀ ਨੇ ਕਿਹਾ- ਠੀਕ ਹੋਵੇਗਾ। ਮੈਂ ਬਿਲਕੀਸ ਦੀ ਚਾਦਰ ਵਿਛਾ ਕੇ ਦਾਨ ਮੰਗਾਂਗਾ, ਨਵੀਂ ਫਾਊਂਡੇਸ਼ਨ ਬਣਾ ਦਿਆਂਗਾ। ਸਾਰੇ ਦਿਲੋਂ ਹਸਦੇ ਅਤੇ ਹਰ ਮੁਲਾਜ਼ਮ ਆਪਣੇ ਆਪ 'ਤੇ ਫਖਰ ਕਰਦਾ।

ਕ੍ਰਿਕਟ ਖਿਡਾਰੀ ਇਮਰਾਨ ਖਾਨ ਨੇ 12 ਕਰੋੜ ਖਰਚ ਕੇ ਕੈਂਸਰ ਦੇ ਇਲਾਜ ਲਈ ਬਹੁਤ ਵੱਡਾ ਹਸਪਤਾਲ ਬਣਾਇਆ। ਕਿਸੇ ਕਾਰਨ ਈਦੀ ਖਿਲਾਫ ਅਪਮਾਨ-ਜਨਕ ਟਿੱਪਣੀਆਂ ਕਰ ਦਿੱਤੀਆਂ। ਪ੍ਰੈਸ ਈਦੀ ਦਾ ਪ੍ਰਤੀਕਰਮ ਲੈਣ ਆ ਗਈ। ਈਦੀ ਨੂੰ ਪੁੱਛਿਆ- ਤੁਹਾਡੇ ਵਿਚਕਾਰ ਕੋਈ ਸ਼ਰੀਕੇਬਾਜ਼ੀ ਹੈ? ਈਦੀ ਨੇ ਕਿਹਾ- ਬਿਲਕੁਲ ਨਹੀਂ। ਜੋ ਮੈਂ ਕਰ ਰਿਹਾਂ, ਉਹੀ ਉਹ ਕਰ ਰਿਹੈ। ਜਿਹੜੇ ਮਰੀਜ਼ਾਂ ਦਾ ਮੈਂ ਇਲਾਜ ਨਾ ਕਰ ਸਕਿਆ, ਇਮਰਾਨ ਕੋਲ ਭੇਜਾਂਗਾ। ਉਹ ਸਟਾਰ ਹੈ, ਮੈਂ ਖਾਕਸਾਰ; ਉਹ ਬਾਦਸ਼ਾਹ ਹੈ, ਮੈਂ ਮੰਗਤਾ। ਬਾਦਸ਼ਾਹ ਮੰਗਤੇ ਨਾਲ ਬਹਿਸ ਨਹੀਂ ਕਰਦੇ, ਅਪਮਾਨਿਤ ਨਹੀਂ ਕਰਦੇ ਹੁੰਦੇ। ਮੈਂ ਉਸ ਦੀ ਇੱਜ਼ਤ ਕਰਾਂਗਾ।

ਇਕ ਐਡੀਟਰ ਨੇ ਕਿਹਾ- ਮੌਲਾਨਾ, ਤੁਸੀਂ ਸਰਕਾਰ ਵਿਰੁੱਧ ਇੰਨਾ ਕੁਝ ਬੋਲ ਜਾਂਦੇ ਹੋ, ਜੇ ਸੰਪਾਦਕ ਸੈਂਸਰ ਨਾ ਕਰਨ ਤਾਂ ਤੁਹਾਡੇ 'ਤੇ ਦੇਸ ਧ੍ਰੋਹ ਦਾ, ਬਗਾਵਤ ਦਾ ਮੁਕੱਦਮਾ ਦਾਇਰ ਹੋ ਸਕਦਾ ਹੈ। ਈਦੀ ਹੱਸ ਕੇ ਕਹਿੰਦਾ- ਲੀਡਰਾਂ ਨੇ ਕਿੰਨੀ ਵਾਰ ਮੈਨੂੰ ਬੇਵਕੂਫ ਕਿਹਾ ਹੈ। ਮੈਂ ਅਦਾਲਤ ਵਿਚ ਅਖਬਾਰ ਲੈ ਜਾਵਾਂਗਾ ਤੇ ਜੱਜ ਨੂੰ ਕਹਾਂਗਾ- ਬੇਵਕੂਫ ਬੰਦਾ ਬਗਾਵਤ ਕਰਨ ਦੇ ਕਾਬਲ ਨਹੀਂ ਹੁੰਦਾ। ਬਿਲਕੀਸ ਪੁੱਛਦੀ- ਗਲੀਆਂ ਲਾਸ਼ਾਂ ਸੰਭਾਲਣ ਵੇਲੇ ਅਸੀਂ ਸਭ ਨੱਕ ਬੰਦ ਕਰ ਲੈਂਦੇ ਹਾਂ। ਤੁਹਾਨੂੰ ਬਦਬੂ ਨਹੀਂ ਆਉਂਦੀ? ਈਦੀ- ਮੈਂ ਸਮਝਦਾਂ, ਇਹ ਲਾਸ਼ ਮੇਰੀ ਵੀ ਹੋ ਸਕਦੀ ਹੈ, ਤੇਰੀ ਹੋ ਸਕਦੀ ਹੈ। ਇਸ ਦਾ ਸਤਿਕਾਰ ਕਰਨਾ ਜ਼ਰੂਰੀ ਹੈ।

1990 ਤੱਕ 500 ਐਂਬੂਲੈਂਸਾਂ ਹੋ ਗਈਆਂ ਜਿਨ੍ਹਾਂ ਵਿਚੋਂ 50 ਸਰਕਾਰੀ ਤੇ ਅਰਧ ਸਰਕਾਰੀ ਹਸਪਤਾਲਾਂ ਨੂੰ ਦਾਨ ਦੇ ਦਿੱਤੀਆਂ। ਇਕ ਕਰੋੜ ਲੋਕ ਰਾਹਤ ਹਾਸਲ ਕਰ ਚੁੱਕੇ ਸਨ। ਆਉਣ ਵਾਲੇ ਪੰਜ ਸਾਲਾਂ ਵਿਚ 800 ਐਂਬੂਲੈਂਸਾਂ, ਪੰਜ ਜਹਾਜ਼ ਤੇ ਪੰਜ ਹੈਲੀਕਾਪਟਰ ਲੈਣ ਦੀ ਯੋਜਨਾ ਸੀ। ਈਦੀ ਦੇ ਪਾਇਲਟਾਂ ਨੂੰ ਫੌਜ ਨੇ ਸਿਖਲਾਈ ਦੇਣੀ ਪ੍ਰਵਾਨ ਕਰ ਲਈ। ਕਈ ਤੇਲ ਕੰਪਨੀਆਂ ਨੇ ਮੁਫਤ ਤੇਲ ਦੀ ਪੇਸ਼ਕਸ਼ ਕੀਤੀ, ਸ਼ਹਿਰੀ ਹਵਾਬਾਜ਼ੀ ਮਹਿਕਮੇ ਨੇ ਜਹਾਜ਼ਾਂ ਦੇ ਸਾਰੇ ਟੈਕਸ ਮਾਫ ਕਰ ਦਿਤੇ। ਤੀਹ ਲੱਖ ਬੱਚਿਆਂ ਨੂੰ ਮੁੜ ਵਸਾਇਆ ਗਿਆ। ਅੱਸੀ ਹਜ਼ਾਰ ਮਨੋਰੋਗੀਆਂ ਅਤੇ ਨਸ਼ੇੜੀਆਂ ਦਾ ਇਲਾਜ ਕਰ ਕੇ ਘਰ ਭੇਜਿਆ ਗਿਆ। ਦਸ ਲੱਖ ਬੱਚੇ ਈਦੀ ਫਾਊਂਡੇਸ਼ਨ ਦੀਆਂ ਸਿੱਖਿਅਤ ਦਾਈਆਂ ਦੀ ਸਹਾਇਤਾ ਨਾਲ ਈਦੀ ਮੈਟਰਨਿਟੀ ਕੇਂਦਰਾਂ ਵਿਚ ਪੈਦਾ ਹੋਏ, ਵੀਹ ਹਜ਼ਾਰ ਉਹ ਬਚੇ ਬਚਾਏ ਗਏ ਜਿਨ੍ਹਾਂ ਨੂੰ ਲੋਕ ਸੁੱਟ ਜਾਂਦੇ ਸਨ, ਚਾਲੀ ਹਜ਼ਾਰ ਕੁੜੀਆਂ ਦਾਈਆ ਦਾ ਕੰਮ ਸਿੱਖ ਕੇ ਪਿੰਡਾਂ ਵਿਚ ਰੋਜ਼ੀ ਕਮਾਉਣ ਲੱਗੀਆਂ। ਦੋ ਲੱਖ ਲਾਵਾਰਸ ਲਾਸ਼ਾਂ ਦਫਨ ਕੀਤੀਆਂ। ਅਮਰੀਕਾ ਨੇ 911 ਐਮਰਜੈਂਸੀ ਲਾਈਨਾਂ ਵਾਲੀ ਟੈਲੀਫੋਨ ਐਕਸਚੇਂਜ ਦਿੱਤੀ।

ਉਸ ਨੇ ਬੀਵੀ ਨੂੰ ਦੱਸਿਆ- ਮੈਂ ਆਪਣੀ ਵਸੀਅਤ ਲਿਖ ਦਿਤੀ ਹੈ। ਕਰਾਚੀ ਹਾਈਵੇ ਦੇ ਵੱਡੇ ਪਲਾਟ ਦੇ ਕੋਨੇ ਵਿਚ ਆਪਣੀਆਂ ਇਕੱਠੀਆਂ ਕਬਰਾਂ ਹੋਣਗੀਆਂ। ਕਬਰ ਨਜ਼ਦੀਕ ਵੱਡਾ ਸਾਰਾ ਲੋਹੇ ਦਾ ਗੱਲਾ ਜੰਦਰਾ ਮਾਰ ਕੇ ਰੱਖ ਦਿਆਂਗਾ। ਤੈਨੂੰ ਪਤੈ, ਮੈਂ ਮਸਜਿਦ ਘੱਟ ਗਿਆ ਹਾਂ, ਨਮਾਜ਼ ਘੱਟ ਪੜ੍ਹੀ ਹੈ, ਪਰ ਲੋਕ ਮੈਨੂੰ ਫਕੀਰ ਸਮਝਣਗੇ। ਮੇਰੇ ਨਾਲ ਕਰਾਮਾਤਾਂ ਜੋੜ ਦੇਣਗੇ। ਮਨੋਰੋਗੀਆਂ ਦੇ ਰਿਸ਼ਤੇਦਾਰ ਬਕਸੇ ਵਿਚ ਦਾਨ ਪਾ ਕੇ ਇਲਾਜ ਮੰਗਣਗੇ, ਲੰਮੀਆਂ ਕਾਰਾਂ ਵਾਲੇ ਅਮੀਰ ਐਕਸੀਡੈਂਟਾਂ ਤੋਂ ਬਚਣ ਲਈ ਚੜ੍ਹਾਵੇ ਚਾੜ੍ਹਨਗੇ। ਤੇਰਾ ਖਾਵੰਦ ਮਰਨ ਪਿਛੋਂ ਵੀ ਲੋਕਾਂ ਦੀਆਂ ਜੇਬਾਂ ਕੁਤਰੇਗਾ। ਹੈਨਾ ਪੂਰੀ ਠੱਗੀ? ਮੇਰੀ ਠੱਗੀ ਚੱਲੇਗੀ, ਲੋਕ ਸੱਚਾ ਸੌਦਾ ਕਰਨਗੇ। ਲੱਖਾਂ ਨੂੰ ਰਾਹਤ ਮਿਲੀ, ਲੱਖਾਂ ਨੂੰ ਮਿਲਦੀ ਰਹੇਗੀ।

*(ਸਮਾਪਤ)*

ਕਹਾਣੀ

# ਵੰਡ

***ਸੰਤਾਲੀ ਦੀ ਵੰਡ ਵਾਲਾ ਦਰਦ ਪੀੜ੍ਹੀ-ਦਰ-ਪੀੜ੍ਹੀ ਪੰਜਾਬੀਆਂ ਦੇ ਦਿਲਾਂ ਅੰਦਰ ਅਕਸਰ ਹੌਲ ਪਾਉਂਦਾ ਰਹਿੰਦਾ ਹੈ। ਵਰਜੀਨੀਆ (ਅਮਰੀਕਾ) ਵੱਸਦੀ ਦਵਿੰਦਰ ਕੌਰ ਗੁਰਾਇਆ ਨੇ ਆਪਣੀ ਇਸ ਰਚਨਾ 'ਵੰਡ' ਵਿਚ ਇਸੇ ਦਰਦ ਦੀ ਹੂਕ ਬਿਆਨ ਕੀਤੀ ਹੈ। 1947 ਵਿਚ ਆਜ਼ਾਦੀ ਲਈ ਪੰਜਾਬੀਆਂ, ਖਾਸ ਕਰ ਕੇ ਔਰਤਾਂ ਨੂੰ ਬਹੁਤ ਵੱਡੀ ਕੀਮਤ ਤਾਰਨੀ ਪਈ। ਉਨ੍ਹਾਂ ਨਾਲ ਜੋ ਹੋਈਆਂ-ਬੀਤੀਆਂ, ਉਸ ਬਾਰੇ ਅੱਜ ਵੀ ਪੜ੍ਹ-ਸੁਣ ਕੇ ਕਾਂਬੇ ਛਿੜਦੇ ਹਨ। -ਸੰਪਾਦਕ***

**ਦਵਿੰਦਰ ਕੌਰ ਗੁਰਾਇਆ**
ਫੋਨ: 571-315-9543

ਜਿਹੜੀ ਸਹੇਲੀ ਦਾ ਜ਼ਿਕਰ ਬੀਜੀ ਅਕਸਰ ਕਰਦੀ ਸੀ, ਅੱਜ ਉਸ ਬਾਰੇ ਸਾਰੀ ਵਿਥਿਆ ਸੁਣਨ ਨੂੰ ਦਿਲ ਕਰਦਾ ਸੀ। ਚਾਹ ਪੀਂਦਿਆਂ ਮੈਂ ਬੀਜੀ ਨੂੰ 1947 ਦੀ ਵੰਡ ਬਾਰੇ ਉਹ ਸੱਚੀ ਕਹਾਣੀ ਬਿਆਨ ਕਰਨ ਲਈ ਆਖਿਆ।

"ਤੂੰ ਉਸ ਨੂੰ ਵੰਡ ਆਖਦੀ ਏਂ? ਉਹ ਕਾਹਦੀ ਵੰਡ ਸੀ? ਉਹ ਤਾਂ ਕੋਈ ਹਨ੍ਹੇਰ ਸੀ, ਕਹਿਰ ਸੀ।" ਬੀਜੀ ਨੇ ਐਨਕਾਂ ਲਾਹ ਕੇ ਅੱਖਾਂ ਪੂੰਝਦਿਆਂ ਆਖਿਆ।

...ਸਾਡੇ ਹੀ ਪਿੰਡ ਦੀ ਗੱਲ ਹੈ, ਉਂਜ ਹਰ ਥਾਂ ਇਸ ਤਰ੍ਹਾਂ ਹੋ ਰਿਹਾ ਸੀ, ਪਰ ਜੋ ਅੱਖੀਂ ਦੇਖਿਆ, ਉਹ ਕਿਥੇ ਭੁੱਲਦੈ। ਤੈਨੂੰ ਦੱਸਿਆ ਸੀ ਨਾ ਪਹਿਲਾਂ ਵੀ, ਮੇਰੀ ਸਹੇਲੀ ਸੀ ਮੁਸਲਮਾਨਾਂ ਦੀ ਕੁੜੀ ਮੱਖੋ। ਉਸ ਬਾਰੇ ਤਾਂ ਪਤਾ ਹੀ ਨਹੀਂ ਲੱਗਾ, ਉਥੇ ਹੀ ਮਰ-ਖਪ ਗਈ ਹੋਵੇਗੀ, ਜਾਂ ਰੱਬ ਜਾਣੇ ਕਿਤੇ ਜਿਉਂਦੀ ਹੋਵੇ! ਸਾਡਾ ਬੜਾ ਪਿਆਰ ਸੀ। ਇਕੱਠੀਆਂ ਖੇਡਦੀਆਂ-ਮੌਲਦੀਆਂ ਜਵਾਨ ਹੋਈਆਂ ਸਾਂ। ਉਸ ਦੇ ਵੱਡੇ ਭਰਾ ਦਾ ਵਿਆਹ ਹੋਇਆ। ਕਿਤੇ ਵਹੁਟੀ ਸੀ ਆਈ! ਜਿਵੇਂ ਕੋਈ ਹੂਰ ਹੋਵੇ। ਹੱਥ ਲਾਇਆਂ ਮੈਲੀ ਹੁੰਦੀ ਸੀ। ਉਂਜ ਮੁਸਲਮਾਨੀਆਂ ਤਾਂ ਹੁੰਦੀਆਂ ਹੀ ਬੜੀਆਂ ਸੋਹਣੀਆਂ ਨੇ, ਪਰ ਮੱਖੋ ਦੀ ਭਰਜਾਈ ਤਾਂ ਕੋਈ ਅਲੋਕਾਰ ਰੂਪ ਸੀ। ਮੈਂ ਵੀ ਉਸ ਨੂੰ ਭਾਬੀ ਆਖਦੀ। ਉਸ ਦਾ ਵੀ 'ਬੀਬੀ' ਆਖਦੀ ਦਾ ਮੂੰਹ ਨਹੀਂ ਸੀ ਸੁੱਕਦਾ। ਹੱਸਦਿਆਂ-ਖੇਡਦਿਆਂ ਸਾਲ ਬੀਤ ਗਿਆ। ਇਕ ਦਿਨ ਭਾਬੀ ਨੂੰ ਰੋਟੀ ਨਾ ਹਜ਼ਮ ਹੋਈ ਤੇ ਉਸ ਨੇ ਉਲਟੀ ਕਰ ਦਿੱਤੀ। ਮੱਖੋ ਦੀ ਮਾਂ ਸਾਨੂੰ ਆਖਣ ਲੱਗੀ ਕਿ ਅਸੀਂ ਭੂਆ ਬਣਨ ਵਾਲੀਆਂ ਹਾਂ। ਹੁਣ ਮੱਖੋ ਦੀ ਭਾਬੀ ਦਾ ਰੂਪ ਦਿਨ-ਬ-ਦਿਨ ਨਿਖਰਨ ਲੱਗਾ ਤੇ ਫਿਰ ਕੁੜੀ ਨੇ ਜਨਮ ਲਿਆ। ਕੁੜੀ ਸੀ ਕਿਤੇ...ਜਿਵੇਂ ਰਬੜ ਦਾ ਬਾਵਾ ਹੋਵੇ। ਮਾਂ ਤੋਂ ਵੀ ਚਾਰ ਰੱਤੀਆਂ ਉਪਰ ਸੀ ਰੂਪ ਉਸ ਦਾ।

ਦੋ ਸਾਲ ਦੀ ਸੀ ਜਦੋਂ ਰੌਲੇ ਪਏ। ਹਰ ਵੇਲੇ ਵਿਹੜੇ ਵਿਚ ਛਣ-ਛਣ ਕਰਦੀ ਫਿਰਦੀ। ਪੈਰੀਂ ਚਾਂਦੀ ਦੀਆਂ ਝਾਂਜਰਾਂ, ਹੱਥੀਂ ਬੋਰਾਂ ਵਾਲੇ ਚਾਂਦੀ ਦੇ ਕੜੇ ਤੇ ਗਲ ਪਤਲੀ ਸੋਨੇ ਦੀ ਚੇਨੀ ਵਿਚ ਕਾਲਾ ਤਵੀਤ। ਸਭ ਦਾ ਮਨ ਮੋਹ ਲੈਂਦੀ। ਕਿਤੇ ਉਸ ਨੂੰ ਚੁੱਕਣ ਦੀ ਵਾਰੀ ਨਹੀਂ ਸੀ ਆਉਂਦੀ। ਇਕ ਉਤਾਰਦਾ, ਦੂਜਾ ਚੁੱਕ ਲੈਂਦਾ।

ਉਸ ਬਾਲੜੀ ਦੀ ਤਸਵੀਰ ਚਿਤਰਦਿਆਂ ਬੀਜੀ ਦੀਆਂ ਅੱਖਾਂ ਨਮ ਹੋ ਗਈਆਂ। ਉਨ੍ਹਾਂ ਪਾਣੀ ਦਾ ਘੁੱਟ ਪੀ ਕੇ ਡੂੰਘਾ ਸਾਹ ਲਿਆ ਤੇ ਅੱਗੇ ਕਹਿਣਾ ਸ਼ੁਰੂ ਕੀਤਾ, "ਚਿੱਤ ਨਾ ਚੇਤਾ, ਵਾਹਰਾਂ ਫਿਰ ਗਈਆਂ ਕਿ ਪਾਕਿਸਤਾਨ ਬਣ ਗਿਆ ਏ। ਮੁਸਲਮਾਨਾਂ ਨੂੰ ਸਿੱਖਾਂ ਤੇ ਹਿੰਦੂਆਂ ਤੋਂ ਅਲੱਗ ਕਰ ਦਿੱਤਾ ਗਿਆ। ਪਿੰਡ ਖਾਲੀ ਕਰਨ ਲਈ ਹੋਕਾ ਫਿਰਨ ਲੱਗਾ। ਜਦੋਂ ਕਿਤੇ ਉਹ ਸੀਨ ਅੱਖਾਂ ਅੱਗੇ ਆਉਂਦਾ ਏ, ਕਲੇਜਾ ਪਾਟਣ ਨੂੰ ਕਰਦਾ ਏ। ਹਨ੍ਹੇਰਗਰਦੀ ਮੱਚ ਗਈ। ਇਕ-ਦੂਜੇ ਲਈ ਜਾਨ ਵਾਰਨ ਵਾਲੇ ਪਲਾਂ-ਛਿਣਾਂ ਵਿਚ ਜਾਨ ਦੇ ਦੁਸ਼ਮਣ ਬਣ ਗਏ। ਬੱਸ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਿਹੜਾ ਕੰਮ ਸੁਲ੍ਹਾ-ਸਫਾਈ ਨਾਲ ਹੋ ਸਕਦਾ ਸੀ, ਉਸ ਲਈ ਇਹ ਖੂਨ-ਖਰਾਬਾ, ਇੰਨੀ ਦੁਸ਼ਮਣੀ ਕਿਉਂ?"

ਬੀਜੀ ਦਾ ਚਿਹਰਾ ਬੀਤੇ ਦੀਆਂ ਪੀੜਾਂ ਨਾਲ ਦੁਖੀ ਤੇ ਕ੍ਰੋਧਵਾਨ ਲੱਗ ਰਿਹਾ ਸੀ, "ਸੁਣੀਂਦਾ ਏ ਕਿ ਰਾਜ ਕਰਨ ਵਾਲੇ ਅਮੀਰ ਲੋਕਾਂ ਨੇ ਇਹ ਸਭ ਕੁਝ ਕਰਵਾਇਆ, ਪਰ ਉਹੀ ਹੁਣ ਰਾਜ ਕਰੀ ਜਾਂਦੇ ਨੇ। ਗਰੀਬਾਂ ਨੂੰ ਕਦੀ ਕੋਈ ਇਨਸਾਫ ਨਹੀਂ ਮਿਲਿਆ। ਉਜੜ ਕੇ ਵੱਸਣਾ ਸੌਖਾ ਨਹੀਂ ਹੁੰਦਾ, ਉਮਰ ਲੱਗ ਜਾਂਦੀ ਏ ਘਰ ਬਣਾਉਂਦਿਆਂ। ਕਈ ਤਾਂ ਅੱਜ ਤੱਕ ਥਾਂ ਸਿਰ ਨਹੀਂ ਆ ਸਕੇ। ਚਲੋ, ਜੇ ਆ ਵੀ ਜਾਣ, ਅੰਦਰ ਦੇ ਜ਼ਖ਼ਮ ਤਾਂ ਕਦੀ ਨਹੀਂ ਭਰਦੇ। ਜੋ ਉਜੜ ਗਏ, ਮਰ ਗਏ; ਉਨ੍ਹਾਂ ਦੀ ਯਾਦ ਤਾਂ ਸੂਲਾਂ ਬਣ-ਬਣ ਉਗਦੀ ਹੈ।" ਮੈਂ ਦੇਖਿਆ, ਕਿਸੇ ਦੇ ਵਿਛੜ ਜਾਣ ਦਾ ਗਮ ਬੀਜੀ ਦੀਆਂ ਯਾਦਾਂ ਵਿਚ ਘੁਲ ਮਿਲ ਕੇ ਕੀਰਨੇ ਪਾ ਰਿਹਾ ਸੀ।

ਮੈਂ ਬੀਜੀ ਨੂੰ ਸਹੇਲੀ ਵਾਲੀ ਕਹਾਣੀ ਅੱਗੇ ਦੱਸਣ ਲਈ ਆਖਦੀ ਹੋਰ ਨੇੜੇ ਹੋ ਕੇ ਬੈਠ ਗਈ,

"ਵੱਡੇ ਵੇਲੇ ਰੌਲਾ ਪੈ ਗਿਆ, ਘਰ ਖਾਲੀ ਕਰ ਦਿਓ, ਮੁਸਲਮਾਨਾਂ ਨੂੰ ਬਾਹਰ ਕੱਢ ਦਿਓ। ਤੈਨੂੰ ਪਤਾ ਏ ਨਾ, ਤੇਰੇ ਨਾਨਕਿਆਂ ਨਾਲ ਲੱਗਦਾ ਪਿੰਡ ਵੀਹਲਾਂ, ਜਿਥੇ ਆਪਣੇ ਪਿੰਡ ਦੀ ਕੁੜੀ ਵਿਆਹੀ ਹੋਈ ਹੈ, ਮਜ਼੍ਹਬੀਆਂ ਦੀ ਦਾਤੋ। ਬੜਾ ਬਦਮਾਸ਼ਾਂ ਦਾ ਪਿੰਡ ਸੀ ਉਹ ਉਸ ਵੇਲੇ। ਤੈਨੂੰ ਪਤੈ, ਤੇਰੀ ਮਾਸੀ ਦੀ ਕੁੜੀ ਦਾ ਰਿਸ਼ਤਾ ਵੀ ਦਾਤੋ ਲੈ ਗਈ ਸੀ ਉਸੇ ਪਿੰਡ। ਉਹ ਮੁੰਡਾ ਵੀ ਬਲੈਕੀਆ ਜਿਹਾ ਸੀ। ਵਿਚਾਰੀ ਕੁੜੀ ਦੇ ਕੋਈ ਬਾਲ-ਬੱਚਾ ਹੀ ਨਹੀਂ ਹੋਇਆ, ਤਾਂ ਦੂਜਾ ਵਿਆਹ ਕਰ ਲਿਆ। ਜੌੜੇ ਬੱਚੇ ਹੋਏ ਤੇ ਵਹੁਟੀ ਮਰ ਗਈ। ਵਿਚਾਰੀ ਕੰਤੋ ਮਾਂ-ਮਹਿੱਟਰ ਬੱਚੇ ਪਾਲਦੀ ਬੁੱਢੀ ਹੋ ਗਈ। ਬੜਾ ਦੁੱਖ ਏ ਉਸ ਦਾ ਵੀ, ਮੂੰਹ-ਬੋਲੀ ਭੈਣ ਦੀ ਧੀ ਏ ਮੇਰੀ।"

ਵੰਡ ਬਾਰੇ ਗੱਲ ਕਰੋ ਨਾ। ਮੈਂ ਫਿਰ ਬੀਜੀ ਨੂੰ ਵਾਪਸ ਆਉਣ ਬਾਰੇ ਆਖਿਆ।

"ਹਾਂ! ਇਨ੍ਹਾਂ ਗੱਲਾਂ ਦਾ ਤਾਂ ਤੈਨੂੰ ਪਹਿਲਾਂ ਵੀ ਪਤਾ ਏ, ਮੈਂ ਈ ਭੁੱਲ ਜਾਨੀ ਆਂ। ਫਿਰ ਕੀ ਸੀ...ਪਿੰਡ ਦੇ ਮੁਸਲਮਾਨਾਂ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ, ਕੀ ਬੰਨ੍ਹਣ ਤੇ ਕੀ ਛੱਡਣ! ਕਿਸੇ ਨੇ ਕੋਈ ਟੂੰਬ-ਛੱਲਾ ਬੰਨ੍ਹ ਲਿਆ ਪੱਲੇ, ਤੇ ਕਿਸੇ ਨੇ ਪੈਸਾ-ਧੇਲਾ। ਜਾਨਾਂ ਦੇ ਲਾਲੇ ਪਏ ਹੋਏ ਸਨ। ਸਾਮਾਨ ਵੱਲ ਤਾਂ ਕਿਸੇ ਦਾ ਧਿਆਨ ਹੀ ਨਹੀਂ ਸੀ। ਸਾਡੇ ਪਿੰਡ ਦੇ ਵੱਡੇ ਬਾਬੇ ਸ਼ਮਸ਼ੇਰ ਸਿੰਘ ਹੁਰਾਂ ਫੈਸਲਾ ਕੀਤਾ ਕਿ ਮੁਸਲਮਾਨਾਂ ਨੂੰ ਸੁਰੱਖਿਆ ਨਾਲ ਢਾਬ ਪਾਰ ਕਰਾ ਆਈਏ। ਢਾਬ ਤੱਕ ਬੜਾ ਖਤਰਾ ਸੀ। ਧੀਆਂ-ਭੈਣਾਂ ਦੀ ਇੱਜ਼ਤ ਤੇ ਲੁੱਟ-ਖੋਹ ਦਾ ਖਤਰਾ। ਵੀਹਲੇ ਪਿੰਡ ਦੇ ਲੋਕ ਹਰ ਤਰ੍ਹਾਂ ਦਾ ਐਬ ਕਰਨ ਲਈ ਮਸ਼ਹੂਰ ਸਨ।

ਮੱਖੋ ਦਾ ਟੱਬਰ ਵੀ ਤੁਰ ਪਿਆ। ਬੜਾ ਰੋਈ ਸੀ ਧਾਹਾਂ ਮਾਰ-ਮਾਰ, ਗਲ ਨੂੰ ਚੁੰਬੜਦੀ ਆਖਦੀ ਸੀ-ਮੈਨੂੰ ਆਪਣੇ ਘਰ ਰੱਖ ਲੈ। ਮੈਂ ਵੀ ਪੱਥਰ ਹੋ ਗਈ ਸਾਂ, ਪਰ ਕਿੱਦਾਂ ਰੱਖਦੀ? ਪਿੰਡ ਦਾ ਫੈਸਲਾ ਸੀ, ਸਹੀ ਸਲਾਮਤ ਸਭ ਨੂੰ ਪਿੰਡੋਂ ਤੋਰਨਾ। ਮੱਖੋ ਦੀ ਭਰਜਾਈ ਜੈਨੇਫਰ ਵੀ ਕੁੜੀ ਨੂੰ ਕੁੱਛੜ ਚੁੱਕ ਕੇ ਤੁਰ ਪਈ। ਚੰਗੀ-ਭਲੀ ਵਿਹੜੇ ਵਿਚ ਖੇਡ ਰਹੀ ਸੀ, ਚੰਦਰੀ ਨੂੰ ਪਤਾ ਹੀ ਨਹੀਂ ਸੀ ਕਿ ਮਾਂ ਉਸ ਨੂੰ ਕਿਥੇ ਲੈ ਚੱਲੀ ਹੈ। ਨਿੱਕੇ-ਨਿੱਕੇ ਗੁੱਡੀਆਂ-ਪਟੋਲੇ ਵਿਹੜੇ ਵਿਚ ਖਿੱਲਰੇ ਪਏ ਸਨ। ਕੁੜੀ ਮੁੜ-ਮੁੜ ਆਪਣੀਆਂ ਖੇਡਾਂ ਵੱਲ ਦੇਖ ਰੋ ਰਹੀ ਸੀ। ਉਸ ਦੇ ਨਿੱਕੇ-ਨਿੱਕੇ ਹੱਥ ਤੇ ਬਾਂਹਾਂ ਅੱਜ ਵੀ ਨਹੀਂ ਭੁੱਲਦੀਆਂ। ਘਰ ਵੱਲ ਹੱਥ ਉਲਾਰਦੀ ਉਹ ਅੱਖਾਂ ਤੋਂ ਉਹਲੇ ਹੋ ਗਈ।"

ਬੀਜੀ ਨੇ ਖਾਲੀ ਹੋ ਗਈ ਬੋਤਲ ਵਿਚ ਪਾਣੀ ਭਰਨ ਲਈ ਆਖਿਆ। ਮੈਂ ਪਾਣੀ ਭਰਦੀ ਸੋਚ ਰਹੀ ਸਾਂ, ਢਾਬ ਪਾਰ ਕਰ ਕੇ ਬੀਜੀ ਦੀ ਸਹੇਲੀ ਦਾ ਪਰਿਵਾਰ ਪਾਕਿਸਤਾਨ ਪਹੁੰਚ ਗਿਆ ਹੋਵੇਗਾ? ਜਾਂ...?

ਬੀਜੀ ਨੇ ਪਾਣੀ ਦਾ ਘੁਟ ਭਰਿਆ ਤੇ ਕਹਿਣ ਲੱਗੀ, "ਬੜੀ ਤਸੱਲੀ ਦੇ ਕੇ ਪਿੰਡ ਦੇ ਬੰਦੇ ਮੁਸਲਮਾਨ ਪਰਿਵਾਰਾਂ ਨੂੰ ਲੈ ਕੇ ਤੁਰੇ ਸਨ। ਉਨ੍ਹਾਂ ਨੂੰ ਵੀ ਬੜਾ ਇਤਬਾਰ ਸੀ। ਹੁੰਦਾ ਵੀ ਕਿਉਂ ਨਾ? ਕੋਈ ਦੁਸ਼ਮਣ ਥੋੜ੍ਹੇ ਸਨ। ਭੈਣਾਂ-ਭਰਾਵਾਂ ਵਾਂਗ ਇਕ ਪਿੰਡ ਵਿਚ ਵੱਸਦੇ ਸਾਂ, ਪਰ ਰੱਬ ਦਾ ਭਾਣਾ! ਅਜੇ ਢਾਬ ਲਾਗੇ ਪਹੁੰਚੇ ਹੀ ਸਨ ਕਿ ਜਥਾ ਪੈ ਗਿਆ ਵੀਹਲੇ ਤੋਂ। ਸ਼ਮਸ਼ੇਰ ਸਿੰਘ ਹੁਰਾਂ ਬੜਾ ਆਖਿਆ, ਇਹ ਸਾਡੇ ਪਿੰਡ ਦੇ ਲੋਕ ਨੇ, ਸਾਡੇ ਵਰਗੇ ਨੇ, ਇਨ੍ਹਾਂ ਦਾ ਕੀ ਕਸੂਰ? ਇਨ੍ਹਾਂ ਨੂੰ ਜਾਣ ਦਿਓ, ਪਰ ਉਹ ਨਾ ਮੰਨੇ। ਆਖਦੇ ਸਨ-ਮੁਸਲਮਾਨਾਂ ਨੇ ਸਾਡੇ ਪਿੰਡ ਦੇ ਕਈ ਸਿੱਖਾਂ ਨੂੰ ਮਾਰ ਦਿੱਤਾ ਏ। ਜੇ ਤੁਸੀਂ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਵੀ ਮਾਰੇ ਜਾਉਗੇ। ਜਾਨ ਕਿਸ ਨੂੰ ਪਿਆਰੀ ਨਹੀਂ। ਸਭ ਚੁੱਪ-ਚਾਪ ਪਿੰਡ ਪਰਤ ਆਏ। ਲਾ...ਆ...ਲਾ...ਲਾ...ਆ...ਲਾ ਮੱਚ ਗਈ। ਵੀਹਲੇ ਦੇ ਜਥੇ ਨੇ ਬਜ਼ੁਰਗਾਂ ਨੂੰ ਮਾਰ ਦਿੱਤਾ, ਬੱਚਿਆਂ ਨੂੰ ਮਾਂਵਾਂ ਤੋਂ ਖੋਹ ਕੇ ਪੈਲੀਆਂ ਵਿਚ ਸੁੱਟ ਦਿੱਤਾ ਤੇ ਜਵਾਨ ਕੁੜੀਆਂ ਤੇ ਵਹੁਟੀਆਂ ਨੂੰ ਕਮਾਦ ਵਿਚ ਲੈ ਗਏ। ਉਨ੍ਹਾਂ ਦੀ ਇੱਜ਼ਤ ਨੂੰ ਲੀਰੋ-ਲੀਰ ਕਰ ਕੇ ਕਈਆਂ ਨੂੰ ਮਾਰ ਦਿੱਤਾ ਤੇ ਕਈਆਂ ਨੂੰ ਘਰ ਲੈ ਆਏ। ਖੌਰੇ ਮੱਖੋ ਵੀ...।" ਤੇ ਬੀਜੀ ਨੇ ਇਹ ਆਖਦਿਆਂ ਧੁਰ ਅੰਦਰ ਦੀਆਂ ਪੀੜਾਂ ਨਾਲ ਅੱਖਾਂ ਮੀਟ ਲਈਆਂ।



*1947 ਦੇ ਦਰਦਨਾਕ ਉਜਾੜੇ ਦਾ ਸ਼ਿਕਾਰ ਹੋਏ ਲੋਕ*

"ਕੋਈ ਸੰਤਾਪ ਸੀ ਉਹ। ਰੱਬ ਕਿਸੇ ਵੈਰੀ ਨੂੰ ਵੀ ਇਹੋ ਜਿਹੇ ਦਿਨ ਨਾ ਵਿਖਾਏ।" ਬੀਜੀ ਨੇ ਦੋਹਾਂ ਹੱਥਾਂ ਨੂੰ ਸੀਨੇ ਤੇ ਘੁੱਟ ਕੇ ਅੱਗੇ ਦੱਸਿਆ, "ਜੈਨੇਫਰ ਦੇ ਕੁੱਛੜੋਂ ਕੁੜੀ ਖੋਹ ਲਈ ਤੇ ਕਮਾਦ ਦੀ ਵੱਟ 'ਤੇ ਵਗ੍ਹਾ ਸੁੱਟੀ। ਬੜਾ ਕਲਪੀ ਭਾਬੀ ਜੈਨੇਫਰ, ਪਰ ਕੌਣ ਸੁਣਦਾ ਸੀ ਉਸ ਵੇਲੇ। ਕੋਈ ਲੈ ਆਇਆ ਸੀ ਉਸ ਨੂੰ ਆਪਣੀ ਜਾਇਦਾਦ ਸਮਝ ਕੇ। ਉਸ ਨੂੰ ਰੱਖ ਲਏ, ਭਾਵੇਂ ਵੇਚ ਦੇਵੇ! ਵਸਤੂ ਵਾਂਗ ਹੀ ਤਾਂ ਸੀ ਉਹ। ਉਹ ਸਮਾਂ ਚੰਗਾ ਨਹੀਂ ਸੀ, ਔਰਤ ਬੇਜਾਨ ਚੀਜ਼ ਸਮਝੀ ਜਾਂਦੀ ਸੀ। ਅੱਜ ਫਿਰ ਵੀ ਚੰਗਾ ਹੈ, ਲੜਕੀਆਂ ਵਿਚ ਬੋਲਣ ਦੀ ਹਿੰਮਤ ਤਾਂ ਹੈ। ਚੁੱਪ-ਚਾਪ ਤਾਂ ਨਹੀਂ ਨਾ ਸਹਿੰਦੀਆਂ ਜੁਰਮ।"

ਫਿਰ ਕੀ ਹੋਇਆ? ਮੈਂ ਪੁੱਛਿਆ ਤੇ ਦੇਖਿਆ ਕਿ ਬੀਜੀ ਦੇ ਮੱਥੇ ਦੀਆਂ ਨਾੜਾਂ ਵਿਚ ਖੂਨ ਦੀ ਹਰਕਤ ਤੇਜ਼ ਹੋ ਗਈ ਸੀ।

"ਫਿਰ ਕੁਝ ਦਿਨ ਬਾਅਦ ਜਦੋਂ ਠੰਢ-ਠੇਰ ਹੋ ਗਈ ਤਾਂ ਪਤਾ ਲੱਗਾ ਕਿ ਜੈਨੇਫਰ ਸਾਡੇ ਹੀ ਪਿੰਡ ਵਿਚ ਹੈ। ਲਹਿੰਦੀ ਪੱਤੀ ਦੇ ਕਿਸੇ ਆਦਮੀ ਨੇ ਵੀਹਲੇ ਦੇ ਬਦਮਾਸ਼ਾਂ ਤੋਂ ਖਰੀਦ ਲਈ ਸੀ। ਤੇਰੀ ਨਾਨੀ ਦੱਸਦੀ ਸੀ, ਉਹ ਚਾਰ ਭਰਾ ਨੇ ਤੇ ਅਜੇ ਕੋਈ ਵੀ ਨਹੀਂ ਵਿਆਹਿਆ। ਚਲੋ ਚੰਗਾ ਹੋਇਆ, ਉਨ੍ਹਾਂ ਦੀ ਰੋਟੀ ਪੱਕਦੀ ਹੋ ਗਈ। ਨਾਲੇ ਚੰਗੇ ਘਰ ਪਹੁੰਚ ਗਈ। ਫਿਰ ਇਕ ਦਿਨ ਮੈਂ ਮਾਤਾ ਨਾਲ ਭਾਬੀ ਜੈਨੇਫਰ ਨੂੰ ਮਿਲਣ ਗਈ। ਬੜਾ ਰੋਈ ਉਹ, ਪਰ ਇੰਨੀ ਡਰੀ ਹੋਈ ਸੀ ਕਿ ਉਸ ਦੀ ਆਵਾਜ਼ ਨਹੀਂ ਸੀ ਨਿਕਲਦੀ। ਮੈਂ ਕੁੜੀ ਬਾਰੇ ਪੁੱਛਿਆ ਤਾਂ ਉਸ ਨੇ ਢਿੱਡ ਵਿਚ ਮੁੱਕੀਆਂ ਮਾਰ ਕੇ ਖੁਦਾ ਨੂੰ ਉਲਾਂਭਾ ਦਿੱਤਾ ਸੀ। ਮੱਖੋ ਬਾਰੇ ਪੁੱਛਿਆ ਤਾਂ ਮੇਰਾ ਹੱਥ ਛੱਡ ਕੇ ਆਖਣ ਲੱਗੀ, "ਨੀ ਬੀਬੀਏ! ਤੂੰ ਰੱਖ ਕਿਉਂ ਨਾ ਲਿਆ ਉਸ ਨੂੰ?" ਫਿਰ ਅਸੀਂ ਚੁੱਪ-ਚਾਪ ਰੋਂਦੀਆਂ ਰਹੀਆਂ, ਸ਼ਾਂਤ ਸਮੁੰਦਰ ਵਾਂਗ। ਲੱਖਾਂ ਸਵਾਲਾਂ-ਜਵਾਬਾਂ ਵਿਚ ਘਿਰੀਆਂ ਬੇਜ਼ਾਨ-ਬੇਵੱਸ ਮਨੁੱਖਤਾ ਦੀ ਦਰਿੰਦਗੀ ਨੂੰ ਕੋਸਦੀਆਂ, ਖੰਭ-ਕਟੇ ਪੰਛੀਆਂ ਵਾਂਗ ਫੜ-ਫੜਾਉਂਦੀਆਂ ਰਹੀਆਂ। ਜੈਨੇਫਰ ਭਾਬੀ ਦੱਸਦੀ ਸੀ-ਜਦ ਕੁੜੀ ਨੂੰ ਖੋਹ ਕੇ ਕਮਾਦ ਦੀ ਵੱਟ 'ਤੇ ਸੁੱਟ ਦਿੱਤਾ ਤਾਂ ਉਹ ਘਾਹ ਦੀਆਂ ਤਿੜ੍ਹਾਂ ਨਾਲ ਖੇਡਣ ਲੱਗ ਪਈ ਸੀ। ਜਦ ਤੱਕ ਨਜ਼ਰ ਆਉਂਦੀ ਰਹੀ, ਮੁੜ-ਮੁੜ ਕੇ ਦੇਖਦੀ ਰਹੀ ਸਾਂ, ਤੇ ਫਿਰ ਸੂਰਜ ਛੁਪ ਗਿਆ ਸੀ! ਦਿਓ-ਕੱਦ ਕਾਲੀ ਰਾਤ ਪਸਰ ਆਈ ਸੀ। ਮੇਰਾ ਸਰੀਰ ਬੇਜਾਨ ਹੋ ਗਿਆ। ਉਸ ਘਰ ਦੇ ਕਮਰੇ ਵਿਚ ਬੇਸ਼ੁਮਾਰ ਮਰਦਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ, ਪਰ ਕਿਸੇ ਦਾ ਚਿਹਰਾ ਨਹੀਂ ਸੀ ਦਿਸਦਾ। ਸਭ ਪਰਛਾਵੇਂ ਸਨ, ਕੰਧਾਂ ਨਾਲ ਲਿਪਟੇ ਪਰਛਾਵੇਂ, ਮੇਰੇ ਜਿਸਮ ਨਾਲ ਲਿਪਟੇ ਪਰਛਾਵੇਂ। ਪਰਛਾਵੇਂ ਜੋ ਆਪਣੀ ਹੋਂਦ ਛੁਪਾਉਣ ਲਈ ਰੋਸ਼ਨੀ ਤੋਂ ਡਰਦੇ ਹਨ!"

ਫਿਰ ਕੀ ਹੋਇਆ? ਮੈਂ ਪੁਛਿਆ,

"ਫਿਰ ਪਤਾ ਨਹੀਂ ਕਿਉਂ, ਉਸ ਆਦਮੀ ਨੇ ਜੈਨੇਫਰ ਨੂੰ ਦੂਸਰੀ ਪੱਤੀ ਦੇ ਕਿਸੇ ਆਦਮੀ ਕੋਲ ਵੇਚ ਦਿੱਤਾ। ਲੋਕ ਆਖਦੇ ਸਨ, ਭਰਾਵਾਂ ਵਿਚ ਕੋਈ ਝਗੜਾ ਹੋ ਗਿਆ ਸੀ। ਇਹ ਕੋਈ ਭਲਾ ਬੰਦਾ ਸੀ। ਫਿਰ ਵੇਖੋ ਰੱਬ ਦਾ ਭਾਣਾ! ਪੰਦਰਾਂ ਕੁ ਦਿਨਾਂ ਬਾਅਦ ਜੈਨੇਫਰ ਦਾ ਘਰਵਾਲਾ ਤੇ ਛੋਟਾ ਭਰਾ ਵਾਪਸ ਆ ਗਏ। ਉਸ ਆਦਮੀ ਨੇ ਖੁਦ ਪਹੁੰਚ ਕਰ ਕੇ ਆਖਿਆ- ਤੂੰ ਜੈਨੇਫਰ ਨੂੰ ਘਰ ਲੈ ਜਾ...।"

ਫਿਰ...?

ਫਿਰ ਕੀ, ਲੈ ਆਇਆ ਮੱਖੋ ਦਾ ਭਰਾ ਉਸ ਨੂੰ ਆਪਣੇ ਘਰ, "ਪਰ ਉਹ ਘਰ ਨਹੀਂ ਸੀ ਰਿਹਾ, ਕਿੰਨੀਆਂ ਲਾਸ਼ਾਂ ਦਾ ਭਾਰ ਲਈ ਖੜ੍ਹੀ ਛੱਤ ਥੱਲੇ ਨੀਂਦ ਨਾਂ ਆਉਂਦੀ। ਪਿੰਡ ਦੇ ਲੋਕਾਂ ਬੜੀ ਹਮਦਰਦੀ ਵਿਖਾਈ, ਪਰ ਸਭ ਨੂੰ ਡਰ ਸੀ, ਇਸ ਘਰ ਦੇ ਮੁੜ ਉਜੜ ਜਾਣ ਦਾ। ਬੜੀਆਂ ਯਾਦਾਂ ਇਸ ਘਰ ਦੇ ਵਿਹੜੇ ਵਿਚ ਦਫ਼ਨ ਹੋ ਗਈਆਂ। ਮੈਂ ਅਕਸਰ ਭਾਬੀ ਜੈਨੇਫਰ ਨੂੰ ਮਿਲਣ ਜਾਂਦੀ। ਇਕ ਵਾਰ ਆਖਣ ਲੱਗੀ, "ਬੀਬੀ ਮੈਨੂੰ ਕਦੀ-ਕਦੀ ਸਿਧਰੀ ਦੇ ਪੈਰਾਂ ਦੀਆਂ ਝਾਂਜਰਾਂ ਦੀ ਆਵਾਜ਼ ਸੁਣਦੀ ਏ। ਲੱਗਦੈ, ਹੁਣੇ ਆ ਕੇ ਗਲ ਨਾਲ ਚੁੰਬੜ ਜਾਏਗੀ। ਬੀਬੀ, ਮੱਖੋ ਆਖਦੀ ਸੁਣਾਈ ਦਿੰਦੀ ਏ-ਭਾਬੀ ਜਦ ਮੈਂ ਸਹੁਰੇ ਤੁਰ ਗਈ ਤਾਂ ਉਦਾਸ ਨਾ ਹੋਈਂ, ਘਰ ਵਿਚ ਦਿਲ ਲਾ ਕੇ ਰਹੀਂ। ਭਲਾ ਮੈਂ ਉਸ ਦਾ ਆਖਿਆ ਕਦੀ ਮੋੜਿਆ ਸੀ ਜੋ ਅੱਜ ਮੋੜਾਂਗੀ? ਜੈਨੇਫਰ ਨੇ ਦੱਸਿਆ ਕਿ ਅਸਾਂ ਆਪਣਾ ਧਰਮ ਬਦਲ ਲੈਣਾ ਏਂ, ਪਰ ਇਹ ਪਿੰਡ, ਇਹ ਘਰ ਨਹੀਂ ਛੱਡਣਾ। ਇਥੇ ਮੇਰੀ ਸਿਧਰੀ ਦੇ ਕਦਮਾਂ ਦੇ ਨਿਸ਼ਾਨ ਨੇ, ਮੇਰੀ ਬੀਬੀ ਮੱਖੋ ਦੀਆਂ ਆਵਾਜ਼ਾਂ ਨੇ।"

ਫਿਰ...? ਮੈਂ ਪਾਣੀ ਦੀ ਬੋਤਲ ਬੀਜੀ ਨੂੰ ਫੜਾਉਂਦਿਆਂ ਆਖਿਆ।

"ਉਨ੍ਹਾਂ ਸੱਚ ਹੀ ਧਰਮ ਬਦਲ ਲਿਆ, ਅੰਮ੍ਰਿਤ ਛਕ ਲਿਆ। ਜੈਨੇਫਰ ਭਾਬੀ ਦੱਸਦੀ ਸੀ, ਉਹ ਪਾਠ ਕਰਦੇ ਨੇ ਤੇ ਨਮਾਜ਼ ਵੀ ਪੜ੍ਹਦੇ ਨੇ। ਆਖਦੀ, ਮਰਨ ਵਾਲੇ ਤਾਂ ਮੁਸਲਮਾਨ ਹੀ ਸਨ ਨਾ, ਉਨ੍ਹਾਂ ਲਈ ਨਮਾਜ਼ ਪੜ੍ਹਦੇ ਹਾਂ ਤੇ ਆਪਣੇ ਲਈ ਪਾਠ ਕਰਦੇ ਹਾਂ।"

ਮੈਂ ਟੋਕ ਕੇ ਆਖਿਆ, ਬੀਜੀ ਮੈਨੂੰ ਨਫਰਤ ਹੈ ਐਸੇ ਸਮਾਜ ਤੋਂ, ਜਿਥੇ ਬੱਸ ਧਰਮ ਕਰ ਕੇ ਇਨਸਾਨ ਦੀ ਪਛਾਣ ਹੁੰਦੀ ਹੈ।

"ਚਲੋ, ਮੁੱਢ-ਕਦੀਮ ਤੋਂ ਚਲਿਆ ਆਇਆ ਏ, ਤੇਰੇ ਜਾਂ ਮੇਰੇ ਮੰਨਣ ਜਾਂ ਨਾ ਮੰਨਣ ਨਾਲ ਤਾਂ ਕੁਝ ਨਹੀਂ ਬਦਲ ਸਕਦਾ! ਸਭ ਦੀ ਸਲਾਹ ਇਕ ਹੋਵੇ ਤਾਂ ਕੰਮ ਸਿਰੇ ਚੜ੍ਹਦਾ ਏ...ਆਖਦਾ ਹੁੰਦਾ ਸੀ ਨਿਰਮਲ...ਇਕ ਦਿਨ ਐਸਾ ਆਏਗਾ, ਸਭ ਗਰੀਬਾਂ-ਅਮੀਰਾਂ ਦਾ ਝਗੜਾ ਮੁੱਕ ਜਾਏਗਾ। ਬਰਾਬਰ ਹੋਣਗੇ ਸਾਰੇ। ਸਾਰੇ ਧਰਮਾਂ ਦਾ ਇਕੋ ਜਿਹਾ ਮਾਣ-ਸਨਮਾਨ ਹੋਵੇਗਾ। ਬਥੇਰਾ ਪੜ੍ਹਿਆ-ਲਿਖਿਆ ਸੀ। ਕੀ ਨਹੀਂ ਸੀ ਕਰ ਸਕਦਾ? ਖੌਰੇ ਕਾਹਦੀ ਕਾਹਲੀ ਪੈ ਗਈ, ਤੁਰ ਗਿਆ ਸਭ ਅੱਧ-ਅਧੂਰਾ ਛੱਡ ਕੇ...।"

ਬੀਜੀ ਦੇ ਚਿਹਰੇ 'ਤੇ ਸਮਾਜਿਕ ਅਨਿਆਂ, ਨਾ-ਬਰਾਬਰੀ ਦੇ ਨਾਲ ਆਂਦਰਾਂ ਦੀ ਪੀੜ ਦਾ ਦਰਦ ਵੀ ਖੂਨ ਦੇ ਤੁਪਕੇ ਬਣ-ਬਣ ਚੋਅ ਰਿਹਾ ਸੀ।

ਫਿਰ...?

"ਫਿਰ ਇਕ ਦਿਨ ਲੌਢੇ ਵੇਲੇ ਦੀ ਰੋਟੀ ਖਾ ਕੇ ਬੈਠੇ ਹੀ ਸਾਂ ਕਿ ਰੌਲਾ ਪੈ ਗਿਆ-ਇਧਰੋਂ ਮੁਸਲਮਾਨਾਂ ਨੂੰ ਉਧਰ ਤੇ ਉਧਰੋਂ ਇਧਰ ਪਹੁੰਚਾਉਣ ਲਈ ਟਰੱਕ ਲੱਗ ਗਏ ਹਨ। ਲੋਕ ਕੈਂਪਾਂ ਵਿਚ ਇਕੱਠੇ ਹੋਣ ਲੱਗੇ। ਹੋਕਾ ਦਿੱਤਾ ਗਿਆ ਕਿ ਪਿੰਡ ਵਿਚ ਰਹਿੰਦੇ ਸਾਰੇ ਮੁਸਲਮਾਨ ਭਰਾ, ਬਾਬੇ ਸ਼ਮਸ਼ੇਰ ਸਿੰਘ ਦੀ ਹਵੇਲੀ ਇਕੱਠੇ ਹੋ ਜਾਣ।

ਭਾਬੀ ਜੈਨੇਫਰ ਤੇ ਮੱਖੋ ਦੇ ਭਰਾ ਵੀ ਹਵੇਲੀ ਪਹੁੰਚ ਗਏ ਸਨ। ਬਾਬੇ ਸ਼ਮਸ਼ੇਰ ਸਿੰਘ ਨੇ ਭਰੇ ਗਲੇ ਨਾਲ ਸਭ ਨੂੰ ਸਮਝਾਇਆ ਕਿ ਇਸੇ ਵਿਚ ਸਭ ਦਾ ਭਲਾ ਹੈ, ਹਕੂਮਤ ਦਾ ਫੈਸਲਾ ਹੈ, ਮੰਨਣਾ ਹੀ ਪਏਗਾ। ਸਭ ਚੁੱਪ-ਚਾਪ ਕੈਂਪ ਵੱਲ ਚਲੇ ਗਏ, ਪਰ ਭਾਬੀ ਜੈਨੇਫਰ ਘਰ ਨੂੰ ਪਰਤ ਆਈ। ਲੋਕ ਸੋਚਣ ਲੱਗੇ, ਆਪਣਾ ਕੁਝ ਸਾਮਾਨ ਲੈਣ ਗਈ ਹੈ, ਆ ਜਾਏਗੀ; ਪਰ ਉਹ ਨਹੀਂ ਆਈ। ਮੱਖੋ ਦਾ ਭਰਾ ਉਡੀਕ ਕੇ ਮਗਰ ਗਿਆ ਤਾਂ ਵੇਖਿਆ ਅੰਦਰ (ਕਮਰੇ) ਦਾ ਬੂਹਾ ਬੰਦ ਸੀ। ਬੜੀਆਂ ਆਵਾਜ਼ਾਂ ਮਾਰੀਆਂ। ਭਾਬੀ ਜੈਨੇਫਰ ਨੇ ਆਵਾਜ਼ ਨਹੀਂ ਦਿੱਤੀ। ਅਖੀਰ ਰੌਲਾ ਸੁਣ ਕੇ ਕੁਝ ਹੋਰ ਲੋਕ ਇਕੱਠੇ ਹੋ ਗਏ ਤੇ ਬੂਹਾ ਤੋੜ ਦਿੱਤਾ। ਦੇਖਿਆ, ਅੰਦਰ ਮੱਖੋ ਦੀ ਚੁੰਨੀ ਗਲ ਵਿਚ ਪਾਈ ਸ਼ਤੀਰ ਨਾਲ ਲਟਕ ਰਹੀ ਸੀ। ਭਾਬੀ ਜੈਨੇਫਰ ਨੇ ਦੋਹਾਂ ਹੱਥਾਂ ਵਿਚ ਸਿਧਰੀ ਦੀ ਗੁੱਡੀ ਘੁੱਟ ਕੇ ਫੜੀ ਹੋਈ ਸੀ। ਇਹ ਉਹ ਗੁੱਡੀ ਸੀ ਜਿਸ ਨੂੰ ਘਰੋਂ ਤੁਰਨ ਲੱਗਿਆਂ ਜ਼ਮੀਨ 'ਤੇ ਪਈ ਨੂੰ ਉਹ ਤਰਸਾਈਆਂ ਅੱਖਾਂ ਨਾਲ ਵੇਖਦੀ ਚਲੀ ਗਈ ਸੀ।"

ਫਿਰ ਕੀ ਹੋਇਆ? ਮੈਂ ਅੱਖਾਂ ਪੂੰਝਦਿਆਂ ਪੁੱਛਿਆ।

"ਹੋਣਾ ਕੀ ਸੀ, ਇਸ ਧਰਮ ਨੇ ਤਾਂ ਮਰ ਕੇ ਵੀ ਉਸ ਦਾ ਖਹਿੜਾ ਨਾ ਛੱਡਿਆ। ਉਸ ਦੀ ਮੌਤ ਦੇ ਦੁੱਖ ਨਾਲੋਂ ਲੋਕਾਂ ਨੂੰ ਆਪਣਾ ਧਰਮ ਬਚਾਉਣ ਦਾ ਫਿਕਰ ਜ਼ਿਆਦਾ ਸੀ। ਕੋਈ ਆਖੇ, ਉਸ ਨੇ ਧਰਮ ਬਦਲ ਲਿਆ ਸੀ, ਇਸ ਲਈ ਉਸ ਨੂੰ ਸਾੜਿਆ ਜਾਏ; ਕੋਈ ਆਖੇ, ਉਹ ਜਨਮ ਤੋਂ ਤਾਂ ਮੁਸਲਮਾਨ ਸੀ, ਦਫ਼ਨਾਇਆ ਜਾਏ। ਬੜਾ ਰੌਲਾ ਪਿਆ। ਵਿਚਾਰੀ ਭਾਬੀ ਜੈਨੇਫਰ ਦੀ ਮੌਤ ਤਾਂ ਪਿੰਡ ਵਾਲਿਆਂ ਰੋਲ ਹੀ ਦਿੱਤੀ।

ਮੱਖੋ ਦਾ ਭਰਾ ਚੁੱਪ-ਚਾਪ ਸਭ ਦੇ ਮੂੰਹਾਂ ਵੱਲ ਵੇਖ ਰਿਹਾ ਸੀ। ਉਹ ਨਾ ਰੋਂਦਾ ਸੀ, ਨਾ ਕੁਝ ਬੋਲਦਾ ਸੀ। ਫਿਰ ਚੁੱਪ ਕਰ ਕੇ ਘਰੋਂ ਬਾਹਰ ਹਵੇਲੀ ਵਿਚ ਚਲਾ ਗਿਆ। ਸਭ ਨੇ ਦੇਖਿਆ ਕਿ ਉਹ ਹਵੇਲੀ ਦੀ ਨੁਕਰੇ ਕਹੀ ਫੜ ਕੇ ਮਿੱਟੀ ਪੁੱਟਣ ਲੱਗ ਪਿਆ। ਸਭ ਸੋਚਣ, ਬਸ਼ੀਰਾ ਚਾਹੁੰਦਾ ਹੈ ਜੈਨੇਫਰ ਨੂੰ ਦਫਨਾਇਆ ਜਾਏ...ਪਰ ਉਹ ਮੋਟੀ ਸਾਰੀ ਟਿੰਗ ਚੁੱਕ ਕੇ ਅੰਦਰ ਚਲਾ ਗਿਆ। ਕੁਝ ਹੀ ਪਲਾਂ ਵਿਚ ਭਾਬੀ ਜੈਨੇਫਰ ਦੀ ਲਾਸ਼ ਅੱਗ ਵਾਂਗ ਬਲਣ ਲੱਗੀ। ਵੀਰ ਬਸ਼ੀਰਾ ਉਚੀ-ਉਚੀ ਹੱਸ ਰਿਹਾ ਸੀ। ਅੰਦਰ ਜਾ ਕੇ ਦੇਖਿਆ, ਭਾਬੀ ਜੈਨੇਫਰ ਦੇ ਸਰੀਰ 'ਤੇ ਮਿੱਟੀ ਦੀ ਟਿੰਗ ਰੱਖੀ ਹੋਈ ਸੀ...ਜੋ ਬਲਦੀ ਅੱਗ ਦੇ ਸੇਕ ਨਾਲ ਅੱਗ ਦਾ ਹੀ ਰੂਪ ਧਾਰਨ ਕਰੀ ਜਾਂਦੀ ਸੀ।"

ਤੇ ਮੱਖੋ ਦਾ ਵੀਰ? ਮੈਂ ਪੁੱਛਿਆ।

ਵੀਰ ਬਸ਼ੀਰੇ ਦੇ ਅੰਦਰੋਂ ਜਵਾਲਾ ਫੁੱਟ ਪਿਆ ਸੀ। ਉਚੀ-ਉਚੀ ਕਦੀ ਰੋਂਦਾ ਤੇ ਕਦੀ ਹੱਸਦਾ ਆਖ ਰਿਹਾ ਸੀ-ਇਹ ਜੈਨੇਫਰ ਨਹੀਂ, ਦੋ ਮਜ਼੍ਹਬ ਦਫਨ ਹੋ ਰਹੇ ਨੇ, ਸੜ ਰਹੇ ਨੇ। ਮੈਨੂੰ ਇਹੋ ਜਿਹੇ ਧਰਮ ਨਹੀਂ ਚਾਹੀਦੇ ਜੋ ਇਨਸਾਨ ਨੂੰ ਨਾ ਜਿਊਣ ਦਿੰਦੇ ਨੇ ਤੇ ਨਾ ਮਰਨ...। ਮੈਂ ਆਜ਼ਾਦ ਹਿੰਦੋਸਤਾਨ ਤੇ ਆਜ਼ਾਦ ਪਾਕਿਸਤਾਨ ਦਾ ਆਜ਼ਾਦ ਬਸ਼ੀਰਾ ਹਾਂ। ਮੈਂ ਨਾ ਹਿੰਦੂ, ਸਿੱਖ, ਈਸਾਈ ਹਾਂ ਤੇ ਨਾ ਮੁਸਲਮਾਨ ਹਾਂ। ਫਿਰ ਉਸ ਨੇ ਕਿਰਪਾਨ ਗਲੋਂ ਲਾਹ ਕੇ ਵਿਹੜੇ ਵਿਚ ਵਗ੍ਹਾ ਮਾਰੀ।"

ਫਿਰ?

"ਫਿਰ ਰੌਲਾ ਮੱਚ ਗਿਆ ਕਿ ਉਸ ਨੇ ਸਿੱਖ ਧਰਮ ਦੀ ਬੇਅਦਬੀ ਕੀਤੀ ਹੈ, ਪਰ ਵੀਰ ਬਸ਼ੀਰਾ ਨਹੀਂ ਡਰਿਆ, ਆਖਦਾ ਸੀ-ਮਾਰ ਦਿਓ ਮੈਨੂੰ...ਮੈਂ ਮੌਤ ਤੋਂ ਨਹੀਂ ਡਰਦਾ। ਮੈਂ ਤਾਂ ਬੱਸ ਧਰਮ, ਮਜ਼੍ਹਬ ਤੋਂ ਡਰਦਾ ਸਾਂ...ਹੁਣ ਮੇਰਾ ਕੋਈ ਮਜ਼੍ਹਬ ਨਹੀਂ ਰਿਹਾ। ਹੱਦਾਂ ਵੰਡ ਲਵੋ...ਮੁਲਕ ਵੰਡ ਲਵੋ...ਪਰ ਮੈਨੂੰ ਵੰਡ ਕੇ ਦੱਸੋ? ਬੱਸ ਕੁਰਲਾਉਂਦਾ ਵਿਰਲਾਪ ਕਰਦਾ ਢਾਬ ਵਾਲੇ ਪਾਸੇ ਦੌੜ ਗਿਆ ਸੀ।"

ਬੀਜੀ ਦਾ ਚਿਹਰਾ ਸ਼ਾਂਤ ਸਮੁੰਦਰ ਵਾਂਗ ਲੱਗ ਰਿਹਾ ਸੀ। ਉਸੇ ਤਰ੍ਹਾਂ ਜਿਵੇਂ ਬੜੇ ਵੱਡੇ ਤੂਫਾਨ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਜਾਂਦਾ ਹੈ।

# ਹੱਥਾਂ ਦੀ ਹਰਫ-ਬੰਧਨਾ

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਹ ਇਸ ਤੋਂ ਪਹਿਲਾਂ ਨੈਣਾਂ ਦੇ ਤੀਰ ਚਲਾ ਚੁਕੇ ਹਨ ਤੇ ਦਿਲ ਦੀਆਂ ਬਾਤਾਂ ਪਾ ਚੁਕੇ ਹਨ ਅਤੇ ਕੰਨਾਂ 'ਚ ਪਾਈਆਂ ਨੱਤੀਆਂ, ਮੁਰਕੀਆਂ, ਬੂੰਦੇ, ਝੁਮਕੇ ਆਦਿ ਸ਼ਖਸੀ ਸੁੰਦਰਤਾ ਨੂੰ ਚਾਰ ਚੰਨ ਲਾਉਣ ਦੀ ਬਾਤ ਸੁਣਾ ਚੁਕੇ ਹਨ। ਫਿਰ ਉਨ੍ਹਾਂ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਨੂੰ ਨਸੀਹਤ ਦਿੱਤੀ ਸੀ ਕਿ ਮੂੰਹ ਦੀਆਂ ਲੁਭਾਉਣੀਆਂ ਲੱਜਤਾਂ ਵਿਚ ਗੁਆਚਣ ਦੀ ਬਜਾਏ, ਇਸ ਦੀਆਂ ਨਿਆਮਤਾਂ ਨੂੰ ਅਪਨਾਉਣ ਅਤੇ ਤਰਕਸੰਗਤੀ ਰਾਹਾਂ ਨੂੰ ਮੰਜ਼ਲ-ਮਾਰਗ ਬਣਾਉਣ ਵੰਨੀ ਕਦਮ ਜਰੂਰ ਪੁੱਟਣਾ, ਤੁਹਾਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਣਗੀਆਂ। ਡਾ. ਭੰਡਾਲ ਨੇ ਜੁਬਾਨ ਦੇ ਰਸ ਅਤੇ ਜੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰਦਿਆਂ ਨਸੀਹਤ ਕੀਤੀ ਸੀ, ਜੁਬਾਨ ਵਿਚੋਂ ਨਿਕਲੇ ਕੌੜੇ ਬੋਲ, ਤੀਰ ਨਾਲੋਂ ਤਿੱਖੇ, ਤੋਪ ਦੇ ਗੋਲੇ ਨਾਲੋਂ ਜ਼ਿਆਦਾ ਵਿਨਾਸ਼ਕਾਰੀ, ਅੱਗਾਂ ਲਾਉਂਦੇ, ਘਰਾਂ ਦੇ ਘਰ ਉਜਾੜਦੇ ਅਤੇ ਵਿਨਾਸ਼ਤਾ ਦਾ ਰੂਪ ਧਾਰਦੇ। ਪਿਛਲੇ ਲੇਖ ਵਿਚ ਉਨ੍ਹਾਂ ਕਿਹਾ ਸੀ ਕਿ ਜੀਵਨ ਦੇ ਰਾਂਗਲੇ ਪਹਿਰ ਵਿਚ ਜੀਵਨ-ਸਾਥੀ ਦੀ ਛੋਹ, ਵਿਸਮਾਦੀ ਤਰੰਗ ਹੁੰਦੀ ਜਿਸ ਵਿਚੋਂ ਅਸੀਮ ਖੁਸ਼ੀਆਂ ਦਾ ਚਸ਼ਮਾ ਫੁੱਟਦਾ ਜੋ ਜੀਵਨ-ਮਾਰੂਥਲ ਨੂੰ ਸਿੰਜ, ਚਾਅ-ਬਗੀਚੇ ਦੀ ਬਹਾਰ ਬਣਦਾ। ਹਥਲੇ ਲੇਖ ਵਿਚ ਹੱਥਾਂ ਦੀ ਦਾਸਤਾਨ ਸੁਣਾਉਂਦਿਆਂ ਉਨ੍ਹਾਂ ਕਿਹਾ ਹੈ ਕਿ ਹੱਥ ਕਾਰ ਵੱਲ ਅਤੇ ਦਿਲ ਯਾਰ ਵੱਲ ਦਾ ਮੀਰੀ ਗੁਣ ਜਦ ਕਿਸੇ ਸੋਚ-ਜ਼ਮੀਂ ਵਿਚ ਪੁੰਗਰਦਾ ਤਾਂ ਜੀਵਨ ਦੀ ਸਾਰਥਿਕਤਾ ਵਿਚੋਂ ਅਸੀਮ ਪ੍ਰਾਪਤੀਆਂ ਦਾ ਮੁੱਢ ਬੱਝਦਾ। ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। -ਸੰਪਾਦਕ*

ਹੱਥ, ਕਿਰਤ-ਸਾਧਨਾ ਦਾ ਹਰਫ, ਬੰਦਨਾ ਦੀ ਤਸਬੀਹ, ਕਲਾ ਦਾ ਸਬੱਬ ਅਤੇ ਧਰਤ ਦਾ ਕਿਰਤੀ ਰੱਬ।

ਹੱਥ, ਹਵਾਵਾਂ ਨੂੰ ਰੁਮਕਾਉਣ ਦੀ ਸਦਾਅ, ਤਾਰਾਂ 'ਚ ਸੁਗਮ-ਸੰਗੀਤ ਉਪਜਾਉਣ ਦੀ ਅਦਾ ਅਤੇ ਕਰਮ ਰੇਖਾਵਾਂ ਨੂੰ ਉਘੜਾਉਣ ਦੀ ਕਲਾ।

ਹੱਥ, ਹਮਰੁਤਬਾ ਸੰਗ ਸਾਂਝ ਦਾ ਪ੍ਰਤੀਕ, ਮੁਹੱਬਤ ਦਾ ਉਗਮਦਾ ਗੀਤ ਅਤੇ ਯੁੱਗ-ਲੰਮੇਰੇ ਰਾਹਾਂ 'ਤੇ ਇਕਸੁਰਤਾ ਨਾਲ ਤੁਰਨ ਦੀ ਰੀਤ। ਹੱਥ, ਕਰੰਗੜੀ ਬਣ ਕੇ ਹਮਸਫਰਾਂ ਦੇ ਮੁੱਖੜੇ 'ਤੇ ਹਾਸਿਆਂ ਦਾ ਜਲੌਅ ਅਤੇ ਵਕਤ ਦੀ ਤਲੀ 'ਤੇ ਉਮਰਾਂ ਤੀਕ ਜਿਉਣ ਦਾ ਵਾਅਦਾ।

ਹੱਥ ਹਥੌੜਾ ਤੇ ਹੱਥ ਹੱਥਠੋਕਾ। ਹੱਥ ਹੁੰਗਾਰਾ ਤੇ ਹੱਥ ਹੋਕਾ। ਹੱਥ ਹੰਭਲਾ ਤੇ ਹੱਥ ਹੱਲਾਸ਼ੇਰੀ। ਹੱਥ ਹਲੀਮੀ ਤੇ ਹੱਥ ਹੰਕਾਰ। ਹੱਥ ਹਾੜਾ ਤੇ ਹੱਥ ਹੁਲਾਰ। ਹੱਥ ਹਮ-ਸੰਗਤਾ ਤੇ ਹੱਥ ਹਠ-ਧਰਮੀ। ਹੱਥ ਹੱਥਖੱਡੀ ਤੇ ਹੱਥ ਹੱਡ-ਹਰਾਮੀ।

ਹੱਥ, ਮਨੁੱਖੀ ਭਾਵਨਾਵਾਂ ਦੀ ਅਬੋਲ ਜੁਬਾਨ, ਮਨੋਭਾਵਨਾਵਾਂ ਦਾ ਮੁਹਾਂਦਰਾ। ਯਾਦ ਰੱਖਣਾ ਹੱਥ ਅਤੇ ਹੱਥਾਂ ਦੀ ਹਰਕਤ, ਤੁਹਾਡੀ ਸ਼ਖਸੀਅਤ ਬਾਰੇ ਬਹੁਤ ਕੁਝ ਕਹਿੰਦੇ। ਡਰ, ਖੁਸ਼ੀ, ਪਿਆਰ, ਹੁਲਾਸ, ਹੀਣ-ਭਾਵਨਾ, ਸਵੈ-ਵਿਸ਼ਵਾਸ਼, ਭਰੋਸਾ ਆਦਿ ਹੱਥਾਂ ਦੀ ਹਿੱਲਜੁਲ ਤੋਂ ਪੜ੍ਹਿਆ ਜਾ ਸਕਦਾ। ਹੱਥ ਹਰਕਤ ਵਿਚ ਹੁੰਦੇ ਤਾਂ ਬੰਦਾ ਜਿਉਂਦਾ, ਰੁਕ ਜਾਣ ਤਾਂ ਸੱਥਰ। ਗਤੀਸ਼ੀਲ ਰਹਿਣ ਹੱਥ ਅਤੇ ਦਿੰਦੇ ਰਹਿਣ ਮਨੁੱਖੀ ਭਾਵਨਾਵਾਂ ਨੂੰ ਜੁਬਾਨ।



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 1-216-556-2080**

ਨਿੱਕੇ ਨਿੱਕੇ ਹੱਥ ਜਦ ਮਾਂ ਦੀਆਂ ਉਂਗਲਾਂ ਨੂੰ ਛੂੰਹਦੇ ਤਾਂ ਸੁੱਚੇ ਮੋਹ ਦੀ ਮਮਤਾਈ ਤਰੰਗ ਮਾਂ ਦੇ ਜਿਸਮ 'ਚ ਝਰਨਾਹਟ ਛੇੜਦੀ ਜੋ ਬਣ ਜਾਂਦੀ ਹੁਲਾਸ ਦਾ ਦਰਿਆ।

ਨਿੱਕੇ ਨਿੱਕੇ ਖਿਡੌਣਿਆਂ, ਗੁੱਡੀਆਂ-ਪਟੋਲਿਆਂ ਅਤੇ ਖੇਡਾਂ ਵਿਚ ਰੁੱਝੇ ਨਿੱਕੜੇ ਹੱਥ ਹੀ ਹੁੰਦੇ ਨੇ ਜਿਹੜੇ ਖਿਆਲੀ ਘਰ ਬਣਾਉਂਦੇ ਅਤੇ ਜੀਵਨ ਨੂੰ ਸੁੱਚੱਜੇ ਰੂਪ ਵਿਚ ਜਿਉਣ ਦੀ ਤਾਂਘ ਮਨ 'ਚ ਉਪਜਾਉਂਦੇ, ਵੱਡੇ ਘਰਾਂ ਦੇ ਅਰਥ ਬਣ ਜਾਂਦੇ।

ਨਿੱਕੇ ਜਿਹੇ ਹੱਥ ਜਦ ਬਾਪ ਦੀ ਉਂਗਲ ਫੜ੍ਹ ਕੇ ਤੁਰਨ ਦੀ ਜਾਚ ਸਿਖਦੇ ਤਾਂ ਉਨ੍ਹਾਂ ਦੇ ਪੈਰਾਂ ਵਿਚ ਮੰਜ਼ਿਲਾਂ ਵਿਛਦੀਆਂ ਅਤੇ ਨਵੀਆਂ ਪੈੜਾਂ ਉਨ੍ਹਾਂ ਦੀ ਪੈਰ-ਛੋਹ ਮਾਣਦੀਆਂ।

ਕਲਮ ਫੜ੍ਹਦੇ ਹੱਥ, ਹਰਫ-ਗਿਆਨ ਮਸਤਕ ਦੇ ਨਾਮ ਕਰਦੇ, ਪੂਰਨੇ ਪਾਉਂਦੇ, ਮੁਹਾਰਨੀ ਪੜ੍ਹਦੇ ਅਤੇ ਹਰਫ-ਜੋਤ ਤੋਂ ਜੀਵਨ-ਗਿਆਨ ਦਾ ਰਾਹ ਅਪਨਾਉਂਦੇ।

ਹਲ ਨਾਲ ਸਿੱਧੇ ਸਿਆੜ ਪਾਉਂਦਾ ਹੱਥ, ਖੇਤਾਂ ਦੀ ਖੁਸ਼ਹਾਲੀ। ਪਰਾਣੀ ਵਾਲਾ ਹੱਥ ਕਦੇ ਡੰਗਰ ਲਈ ਸੇਧ ਅਤੇ ਕਦੀ ਨਾਬਰ ਪੁੱਤ ਲਈ ਚਿਤਾਵਨੀ। ਜੀਵਨ-ਸੇਧਾਂ ਦੀ ਅਰਾਧਨਾ ਪੈਦਾ ਕਰਨ ਵਾਲੇ ਬਜੁਰਗੀ ਹੱਥਾਂ ਨੂੰ ਸਲਾਮ। ਬਾਪ ਦੀ ਘੂਰ, ਦਿਤੀ ਸੇਧ ਅਤੇ ਉਸਾਰੇ ਰਾਹਾਂ 'ਤੇ ਸੰਭਾਵਤ ਖਤਰਿਆਂ ਪ੍ਰਤੀ ਚੇਤਨਾ, ਸਾਡੇ ਲਈ ਮੰਜ਼ਲ ਦਾ ਸਿਰਨਾਵਾਂ ਬਣੀਆਂ।

ਕਲਾਮਈ ਹੱਥ ਜਦ ਨਿਰਜਿੰਦ ਮਿੱਟੀ ਜਾਂ ਧਾਤ ਨੂੰ ਛੋਂਹਦੇ ਤਾਂ ਕਲਾ-ਕ੍ਰਿਤਾਂ ਬੋਲਦੀਆਂ, ਬੁਰਛ-ਛੋਹਾਂ ਪ੍ਰਦਾਨ ਕਰਦੇ ਹੱਥਾਂ ਵਿਚ ਤਸਵੀਰ ਹੁੰਗਾਰਾ ਭਰਦੀ ਅਤੇ ਧੜਕਦੇ ਜਜ਼ਬਾਤ ਨੂੰ ਕਲਾ-ਸੰਵੇਦਨਾ ਮਿਲਦੀ।

ਬੱਚੇ ਦੇ ਹੱਥ ਵਿਚਲੀ ਕਲਮ ਤੇ ਦਵਾਤ, ਪੂਰਨਿਆਂ ਦਾ ਰੰਗ। ਅਧਿਆਪਕ ਦੇ ਹੱਥ ਵਿਚਲਾ ਡੰਡਾ, ਸਿਰੜ-ਪੀਰ। ਡੰਡੇ ਦੀ ਕਰਾਮਾਤ ਹੀ ਹੁੰਦੀ ਜਿਸ ਨਾਲ ਸ਼ਾਗਿਰਦ ਗੁਰੂਆਂ ਦੇ ਸਦੀਵੀ ਮੁਰੀਦ ਬਣ ਜਾਂਦੇ।

ਹੱਥ ਵਿਚ ਕਲਮ ਹੁੰਦੀ ਤਾਂ ਹਰਫਾਂ ਵਿਚ ਜੀਵਨ-ਨਾਦ ਗੂੰਜਦਾ, ਬੰਦੂਕ ਹੁੰਦੀ ਤਾਂ ਅੱਗ ਉਗਲਦੀ ਅਤੇ ਹੱਥਾਂ ਵਿਚ ਪੁਸਤਕ ਹੁੰਦੀ ਤਾਂ ਮਨ ਵਿਚ ਸੰਵੇਦਨਾ ਪੈਦਾ ਹੁੰਦੀ। ਹੱਥ ਵਿਚ ਫੜੀ ਤਲਵਾਰ ਨਿਤਾਣੇ ਦੀ ਰਾਖੀ ਕਰੇ ਤਾਂ ਢਾਲ ਪਰ ਜਨੂੰਨ ਵਿਚ ਡੁੱਬੀ ਖੂਨ ਦੀ ਹੋਲੀ।

ਹੱਥ ਜਦ ਦਰਿਆ ਜਾਂ ਛੱਪੜ ਵਿਚ ਤੈਰਦੀ ਮੱਝ ਦੀ ਪੂਛ ਫੜ੍ਹਦੇ ਤਾਂ ਜੀਵਨ ਮੰਝਧਾਰ ਵਿਚੋਂ ਤੈਰ ਕੇ ਪਾਰ ਕਰਨ ਦਾ ਗੁਰ ਸਾਡਾ ਹਾਸਲ ਬਣਦਾ। ਹੱਥਾਂ 'ਚ ਸੁਹਾਗੇ ਦਾ ਮੁੰਨਾ, ਜੀਵਨ ਦੇ ਉਬੜ-ਖਾਬੜ ਰਾਹਾਂ 'ਤੇ ਸਮਤੋਲ ਰੱਖਣ ਦੀ ਜਾਚ।

ਜੁੜੇ ਹੋਏ ਹੱਥ ਪੀਰ ਦੀ ਦੁਆ, ਸਿਰ 'ਤੇ ਫਿਰਦੇ ਤਾਂ ਅਸੀਸ ਅਤੇ ਬਜੁਰਗੀ ਪਿਆਰ ਨਾਲ ਦੁਲਾਰਨਾ, ਯੁੱਗ-ਜਿਉਣ ਦਾ ਵਰਦਾਨ। ਜਦ ਪਿੱਤਰੀ ਹੱਥ ਬੱਚਿਆਂ ਦੇ ਹੱਥਾਂ ਨੂੰ ਹੱਥਾਂ ਵਿਚ ਲੈ ਕੇ ਇਬਾਦਤ ਕਰਦੇ ਤਾਂ ਬੱਚਿਆਂ ਦੀਆਂ ਬਲਾਵਾਂ ਸਦਾ ਲਈ ਦੂਰ ਹੋ ਜਾਂਦੀਆਂ।

ਜੁਲਫਾਂ ਸੰਵਾਰਦੇ ਹੱਥ, ਜੀਵਨ-ਤੋਰ ਵਿਚਲੀ ਮਦਹੋਸ਼ੀ। ਹੱਥ ਮੀਢੀਆਂ ਗੁੰਦਦੇ ਅਤੇ ਸਿਰ 'ਤੇ ਡਾਕ ਬੰਗਲਾ ਪਾਉਂਦੇ। ਜੁਲਫਾਂ 'ਚ ਫਿਰਦੇ ਹੱਥਾਂ ਵਿਚ ਨਜ਼ਾਕਤ ਘੁੰਮਦੀ।

ਹੱਥ ਕਦੇ ਦਰੀਆਂ 'ਤੇ ਘੁੱਗੀਆਂ-ਤੋਤੇ ਪਾਉਂਦੇ, ਕਦੇ ਖੇਸ-ਖੇਸੀਆਂ 'ਤੇ ਮਨ ਦੀਆਂ ਵੇਲ-ਬੂਟੀਆਂ ਪਾਉਂਦੇ, ਕਦੇ ਫੁਲਕਾਰੀ ਨੂੰ ਸਜੀਲੇ ਸੁਪਨਿਆਂ ਦੀ ਚਿੱਤਰਕਾਰੀ ਨਾਲ ਸਜਾਉਂਦੇ ਅਤੇ ਕਦੇ ਚਾਦਰਾਂ 'ਤੇ ਫੁੱਲਾਂ, ਰੰਗਾਂ ਅਤੇ ਮਹਿਕਾਂ ਦੇ ਬਾਗ ਉਗਾਉਂਦੇ।

ਹੱਥਾਂ ਨੂੰ ਜਦ ਮਹਿੰਦੀ ਲੱਗਦੀ ਤਾਂ ਇਸ ਦੇ ਉਘੜਵੇਂ ਰੰਗਾਂ ਵਿਚ ਜੀਵਨ-ਸਤਰੰਗੀ ਉਛਲਦੀ। ਰੰਗਾਂ ਦੀ ਆਬਸ਼ਾਰ ਸੋਚ-ਸਰਦਲ 'ਤੇ ਸੰਦਲੀ ਪੈੜਾਂ ਦਾ ਸੂਹਾ ਹਰਫ ਬਣ ਜਾਂਦੀ।

ਬਾਪ ਦੇ ਹੱਥੀਂ ਜਦ ਧੀ ਵਿਦਾ ਹੁੰਦੀ ਤਾਂ ਉਸ ਦੇ ਸੰਦਲੀ ਜੀਵਨ ਨੂੰ ਭਾਗ ਲੱਗਦੇ, ਨਵੇਂ ਜੀਵਨ-ਮਾਰਗ 'ਤੇ ਤਾਰਿਆਂ ਦੀ ਬਾਰਸ਼ ਹੁੰਦੀ। ਮਾਪਿਆਂ ਦੀ ਰਹਿਨੁਮਾਈ ਵਿਚ ਪ੍ਰਵਾਨ ਚੜ੍ਹੀ ਧੀ ਨੂੰ ਸੁਯੋਗ ਸੁਆਣੀ ਅਤੇ ਪੇਕਿਆਂ ਦਾ ਮਾਣ ਬਣਨ ਦਾ ਸ਼ਰਫ ਹਾਸਲ ਹੁੰਦਾ।



ਸਵਾਣੀ ਦੇ ਹੱਥਾਂ ਵਿਚ ਜਦ ਚੁੱਲ੍ਹਾ-ਚੌਕਾ ਲਰਜ਼ਦਾ ਤਾਂ ਪਰਿਵਾਰ ਨੂੰ ਇਤਫਾਕ, ਮੁਹੱਬਤ ਅਤੇ ਪ੍ਰੇਮ ਦੀ ਗੁੜ੍ਹਤੀ ਮਿਲਦੀ। ਮਾਂ ਘਰ ਵਿਚ ਰੱਬ ਦੀ ਹੋਂਦ ਜੋ ਘਰ ਨੂੰ ਘਰ ਦੇ ਅਜ਼ੀਮ ਅਰਥਾਂ ਨਾਲ ਮੁਖਾਤਿਬ ਹੁੰਦੀ।

ਆਦਾਬ ਲਈ ਜੁੜੇ ਹੱਥਾਂ 'ਚ ਮਾਣ-ਸਤਿਕਾਰ ਦੀ ਭਾਵਨਾ ਭਾਰੂ ਹੁੰਦੀ ਅਤੇ ਇਨ੍ਹਾਂ ਵਿਚੋਂ ਵਡੇਰਿਆਂ ਲਈ ਅਦਬ ਡੁੱਲ੍ਹ-ਡੁੱਲ੍ਹ ਪੈਂਦਾ।

ਹੱਥ ਦੀਆਂ ਲਕੀਰਾਂ ਜੀਵਨ-ਬਿਰਤਾਂਤ। ਕੇਹਾ ਇਤਫਾਕ ਹੈ ਕਿ ਹੱਥ ਹੀ ਹੱਥ ਦੀਆਂ ਲਕੀਰਾਂ ਨੂੰ ਸਿਰਜਣ ਦਾ ਸਭ ਤੋਂ ਉਤਮ ਅਤੇ ਕਾਰਗਰ ਸਬੱਬ ਹਨ।

ਮਹਿਫਿਲੀ ਰੰਗਤ ਵਿਚ ਜਦ ਤਾੜੀ ਵੱਜਦੀ ਤਾਂ ਹਾਸਿਆਂ, ਖੇੜਿਆਂ ਅਤੇ ਚਾਵਾਂ ਦਾ ਨਿਉਂਦਾ ਵਿਹੜੇ ਦੇ ਨਾਮ ਹੁੰਦਾ ਜਿਸ ਵਿਚ ਜਿਉਣ ਜੋਗੀਆਂ ਮਾਂਵਾਂ, ਦਾਦੀਆਂ, ਧੀਆਂ ਅਤੇ ਸਵਾਣੀਆਂ ਦੀਆਂ ਮਨ ਵਿਚ ਦੱਬੀਆਂ ਭਾਵਨਾਵਾਂ ਨੂੰ ਜੁਬਾਨ ਮਿਲਦੀ ਅਤੇ ਇਕ ਸਕੂਨ ਉਨ੍ਹਾਂ ਦੇ ਚਿਹਰਿਆਂ 'ਤੇ ਫੈਲਦਾ।

ਹੱਥ ਜਦ ਜਗਦੇ ਦੀਵੇ ਨੂੰ ਬੁਝਾਵੇ ਤਾਂ ਸੰਤਾਪਿਆ ਜਾਂਦਾ। ਪਰ ਉਨ੍ਹਾਂ ਹੱਥਾਂ ਨੂੰ ਚੁੰਮਣ ਨੂੰ ਜੀਅ ਕਰਦਾ ਜੋ ਆਪਣੀ ਓਟ ਨਾਲ ਝੱਖੜਾਂ ਵਿਚ ਵੀ ਦੀਵੇ ਦੇ ਜਗਣ ਲਈ ਪਹਿਰੇਦਾਰ ਬਣ ਜਾਂਦੇ।

ਫੁੱਲ ਨੂੰ ਪੱਤੀ ਪੱਤੀ ਕਰਨ ਵਾਲੇ ਹੱਥ ਮਰਸੀਆ ਜਦ ਕਿ ਫੁੱਲਾਂ ਨੂੰ ਹੱਥਾਂ ਨਾਲ ਸਹਿਲਾਉਣ ਵਾਲੇ ਹੱਥਾਂ ਵਿਚ ਜੀਵਨ-ਗੀਤ ਸਰਸਰਾਉਂਦਾ।

ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ।

ਜੱਗ ਦੀ ਮਾਇਆ ਨੂੰ ਆਪਣੇ ਕਬਜ਼ੇ 'ਚ ਕਰਨ ਵਾਲੇ ਹੱਥ ਜਦ ਮੜ੍ਹੀਆਂ ਦੇ ਸਫਰ ਵੇਲੇ ਹੇਠਾਂ ਲਮਕਦੇ ਤਾਂ ਬਹੁਤ ਕੁਝ ਸਮੇਂ-ਸਿਆਣਪ ਦੀ ਝੋਲੀ ਵਿਚ ਧਰ ਜਾਂਦੇ ਪਰ ਮਨੁੱਖ ਇਸ ਸਿਆਣਪ ਨੂੰ ਅਪਨਾਉਣ ਤੋਂ ਆਕੀ।

ਰੱਬ ਦੀ ਬੰਦਗੀ ਵਿਚ ਜੁੜੇ ਹੱਥਾਂ 'ਚੋਂ ਗੂੰਜਦੀ ਤਾੜੀ, ਫਿਜ਼ਾ ਵਿਚ ਇਕ ਪਾਕੀਜ਼ਗੀ ਘੋਲ ਕੇ ਸਮੁੱਚੀ ਕਾਇਨਾਤ ਨੂੰ ਪਾਕ ਕਰ ਜਾਂਦੀ।

ਹੱਥ ਕਾਰ ਵੱਲ ਅਤੇ ਦਿਲ ਯਾਰ ਵੱਲ ਦਾ ਮੀਰੀ ਗੁਣ ਜਦ ਕਿਸੇ ਸੋਚ-ਜ਼ਮੀਂ ਵਿਚ ਪੁੰਗਰਦਾ ਤਾਂ ਜੀਵਨ ਦੀ ਸਾਰਥਿਕਤਾ ਵਿਚੋਂ ਅਸੀਮ ਪ੍ਰਾਪਤੀਆਂ ਦਾ ਮੁੱਢ ਬੱਝਦਾ।

ਬਜ਼ੁਰਗ ਦੇ ਝੁਰੜੀਆਂ ਭਰੇ ਕੰਬਦੇ ਹੱਥਾਂ ਨੂੰ ਹੱਥਾਂ ਵਿਚ ਲੈ ਕੇ ਸਹਿਲਾਉਣਾ, ਬਹੁਤ ਸਾਰੀ ਅਬੋਲ-ਵਿਰਾਸਤ ਤੁਹਾਡੇ ਅੰਤਰੀਵ ਵਿਚ ਖੁਣੀ ਜਾਵੇਗੀ ਜਿਸ ਦੀ ਛੋਹ ਤੁਹਾਡੇ ਅਹਿਸਾਸਾਂ ਨੂੰ ਨਵੇਂ ਅਰਥ ਦੇਵੇਗੀ।

ਘਰਾਂ ਨੂੰ ਤਾਮੀਰ ਕਰਦੇ ਹੱਥ, ਰੱਬ ਨੂੰ ਸਿਜਦਾ ਜਦ ਕਿ ਘਰਾਂ ਦਾ ਉਜਾੜਾ ਕਰਨ ਵਾਲੇ ਹੱਥ, ਤ੍ਰਿਸਕਾਰ ਦੇ ਪਾਤਰ।

ਹੱਥ, ਹੱਥਾਂ ਨਾਲ ਮਿਲ ਕੇ ਮਨੁੱਖੀ ਜੰਜੀਰ ਬਣਦੇ ਜੋ ਅਨਿਆਂ, ਜੁਲਮੀ-ਹਨੇਰੀ, ਕਹਿਰੀ-ਅੰਧਾਰ ਅਤੇ ਤਸ਼ੱਦਦੀ-ਤੂਫਾਨਾਂ ਸਾਹਮਣੇ ਹਿੱਕ ਡਾਹ ਦਿੰਦੀ। ਇਹ ਜੰਜੀਰ ਬਾਕੀ ਜੰਜੀਰਾਂ ਨਾਲੋਂ ਮਜਬੂਤ ਅਤੇ ਚਿਰ-ਸਦੀਵੀ ਹੁੰਦੀ।

ਹੱਥ ਜਦ ਹੱਥਾਂ ਦੀ ਭਾਸ਼ਾ ਬਣਦੇ, ਹੱਥਾਂ ਦੀ ਬੋਲੀ ਵਿਚ ਗੁਫਤਗੂ ਕਰਦੇ ਅਤੇ ਹੱਥਾਂ ਰਾਹੀਂ ਅਬੋਲ ਭਾਵਨਾਵਾਂ ਦਾ ਵਟਾਂਦਰਾ ਹੁੰਦਾ ਤਾਂ ਫਿਜ਼ਾ ਵਿਚ ਦੋ ਰੂਹਾਂ ਦੀ ਨਿੱਘ ਮਿਲਣੀ ਦਾ ਵਿਸਮਾਦ ਫੈਲ ਜਾਂਦਾ। ਇਨ੍ਹਾਂ ਵਿਸਮਾਦੀ ਪਲਾਂ ਵਿਚੋਂ ਜੀਵਨ-ਤਾਂਘ, ਤਮੰਨਾ ਅਤੇ ਤਰੰਗਤਾ ਦਾ ਇਕ ਅਜਿਹਾ ਆਵੇਸ਼ ਪੈਦਾ ਹੁੰਦਾ ਜੋ ਜੀਵਨ-ਅਰਥਾਂ ਨੂੰ ਉਭਾਰਦਾ ਅਤੇ ਵਿਸ਼ਾਲਦਾ।

ਹੱਥ, ਹੱਥਾਂ ਵਿਚ ਹੀ ਸੋਂਭਦੇ। ਹੱਥਾਂ 'ਚ ਹਸਤ-ਰੇਖਾ ਹੋਰ ਉਘੜਦੀ। ਹੱਥਾਂ ਵਿਚੋਂ ਕਲਾ, ਕ੍ਰਿਸ਼ਮੇ, ਕਰਮ-ਯੋਗਤਾ ਤੇ ਕਿਰਤ-ਸਾਧਨਾ ਪੈਦਾ ਹੁੰਦੀ।

ਹੱਥ ਰਬਾਬ ਛੋਂਹਦੇ ਤਾਂ ਮਰਦਾਨੇ ਦੀ ਰੂਹ ਚੌਗਿਰਦੇ ਨੂੰ ਸਰਸ਼ਾਰ ਕਰ ਜਾਂਦੀ, ਬਾਬੇ ਦੇ ਬਜੁਰਗੀ ਹੱਥ ਹਲ ਦਾ ਮੁੰਨਾ ਫੜ੍ਹਦੇ ਤਾਂ ਕਿਰਤ ਕਰਨ ਦਾ ਸੁਨੇਹਾ ਕਰਤਾਰਪੁਰ ਦੀ ਧਰਤ ਵਿਚ ਉਗਦਾ। ਇਨ੍ਹਾਂ ਹੱਥਾਂ ਨੇ ਹੀ ਤਾਂ ਸੰਗਤਾਂ ਦਾ ਲੜ੍ਹ ਗੁਰੂ ਅੰਗਦ ਦੇਵ ਜੀ ਨੂੰ ਫੜਾਇਆ ਸੀ।

ਹੱਥ ਅਦਾਬੀ, ਹੱਥ ਰਬਾਬੀ। ਹੱਥ ਕਰਤਾਰੀ, ਹੱਥ ਹੁਲਾਰੀ। ਹੱਥ ਪ੍ਰਣਾਮ, ਹੱਥ ਸਨਮਾਨ। ਹੱਥ ਪਿਆਰ, ਹੱਥ ਦੀਦਾਰ। ਹੱਥ ਹੁਨਰ, ਹੱਥ ਹੁਲਾਰ। ਹੱਥ ਹੱਥਾਂ ਦੇ ਹਮਜੋਲੀ, ਹੱਥ ਹੱਥਾਂ ਦੀ ਸਮਝਣ ਬੋਲੀ। ਹੱਥਾਂ ਦੇ ਵਿਚ ਕਾਇਨਾਤ ਵੱਸਦੀ, ਹੱਥਾਂ ਦੇ ਵਿਚ ਕੁਦਰਤ ਹੱਸਦੀ। ਹੱਥਾਂ ਜੇਡ ਵਰਦਾਨ ਨਾ ਕੋਈ, ਹੱਥੀਂ ਅਸੀਸ ਦੇਣ ਵਰਗਾ ਦਾਨ ਨਾ ਕੋਈ। ਹੱਥਾਂ ਨੂੰ ਹੱਥਾਂ ਸੰਗ ਛੋਹੋ, ਹੱਥੀਂ ਤੇਲ ਸ਼ਗਨਾਂ ਦਾ ਚੋਵੋ। ਹੱਥਾਂ ਵਿਚ ਜੀਵਨ ਦਾ ਰਾਗ, ਹੱਥਾਂ ਦੇ ਵਿਚ ਜਿੰਦ-ਚਿਰਾਗ। ਹੱਥ ਹੁੰਦੇ ਨੇ ਚਾਅ-ਦੁਲਾਰ, ਹੱਥ ਹੁੰਦੇ ਨੇ ਪਿਆਰ-ਅਧਾਰ। ਹੱਥ ਹੱਥਾਂ ਦਾ ਹੁੰਦੇ ਓਹਲਾ, ਜਿੰਦ-ਸਲਾਮਤੀ ਹੱਥ ਦਾ ਕੋਲਾ। ਹੱਥ ਹੱਥਾਂ ਦੀ ਨਬਜ਼ ਪਛਾਨਣ, ਹੱਥ ਹੱਥਾਂ ਨੂੰ ਰਾਹੇ ਪਾਵਣ। ਹੱਥਾਂ ਨੂੰ ਮੱਥੇ ਨਾਲ ਲਾਈਏ, ਸਭ ਨੂੰ ਸ਼ੁਭ-ਸੁਨੇਹਾ ਪਹੁੰਚਾਈਏ। ਹੱਥ ਹੱਥਾਂ ਦੀ ਕਰਨ ਇਬਾਦਤ, ਹੱਥ ਹੱਥਾਂ ਦੀ ਬਣਨ ਇਨਾਇਤ। ਹੱਥਾਂ ਬਾਝੋਂ ਕੀ ਹੈ ਜੀਣਾ, ਹੱਥੀਂ-ਕਾਰ, ਜੀਵਨ-ਜੀਣਾ।

ਅਰਦਾਸ ਵਿਚ ਜੁੜੇ ਹੱਥਾਂ ਨੂੰ ਸਤਿਕਾਰੋ, ਅਸੀਸਾਂ ਦਿੰਦੇ ਹੱਥਾਂ ਨੂੰ ਅਦਬ ਦਿਓ, ਅੱਡੇ ਹੱਥਾਂ ਨੂੰ ਮਨ-ਦਾਨ ਦਿਓ, ਹਿੱਲਦੇ ਹੱਥਾਂ ਨੂੰ ਹਾਕ ਮਾਰੋ, ਬੁਲਾਉਂਦੇ ਹੱਥਾਂ ਦਾ ਹੁੰਗਾਰਾ ਭਰੋ ਅਤੇ ਜਿੰਦਗੀ ਦੇ ਹਰ ਮੋੜ 'ਤੇ ਮੋਹਵੰਤੇ ਹੱਥ ਹਿਲਾ ਕੇ ਸਭ ਨੂੰ ਖੁਸ਼ਆਮਦੀਦ ਤੇ ਅਲਵਿਦਾ ਕਹੋ। ਤੁਹਾਡੇ ਹੱਥਾਂ ਨੂੰ ਪਾਕੀਜ਼ਗੀ ਦੀ ਰਹਿਮਤ ਮਿਲੇਗੀ।

ਆਦਾਬ।

---

## ਪਤੇ ਦੀ ਗੱਲ

# ਕੁਝ ਆਮ ਤੇ ਖਾਸ ਵਿਚਾਰ

• ਕੋਈ ਵੀ ਇਨਸਾਨ ਜਾਣ-ਬੁੱਝ ਕੇ ਚੰਗਾ-ਮਾੜਾ ਨਹੀਂ ਬਣਦਾ, ਉਸ ਦੇ ਹਾਲਾਤ ਚੰਗੇ-ਮਾੜੇ ਹੁੰਦੇ ਹਨ, ਉਸ ਦਾ ਮਾਹੌਲ ਚੰਗਾ-ਮਾੜਾ ਹੁੰਦਾ ਹੈ ਅਤੇ ਉਸ ਦੇ ਸੰਸਕਾਰ ਚੰਗੇ-ਮਾੜੇ ਹੁੰਦੇ ਹਨ ਜਿਸ ਕਰਕੇ ਉਸ ਦੀ ਸੋਚ, ਆਦਤਾਂ ਅਤੇ ਉਸ ਦੇ ਕਰਮ 'ਚੰਗੇ-ਮਾੜੇ' ਹੋ ਜਾਂਦੇ ਹਨ, ਜਿਸ ਕਰਕੇ ਉਹ ਚੰਗਾ-ਮਾੜਾ ਅਖਵਾਉਂਦਾ ਹੈ।

• ਜੇ ਕਿਸੇ ਦਾ ਆਪਣੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਆਪਣੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਜਾਣ ਨੂੰ ਦਿਲ ਕਰ ਅਤੇ ਪੁਰਾਣੀਆਂ ਯਾਦਾਂ ਨੂੰ ਫਿਰ ਤੋਂ ਜੀਣ ਦਾ ਮਨ ਕਰੇ, ਤਾਂ ਬਿਹਤਰ ਹੋਵੇਗਾ ਕਿ ਉਹ ਉਥੇ ਜ਼ਿੰਦਗੀ ਵਿਚ ਕੁਝ ਬਣ ਕੇ ਜਾਂ ਕੋਈ ਵੱਡਾ ਕਾਰਜ ਕਰਕੇ ਹੀ ਜਾਵੇ ਕਿਉਂਕਿ ਇਨ੍ਹਾਂ ਸੰਸਥਾਵਾਂ ਵੱਲੋਂ ਹਮੇਸ਼ਾ ਜੇਤੂ ਅਤੇ ਸਫਲ ਵਿਅਕਤੀਆਂ ਦਾ ਹੀ ਸਵਾਗਤ ਕੀਤਾ ਜਾਂਦਾ ਹੈ, ਵਿਹਲੜ, ਨਕਾਰੇ ਅਤੇ ਹਾਰੇ ਹੋਇਆਂ ਨੂੰ ਕੋਈ ਪਿਆਰ-ਸਤਿਕਾਰ ਨਹੀਂ ਮਿਲਦਾ।

• ਰਿਸ਼ਤਿਆਂ ਵਿਚ ਪਿਆਰ, ਭਰੋਸਾ ਤੇ ਵਫਾਦਾਰੀ ਕਾਇਮ ਰੱਖਣ ਲਈ ਸਾਨੂੰ ਆਪਣੇ ਲਫਜ਼ਾਂ 'ਤੇ ਹਮੇਸ਼ਾ ਕਾਬੂ ਰੱਖਣ ਦੇ ਨਾਲ-ਨਾਲ ਚੁਗਲੀ, ਚਾਪਲੂਸੀ ਤੇ ਚੁੱਕ-ਚਕਾਈ ਤੋਂ ਵੀ ਬਚਨਾ ਚਾਹੀਦਾ ਹੈ। ਕਦੇ ਕਿਸੇ ਦੀ ਸੁਣੀ-ਸੁਣਾਈ ਗੱਲ ਉਤੇ ਅੰਨ੍ਹੇਵਾਹ ਵਿਸ਼ਵਾਸ ਕਰਕੇ ਤੇ ਕਰੋਧ ਵਿਚ ਆ ਕੇ ਇਕਦਮ ਕੋਈ ਪ੍ਰਤੀਕ੍ਰਿਆ ਨਹੀਂ ਦਿਖਾਉਣੀ ਚਾਹੀਦੀ, ਕਿਉਂਕਿ ਰਿਸ਼ਤੇ ਬਣਾਉਣ ਵਿਚ ਤਾਂ ਸਾਲੋਂ-ਸਾਲ ਲੱਗ ਜਾਂਦੇ ਹਨ ਪਰ ਟੁੱਟਣ ਲੱਗੇ ਇਕ ਮਿੰਟ ਵੀ ਨਹੀਂ ਲੱਗਦਾ।

• ਭਾਵੇਂ ਸਾਡੀ ਕਿਸੇ ਨਾਲ ਬਣੇ ਜਾਂ ਨਾ ਬਣੇ, ਕਿਸੇ ਨਾਲ ਵਿਚਾਰ ਮਿਲਣ ਜਾਂ ਨਾ ਮਿਲਣ, ਕੋਈ ਚੰਗਾ ਲੱਗੇ ਜਾਂ ਨਾ ਲੱਗੇ, ਫਿਰ ਵੀ ਥੋੜ੍ਹਾ-ਬਹੁਤ ਆਪਸੀ ਸੰਚਾਰ ਅਤੇ ਸੰਪਰਕ ਕਦੇ ਖਤਮ ਨਹੀਂ ਕਰਨਾ ਚਾਹੀਦਾ, ਕਿਉਂਕਿ ਜਿਉਂ-ਜਿਉਂ ਸੰਚਾਰ ਘਟਦਾ ਜਾਏਗਾ ਤਿਉਂ-ਤਿਉਂ ਭਰਮ-ਭੁਲੇਖੇ, ਮਤਭੇਦ ਅਤੇ ਗਲਤਫਹਿਮੀਆਂ ਹੋਰ ਵਧਦੀਆਂ ਜਾਣਗੀਆਂ ਜਿਸ ਨਾਲ ਕਦੇ ਨਾ ਘਟਣ ਵਾਲੀਆਂ ਦੂਰੀਆਂ ਅਤੇ ਫਾਸਲੇ ਪੈਦਾ ਹੋ ਜਾਣਗੇ।

• ਜਦੋਂ ਇਕ ਸਿਆਸੀ ਪਾਰਟੀ ਵਿਚੋਂ ਕੋਈ ਦੂਸਰੀ ਪਾਰਟੀ ਵਿਚ ਜਾ ਰਲਦਾ ਹੈ ਤਾਂ ਪਹਿਲੀ ਪਾਰਟੀ ਅਕਸਰ ਕਹਿੰਦੀ ਹੈ, 'ਦਲ-ਬਦਲੂਆਂ ਨੂੰ ਕੋਈ ਪਸੰਦ ਨਹੀਂ ਕਰਦਾ, ਦਲ ਬਦਲੂਆਂ ਨੂੰ ਕੋਈ ਨਹੀਂ ਪੁੱਛਦਾ', ਪਰੰਤੂ ਉਹੀ ਪਾਰਟੀ ਆਪਣੀ ਵਾਰੀ ਹੋਰਨਾਂ ਪਾਰਟੀਆਂ ਤੋਂ ਆਉਣ ਵਾਲੇ ਦਲ-ਬਦਲੂਆਂ ਦੇ ਗਲਾਂ ਵਿਚ ਬੜੇ ਚਾਈਂ-ਚਾਈਂ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕਰ ਰਹੀ ਹੁੰਦੀ ਹੈ। ਇਹੀ ਤਾਂ ਸਿਆਸਤ ਹੈ। ਮੁੱਕਦੀ ਗੱਲ, ਜੋ ਸਿਆਸੀ ਪਾਰਟੀਆਂ ਲੋਕਾਂ ਨੂੰ ਭਰਮਾਉਣ ਲਈ ਕਹਿੰਦੀਆਂ ਹਨ, ਉਹ ਸਿਰਫ ਤੇ ਸਿਰਫ ਵੋਟਾਂ ਲੈਣ ਤੱਕ ਹੀ ਸੀਮਤ ਹੁੰਦਾ ਹੈ।

**-ਪ੍ਰੋ. ਹਰਗੁਣਪ੍ਰੀਤ ਸਿੰਘ**
**ਫੋਨ: 91-94636-19353**

---

## ਲਤੀਫੇ

ਕਿਸੇ ਕਵੀ ਨੂੰ ਕਵੀ ਸੰਮੇਲਨ ਕਰਾਉਣ ਵਾਲਿਆਂ ਨੇ ਫੋਨ ਕਰਕੇ ਪੁਛਿਆ, "ਭਾਈ ਸਾਹਿਬ ਤੁਸੀਂ ਸਾਡੇ ਸਮਾਗਮ ਵਿਚ ਆਉਣ ਦਾ ਕੀ ਲਵੋਂਗੇ?"

ਕਵੀ ਨੇ ਕਿਹਾ ਕਿ ਬਾਕੀਆਂ ਨੂੰ ਜੋ ਰਕਮ ਤੁਸੀਂ ਦਿਓਂਗੇ, ਉਸ ਨਾਲੋਂ ਮੈਨੂੰ ਇਕ ਹਜ਼ਾਰ ਰੁਪਏ ਘੱਟ ਦੇ ਦੇਣਾ। ਕਵੀ ਸੰਮੇਲਨ ਤੋਂ ਬਾਅਦ ਸਾਰੇ ਕਵੀਆਂ ਨੂੰ ਨੋਟਾਂ ਦੇ ਲਿਫਾਫੇ ਭੇਟ ਕੀਤੇ ਗਏ। ਉਸ ਕਵੀ ਨੇ ਆਪਣਾ ਲਿਫਾਫਾ ਖੋਲ੍ਹਿਆ ਤਾਂ ਉਸ ਵਿਚ ਕੇਵਲ ਸੌ ਰੁਪਏ ਦਾ ਇਕ ਨੋਟ ਸੀ। ਉਸ ਨੇ ਪ੍ਰਬੰਧਕਾਂ ਨੂੰ ਕਿਹਾ, "ਇਹ ਕੀ ਮਖੌਲ ਕੀਤਾ ਏ ਤੁਸੀਂ?"

ਜਿਸ ਪ੍ਰਬੰਧਕ ਨੇ ਟੈਲੀਫੋਨ 'ਤੇ ਕਵੀ ਨੂੰ ਆਉਣ ਦਾ ਸੱਦਾ ਦਿੱਤਾ ਸੀ, ਬੋਲਿਆ, "ਭਾਈ ਸਾਹਿਬ, ਤੁਸੀਂ ਆਪੇ ਹੀ ਕਿਹਾ ਸੀ ਕਿ ਬਾਕੀਆਂ ਨਾਲੋਂ ਇਕ ਹਜ਼ਾਰ ਘੱਟ ਦੇ ਦੇਣਾ। ਬਾਕੀਆਂ ਨੂੰ ਅਸੀਂ ਗਿਆਰਾਂ-ਗਿਆਰਾਂ ਸੌ ਰੁਪਏ ਦਿੱਤੇ ਨੇ, ਅਤੇ ਤੁਹਾਡੇ ਬਚਨ ਅਨੁਸਾਰ ਤੁਹਾਨੂੰ ਬਾਕੀਆਂ ਨਾਲੋਂ ਇਕ ਹਜ਼ਾਰ ਰੁਪਿਆ ਘੱਟ ਦਿੱਤਾ ਏ।"

---

ਅਮਰੀਕਾ ਵਿਚ ਅੰਗਰੇਜ਼ੀ ਸ਼ਬਦ Cheque ਜੋ ਬੈਂਕ 'ਚੋਂ ਪੈਸੇ ਕਢਵਾਉਣ ਲਈ ਵਰਤੀ ਜਾਂਦੀ ਪਰਚੀ ਹੁੰਦੀ ਹੈ, ਨੂੰ Check ਲਿਖਿਆ ਜਾਂਦਾ ਹੈ। ਅਮਰੀਕਾ ਤੋਂ ਗਏ ਇਕ ਨੌਜਵਾਨ ਦੀ ਕਾਰ ਨੂੰ ਇਕ ਪੁਲਿਸ ਨਾਕੇ 'ਤੇ ਰੋਕਿਆ ਗਿਆ। ਨਾਕੇ 'ਤੇ ਫੱਟਾ ਲੱਗਿਆ ਹੋਇਆ ਸੀ, ਜਿਸ 'ਤੇ ਲਿਖਿਆ ਸੀ, Check Post.


ਪੁਲਿਸ ਵਾਲੇ ਨੇ ਵੱਧ ਰਫਤਾਰ ਨਾਲ ਗੱਡੀ ਚਲਾਉਣ ਦੇ ਜੁਰਮਾਨੇ ਦੀ ਪਰਚੀ ਕੱਟੀ ਤਾਂ ਨੌਜਵਾਨ ਨੇ ਉਸ ਰਕਮ ਦਾ ਚੈਕ ਕੱਟ ਕੇ ਦੇ ਦਿੱਤਾ। ਪੁਲਿਸ ਵਾਲਾ ਬੋਲਿਆ ਕਿ ਇਥੇ ਤਾਂ ਕੈਸ਼ ਹੀ ਲਿਆ ਜਾਂਦਾ ਹੈ। ਅਮਰੀਕਨ ਨੌਜਵਾਨ ਬੋਲਿਆ, "ਆਪਣੇ ਫੱਟੇ 'ਤੇ Check Post ਦੀ ਥਾਂ Cash Post ਲਿਖ ਦਿਓ।"

**-ਵਾਸਦੇਵ ਸਿੰਘ ਪਰਹਾਰ**
*ਫੋਨ: 206-434-1155*

## ਜੰਗਲਨਾਮਾ-15

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਮਾਓਵਾਦੀਆਂ ਦੇ ਗੜ੍ਹ ਅੰਦਰ ਪਹੁੰਚੇ ਲੇਖਕ ਨੇ ਮਾਓਵਾਦੀ ਕੈਂਪਾਂ ਅੰਦਰਲੀ ਜੀਵਨ ਕਹਾਣੀ ਪੂਰੇ ਵਿਸਥਾਰ ਨਾਲ ਬਿਆਨ ਕੀਤੀ ਹੈ। ਇਸ ਵਿਚ ਗੁਰੀਲਾ ਜੀਵਨ ਦੇ ਨਾਲ-ਨਾਲ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਲੜਾਈਆਂ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ਹੁਣ ਲੇਖਕ ਜੰਗਲ ਤੋਂ ਬਾਹਰ ਵੱਲ ਆ ਰਿਹਾ ਹੈ...*

# ਜ਼ਿੰਦਗੀ ਦਾ ਸਕੂਲ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

"ਈਸ਼ਵਰ ਭਾਈ! ਏਰਮੀਆ ਦਾਇਕਲ!" ਰਾਜੂ ਨੇ ਦੂਰੋਂ ਆਵਾਜ਼ ਦਿੱਤੀ। ਉਹ ਹੱਸਦਾ ਹੋਇਆ ਮੇਰੇ ਵੱਲ ਆਇਆ ਤੇ ਨੇੜੇ ਆ ਕੇ ਬੋਲਿਆ, "ਦਾਇਕਲ?"

"ਦਾਇਕਲ! ਕੀ ਦਾਇਕਲ?" ਬੜੀ ਮੁਸੀਬਤ ਹੈ! ਉਹ ਸਾਰੇ ਜੋ ਮਰਜ਼ੀ ਬੋਲੀ ਜਾਣ, ਮੇਰੇ ਪੱਲੇ ਕੁਝ ਨਹੀਂ ਪੈਂਦਾ।

"ਚੱਲੀਏ। ਏਰਮੀਆ ਦਾਇਕਲ? ਨਹਾਉਣ ਚੱਲੀਏ।"

"ਨਦੀ ਉਤੇ?"

"ਏਰਦਾ।"

ਏਰ, ਯਾਨਿ ਪਾਣੀ। ਏਰਦਾ, ਯਾਨਿ ਤਾਲਾਬ। ਰਾਜੂ ਨੇ ਕਿਹਾ ਕਿ ਅੱਜ ਅਸੀਂ ਉਨ੍ਹਾਂ ਅਨੇਕਾਂ ਬੰਨ੍ਹਾਂ ਵਿਚੋਂ ਇਕ ਦੇਖਾਂਗੇ ਜੋ ਆਦਿਵਾਸੀਆਂ ਨੇ ਆਪਣੀ ਮਿਹਨਤ ਨਾਲ ਬਣਾਏ ਹਨ।

"ਦੇਖਾਂਗੇ ਵੀ, ਨਹਾਵਾਂਗੇ ਵੀ।" ਰਾਜੂ ਨੇ ਕਿੱਟ ਉਠਾਉਂਦੇ ਹੋਏ ਕਿਹਾ।

ਰੰਗੰਨਾ, ਰਾਜੂ ਤੇ ਮੈਂ, ਤਿੰਨੇ ਜਣੇ ਤਾਲਾਬ ਵੱਲ ਹੋ ਤੁਰੇ। ਜੰਗਲ ਵਿਚੋਂ ਗੁਜ਼ਰਦੇ ਹੋਏ ਅਸੀਂ ਕਾਈ ਦੇ ਝੱਲ ਵਿਚ ਜਾ ਪਹੁੰਚੇ। ਝੱਲ ਵਿਚ ਅਨੇਕਾਂ ਤਰ੍ਹਾਂ ਦੀ ਕਾਈ ਉੱਗੀ ਹੋਈ ਸੀ। ਪੈਰਾਂ ਹੇਠਲੀ ਜ਼ਮੀਨ ਕਈ ਥਾਂਈਂ ਦਲਦਲ ਵਾਂਗ ਸੀ ਅਤੇ ਕਿਤੇ ਕਿਤੇ ਸ਼ੋਰੇ ਦੇ ਢੇਰ ਸਨ। ਬਚਾਅ ਕੇ ਪੱਥਰਾਂ ਉਪਰ ਪੈਰ ਰੱਖਦੇ ਹੋਏ ਵੀ ਆਦਮੀ ਦਲਦਲੀ ਜ਼ਮੀਨ 'ਚ ਜਾ ਖੁਭਦਾ ਸੀ। ਰਾਜੂ ਦੇ ਜਦ ਪੈਰ ਲਿੱਬੜ ਗਏ ਤਾਂ ਉਹ ਖਿੜ ਖਿੜਾ ਕੇ ਹੱਸ ਪਿਆ। ਫਿਰ ਉਹ ਬੇਪ੍ਰਵਾਹੀ ਨਾਲ ਜ਼ਮੀਨ ਉਤੇ ਪੈਰ ਰੱਖਦਾ ਤੁਰੀ ਗਿਆ। ਰੰਗੰਨਾ ਵਧੇਰੇ ਚੌਕਸੀ ਨਾਲ ਪੈਰ ਟਿਕਾਉਂਦਾ ਤੇ ਆਪਣਾ ਸੰਤੁਲਨ ਕਾਇਮ ਕਰਦਾ ਚੱਲ ਰਿਹਾ ਸੀ।

"ਜੇ ਇਸੇ ਰਸਤੇ ਹੀ ਵਾਪਸ ਮੁੜਨਾ ਹੈ ਤਾਂ ਨਹਾਉਣ ਦਾ ਕੋਈ ਫ਼ਾਇਦਾ ਨਹੀਂ।" ਮੈਂ ਬੋਲਿਆ।

"ਫ਼ਾਇਦਾ ਤਾਂ ਫਿਰ ਵੀ ਹੋਵੇਗਾ, ਕਿਉਂਕਿ ਮੈਂ ਚਾਰ ਦਿਨਾਂ ਤੋਂ ਨਹਾਤਾ ਨਹੀਂ। ਪਸੀਨੇ ਨੇ ਬੁਰਾ ਹਾਲ ਕਰ ਛੱਡਿਐ। ਸਰੀਰ ਤਰੋ-ਤਾਜ਼ਾ ਹੋ ਜਾਵੇਗਾ। ਰਹੀ ਗੱਲ ਪੈਰਾਂ ਦੀ, ਜੇ ਇਹ ਖ਼ਰਾਬ ਵੀ ਹੋ ਗਏ ਤਾਂ ਕੋਈ ਗੱਲ ਨਹੀਂ। ਵੈਸੇ, ਅਸੀਂ ਇਸੇ ਰਸਤਿਓਂ ਵਾਪਸ ਨਹੀਂ ਮੁੜਾਂਗੇ।" ਰਾਜੂ ਖੁਸ਼ ਸੀ ਤੇ ਬੱਚਿਆਂ ਵਾਂਗ ਕਿਲਕਾਰੀਆਂ ਮਾਰ ਰਿਹਾ ਸੀ।

ਉਹ ਫਿਰ ਬੋਲਿਆ, "ਝੱਲ ਮੈਨੂੰ ਬਹੁਤ ਚੰਗਾ ਲਗਦੈ। ਛੋਟੇ ਹੁੰਦਿਆਂ ਮੈਂ ਇਨ੍ਹਾਂ ਵਿਚ ਚਿੜੀਆਂ ਦਾ ਸ਼ਿਕਾਰ ਕਰਦਾ ਹੁੰਦਾ ਸਾਂ। ਸੁਬਹ ਤੋਂ ਸ਼ਾਮ ਤੱਕ ਝੱਲ ਵਿਚ ਹੀ ਫਿਰਦਾ ਰਹਿੰਦਾ, ਚਿੜੀ ਭਾਵੇਂ ਇਕ ਮਿਲੇ ਭਾਵੇਂ ਦਸ। ਝੱਲ ਵਿਚ ਘੁੰਮਣ ਤੋਂ ਬਿਨਾਂ ਵੀ ਕੋਈ ਜ਼ਿੰਦਗੀ ਏ?"

"ਸੋ ਤੈਨੂੰ ਝੱਲ 'ਚ ਘੁੰਮਣ ਦਾ ਫਿਰ ਝੱਲ ਉੱਠਿਐ।" ਮੈਂ ਕਿਹਾ, ਪਰ ਰਾਜੂ ਨੂੰ ਮੇਰੀ ਗੱਲ ਦੀ ਸਮਝ ਨਹੀਂ ਪਈ। ਉਹ ਜਾਨਣਾ ਚਾਹੁੰਦਾ ਸੀ, ਪਰ ਮੈਂ 'ਕੁਝ ਨਹੀਂ' ਕਹਿ ਕੇ ਟਾਲ ਦਿੱਤਾ।

"ਅੱਜ ਤੱਕ ਕਿੰਨੀਆਂ ਚਿੜੀਆਂ (ਪੰਛੀ) ਮਾਰੀਆਂ ਹੋਣਗੀਆਂ?" ਮੈਂ ਪੁੱਛਦਾ ਹਾਂ।

"ਕੋਈ ਜ਼ਿਆਦਾ ਨਹੀਂ। ਬੱਸ ਦੋ ਕੁ ਸੌ।"

"ਹੁਣ ਵੀ ਮਾਰਦਾ ਹੈਂ?"

"ਨਹੀਂ। ਸਮਾਂ ਨਹੀਂ ਮਿਲਦਾ।"

"ਦਿਲ ਕਰਦਾ ਹੈ?"

"ਬਹੁਤ! ਸਾਰੇ ਹੀ ਕਬਾਇਲੀ ਮੁੰਡੇ ਇਹ ਕਰਦੇ ਨੇ। ਸਾਡੇ ਵਾਸਤੇ ਇਹ ਖੇਡ ਵੀ ਹੈ ਤੇ ਸ਼ਿਕਾਰ ਵੀ, ਪਰ ਹੁਣ ਚਿੜੀਆਂ ਬਹੁਤੀਆਂ ਹੈ ਹੀ ਨਹੀਂ।" ਰਾਜੂ ਸਮਾਂ ਅਤੇ ਪੰਛੀ, ਦੋਵਾਂ ਦੀ ਘਾਟ ਤੋਂ ਹੀ ਨਿਰਾਸ਼ ਸੀ।

ਝੱਲ ਪਾਰ ਕਰ ਕੇ ਅਸੀਂ ਤਾਲਾਬ ਦੇ ਕੰਢੇ ਉਤੇ ਉੱਚੀ ਥਾਂ ਪਹੁੰਚਦੇ ਹਾਂ। ਇਥੋਂ ਬੰਨ੍ਹ ਸ਼ੁਰੂ ਹੁੰਦਾ ਹੈ। ਬੰਨ੍ਹ ਉਪਰੋਂ ਕੋਈ ਅੱਠ ਅਤੇ ਹੇਠੋਂ ਸੋਲਾਂ ਜਾਂ ਅਠਾਰਾਂ ਫੁੱਟ ਚੌੜਾ ਹੋਵੇਗਾ। ਉਚਾਈ ਸੋਲਾਂ ਫੁੱਟ ਤੱਕ ਅਤੇ ਲੰਬਾਈ ਤਕਰੀਬਨ ਦੋ ਫਰਲਾਂਗ। ਬੰਨ੍ਹ ਉਪਰ ਦੂਰ ਦੂਰ ਤੱਕ ਪਾਣੀ ਦਿਖਾਈ ਦਿੰਦਾ ਹੈ ਜਿਹੜਾ ਅੰਤ ਨੂੰ ਝੱਲਾਂ ਵਿਚ ਛੁਪ ਜਾਂਦਾ ਹੈ। ਕਈ ਥਾਂਵਾਂ ਉਤੇ ਕਮਲ-ਫੁੱਲ ਦੇ ਪੱਤਿਆਂ ਨੇ ਇਸ ਦੀ ਸਤਹ ਨੂੰ ਢਕਿਆ ਹੋਇਆ ਹੈ। ਕਿਤੇ ਕਿਤੇ ਜ਼ਮੀਨ ਦੇ ਅਜਿਹੇ ਹਿੱਸੇ ਹਨ ਜਿਥੇ ਝੱਲ ਮੌਜੂਦ ਨਹੀਂ ਹੈ। ਇਹ ਠੋਸ ਥਾਂਵਾਂ ਹਨ ਜਿਥੇ ਨਹਾਇਆ ਜਾ ਸਕਦਾ ਹੈ। ਬੰਨ੍ਹ ਦੇ ਤਾਲਾਬ ਦੇ ਐਨ ਵਿਚਕਾਰ ਦੋ ਵਿਸ਼ਾਲ ਤੇ ਨੰਗੀਆਂ ਚਟਾਨਾਂ ਹਨ ਜਿਹੜੀਆਂ ਸਮੁੰਦਰ ਵਿਚਲੇ ਕਿਸੇ ਚਟਾਨੀ ਟਾਪੂ ਵਾਂਗ ਲਗਦੀਆਂ ਹਨ। ਤਾਲਾਬ ਦਾ ਪਾਣੀ ਔਸਤਨ ਦਸ ਫੁੱਟ ਡੂੰਘਾ ਹੈ, ਕਿਤੇ ਕਿਤੇ ਇਹ ਸੋਲਾਂ ਫੁੱਟ ਤਕ ਡੂੰਘਾ ਹੋ ਜਾਂਦਾ ਹੈ। ਕਿਨਾਰਿਆਂ ਉਤੇ ਕੁਝ ਥਾਂਵਾਂ 'ਤੇ ਧਾਨ ਦੀ ਫ਼ਸਲ ਵੀ ਖੜ੍ਹੀ ਹੈ। ਪਾਣੀ ਦੇ ਕੰਢੇ ਉਤੇ ਹੋਣ ਦੇ ਬਾਵਜੂਦ ਖੇਤਾਂ ਵਿਚ ਵਿਰਲੇ ਟਾਵੇਂ ਬੂਟੇ ਹੀ ਹਨ, ਜਿਵੇਂ ਕਿਸੇ ਨੇ ਬੇਪ੍ਰਵਾਹੀ ਵਿਚ ਬੀਜ ਖਿਲਾਰ ਦਿੱਤਾ ਹੋਵੇ। ਥਾਂ ਥਾਂ ਸਿੱਪੀਆਂ ਘੋਗੇ ਖਿੰਡੇ ਪਏ ਹਨ। ਭੂਰੀ, ਚਿਟਿਆਲੀ ਅਤੇ ਲਾਲ ਭਾਅ ਮਾਰਦੀ ਰੇਤ ਵਿਚ ਕਿਤੇ ਕਿਤੇ ਕਣ ਸੋਨੇ ਵਾਂਗ ਚਮਕਦੇ ਹਨ। ਜੇ ਇਥੇ ਬੰਨ੍ਹ ਮੌਜੂਦ ਨਾ ਹੋਵੇ ਤਾਂ ਇੰਜ ਲੱਗੇਗਾ ਜਿਵੇਂ ਜੰਗਲ ਵਿਚ ਮਾਰੂਥਲ ਉਗ ਆਇਆ ਹੋਵੇ। ਜੰਗਲ ਦੇ ਐਨ ਵਿਚਕਾਰ ਇਹੋ ਜਿਹੀ ਭੂਮੀ ਅਚੰਭਾ ਲਗਦੀ ਹੈ। ਸ਼ਾਇਦ ਖ਼ੁਦਾਨਾਂ ਦੇ ਠੇਕੇਦਾਰਾਂ ਨੂੰ ਇਹ ਜ਼ਮੀਨ ਨਜ਼ਰ ਨਹੀਂ ਸੀ ਪਈ ਨਹੀਂ ਤਾਂ ਉਨ੍ਹਾਂ ਨੇ ਇਸ ਨੂੰ ਪੁੱਟ ਧਰਿਆ ਹੁੰਦਾ ਅਤੇ ਧਰਤੀ ਵਿਚ ਮੈਗਨੀਸ਼ੀਅਮ ਜਾਂ ਬਾਕਸਾਈਟ ਦੇ ਵਿਸ਼ਾਲ ਭੰਡਾਰਾਂ ਦੀ ਖੋਜ ਕਰ ਲਈ ਹੁੰਦੀ। ਯਕੀਨਨ, ਇਹ ਧਰਤੀ ਖਣਿਜਾਂ ਨਾਲ ਭਰਪੂਰ ਹੈ। ਚਮਕੀ, ਜਿਸ ਨਾਲ ਸ਼ਹਿਰੀ ਸਕੂਲਾਂ ਦੇ ਬੱਚੇ ਮਾਡਲ ਅਤੇ ਤਸਵੀਰਾਂ ਸਜਾਉਂਦੇ ਹਨ, ਇਥੇ ਚਾਰ-ਚੁਫੇਰੇ ਖਿੰਡੀ ਪਈ ਹੈ। ਕਬਾਇਲੀ ਸਕੂਲ ਅਸੀਂ ਫਿਰ ਕਿਸੇ ਦਿਨ ਦੇਖਾਂਗੇ ਕਿ ਬੱਚੇ ਉਥੇ ਕੀ ਕਰਦੇ ਹਨ, ਅੱਜ ਤਾਲਾਬ ਦੇ ਚੌਗਿਰਦੇ ਉਤੇ ਹੀ ਨਜ਼ਰ ਮਾਰਦੇ ਹਾਂ।

"ਰਾਜੂ, ਤਾਲਾਬ ਵਿਚ ਮੱਛੀ ਹੋਵੇਗੀ?"

"ਬਹੁਤ ਹੈ। ਬੀਜ ਪਾਇਆ ਹੈ, ਪਰ ਅਜੇ ਬਹੁਤ ਛੋਟੀ ਹੈ। ਮੌਜ ਲੱਗ ਜਾਵੇਗੀ।" ਉਹ ਖੁਸ਼ ਹੋ ਕੇ ਜਵਾਬ ਦਿੰਦਾ ਹੈ। ਐਡੇ ਵਿਸ਼ਾਲ ਤਾਲਾਬ ਦੀ ਮੱਛੀ ਮੰਡੀ ਵਿਚ ਵੇਚਦੇ ਹਨ ਤੇ ਚੰਗੀ ਕਮਾਈ ਦੀ ਮੱਛੀ ਦਸ ਪਿੰਡਾਂ ਨੂੰ ਰਜਾ ਦੇਵੇ ਤੇ ਫਿਰ ਵੀ ਨਾ ਮੁੱਕੇ। ਜੰਗਲ ਵਾਸੀ ਨੂੰ ਐਨੀ ਬਹੁਤਾਤ ਵਿਚ ਮੱਛੀ ਮਿਲ ਜਾਵੇ, ਇਸ ਤੋਂ ਵੱਡੀ ਚੀਜ਼ ਉਹ ਹੋਰ ਨਹੀਂ ਚਾਹੇਗਾ। ਉਸ ਨੂੰ ਮੱਛੀ ਸਿਰਫ਼ ਵਹਿੰਦੇ ਹੋਏ ਪਾਣੀ ਵਿਚੋਂ ਮਿਲਦੀ ਹੈ। ਜਦ ਨਦੀਆਂ ਨਾਲੇ ਸੁੱਕ ਜਾਂਦੇ ਹਨ ਤਾਂ ਮੱਛੀ ਦਾ ਕਾਲ ਉਹਦੇ ਲਈ ਵੀ ਕਾਲ ਵਰਗਾ ਹੀ ਬਣ ਜਾਂਦਾ ਹੈ। ਫਿਰ ਉਹ ਥਾਂ ਥਾਂ ਕੰਦ-ਮੂਲ ਦੀ ਤਾਲਾਸ਼ ਵਿਚ ਜੰਗਲ ਗਾਹੁੰਦਾ ਹੈ।



ਕਬਾਇਲੀ ਇਲਾਕਿਆਂ ਵਿਚ ਆਪ ਬਣਾਏ ਤਲਾਬ।

ਬਸਤਰ ਵਿਚ ਬੇਸ਼ੱਕ ਕੁਝ ਲੋਕਾਂ ਦੇ ਨਿੱਜੀ ਤਾਲਾਬ ਵੀ ਹਨ, ਪਰ ਉਹ ਬਹੁਤ ਛੋਟੇ ਹਨ। ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਕੇ ਬਾਕੀ ਦੀ ਮੱਛੀ ਮੰਡੀ ਵਿਚ ਵੇਚਦੇ ਹਨ ਤੇ ਚੰਗੀ ਕਮਾਈ ਕਰ ਲੈਂਦੇ ਹਨ। ਲੋਕਾਂ ਦੇ ਸਾਂਝੇ ਉੱਦਮ ਨਾਲ ਬਣੇ ਤਾਲਾਬ, ਬਸਤਰ ਦੇ ਖਣਿਜਾਂ ਤੇ ਇਸ ਦੇ ਲੋਕਾਂ ਵਾਂਗ, ਨਵਾਂ ਅਜੂਬਾ ਹਨ। ਇਨ੍ਹਾਂ ਵਿਚ ਉਥੋਂ ਦੀ ਜ਼ਿੰਦਗੀ ਨੂੰ ਬਦਲ ਦੇਣ ਦੀ ਸਮਰੱਥਾ ਹੈ। ਅੱਜ ਇਨ੍ਹਾਂ ਵਿਚ ਮੱਛੀ ਪਾਲਣ ਦਾ ਕੰਮ ਸ਼ੁਰੂ ਹੈ, ਕੱਲ੍ਹ ਨੂੰ ਇਸ ਪਾਣੀ ਨੂੰ ਸਿੰਜਾਈ ਵਾਸਤੇ ਵਰਤੋਂ ਵਿਚ ਲਿਆਉਣ ਦੀ ਯੋਜਨਾ ਸ਼ੁਰੂ ਹੋ ਸਕਦੀ ਹੈ। ਕੁਦਰਤੀ ਸੋਮਿਆਂ ਦੀ ਕੋਈ ਤੋਟ ਨਹੀਂ ਹੈ, ਤੋਟ ਹੈ ਤਾਂ ਉਸ ਢਾਂਚੇ ਦੀ ਜਿਹੜਾ ਇਨ੍ਹਾਂ ਸਾਰੇ ਸਾਧਨਾਂ ਨੂੰ ਉਥੋਂ ਦੇ ਲੋਕਾਂ ਦੀ ਜ਼ਿੰਦਗੀ ਦਾ ਮਿਆਰ ਉਚਾ ਚੁੱਕਣ ਲਈ ਸਮਰਪਿਤ ਹੋਵੇ। ਸਿਰਫ਼ ਖਣਿਜਾਂ ਕਾਰਨ ਹੀ ਬਸਤਰ ਨੂੰ ਦੁਨੀਆਂ ਦੀਆਂ ਸਭ ਤੋਂ ਅਮੀਰ ਧਰਤੀਆਂ ਵਿਚੋਂ ਇਕ ਹੋਣ ਦਾ ਦਰਜਾ ਪ੍ਰਾਪਤ ਹੈ। ਇਸ ਦੇ ਜੰਗਲ, ਪਾਣੀ ਦੇ ਸੋਮੇ ਅਤੇ ਖਣਿਜ, ਤਿੰਨੋਂ ਮਿਲ ਕੇ ਇਸ ਨੂੰ ਵਿਲੱਖਣ ਧਰਤੀ ਦਾ ਰੁਤਬਾ ਮੁਹੱਈਆ ਕਰਦੇ ਹਨ। ਕੁਦਰਤ ਦੀ ਸਭ ਤੋਂ ਵਡਮੁੱਲੀ ਦੇਣ - ਮਨੁੱਖ - ਸਭ ਤੋਂ ਨੀਵੇਂ ਦਰਜੇ ਦੀ ਜ਼ਿੰਦਗੀ ਜਿਉਣ ਲਈ ਸਰਾਪੇ ਪਏ ਹਨ। ਇਸੇ ਸਰਾਪ ਨੂੰ ਖ਼ਤਮ ਕਰ ਦੇਣ ਦੇ ਉਦਮਾਂ ਵਿਚੋਂ ਇਕ ਦੇ ਸਨਮੁਖ ਅਸੀਂ ਖੜ੍ਹੇ ਹਾਂ। ਇਸ ਦੀ ਵਿਸ਼ਾਲਤਾ ਤੇ ਸਮਰੱਥਾ ਨੂੰ ਦੇਖ ਕੇ ਰਾਜੂ ਬਾਗ਼ੋ-ਬਾਗ਼ ਹੈ।

ਬੰਨ੍ਹ ਦੇ ਦੂਸਰੇ ਪਾਸੇ ਇਕ ਥਾਂ ਤੋਂ ਪਾਣੀ ਦੇ ਵਹਿਣ ਦੀ ਆਵਾਜ਼ ਆ ਰਹੀ ਸੀ। ਅਸੀਂ ਦੇਖਣ ਪਹੁੰਚਦੇ ਹਾਂ ਕਿ ਇਹ ਪਾਣੀ ਕਿਥੋਂ ਵਹਿ ਰਿਹਾ ਹੈ। ਯਕੀਨਨ ਹੀ ਇਹ ਬੰਨ੍ਹ ਦਾ ਪਾਣੀ ਹੈ ਅਤੇ ਕਿਸੇ ਨੇ ਇਸ ਨੂੰ ਅਣਜਾਣੇ ਵਿਚ ਖੁੱਲ੍ਹਾ ਛੱਡਿਆ ਹੋਇਆ ਹੈ। ਵਹਿ ਰਹੇ ਪਾਣੀ ਵਿਚ ਅਨੇਕਾਂ ਮੱਛੀਆਂ ਰੁੜ੍ਹਦੀਆਂ ਜਾ ਰਹੀਆਂ ਹਨ।

"ਤੁਹਾਡਾ ਬੀਜ ਤਾਂ ਜ਼ਾਇਆ ਹੋ ਰਿਹੈ। ਅਹੁ ਦੇਖ!"

ਰਾਜੂ ਲਪਕ ਕੇ ਵਗ ਰਹੇ ਪਾਣੀ ਦੇ ਸੋਮੇ ਕੋਲ ਪਹੁੰਚਦਾ ਹੈ। ਉਸ ਦੇ ਮੂੰਹੋਂ ਆਪ-ਮੁਹਾਰੇ ਨਿਕਲਦਾ ਹੈ: "ਇਹ ਤਾਂ ਬੁਰੀ ਗੱਲ ਹੈ।"

ਰਾਜੂ ਵਗ ਰਹੇ ਪਾਣੀ ਨੂੰ ਪੱਥਰਾਂ ਅਤੇ ਮਿੱਟੀ ਨਾਲ ਬੰਦ ਕਰਦਾ ਹੈ। ਕਿਸੇ ਨੇ ਮੱਛੀ ਫੜਨ ਵਾਸਤੇ ਬੰਨ੍ਹ ਦੇ ਹੇਠੋਂ ਵਿਛਾਈਆਂ ਪਾਈਪਾਂ ਵਿਚੋਂ ਕਿਸੇ ਇਕ ਖੋਲ੍ਹ ਦਿੱਤੀ ਸੀ ਅਤੇ ਮੱਛੀ ਹਾਸਲ ਕਰ ਕੇ ਚਲਾ ਗਿਆ ਸੀ, ਪਰ ਪਾਣੀ ਬੰਦ ਨਹੀਂ ਸੀ ਕੀਤਾ।

"ਸਾਡੇ ਲੋਕ ਇਸੇ ਤਰ੍ਹਾਂ ਕਰਦੇ ਹਨ, ਪਾਣੀ ਬੰਦ ਨਹੀਂ ਕਰਦੇ। ਜਿਵੇਂ ਉਹ ਵਹਿੰਦੇ ਹੋਏ ਨਦੀ ਨਾਲਿਆਂ ਵਿਚੋਂ ਮੱਛੀ ਫੜਦੇ ਹਨ, ਉਸੇ ਤਰ੍ਹਾਂ ਹੀ ਇਥੇ ਵੀ ਕਰਦੇ ਹਨ। ਇਸ ਤਰ੍ਹਾਂ ਗਰਮੀਆਂ ਦੇ ਆਉਣ ਤਕ ਸਾਰਾ ਤਾਲਾਬ ਖਾਲੀ ਹੋ ਜਾਣੈ ਤੇ ਮੱਛੀ ਨੇ ਖ਼ਤਮ ਹੋ ਜਾਣੈ।"

ਇਸ ਤਾਲਾਬ ਵਿਚ ਪਹਿਲੀ ਵਾਰ ਬੀਜ ਪਾਇਆ ਗਿਆ ਸੀ। ਮੱਛੀ ਪਾਲਣਾ ਸਿੱਖਣ ਵਿਚ ਕਬਾਇਲੀਆਂ ਨੂੰ ਸਮਾਂ ਲੱਗੇਗਾ ਹੀ। "ਪਰ ਸਾਨੂੰ ਇਸ ਸਬੰਧੀ ਪਿੰਡ ਨੂੰ ਜਾਗ੍ਰਿਤ ਕਰਨਾ ਪਵੇਗਾ ਕਿ ਉਹ ਮੱਛੀ ਕਿਵੇਂ ਫੜਨ।" ਉਹ ਬੋਲਿਆ। ਰਾਜੂ ਨੇ ਪਾਣੀ ਤਾਂ ਬੰਦ ਕਰ ਦਿੱਤਾ ਸੀ, ਪਰ ਉਹ ਇੰਜ ਜ਼ਾਇਆ ਹੋ ਰਹੀ ਮੱਛੀ ਨੂੰ ਦੇਖ ਕੇ ਪ੍ਰੇਸ਼ਾਨ ਹੋ ਗਿਆ ਸੀ। ਦਰਅਸਲ ਵਗਦੇ ਪਾਣੀ ਤੋਂ ਬਿਨਾਂ ਕਿਸੇ ਹੋਰ ਤਰ੍ਹਾਂ ਮੱਛੀ ਫੜਨ ਦਾ ਲੋਕਾਂ ਨੂੰ ਤਰੀਕਾ ਹੀ ਨਹੀਂ ਸੀ ਆਉਂਦਾ। ਤਾਲਾਬ ਵਿਚੋਂ ਮੱਛੀ ਫੜਨ ਲਈ ਨਾ ਸਿਰਫ਼ ਨਵੇਂ ਤਰੀਕੇ ਦੀ ਜ਼ਰੂਰਤ ਸੀ, ਸਗੋਂ ਅਜੇ ਮੱਛੀ ਨੂੰ ਵੀ ਵੱਡੇ ਹੋਣ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਸੀ।

ਤਾਲਾਬ ਉਤੇ ਨਹਾਉਣ ਤੋਂ ਬਾਅਦ ਅਸੀਂ ਵਾਪਸ ਮੁੜ ਪਏ। ਰਾਜੂ ਡੂੰਘੀ ਸੋਚ ਵਿਚ ਡੁੱਬ ਗਿਆ। ਪਾਣੀ ਵਿਚ ਛਪਾਕ ਛਪਾਕ ਕਰਨ ਦਾ ਉਸ ਨੂੰ ਹੁਣ ਕੋਈ ਮਜ਼ਾ ਨਹੀਂ ਸੀ ਆ ਸਕਦਾ।

ਸ਼ਾਮ ਦੇ ਵਕਤ ਜਦ ਸਾਰਾ ਪਿੰਡ ਪਹੁੰਚ ਚੁੱਕਾ ਤਾਂ ਚੰਦਨ ਨੇ ਸੀਟੀ ਮਾਰ ਕੇ ਸਭ ਨੂੰ ਇਕ ਥਾਂ ਇਕੱਠੇ ਹੋਣ ਦਾ ਸਿਗਨਲ ਦਿੱਤਾ। ਜਦ ਸਾਰੇ ਇਕ ਥਾਂ ਹੋ ਗਏ ਤਾਂ ਚੰਦਨ ਨੇ ਕਿਹਾ ਕਿ ਰਾਜੂ ਉਨ੍ਹਾਂ ਨੂੰ ਸੰਬੋਧਨ ਹੋਣਾ ਚਾਹੁੰਦਾ ਹੈ।

ਰਾਜੂ ਆਪਣੀ ਥਾਂ ਤੋਂ ਉਠਿਆ। ਇਕ ਨਜ਼ਰ ਉਸ ਨੇ ਸਾਰੇ ਪਿੰਡ ਵਾਲਿਆਂ ਨੂੰ ਗਹੁ ਨਾਲ ਦੇਖਿਆ ਤੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ।

"ਏਰਦਾ ਏਰੂ ਇਨਮ ਨਾਦ ਆਈ ਓ!" (ਤਾਲਾਬ ਦਾ ਪਾਣੀ ਜ਼ਾਇਆ ਨਾ ਕਰੋ!) ਤੋਂ ਸ਼ੁਰੂ ਕਰ ਕੇ ਉਸ ਨੇ ਗੋਂਡ ਬੋਲੀ ਵਿਚ ਲੰਬੀ ਚੌੜੀ ਤਕਰੀਰ ਕੀਤੀ। ਸਾਰਿਆਂ ਨੇ ਰਾਜੂ ਨੂੰ ਧਿਆਨ ਨਾਲ ਸੁਣਿਆ। ਸਭਿਆਚਾਰਕ ਟੀਮ ਵੀ ਪੂਰੀ ਗੰਭੀਰਤਾ ਨਾਲ ਖੜ੍ਹੀ ਰਹੀ। ਅੰਤ ਵਿਚ ਰਾਜੂ ਨੇ ਇਹ ਕਹਿ ਕੇ ਆਪਣੀ ਗੱਲ ਖ਼ਤਮ ਕੀਤੀ, "ਕੀਕੇ ਬਿੜੀਆ ਪਿਰਸ ਤਪੱਇਆ ਤਿਨੂ ਟਾ।" (ਮੱਛੀ ਨੂੰ ਵੱਡੀ ਹੋਣ ਉਪਰ ਹੀ ਖਾਓ!)

ਰਾਜੂ ਦੀ ਤਕਰੀਰ ਨੇ ਆਦਿਵਾਸੀਆਂ ਵਿਚ ਕੋਈ ਬਹੁਤੀ ਹਿਲਜੁਲ ਨਹੀਂ ਮਚਾਈ। ਕਿੰਨਾ ਸਮਾਂ ਉਹ ਆਪਸ ਵਿਚ ਖ਼ੁਸਰ-ਫ਼ੁਸਰ ਕਰਦੇ ਰਹੇ। ਫਿਰ ਇਕ ਨੇ ਕਿਹਾ ਕਿ ਵੱਡੀ ਮੱਛੀ ਬੇ-ਸੁਆਦ ਹੁੰਦੀ ਹੈ, ਚੌਲਾਂ ਵਰਗੀ ਫਿੱਕੀ। ਬਹੁਤ ਸਾਰਿਆਂ ਨੇ ਉਸ ਦੀ ਹਾਮੀ ਭਰੀ। ਉਨ੍ਹਾਂ ਜ਼ਿਦ ਕੀਤੀ ਕਿ ਉਹ ਨਿੱਕੀ ਮੱਛੀ ਹੀ ਫੜਨਗੇ ਤੇ ਖਾਣਗੇ। ਮੱਛੀ ਫੜਨ ਦਾ ਵੀ ਕੋਈ ਹੋਰ ਤਰੀਕਾ ਉਨ੍ਹਾਂ ਨੂੰ ਨਹੀਂ ਸੀ ਸੁੱਝਦਾ। ਉਨ੍ਹਾਂ ਹਮੇਸ਼ਾਂ ਨਦੀ ਦੇ ਵਗਦੇ ਪਾਣੀ 'ਚੋਂ ਹੀ ਮੱਛੀ ਫੜੀ ਸੀ, ਸੋ ਤਾਲਾਬ ਦਾ ਪਾਣੀ ਤਾਂ ਵਗੇਗਾ ਹੀ।

ਆਪਣੀ ਗੱਲ ਦਾ ਕੋਈ ਅਸਰ ਨਾ ਹੋਇਆ ਵੇਖ ਰਾਜੂ ਪ੍ਰੇਸ਼ਾਨੀ ਮਹਿਸੂਸ ਕਰਨ ਲੱਗਾ। ਫਿਰ ਉਸ ਨੇ ਆਪਣੇ ਸਿਰ ਨੂੰ ਝਟਕਾ ਦਿੱਤਾ ਤੇ ਕਿਹਾ, "ਜਾਓ, ਇਸੇ ਤਰ੍ਹਾਂ ਹੀ ਮੱਛੀ ਫੜੋ ਜਦ ਤਕ ਅਸੀਂ ਇਸ ਦਾ ਕੋਈ ਹੋਰ ਹੱਲ ਨਹੀਂ ਕੱਢ ਲੈਂਦੇ, ਪਰ ਮੱਛੀ ਫੜਨ ਤੋਂ ਬਾਅਦ ਪਾਈਪ ਦਾ ਪਾਣੀ ਤਾਂ ਬੰਦ ਕਰ ਦਿਆ ਕਰੋ!"

ਪਾਣੀ ਬੰਦ ਕਰਨ ਦੀ ਗੱਲ ਹਰ ਕਿਸੇ ਦੀ ਸਮਝ ਵਿਚ ਆ ਗਈ। ਉਹ ਹਰ ਸਾਲ ਗਰਮੀਆਂ ਵਿਚ ਨਦੀਆਂ, ਨਾਲਿਆਂ ਤੇ ਤਾਲਾਬਾਂ ਦੇ ਪਾਣੀ ਨੂੰ ਸੁੱਕਦਾ ਦੇਖਦੇ ਸਨ। ਚਾਹੁੰਦੇ ਸਨ ਕਿ ਪਾਣੀ ਖ਼ਤਮ ਨਾ ਹੋਵੇ, ਪਰ ਮੱਛੀ ਫੜਨ ਦਾ ਕੋਈ ਹੋਰ ਢੰਗ ਉਨ੍ਹਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ।

ਰਾਤ ਨੂੰ ਸਭਿਆਚਾਰਕ ਟੋਲੀ ਇਸ ਉਪਰ ਵਿਚਾਰ ਕਰਨ ਵਾਸਤੇ ਬੈਠ ਗਈ। ਗੀਤਾਂ ਤੇ ਨਾਚਾਂ ਦੀ ਗੱਲ ਤਾਂ ਉਹ ਬੜੀ ਆਸਾਨੀ ਨਾਲ ਕਰ ਲੈਂਦੇ ਸਨ, ਪਰ ਇਹ ਵੱਖ ਕਿਸਮ ਦੀ ਸਮੱਸਿਆ ਸੀ ਜਿਸ ਦਾ ਕੋਈ ਮੂੰਹ ਸਿਰ ਨਹੀਂ ਸੀ। ਤਦ ਚੰਦਨ ਨੇ ਉਨ੍ਹਾਂ ਨੂੰ ਸੁਝਾਇਆ ਕਿ ਇਕ ਬੇੜੀ ਬਣਾਈ ਜਾਵੇ ਤੇ ਤਾਲਾਬ ਵਿਚ ਠੇਲ੍ਹ ਦਿੱਤੀ ਜਾਵੇ। ਬੇੜੀ ਕੀ ਹੁੰਦੀ ਹੈ, ਇਹ ਗੱਲ ਕਿਸੇ ਦੇ ਪੱਲੇ ਨਾ ਪਈ। ਅਖ਼ੀਰ ਚੰਦਨ ਨੇ ਉਨ੍ਹਾਂ ਨੂੰ ਸਮਝਾਇਆ ਕਿ ਆਪਣੇ ਕਮਾਨ ਨੂੰ ਚੌੜਾ, ਡੂੰਘਾ ਤੇ ਲੰਬਾ ਕਰ ਦਿਓ ਤਾਂ ਬੇੜੀ ਬਣ ਜਾਵੇਗੀ। ਉਸ ਨੇ ਨਾਰੀਅਲ ਦੇ ਖੋਪੇ ਨੂੰ ਵੀ ਲੰਬਾ ਤੇ ਚੌੜਾ ਖਿੱਚ ਕੇ ਬੇੜੀ ਬਣਾ ਦੇਣ ਦੀ ਗੱਲ ਸਮਝਾਈ, ਪਰ ਇਹ ਹਰ ਕਿਸੇ ਦੇ ਵੱਸ ਤੋਂ ਬਾਹਰ ਦਾ ਕੰਮ ਸੀ। ਅੰਤ ਉਨ੍ਹਾਂ ਨੇ ਦਰੱਖ਼ਤਾਂ ਦੇ ਤਣੇ ਵੱਢ ਕੇ ਉਨ੍ਹਾਂ ਨੂੰ ਰੈਫਟ ਦੀ ਸ਼ਕਲ ਵਿਚ ਬੰਨ੍ਹ ਕੇ ਤਾਲਾਬ ਵਿਚ ਠੇਲ੍ਹ ਦੇਣ ਦੀ ਤਰਕੀਬ ਸੋਚੀ। ਰੈਫਟ ਦੀ ਗੱਲ ਹਰ ਕਿਸੇ ਦੀ ਸਮਝ ਵਿਚ ਆ ਗਈ। ਉਨ੍ਹਾਂ ਇਹ ਕੰਮ ਵਿਕਾਸ ਸੰਘ ਦੇ ਹਵਾਲੇ ਕਰਨ ਦਾ ਫ਼ੈਸਲਾ ਕੀਤਾ ਤਾਂ ਕਿ ਇਸ ਨੂੰ ਸਿਰੇ ਚੜ੍ਹਾਇਆ ਜਾਵੇ।

ਰਾਤ ਨੂੰ ਸੌਣ ਲੱਗਿਆਂ ਰਾਜੂ ਨੇ ਕਿਹਾ, "ਨਹਾਉਣ ਜਾਣ ਦਾ ਬਹੁਤ ਫ਼ਾਇਦਾ ਹੋਇਆ। ਹੁਣ ਮੱਛੀਆਂ ਫੜਨਾ ਆਸਾਨ ਹੋ ਜਾਵੇਗਾ। ਪਾਣੀ ਵੀ ਨਹੀਂ ਮੁੱਕੇਗਾ ਤੇ ਮੱਛੀ ਵੀ ਹਮੇਸ਼ਾ ਮਿਲਦੀ ਰਹੇਗੀ।"

"ਪਰ ਤੁਹਾਨੂੰ ਫਿੱਕੀ ਮੱਛੀ ਦੀ ਥਾਂ ਉਤੇ ਲੋਕਾਂ ਨੂੰ ਸਵਾਦ ਵੱਡੀ ਮੱਛੀ ਦੇਣੀ ਪਵੇਗੀ, ਨਹੀਂ ਤਾਂ ਉਹ ਉਸ ਨੂੰ ਪਸੰਦ ਨਹੀਂ ਕਰਨਗੇ। ਨਵੀਂ ਕਿਸਮ ਦੇ ਬੀਜ ਪਾਉਣੇ ਪੈਣਗੇ।"

"ਇਹ ਤਾਂ ਹੋਰ ਵੀ ਕੰਮ ਵਧ ਗਿਆ।" ਰਾਜੂ ਨੇ ਮੇਰੀ ਗੱਲ ਸੁਣ ਕੇ ਕਿਹਾ।

"ਯਾਨਿ, ਨਹਾਉਣ ਦਾ ਫ਼ਾਇਦਾ ਦੂਰ ਤੱਕ ਜਾਵੇਗਾ ਰਾਜੂ ਮਾਸਟਰ!"


"ਜੇ ਅਜਿਹੀ ਗੱਲ ਹੈ ਤਾਂ ਮੈਂ ਰੋਜ਼ ਨਹਾਇਆ ਕਰਾਂਗਾ, ਪਰ ਬੇੜੀ ਬਣਾਉਣ ਦਾ ਕੰਮ ਕਿਵੇਂ ਕੀਤਾ ਜਾਵੇ? ਸਾਡੇ ਕੋਲ ਲੱਕੜ ਦੀ ਕਮੀ ਨਹੀਂ ਪਰ ਬਣਾਉਣ ਦਾ ਤਰੀਕਾ ਕੀ ਹੋਵੇ? ਅਸੀਂ ਪਹਿਲਾਂ ਕਿਉਂ ਨਾ ਸੋਚਿਆ ਕਿ ਬੇੜੀ ਚਾਹੀਦੀ ਹੈ?"

"ਪਹਿਲਾਂ ਮੱਛੀ ਪਾਲਣਾ ਸ਼ੁਰੂ ਹੀ ਨਹੀਂ ਕੀਤਾ।"

"ਸਹੀ ਹੈ।"

ਕੁਝ ਦੇਰ ਸਾਡੇ ਦਰਮਿਆਨ ਚੁੱਪ ਛਾਈ

**(ਬਾਕੀ ਅਗਲੇ ਸਫੇ 'ਤੇ)**



*ਇਨਕਲਾਬੀ ਲਹਿਰ ਗੁੰਡਾਧੁਰ ਦੀ ਬਹਾਦਰੀ ਭਰੀ ਜ਼ਿੰਦਗੀ ਸਬੰਧੀ ਮੁੜ ਤੋਂ ਖੋਜ ਕਰ ਕੇ ਇਸ ਨੂੰ ਸਭਿਆਚਾਰਕ ਵਿਰਸਾ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਗੁੰਡਾਧੁਰ ਬਾਰੇ ਮੈਨੂੰ ਇਕ ਤੇਲਗੂ ਪੱਤਰਕਾਰ ਨੇ ਦੱਸਿਆ ਸੀ ਜਿਹੜਾ ਜੰਗਲ ਵਿਚ ਗੁਰੀਲਿਆਂ ਵਲੋਂ ਕਰਵਾਏ ਪ੍ਰੋਗਰਾਮ ਨੂੰ ਦੇਖਣ ਪਹੁੰਚਿਆ ਸੀ। ਜੇ ਉਹ ਨਾ ਮਿਲਿਆ ਹੁੰਦਾ ਤਾਂ ਸ਼ਾਇਦ ਮੈਂ ਗੋਂਡ ਇਤਿਹਾਸ ਦੀਆਂ ਕਹਾਣੀਆਂ ਨੂੰ ਅਣਹੋਈਆਂ ਸਮਝਣ ਲੱਗ ਪੈਂਦਾ। ਉਸ ਨੇ ਏਲਵਿਨ ਨਾਮ ਦੇ ਅੰਗਰੇਜ਼ ਖੋਜੀ ਬਾਰੇ ਵੀ ਦੱਸਿਆ ਜਿਸ ਨੇ ਗੋਂਡ ਤੇ ਹੋਰ ਕਈ ਭਾਰਤੀ ਕਬੀਲਿਆਂ ਦੇ ਜੀਵਨ ਉਤੇ ਕਈ ਕਿਤਾਬਾਂ ਲਿਖੀਆਂ ਹਨ।*

# ਯਹੂਦੀਆਂ ਦੀ ਮਾਂ

ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਦੂਜੀ ਵਿਸ਼ਵ ਜੰਗ ਵਿਚ ਜਰਮਨੀ ਦੀ ਨਾਜ਼ੀ ਸਰਕਾਰ ਨੇ ਕੋਈ ਸੱਠ ਲੱਖ ਯਹੂਦੀਆਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਸੀ। ਯਹੂਦੀਆਂ ਨੂੰ ਬੰਦੀ ਬਣਾ ਕੇ ਪਹਿਲਾਂ ਉਨ੍ਹਾਂ ਤੋਂ ਜੰਗਲ ਸਾਫ਼ ਕਰਵਾਏ ਗਏ ਤੇ ਫੇਰ ਉਨ੍ਹਾਂ ਤੋਂ ਉਨ੍ਹਾਂ ਨੂੰ ਹੀ ਮਾਰਨ ਲਈ ਮੌਤ ਦੇ ਕੈਂਪ ਬਣਵਾਏ ਗਏ। ਕੈਂਪਾਂ ਦੁਆਲੇ ਕੰਡਿਆਲੀ ਵਾੜ ਲਵਾਈ ਗਈ ਤੇ ਅੰਦਰ ਲੱਕੜ ਦੇ ਢਾਰੇ ਉਸਾਰੇ ਗਏ ਜਿਨ੍ਹਾਂ ਵਿਚ ਯਹੂਦੀਆਂ ਨੂੰ ਮਾਰਨ ਤੋਂ ਪਹਿਲਾਂ ਕੈਦ ਕੀਤਾ ਜਾਂਦਾ ਸੀ। ਉਨ੍ਹਾਂ ਕੈਂਪਾਂ ਵਿਚ ਗੈਸ ਚੈਂਬਰ ਬਣਾਏ ਗਏ ਜਿੱਥੇ ਬਹੁਤ ਸਾਰੇ ਯਹੂਦੀਆਂ ਨੂੰ ਇਕੱਠੇ ਲਿਜਾ ਕੇ ਜ਼ਹਿਰੀਲੀ ਗੈਸ

**ਗੁਰਚਰਨ ਸਿੰਘ ਜੈਤੋ**
ਫੋਨ: 331-321-1759

ਛੱਡ ਕੇ ਮਾਰ ਦਿੱਤਾ ਜਾਂਦਾ। ਲਾਸ਼ਾਂ ਸਾੜਨ ਲਈ ਵੱਡੀਆਂ ਵੱਡੀਆਂ ਭੱਠੀਆਂ ਬਣਾਈਆਂ ਗਈਆਂ ਜੋ ਦਿਨ ਰਾਤ ਚਲਦੀਆਂ ਰਹਿੰਦੀਆਂ। ਇੰਜ ਆਦਮੀ, ਔਰਤਾਂ ਅਤੇ ਬੱਚੇ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਵੱਡੀਆਂ ਭੱਠੀਆਂ 'ਚ ਸਾੜ ਦਿੱਤਾ ਜਾਂਦਾ।

ਜਦੋਂ 1939 ਵਿਚ ਦੂਜੀ ਵਿਸ਼ਵ ਜੰਗ ਸ਼ੁਰੂ ਹੋਈ ਤਾਂ ਨਾਜ਼ੀ ਜਰਮਨ ਫੌਜਾਂ ਨੇ ਗੁਆਂਢੀ ਦੇਸ਼ਾਂ 'ਤੇ ਹਮਲੇ ਕੀਤੇ। ਨਾਜ਼ੀ ਫੌਜਾਂ ਪੋਲੈਂਡ ਦੇ ਸ਼ਹਿਰ ਵਾਰਸਾ ਪਹੁੰਚ ਗਈਆਂ ਤੇ ਉਥੇ ਰਹਿੰਦੇ ਯਹੂਦੀਆਂ ਨੂੰ ਬੰਦੀ ਬਣਾਉਣਾ ਸ਼ੁਰੂ ਕਰ ਦਿਤਾ। ਨਾਜ਼ੀਆਂ ਨੇ ਸ਼ਹਿਰ ਦੇ ਇਕ ਹਿੱਸੇ ਦੀ ਘੇਰਾਬੰਦੀ ਕਰਕੇ ਚਾਰੇ ਪਾਸੇ ਲੋਹੇ ਦੇ ਗੇਟ ਲਾ ਕੇ ਯਹੂਦੀ ਬਸਤੀਆਂ ਬਣਾ ਦਿੱਤੀਆਂ। ਉਨ੍ਹਾਂ ਬਸਤੀਆਂ ਵਿਚ ਯਹੂਦੀ ਪਰਿਵਾਰਾਂ ਨੂੰ ਤਾੜ ਦਿਤਾ ਗਿਆ। ਪਰਿਵਾਰਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਦੀ ਰਸਦ ਬੰਦ ਕਰ ਦਿਤੀ ਗਈ। ਜੇ ਕੋਈ ਬਿਮਾਰ ਹੋ ਜਾਂਦਾ ਤਾਂ ਉਸ ਨੂੰ ਦਵਾਈ ਨਹੀਂ ਸੀ ਦਿਤੀ ਜਾਂਦੀ। ਬਿਮਾਰੀਆਂ ਫੈਲਣ ਲੱਗ ਪਈਆਂ ਤੇ ਲੋਕ ਬਿਮਾਰ ਹੋ ਕੇ ਮਰਨ ਲਗ ਪਏ।

ਲੋਕਾਂ ਦੀ ਬੁਰੀ ਹਾਲਤ ਦੇਖ ਕੇ ਇਕ ਨਿੱਕੀ ਜਿਹੀ ਔਰਤ ਇਰੀਨਾ ਸੈਂਡਲਰ ਨੇ ਹਿੰਮਤ ਕਰਕੇ ਆਪਣੇ ਜੀਵਨ ਦਾ ਵੱਡਾ ਫੈਸਲਾ ਕੀਤਾ। ਉਹ ਲੋਕਾਂ ਦੀ ਮਦਦ ਕਰਨ ਲਈ ਆਪਣੀ ਜਾਨ ਦਾ ਫਿਕਰ ਛੱਡ ਕੇ ਲੋਕਾਂ ਨੂੰ ਬਚਾਉਣ ਦਾ ਹਰ ਹੀਲਾ ਵਰਤਣ ਲਗ ਪਈ। ਪੋਲੈਂਡ ਦੇ ਵਾਰਸਾ ਸ਼ਹਿਰ ਵਿਚ ਉਹ 15 ਫਰਵਰੀ 1910 ਵਾਲੇ ਦਿਨ ਪੈਦਾ ਹੋਈ ਸੀ ਤੇ 98 ਸਾਲ ਦੀ ਉਮਰ ਭੋਗ ਕੇ 12 ਮਈ 2008 ਵਾਲੇ ਦਿਨ ਗੁਜ਼ਰ ਗਈ। ਜੀਵਨ ਵਿਚ ਕਈ ਕੰਮ ਉਹ ਅਜਿਹੇ ਕਰ ਗਈ ਕਿ ਸੁਣ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ!

ਇਰੀਨਾ ਛੋਟੇ ਕੱਦ ਦੀ ਪਰ ਵੱਡੇ ਦਿਲ ਵਾਲੀ ਸਮਾਜ ਸੇਵਕਾ ਸੀ, ਜਿਸ ਦੀ ਉਮਰ ਅਜੇ ਤੀਹ ਸਾਲ ਵੀ ਨਹੀਂ ਸੀ ਹੋਈ, ਜਦੋਂ ਉਹਨੇ ਇਹ ਖਤਰਨਾਕ ਕੰਮ ਸ਼ੁਰੂ ਕੀਤੇ। ਉਸ ਨੇ ਕੁਝ ਹੋਰ ਔਰਤਾਂ ਨੂੰ ਇੱਕਠਾ ਕਰਕੇ ਨਾਜ਼ੀਆਂ ਤੋਂ ਜਾਨ ਬਚਾ ਕੇ ਹਜ਼ਾਰਾਂ ਯਹੂਦੀ ਬੱਚਿਆਂ ਨੂੰ ਮੌਤ ਦੇ ਮੂੰਹੋਂ ਕੱਢ ਲਿਆਂਦਾ। ਉਸ ਨੇ ਕਈ ਔਰਤਾਂ ਤੇ ਕੁੜੀਆਂ ਨੂੰ ਆਪਣੀ ਮਦਦ ਕਰਨ ਲਈ ਪ੍ਰੇਰਿਆ। ਬਹੁਤੀਆਂ ਕੁੜੀਆਂ ਤਾਂ ਅਜੇ ਸੋਲਾਂ-ਅਠਾਰਾਂ ਸਾਲਾਂ ਦੀਆਂ ਹੀ ਸਨ। ਉਨ੍ਹਾਂ ਨੇ ਇਕੱਠੇ ਹੋ ਕੇ ਉਸ ਜ਼ਾਲਮ ਬਸਤੀ ਵਿਚੋਂ ਬੱਚਿਆਂ ਨੂੰ ਚੋਰੀ ਬਾਹਰ ਕੱਢਿਆ। ਦੁੱਧ ਪੀਂਦੇ ਬੱਚਿਆਂ ਨੂੰ ਕੂੜਾ ਢੋਣ ਵਾਲੀਆਂ ਗੱਡੀਆਂ ਵਿਚ ਤੇ ਵੱਡੇ ਬੱਚਿਆਂ ਨੂੰ ਬੋਰੀਆਂ ਵਿਚ ਲੁਕੋ ਕੇ ਸੁਰਖਿਅਤ ਥਾਂਈਂ ਪਹੁੰਚਾਇਆ। ਕੁਝ ਹੋਰ ਵੱਡੇ ਬੱਚਿਆਂ ਨੂੰ ਸ਼ਹਿਰ ਦੇ ਹੇਠਾਂ ਬਣੇ ਗੰਦੇ ਨਾਲਿਆਂ ਦੀਆਂ ਵੱਡੀਆਂ ਪਾਈਪਾਂ ਵਿਚੋਂ ਤੋਰਦਿਆਂ ਸ਼ਹਿਰ ਦੇ ਬਾਹਰ ਪਿੰਡਾਂ ਥਾਂਵਾਂ 'ਤੇ ਸੁਰਖਿਅਤ ਰਖਿਆ। ਇਨ੍ਹਾਂ ਔਰਤਾਂ ਨੇ ਬੱਚਿਆਂ ਨੂੰ ਬਚਾਉਣ ਲਈ ਕਈ ਖੁਫੀਆ ਰਾਹ ਵੀ ਲੱਭੇ ਤੇ ਨਵੇਂ ਰਾਹ ਵੀ ਬਣਾ ਲਏ। ਹਰ ਪਲ ਉਨ੍ਹਾਂ ਲਈ ਜਾਨ ਲੇਵਾ ਸੀ। ਬੱਚਿਆਂ ਦੀ ਜਾਨ ਬਚਾਉਣ ਲਈ ਉਨ੍ਹਾਂ ਨੇ ਬੱਚਿਆਂ ਲਈ ਕੈਥੋਲਿਕ ਇਸਾਈ ਧਰਮ ਦੇ ਝੂਠੇ ਸਰਟੀਫਿਕੇਟ ਵੀ ਆਪ ਬਣਾਏ ਤਾਂ ਕਿ ਜੇ ਬੱਚੇ ਫੜੇ ਵੀ ਜਾਣ ਤਾਂ ਉਨ੍ਹਾਂ ਨੂੰ ਇਸਾਈ ਸਮਝ ਕੇ ਛੱਡ ਦਿਤਾ ਜਾਵੇ। ਜਨਮ ਸਰਟੀਫਿਕੇਟਾਂ 'ਤੇ ਉਨ੍ਹਾਂ ਵੱਡੇ ਜਰਮਨ ਸਰਕਾਰੀ ਅਫਸਰਾਂ ਅਤੇ ਇਸਾਈ ਪਾਦਰੀਆਂ ਦੇ ਝੂਠੇ ਦਸਤਖਤ ਵੀ ਕੀਤੇ। ਅਜਿਹਾ ਕਰਨ ਪਿਛੋਂ ਉਹ ਬੱਚਿਆਂ ਨੂੰ ਸ਼ਹਿਰ ਤੋਂ ਬਾਹਰ ਬਣਾਏ ਯਤੀਮਖਾਨਿਆਂ ਵਿਚ ਛੱਡ ਆਉਂਦੀਆਂ।

ਉਨ੍ਹਾਂ ਔਰਤਾਂ ਦੀ ਇਹ ਯੋਜਨਾ ਬੜੀ ਖਤਰਨਾਕ ਸੀ। ਉਨ੍ਹਾਂ ਨੂੰ ਕਿਸੇ ਵੇਲੇ ਵੀ ਪਤਾ ਲਗਣ ਪਿਛੋਂ ਜਰਮਨ ਨਾਜ਼ੀ ਫੌਜੀ ਫੜ ਕੇ ਮਾਰ ਸਕਦੇ ਸਨ। ਸ਼ਹਿਰ ਵਿਚ ਤਸਕਰ, ਗੁੰਡੇ, ਲੁਟੇਰੇ ਤੇ ਧੋਖੇਬਾਜ਼ ਹਰਲ ਹਰਲ ਕਰਦੇ ਫਿਰਦੇ ਸਨ। ਖਾਸ ਕਰ ਯਹੂਦੀ ਬਸਤੀਆਂ 'ਤੇ ਹਮੇਸ਼ਾ ਉਨ੍ਹਾਂ ਦੀ ਨਜ਼ਰ ਰਹਿੰਦੀ। ਜਿਹੜੇ ਯਹੂਦੀ, ਬਸਤੀਆਂ ਵਿਚੋਂ ਨਿਕਲ ਕੇ ਬਾਹਰ ਆਉਂਦੇ, ਉਨ੍ਹਾਂ ਨੂੰ ਫੜ ਕੇ ਉਹ ਬੰਦੀ ਬਣਾ ਲੈਂਦੇ ਤੇ ਨਾਜ਼ੀਆਂ ਦੇ ਹਵਾਲੇ ਕਰਕੇ ਇਨਾਮ ਪ੍ਰਾਪਤ ਕਰਦੇ।

ਇਰੀਨਾ ਨੂੰ ਅਹਿਸਾਸ ਸੀ ਕਿ ਜੇ ਕਿਸੇ ਯਹੂਦੀ ਬੱਚੇ ਨੂੰ ਨਾਜ਼ੀ ਫੌਜੀ ਫੜ੍ਹ ਲਵੇਗਾ ਤਾਂ ਆਪਣੀ ਤਸੱਲੀ ਲਈ ਉਹ ਬੱਚੇ ਨੂੰ ਇਸਾਈ ਪ੍ਰਾਰਥਨਾ ਕਰਨ ਲਈ ਜ਼ਰੂਰ ਕਹੇਗਾ। ਜੇ ਬੱਚਾ ਪ੍ਰਾਰਥਨਾ ਨਹੀਂ ਕਰ ਸਕੇਗਾ ਤਾਂ ਬੱਚੇ ਦੀ ਜਾਨ ਖਤਰੇ ਵਿਚ ਪੈ ਜਾਵੇਗੀ। ਇਸ ਲਈ ਪਹਿਲਾਂ ਉਹ ਬੱਚਿਆਂ ਦੇ ਨਾਂ ਬਦਲ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਨਵੇਂ ਇਸਾਈ ਨਾਂ ਯਾਦ ਕਰਵਾਉਂਦੀ ਤੇ ਫੇਰ ਇਸਾਈ ਪ੍ਰਾਰਥਨਾ ਯਾਦ ਕਰਵਾਉਂਦੀ। ਰਾਤਾਂ ਨੂੰ ਜਾ ਕੇ ਇਰੀਨਾ ਦੀਆਂ ਸਾਥਣਾਂ ਬੱਚਿਆਂ ਨੂੰ ਪ੍ਰਾਰਥਨਾ ਯਾਦ ਕਰਵਾਉਂਦੀਆਂ ਤੇ ਉਨ੍ਹਾਂ ਨੂੰ ਇਹ ਵੀ ਸਿਖਾਉਂਦੀਆਂ ਕਿ ਜੇ ਉਹ ਗਿਰਜੇ ਵਿਚ ਲਿਜਾਏ ਜਾਣ ਤਾਂ ਉਥੇ ਜਾ ਕੇ ਕੀ ਕੀ ਤੇ ਕਿਵੇਂ ਕਰਨਗੇ ਅਤੇ ਕਿਹੋ ਜਿਹਾ ਵਰਤਾਰਾ ਕਰਨਾ ਜ਼ਰੂਰੀ ਹੋਵੇਗਾ।

ਇਕ ਬੱਚੇ ਨੇ ਵੱਡਾ ਹੋਣ ਮਗਰੋਂ ਦਸਿਆ ਕਿ ਕਿਵੇਂ ਉਹ ਔਰਤਾਂ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਕੇ ਸਾਰਾ ਕੁਝ ਸਿਖਾਉਂਦੀਆਂ ਸਨ ਤਾਂ ਕਿ ਉਨ੍ਹਾਂ ਦੀ ਜਾਨ ਬਚ ਸਕੇ। ਬੱਚਿਆਂ ਨੂੰ ਇਹ ਵੀ ਸਿਖਾਇਆ ਜਾਂਦਾ ਕਿ ਜੇ ਬਸਤੀ 'ਚ ਨਾਜ਼ੀ ਫੌਜਾਂ ਆ ਜਾਣ ਤਾਂ ਉਨ੍ਹਾਂ ਨੇ ਭੱਜ ਕੇ ਲੁਕਣਾ ਕਿਥੇ ਹੈ। "ਮੈਂ ਤਾਂ ਝੱਟ ਭੱਜ ਕੇ ਪੜਛੱਤੀ 'ਚ ਬਣੀ ਛੋਟੀ ਲੱਕੜ ਦੀ ਅਲਮਾਰੀ ਵਿਚ ਲੁਕ ਜਾਇਆ ਕਰਦਾ ਸਾਂ।"



*ਇਰੀਨਾ ਸੈਂਡਲਰ*

ਵਿਲੀਅਮ ਡੋਨਾਟ ਨਾਂ ਦਾ ਮੁੰਡਾ ਉਨ੍ਹਾਂ ਮੁਸੀਬਤਾਂ ਤੋਂ ਬਚਦਾ ਬਚਾਉਂਦਾ ਨਿਊ ਯਾਰਕ ਪਹੁੰਚ ਕੇ ਇਕ ਕਾਮਯਾਬ ਵਪਾਰੀ ਬਣ ਗਿਆ ਸੀ। ਉਸ ਨੇ ਦੱਸਿਆ ਕਿ ਉਸ ਨੂੰ ਜਦੋਂ ਇਸਾਈ ਬਣਾਇਆ ਗਿਆ ਤਾਂ ਉਹ ਹਰ ਵੇਲੇ ਪਰਵਰਦਿਗਾਰ ਨੂੰ ਯਾਦ ਕਰਕੇ ਪ੍ਰਾਰਥਨਾ ਕਰਦਾ ਰਹਿੰਦਾ। ਜੇ ਕੋਈ ਉਸ ਨੂੰ ਰੋਟੀ ਦੀ ਇਕ ਬੁਰਕੀ ਵੀ ਦਿੰਦਾ ਤਾਂ ਉਸ ਦੇ ਹੱਥ ਪ੍ਰਾਰਥਨਾ ਲਈ ਆਪਣੇ ਆਪ ਜੁੜ ਜਾਂਦੇ ਤੇ ਉਹ ਇਸਾਈਆਂ ਵਾਲੀ ਪ੍ਰਾਰਥਨਾ ਕਰਨ ਲਗ ਪੈਂਦਾ! ਉਸ ਨੇ ਕਿਹਾ ਕਿ ਉਹ ਜੀਸਸ ਅਗੇ ਆਪਣੇ ਪਾਪ ਬਖਸ਼ਾਉਣ ਲਈ ਦਿਨ ਵਿਚ ਕਈ ਵਾਰ ਪ੍ਰਾਰਥਨਾ ਇਹ ਕਹਿ ਕੇ ਕਰਿਆ ਕਰਦਾ ਸੀ ਉਸ ਨੂੰ ਯਹੂਦੀ ਹੀ ਕਿਉਂ ਪੈਦਾ ਕੀਤਾ ਗਿਆ! ਕੀ ਅਣਆਈ ਮੌਤ ਯਹੂਦੀਆਂ ਦੇ ਹਿੱਸੇ ਹੀ ਆਈ ਸੀ? ਕੀ ਉਹ ਇਨਸਾਨ ਨਹੀਂ ਸਨ?

ਇਰੀਨਾ ਤੇ ਉਹਦੀਆਂ ਸਾਥਣਾਂ ਬਚਾਏ ਗਏ ਬੱਚਿਆਂ ਦੇ ਪੂਰੇ ਵੇਰਵੇ ਗੁਪਤ ਤਰੀਕੇ ਨਾਲ ਇਕ ਸੂਚੀ ਵਿਚ ਨੋਟ ਕਰਕੇ ਰਖਦੀਆਂ। ਬੱਚਿਆਂ ਦੇ ਯਹੂਦੀ ਨਾਂਵਾਂ ਦੀ ਸੂਚੀ ਇਸ ਲਈ ਤਿਆਰ ਕੀਤੀ ਜਾਂਦੀ ਤਾਂ ਕਿ ਅਰਸੇ ਪਿਛੋਂ, ਕਦੇ ਲੜਾਈ ਖਤਮ ਹੋਣ ਪਿਛੋਂ ਜੇ ਉਹ ਬੱਚੇ ਆਪਣੇ ਮਾਂ ਪਿਓ ਨੂੰ ਮਿਲ ਜਾਣ ਤਾਂ ਇਹ ਸੂਚੀ ਇਕ ਦਸਤਾਵੇਜ਼ੀ ਸਬੂਤ ਵਜੋਂ ਕੰਮ ਕਰੇਗੀ। ਡੋਨਾਟ ਨਾਂ ਦੇ ਬੱਚੇ ਦੇ ਮਾਂ ਪਿਓ ਖੁਸ਼ਕਿਸਮਤੀ ਨਾਲ ਨਾਜ਼ੀਆਂ ਹੱਥੋਂ ਬਚ ਨਿਕਲੇ ਸਨ। ਇੰਜ ਇਸ ਪਰਿਵਾਰ ਦੀਆਂ ਖੁਸ਼ੀਆਂ ਕਈ ਦਹਾਕਿਆਂ ਪਿੱਛੋਂ ਪਰਤ ਆਈਆਂ ਸਨ।

1942 ਵਿਚ ਹਾਲਾਤ ਬਹੁਤ ਵਿਗੜ ਗਏ। ਹਰ ਰੋਜ਼ ਹਜ਼ਾਰਾਂ ਯਹੂਦੀ ਇਕੱਠੇ ਕਰਕੇ ਟਰੇਬਲਿੰਕਾ ਨਾਂ ਦੇ ਕੈਂਪ ਵਿਚ ਲਿਜਾ ਕੇ ਮਾਰ ਦਿੱਤੇ ਜਾਂਦੇ ਸਨ। ਇਹ ਕੈਂਪ ਵਾਰਸਾ ਤੋਂ ਕੁਝ ਮੀਲ ਦੂਰ ਸੀ। ਇਹ ਹਾਲਾਤ ਦੇਖਦਿਆਂ ਸੈਂਡਲਰ ਤੇ ਉਹਦੀਆਂ ਸਾਥਣਾਂ ਨੇ ਯਹੂਦੀ ਮਾਪਿਆਂ ਨੂੰ ਆਪਣੇ ਬੱਚੇ ਉਨ੍ਹਾਂ ਦੇ ਹਵਾਲੇ ਕਰਨ ਲਈ ਕਹਿਣਾ ਤੇ ਮਨਾਉਣਾ ਸ਼ੁਰੂ ਕੀਤਾ। ਜਦੋਂ ਸੈਂਡਲਰ ਮਾਪਿਆਂ ਨੂੰ ਆਪਣੇ ਬੱਚੇ ਦੇਣ ਲਈ ਕਹਿੰਦੀ ਤਾਂ ਅਜਿਹਾ ਸੋਗਮਈ ਮਾਹੌਲ ਬਣ ਜਾਂਦਾ ਕਿ ਦਿਲ ਦਹਿਲ ਜਾਂਦੇ। ਇਨ੍ਹਾਂ ਹਾਦਸਿਆਂ ਬਾਰੇ ਸੈਂਡਲਰ ਨੂੰ ਮਗਰੋਂ ਜਾ ਕੇ ਸੱਠ ਸਾਲ ਤਕ ਵੀ ਡਰਾਉਣੇ ਸੁਪਨੇ ਆਉਂਦੇ ਰਹੇ। ਉਹ ਰਾਤਾਂ ਨੂੰ ਉਭੜਵਾਹੇ ਉਠ ਕੇ ਬਹਿ ਜਾਂਦੀ ਤੇ ਆਪਣੀਆਂ ਅੱਖਾਂ ਵਿਚ ਆਏ ਅੱਥਰੂ ਪੂੰਝਦੀ ਰਹਿੰਦੀ। ਬਹੁਤੇ ਮਾਂ ਪਿਓ ਕਿਸੇ ਵੀ ਹਾਲਤ ਵਿਚ ਆਪਣੇ ਬੱਚੇ ਉਸ ਦੇ ਹਵਾਲੇ ਕਰਨ ਲਈ ਤਿਆਰ ਨਹੀਂ ਸਨ ਹੁੰਦੇ। ਉਨ੍ਹਾਂ ਦਾ ਸਭ ਤੋਂ ਪਹਿਲਾ ਸਵਾਲ ਇਹੋ ਹੁੰਦਾ, ਕੀ ਭਰੋਸਾ ਸੀ ਕਿ ਬੱਚੇ ਜਿਉਂਦੇ ਰਹਿਣਗੇ? ਸੈਂਡਲਰ ਜਵਾਬ ਦਿੰਦੀ ਕਿ ਇਸ ਦਾ ਕੋਈ ਭਰੋਸਾ ਨਹੀਂ ਸੀ ਤੇ ਉਹ ਕਹਿੰਦੀ ਕਿ ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਹੁਣੇ ਮੈਂ ਇਸ ਬਸਤੀ ਵਿਚੋਂ ਜਿਉਂਦੀ ਜਾਗਦੀ ਅਜ ਘਰ ਵਾਪਸ ਪਰਤਾਂਗੀ ਵੀ ਕਿ ਨਹੀਂ!

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਰੀਨਾ ਤੇ ਉਹਦੀਆਂ ਸਾਥਣਾਂ ਯਹੂਦੀਆਂ ਦੀ ਮਦਦ ਕਰਕੇ ਬੜੇ ਖਤਰਨਾਕ ਕੰਮ ਕਰ ਰਹੀਆਂ ਸਨ। ਇਕ ਥਾਂ ਤੋਂ ਦੂਜੇ ਥਾਂ ਹਥਿਆਰ ਲੈ ਕੇ ਜਾਣ, ਤਹਿਖਾਨਿਆਂ ਵਿਚ ਲੁਕ ਕੇ ਨਾਜ਼ੀਆਂ ਦੇ ਵਿਰੋਧ ਵਿਚ ਇਸ਼ਤਿਹਾਰ ਛਾਪਣ, ਜਰਮਨਾਂ ਦੇ ਵਿਰੋਧ ਵਿਚ ਸਕੀਮਾਂ ਘੜਨ ਵਗੈਰਾ ਨੂੰ ਏਨਾ ਖਤਰਨਾਕ ਨਹੀਂ ਸੀ ਸਮਝਿਆ ਜਾਂਦਾ ਜਿੰਨਾ ਕਿਸੇ ਯਹੂਦੀ ਨੂੰ ਲੁਕੋਣਾ ਜਾਂ ਉਸ ਦੀ ਮਦਦ ਕਰਨਾ! ਕਿਸੇ ਦੇ ਘਰ ਵਿਚ ਯਹੂਦੀ ਦਾ ਹੋਣਾ ਇਕ ਟਾਈਮ ਬੰਬ ਵਾਂਗ ਸੀ। ਪਤਾ ਨਹੀਂ ਕਿਹੜੇ ਵੇਲੇ ਨਾਜ਼ੀ ਪੁਲਿਸ ਛਾਪਾ ਮਾਰ ਕੇ ਫੜ ਲਵੇ ਤੇ ਉਸੇ ਵੇਲੇ ਸਭ ਨੂੰ ਉਥੇ ਹੀ ਗੋਲੀ ਮਾਰ ਦੇਵੇ! ਉਹ ਤਾਂ ਸਾਰੇ ਟੱਬਰ ਨੂੰ ਤੇ ਉਸ ਯਹੂਦੀ ਨੂੰ ਗੋਲੀ ਮਾਰਨ ਵਿਚ ਕੋਈ ਦੇਰ ਨਹੀਂ ਸਨ ਕਰਦੇ। ਇਰੀਨਾ ਦੀ ਇਕ ਸਾਥਣ ਨੇ ਇਕ ਵਾਰੀ ਇਕ ਛੋਟੇ ਬੱਚੇ ਨੂੰ ਜਦੋਂ ਬਚਾਉਣਾ ਚਾਹਿਆ ਤਾਂ ਉਸ ਨੂੰ ਮੌਤ ਕੁਝ ਸਕਿੰਟ ਦੂਰ ਖੜ੍ਹੀ ਮਿਲੀ। ਉਸ ਨੇ ਕਿਹਾ, "ਗਲੀ ਤਾਂ ਬੰਦ ਸੀ ਸੋ ਮੈਂ ਸੋਚਿਆ ਕਿ ਲੋਹੇ ਦੇ ਗੇਟ ਵਿਚੋਂ ਲੰਘ ਜਾਵਾਂਗੀ, ਜਿਹੜਾ ਮੇਰੇ ਸਾਹਮਣੇ ਬੰਦ ਹੋਣ ਹੀ ਵਾਲਾ ਸੀ। ਬੱਚਾ ਮੈਂ ਕੁੱਛੜ ਵਿਚ ਲੁਕੋਇਆ ਹੋਇਆ ਸੀ। ਮੈਂ ਭੱਜ ਕੇ ਜਿਉਂ ਹੀ ਗੇਟ ਦੇ ਬਾਹਰ ਨਿਕਲੀ ਤਾਂ ਉਹ ਬੰਦ ਹੋ ਗਿਆ। ਕੁਝ ਸਕਿੰਟਾਂ ਦੀ ਦੇਰੀ ਮੇਰੇ ਲਈ ਤੇ ਬੱਚੇ ਲਈ ਜਾਨ ਲੇਵਾ ਸਾਬਤ ਹੋ ਸਕਦੀ ਸੀ।"

ਸੈਂਡਲਰ ਨੂੰ ਅੱਜ ਵੀ ਉਹ ਗੱਲਾਂ ਇੰਜ ਯਾਦ ਸਨ ਜਿਵੇਂ ਕੱਲ੍ਹ ਵਾਪਰੀਆਂ ਹੋਣ ਕਿ ਕਿਵੇਂ ਇਕ ਦਿਨ ਜਰਮਨ ਫੌਜੀ ਅਚਾਨਕ ਉਹਦੇ ਘਰ ਵੜ ਆਏ ਸਨ। ਉਹ 20 ਅਕਤੂਬਰ 1943 ਦਾ ਦਿਨ ਸੀ। ਉਹ ਯਹੂਦੀ ਬੱਚਿਆਂ ਦੀ ਲਿਸਟ ਲੁਕੋਣਾ ਚਾਹੁੰਦੀ ਸੀ ਜਿਸ ਵਿਚ ਉਨ੍ਹਾਂ ਦੇ ਯਹੂਦੀ ਨਾਂ ਦਰਜ ਸਨ। ਉਹਨੇ ਜਦੋਂ ਖਿੜਕੀ 'ਚੋਂ ਦੇਖਿਆ ਤਾਂ ਦੋ ਜਰਮਨ ਸਿਪਾਹੀ ਗਲੀ ਵਿਚੋਂ ਲੰਘ ਰਹੇ ਸਨ, ਤੇ ਕਈ ਫੌਜੀ ਉਹਦੇ ਘਰ ਦੀਆਂ ਪੌੜੀਆਂ ਚੜ੍ਹਦੇ ਆ ਰਹੇ ਸਨ। ਐਨ ਅਖੀਰਲੇ ਪਲ ਉਹਨੇ ਉਹ ਲਿਸਟ ਆਪਣੀ ਸਾਥਣ ਨੂੰ ਦਿੱਤੀ ਜਿਸ ਨੇ ਉਸ ਨੂੰ ਆਪਣੀ ਬੁੱਕਲ ਵਿਚ ਲੁਕੋ ਲਿਆ। ਨਾਜ਼ੀ ਫੌਜੀ ਇਰੀਨਾ ਨੂੰ ਫੜ ਕੇ ਪੈਵੀਐਕ ਜੇਲ੍ਹ ਵਿਚ ਲੈ ਗਏ। ਫੌਜੀਆਂ ਨੇ ਉਸ ਤੋਂ ਉਸ ਦੇ ਕੰਮਾਂ ਤੇ ਸਾਥੀਆਂ ਬਾਰੇ ਪੁੱਛਗਿੱਛ ਕੀਤੀ, ਪਰ ਇਰੀਨਾ ਨੇ ਕੁਝ ਵੀ ਦਸਣ ਤੋਂ ਨਾਂਹ ਕਰ ਦਿੱਤੀ। ਉਸ ਉਤੇ ਬਹੁਤ ਤਸ਼ੱਦਦ ਕੀਤਾ ਗਿਆ। ਜਦੋਂ ਉਸ ਨੂੰ ਮਾਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੇ ਸਾਥੀਆਂ ਨੇ ਫੌਜੀਆਂ ਨੂੰ ਰਿਸ਼ਵਤ ਦੇ ਕੇ ਛੁਡਾ ਲਿਆ ਤੇ ਉਹਦੀ ਜਾਨ ਬਚਾ ਲਈ।

ਇਰੀਨਾ ਤੇ ਉਹਦੇ ਸਾਥੀਆਂ ਨੇ ਆਪਣਾ ਕੰਮ ਜਾਰੀ ਰਖਿਆ। ਪੋਲੈਂਡ ਵਿਚ ਨਾਜ਼ੀ ਵਿਰੋਧੀ ਸੰਸਥਾਵਾਂ ਤੇ ਯਤੀਮਖਾਨੇ ਉਨ੍ਹਾਂ ਦੀ ਮਦਦ ਕਰਦੇ ਰਹੇ। ਉਨ੍ਹਾਂ ਨੇ 2500 ਯਹੂਦੀ ਬੱਚਿਆਂ ਦੀ ਜਾਨ ਬਚਾਈ। ਦੂਜੀ ਵਿਸ਼ਵ ਜੰਗ ਖਤਮ ਹੋਈ ਤਾਂ ਪੋਲੈਂਡ 'ਤੇ ਕਮਿਊਨਿਸਟਾਂ ਨੇ ਕਬਜ਼ਾ ਕਰ ਲਿਆ ਤੇ ਦਹਾਕਿਆਂ ਬੱਧੀ ਉਥੋਂ ਸੈਂਡਲਰ ਦੀ ਕੋਈ ਖਬਰ ਬਾਹਰ ਨਾ ਆਈ। ਅਮਰੀਕਾ ਤੋਂ ਕੁਝ ਪੱਤਰਕਾਰਾਂ ਨੇ ਸੈਂਡਲਰ ਨੂੰ ਲੱਭ ਕੇ ਉਸ ਨਾਲ ਮੁਲਾਕਾਤ ਕੀਤੀ ਤੇ ਉਸ ਦੀਆਂ ਗੱਲਾਂ ਰਿਕਾਰਡ ਕੀਤੀਆਂ। ਉਸ ਦੀ ਇੰਟਰਵਿਊ ਦੀਆਂ ਫਿਲਮਾਂ ਵੀ ਬਣੀਆਂ।

ਸੈਂਡਲਰ ਦੇ ਜੀਵਨ ਦਾ ਨਿਰਮਲ ਵਿਸਥਾਰ ਤੇ ਉਸ ਦੇ ਕੀਤੇ ਕੰਮ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਮਨੁਖ ਵਿਚ ਨੈਤਿਕ ਚੰਗਿਆਈ ਦੀ ਕੋਈ ਸੀਮਾ ਨਹੀਂ! ਜਦੋਂ ਕੋਈ ਨੈਤਿਕਤਾ ਦੀਆਂ ਬੁਲੰਦੀਆਂ ਛੂਹਣਾ ਚਾਹੇ ਤਾਂ ਜਾਨ ਦੀ ਪਰਵਾਹ ਨਹੀਂ ਕਰਦਾ ਤੇ ਇਕ ਅਜਿਹਾ ਇਤਿਹਾਸ ਸਿਰਜ ਜਾਂਦਾ ਹੈ ਜਿਸ ਨੂੰ ਯਾਦ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਸਬਕ ਲੈਂਦੀਆਂ ਰਹਿੰਦੀਆਂ ਹਨ। ਸੈਂਡਲਰ ਵੀ ਇਕ ਅਜਿਹਾ ਇਤਿਹਾਸ ਸਿਰਜ ਗਈ!

# ਜੰਗਲਨਾਮਾ

*(ਪਿਛਲੇ ਸਫੇ ਦੀ ਬਾਕੀ)*

ਰਹੀ। ਅਜੇ ਵੀ ਕੁਝ ਕਲਾਕਾਰ ਧੂਣੀ ਦੁਆਲੇ ਬੈਠੇ ਗਾ ਰਹੇ ਸਨ। ਸੌਣ ਦਾ ਵਕਤ ਹੋ ਚੁੱਕਾ ਸੀ। ਅੱਖਾਂ ਨੀਂਦ ਨਾਲ ਭਾਰੀਆਂ ਹੋਣ ਲੱਗੀਆਂ ਤਾਂ ਰਾਜੂ ਬੋਲ ਪਿਆ, "ਤੁਸੀਂ ਰੇਲ ਗੱਡੀ ਦੇਖੀ ਹੈ?"

"ਹਾਂ।"

"ਤੇ ਬੱਸ?"

"ਉਹ ਵੀ ਦੇਖੀ ਹੈ।"

"ਮੈਂ ਨਹੀਂ ਦੇਖੀ।" ਰਾਜੂ ਨੂੰ ਇਹ ਖਿਆਲ ਤੱਕ ਨਹੀਂ ਸੀ ਕਿ ਮੈਂ ਇਨ੍ਹਾਂ ਰਾਹੀਂ ਸਫ਼ਰ ਕਰ ਕੇ ਹੀ ਉਸ ਤੱਕ ਪਹੁੰਚਿਆ ਸਾਂ।

"ਲੋਹਾ ਕਹਿੰਦੇ ਨੇ ਜ਼ਮੀਨ ਵਿਚੋਂ ਨਿਕਲਦਾ ਹੈ। ਤੇ ਪੈਸੇ? ਕੀ ਉਹ ਵੀ ਜ਼ਮੀਨ ਵਿਚੋਂ ਹੀ ਨਿਕਲਦੇ ਨੇ?"

"ਨਹੀਂ। ਉਹ ਬਣਾਏ ਜਾਂਦੇ ਨੇ।"

"ਕਾਹਦੇ ਨਾਲ?"

"ਲੋਹੇ ਤੋਂ ਲੋਹੇ ਦੀਆਂ ਮਸ਼ੀਨਾਂ ਨਾਲ।"

"... ਤੇ ਇਹ ਐਨਕ?"

"ਇਹ ਵੀ ਮਸ਼ੀਨ ਨਾਲ ਬਣਦੀ ਹੈ।"

"ਮਸ਼ੀਨਾਂ ਹਰ ਚੀਜ਼ ਬਣਾ ਸਕਦੀਆਂ ਨੇ?" ਉਹ ਫਿਰ ਪੁੱਛਦਾ ਹੈ।

"ਤਕਰੀਬਨ ਹਰ ਚੀਜ਼।"

"ਕੱਪੜਾ ਵੀ?"

"ਹਾਂ, ਰੂੰ ਤੋਂ।"

"ਤੇ ਇਹ ਸਾਰਾ ਲੋਹਾ ਬਸਤਰ ਵਿਚੋਂ ਨਿਕਲਦਾ ਹੈ?"

"ਹਾਂ, ਬਹੁਤ ਸਾਰਾ।"

"ਤੁਸੀਂ ਕਹਿੰਦੇ ਹੋ ਲੋਹਾ ਸਾਡਾ ਹੈ! ਆਦਿਵਾਸੀਆਂ ਦਾ।"

"ਕਿਉਂਕਿ ਤੁਹਾਡੀ ਜ਼ਮੀਨ 'ਚੋਂ ਨਿਕਲਦਾ ਹੈ।"

"ਹੂੰ...ਅ।" ਕਹਿ ਕੇ ਰਾਜੂ ਲੰਬੀ ਚੁੱਪ ਵਿਚ ਚਲਾ ਜਾਂਦਾ ਹੈ। ਸ਼ਾਇਦ, ਸੌਂ ਗਿਆ ਹੈ। ਮੈਂ ਉਠ ਕੇ ਅੱਗ 'ਚ ਹੋਰ ਲੱਕੜਾਂ ਡਾਹੁੰਦਾ ਹਾਂ। ਰਾਤ ਠੰਢੀ ਹੋ ਰਹੀ ਹੈ। ਸਭ ਪਾਸੇ ਚੁੱਪ ਪਸਰੀ ਹੋਈ ਹੈ। ਮੈਂ ਆਪਣੀਆਂ ਸੋਚਾਂ ਵਿਚ ਗਵਾਚ ਜਾਂਦਾ ਹਾਂ।

ਆਦਿਵਾਸੀ ਲੋਕ ਰਾਤ ਨੂੰ ਜਲਦੀ ਸੌਂ ਜਾਣ ਦਾ ਆਹਰ ਕਰਦੇ ਹਨ। ਘਰਾਂ ਵਿਚ ਦੀਵੇ ਨਹੀਂ ਬਾਲਦੇ। ਜਦ ਸ਼ਾਮ ਢਲਣ ਲਗਦੀ ਹੈ ਤਾਂ ਉਹ ਖਾਣਾ ਖਾ ਲੈਂਦੇ ਹਨ। ਜਿਵੇਂ ਪੰਛੀ ਸ਼ਾਮ ਢਲੇ ਆਲ੍ਹਣਿਆਂ ਵਿਚ ਪਹੁੰਚ ਜਾਂਦੇ ਹਨ ਅਤੇ ਸੁਬਹ ਦੀ ਰੌਸ਼ਨੀ ਦੇ ਫੁੱਟਣ ਉਤੇ ਚਹਿਚਹਾਉਣਾ ਸ਼ੁਰੂ ਕਰ ਦਿੰਦੇ ਹਨ, ਉਹੀ ਤਰੀਕਾ ਆਦਿਵਾਸੀਆਂ ਦਾ ਹੈ। ਸਮੇਂ ਦਾ ਮਾਪ ਦਿਨ, ਰਾਤ, ਸਵੇਰ, ਸ਼ਾਮ ਅਤੇ ਦੁਪਹਿਰ ਵਿਚ ਹੀ ਵੰਡਿਆ ਹੋਇਆ ਹੈ। ਘੜੀਆਂ, ਪਲਾਂ ਦਾ ਹਿਸਾਬ ਉਹ ਨਹੀਂ ਰੱਖਦੇ। ਵਕਤ ਨੂੰ ਛੋਟੇ ਟੁਕੜਿਆਂ ਵਿਚ ਵੰਡਣ ਦੀ ਉਨ੍ਹਾਂ ਨੂੰ ਜ਼ਰੂਰਤ ਨਹੀਂ ਪੈਂਦੀ। ਇਸੇ ਤਰ੍ਹਾਂ ਉਹ ਸਾਲਾਂ ਤੇ ਦਹਾਕਿਆਂ ਦਾ ਹਿਸਾਬ ਨਹੀਂ ਰੱਖਦੇ। ਇਹ ਪੈਮਾਨੇ ਉਨ੍ਹਾਂ ਵਾਸਤੇ ਬਹੁਤ ਵੱਡੇ ਹਨ ਜਿਨ੍ਹਾਂ ਦੀ ਕੋਈ ਤੁਕ ਨਹੀਂ। ਉਨ੍ਹਾਂ ਦੀ ਜੀਵਨ ਗਤੀ ਨੂੰ ਜਾਂ ਕੇਵਲ ਰੁੱਤਾਂ ਤੈਅ ਕਰਦੀਆਂ ਹਨ ਜਾਂ ਰੋਜ਼-ਬ-ਰੋਜ਼ ਦਾ ਸੁਬਹ ਤੋਂ ਰਾਤ ਤੱਕ ਦਾ ਕੰਮ। ਇਸੇ ਲਈ ਉਨ੍ਹਾਂ ਕੋਲ ਰੁੱਤਾਂ ਦੇ ਗੀਤ ਹਨ। ਬਹਾਰ, ਠੰਢ, ਗਰਮੀ ਤੇ ਬਰਸਾਤ ਦੇ। ਉਨ੍ਹਾਂ ਦੇ ਤਿਓਹਾਰ ਵੀ ਸਥਾਨਕ ਹਨ ਅਤੇ ਫ਼ਸਲਾਂ ਦੇ ਬੀਜਣ ਵੱਢਣ ਨਾਲ ਸਬੰਧ ਰੱਖਦੇ ਹਨ। ਦੀਵਾਲੀ ਦੇ ਦਿਨ ਮੈਂ ਉਨ੍ਹਾਂ ਦਰਮਿਆਨ ਸਾਂ। ਉਹ ਦਿਨ ਪਤਾ ਹੀ ਨਹੀਂ ਲੱਗਾ ਕਿ ਕਦੋਂ ਆਇਆ ਤੇ ਕਦ ਚਲਾ ਗਿਆ। ਦੀਵਾਲੀ ਦੁਸਹਿਰਾ ਉਨ੍ਹਾਂ ਦੇ ਤਿਓਹਾਰਾਂ ਵਿਚ ਸ਼ਾਮਲ ਨਹੀਂ। ਜਿਥੇ ਘਰਾਂ ਵਿਚ ਦੀਵਾ ਵੀ ਕਦੇ ਨਹੀਂ ਬਲਦਾ, ਉਥੇ ਦੀਵਾਲੀ ਦੀ ਕੋਈ ਤੁਕ ਨਹੀਂ ਬਣਦੀ। ਨਾ ਉਨ੍ਹਾਂ ਨੂੰ ਕਿਸੇ ਰਾਮ ਦਾ ਪਤਾ ਹੈ, ਨਾ ਰਾਮਾਇਣ ਦਾ। ਚੱਲਦਿਆਂ ਹੋਇਆਂ ਮੈਂ ਉਨ੍ਹਾਂ ਦੇ ਮੜ੍ਹੀ-ਮਸਾਣ ਤੇ ਕਬਰਿਸਤਾਨ ਵੀ ਦੇਖੇ। ਉਹ ਆਪਣੇ ਮੁਰਦਿਆਂ ਨੂੰ ਦਬਾਉਂਦੇ ਵੀ ਹਨ, ਜਲਾਉਂਦੇ ਵੀ ਹਨ। ਹਰ ਕਿਸੇ ਦੀ ਮੜ੍ਹੀ ਜਾਂ ਕਬਰ ਉਤੇ ਪੱਥਰ ਰੱਖ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਮਰਨ ਵਾਲੇ ਦਾ ਭਾਂਡਾ-ਟੀਂਡਾ। ਕਬਰਾਂ ਉਤੇ ਕਦੇ ਦੀਵੇ ਨਹੀਂ ਬਾਲੇ ਜਾਂਦੇ। ਜਿਥੇ ਘਰਾਂ ਵਿਚ ਵੀ ਦੀਵੇ ਨਾ ਬਲਦੇ ਹੋਣ, ਉਥੇ ਕਬਰਾਂ ਉਤੇ ਦੀਵੇ ਬਾਲਣਾ ਬੇਥਵ੍ਹੀ ਗੱਲ ਹੋਵੇਗੀ।

"ਈਸ਼ਵਰ ਭਾਈ?"

"ਤੂੰ ਸੁੱਤਾ ਨਹੀਂ ਅਜੇ ਰਾਜੂ!" ਐਨੀ ਦੇਰ ਬਾਅਦ ਰਾਜੂ ਦੇ ਬੋਲ ਉਠਣ ਉਤੇ ਮੈਂ ਹੈਰਾਨ ਹੁੰਦਾ ਹਾਂ।

"ਇਹ ਤਾਰੇ ਕਿਥੇ ਟਿਕੇ ਹੋਏ ਨੇ?" ਰਾਜੂ ਹੁਣ ਬੱਚਿਆਂ ਵਾਂਗ ਤਰ੍ਹਾਂ ਤਰ੍ਹਾਂ ਦੇ ਸਵਾਲ ਕਰੇਗਾ ਜਿਨ੍ਹਾਂ ਦਾ ਜਵਾਬ ਦੇਣਾ ਮੇਰੇ ਵਾਸਤੇ ਮੁਸ਼ਕਿਲ ਹੁੰਦਾ ਜਾਵੇਗਾ। ਉਸ ਦਾ ਜਵਾਬ ਦੇਣ ਦੀ ਬਜਾਏ ਮੈਂ ਉਸ ਨੂੰ ਹੀ ਸਵਾਲ ਕਰ ਦਿੰਦਾ ਹਾਂ।

"ਤੁਹਾਡੀ ਬੋਲੀ ਵਿਚ ਤਾਰੇ ਨੂੰ ਕੀ ਕਹਿੰਦੇ ਨੇ?"

"ਵਿਜੁੱਕਾ।"

ਪਰ ਰਾਜੂ ਫਿਰ ਆਪਣਾ ਸਵਾਲ ਦੁਹਰਾਉਂਦਾ ਹੈ ਅਤੇ ਕਈ ਕੁਝ ਹੋਰ ਪੁੱਛਦਾ ਹੈ। ਤਾਰੇ, ਸੂਰਜ, ਧਰਤੀ, ਚੰਦਰਮਾ ਬਾਰੇ ਮੈਂ ਉਹਨੂੰ ਜੋ ਕੁਝ ਦੱਸ ਸਕਦਾ ਹਾਂ, ਦੱਸ ਦਿੰਦਾ ਹਾਂ।

ਮੈਂ ਸੋਚਦਾ ਹਾਂ ਕਿ ਗੋਂਡ ਲੋਕਾਂ ਵਿਚ ਕਹਾਣੀਆਂ ਦਾ ਕੋਈ ਵਿਰਸਾ ਜ਼ਰੂਰ ਹੋਵੇਗਾ, ਪਰ ਰਾਜੂ ਨੂੰ ਅਜਿਹੀ ਕਿਸੇ ਕਹਾਣੀ ਦਾ ਪਤਾ ਨਹੀਂ ਹੈ ਜਿਹੜੀ ਉਸ ਨੇ ਦੂਸਰਿਆਂ ਤੋਂ ਸੁਣੀ ਹੋਈ ਹੋਵੇ। ਉਸ ਨੇ ਕਦੇ ਕੋਈ ਕਹਾਣੀ ਸੁਣੀ ਹੀ ਨਹੀਂ ਸੀ। ਮੈਂ ਹੋਰਨਾਂ ਤੋਂ ਵੀ ਪਤਾ ਕੀਤਾ ਪਰ ਕੋਈ ਦਾਦਾ, ਦਾਦੀ, ਨਾਨਾ, ਨਾਨੀ ਅਜਿਹੇ ਨਹੀਂ ਸਨ ਜਿਹੜੇ ਬੱਚਿਆਂ ਨੂੰ ਕਹਾਣੀਆਂ ਸੁਣਾਉਂਦੇ ਹੋਣ। ਦੱਖਣ ਬਸਤਰ ਦੇ ਆਦਿਵਾਸੀਆਂ ਕੋਲ ਗੀਤਾਂ ਦਾ ਵਿਰਸਾ ਹੈ। ਸ਼ਾਇਦ ਕਿਤੇ ਕਹਾਣੀਆਂ ਵੀ ਪ੍ਰਚੱਲਤ ਹੋਣ ਪਰ ਰਾਜੂ ਤੇ ਉਸ ਦੇ ਸਾਥੀ ਨੌਜਵਾਨਾਂ ਨੂੰ ਇਸ ਬਾਰੇ ਕੋਈ ਗਿਆਨ ਨਹੀਂ ਸੀ, ਨਾ ਹੀ ਮੈਨੂੰ ਉਸ ਇਲਾਕੇ ਵਿਚ ਕਿਤੇ ਕਹਾਣੀਆਂ ਮਿਲੀਆਂ ਜਿਸ ਵਿਚ ਮੈਂ ਘੁੰਮਿਆ। ਕਹਾਣੀ, ਚਿੰਤਨ ਦੀ ਲੜੀ ਅਤੇ ਤਰਕ ਦੇ ਅਗਾਂਹ ਤੁਰਦੇ ਜਾਣ ਦੀ ਉਪਜ ਹੈ; ਜਾਂ ਫਿਰ ਇਹ ਇਨਸਾਨੀ ਜ਼ਿੰਦਗੀ ਦੇ ਮਾਅਰਕਿਆਂ ਦੀ ਯਾਦ ਨੂੰ ਤਾਜ਼ਾ ਕਰਨ ਦਾ ਸਾਧਨ ਬਣਦੀ ਹੈ, ਮਹਾਂ-ਕਾਵਿ ਵਾਂਗ। ਇਹ ਮਾਅਰਕੇ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤਕ ਦਾ ਸਫ਼ਰ ਕਰਦੇ ਹੋਏ ਲੋਕ-ਕਥਾਵਾਂ ਦਾ ਰੂਪ ਅਖ਼ਤਿਆਰ ਕਰ ਜਾਂਦੇ ਹਨ। ਮੈਂ ਬਸਤਰ ਦੇ ਕਬਾਇਲੀਆਂ ਦੀਆਂ ਲੋਕ ਕਥਾਵਾਂ ਤੇ ਮਹਾਂ-ਕਾਵਿ ਬਾਰੇ ਜਾਨਣਾ ਚਾਹੁੰਦਾ ਸਾਂ। ਸ਼ਾਇਦ ਜੇ ਮੈਂ ਉਥੇ ਲੰਬਾ ਸਮਾਂ ਟਿਕਦਾ ਤਾਂ ਇਨ੍ਹਾਂ ਨੂੰ ਕਿਤੋਂ ਨਾ ਕਿਤੋਂ ਖੋਜ ਲਿਆਉਂਦਾ। ਫਿਰ ਵੀ ਇਕ ਗਾਥਾ ਮੈਨੂੰ ਸੁਣਾਈ ਦੇ ਹੀ ਗਈ। ਗੁੰਡਾਧੁਰ ਦੀ ਬੀਰ-ਗਾਥਾ। ਗੁੰਡਾਧੁਰ ਜਿਸ ਨੇ 1910 ਵਿਚ ਬਰਤਾਨਵੀ ਹਕੂਮਤ ਖ਼ਿਲਾਫ਼ ਬਸਤਰ ਦੇ ਕਬਾਇਲੀਆਂ ਦੀ ਜ਼ਬਰਦਸਤ ਬਗ਼ਾਵਤ ਦੀ ਅਗਵਾਈ ਕੀਤੀ ਅਤੇ ਅੰਤ ਸ਼ਹੀਦੀ ਜਾਮ ਪੀ ਗਿਆ, ਪਰ ਇਹ ਗੀਤਾਂ ਤੇ ਕਹਾਣੀਆਂ ਦੇ ਰੂਪ ਵਿਚ ਲੋਕਾਂ ਦੇ ਸਭਿਆਚਾਰ ਵਿਚ ਪ੍ਰਚੱਲਤ ਨਹੀਂ ਸੀ। ਇਨਕਲਾਬੀ ਲਹਿਰ ਗੁੰਡਾਧੁਰ ਦੀ ਬਹਾਦਰੀ ਭਰੀ ਜ਼ਿੰਦਗੀ ਸਬੰਧੀ ਮੁੜ ਤੋਂ ਖੋਜ ਕਰ ਕੇ ਇਸ ਨੂੰ ਸਭਿਆਚਾਰਕ ਵਿਰਸਾ ਬਣਾਉਣ ਦੀ ਕੋਸ਼ਿਸ਼ ਵਿਚ ਹੈ।

ਗੁੰਡਾਧੁਰ ਬਾਰੇ ਮੈਨੂੰ ਇਕ ਤੈਲਗੂ ਪੱਤਰਕਾਰ ਨੇ ਦੱਸਿਆ ਸੀ ਜਿਹੜਾ ਜੰਗਲ ਵਿਚ ਗੁਰੀਲਿਆਂ ਵਲੋਂ ਕਰਵਾਏ ਪ੍ਰੋਗਰਾਮ ਨੂੰ ਦੇਖਣ ਪਹੁੰਚਿਆ ਸੀ। ਜੇ ਉਹ ਨਾ ਮਿਲਿਆ ਹੁੰਦਾ ਤਾਂ ਸ਼ਾਇਦ ਮੈਂ ਗੋਂਡ ਇਤਿਹਾਸ ਦੀਆਂ ਕਹਾਣੀਆਂ ਨੂੰ ਅਣਹੋਈਆਂ ਸਮਝਣ ਲੱਗ ਪੈਂਦਾ। ਉਸ ਨੇ ਏਲਵਿਨ ਨਾਮ ਦੇ ਅੰਗਰੇਜ਼ ਖੋਜੀ ਬਾਰੇ ਵੀ ਦੱਸਿਆ ਜਿਸ ਨੇ ਗੋਂਡ ਤੇ ਹੋਰ ਕਈ ਭਾਰਤੀ ਕਬੀਲਿਆਂ ਦੇ ਜੀਵਨ ਉਤੇ ਕਈ ਕਿਤਾਬਾਂ ਲਿਖੀਆਂ ਹਨ। ਫਿਰ ਵੀ ਇਕ ਗੱਲ ਸਪਸ਼ਟ ਹੈ ਕਿ ਕਹਾਣੀਆਂ ਰਵਾਇਤ ਦੇ ਰੂਪ ਵਿਚ ਉਸ ਇਲਾਕੇ ਦੇ ਗੋਂਡ ਕਬੀਲਿਆਂ ਵਿਚ ਪ੍ਰਚੱਲਤ ਨਹੀਂ ਹਨ।

*(ਚਲਦਾ)*

# ਅਭੈ ਦਿਓਲ ਵਰਗਾ ਕੋਈ ਨਹੀਂ




ਦਿਓਲ ਪਰਿਵਾਰ ਵਿਚੋਂ ਅਭੈ ਦਿਓਲ ਅਜਿਹਾ ਇਕੱਲਾ ਕਲਾਕਾਰ ਹੈ, ਜਿਸ ਨੇ ਆਪਣੀ ਅਦਾਕਾਰੀ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਹੈ। ਤਕਰੀਬਨ ਇਕ ਦਹਾਕਾ ਪਹਿਲਾਂ ਉਸ ਨੇ ਫਿਲਮਸਾਜ਼ ਇਮਤਿਆਜ਼ ਅਲੀ ਦੀ ਫਿਲਮ 'ਸੋਚਾ ਨਾ ਥਾ' (2005) ਨਾਲ ਫਿਲਮ ਜਗਤ ਵਿਚ ਪੈਰ ਧਰਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਸ ਨੇ ਲਗਾਤਾਰ, ਲੀਕ ਤੋਂ ਹਟਵੀਆਂ ਫਿਲਮਾਂ ਕੀਤੀਆਂ ਹਨ। ਉਹ ਆਖਦਾ ਹੈ ਕਿ ਇਸ ਤਰ੍ਹਾਂ ਦੀਆਂ ਫਿਲਮਾਂ ਬਣਾਉਣੀਆਂ ਅੱਜ ਦੇ ਦੌਰ ਵਿਚ ਸਭ ਤੋਂ ਮੁਸ਼ਕਿਲ ਕੰਮ ਹੈ, ਪਰ ਇਸ ਦੇ ਬਾਵਜੂਦ ਉਹ ਫਾਰਮੂਲਾ ਫਿਲਮਾਂ ਨੂੰ ਪਹਿਲ ਨਹੀਂ ਦਿੰਦਾ। ਉਹ ਆਖਦਾ ਹੈ ਕਿ ਉਹ ਉਹੀ ਫਿਲਮਾਂ ਕਰਦਾ ਹੈ ਜਿਸ ਦੇ ਕਿਰਦਾਰ ਜਾਂ ਫਿਲਮ ਦੀ ਕਹਾਣੀ ਨਾਲ ਉਸ ਦਾ ਕੋਈ ਲਾਗਾ-ਦੇਗਾ ਹੁੰਦਾ ਹੈ। 10-10 ਖਲਨਾਇਕਾਂ ਨੂੰ ਕੁੱਟਣਾ, ਕੁੜੀਆਂ ਪਿਛੇ ਭੱਜੇ ਫਿਰਨਾ ਉਸ ਦੇ ਲਈ ਸਹਿਜ ਵਰਤਾਰਾ ਨਹੀਂ ਹੈ। ਉਹ ਚਾਹੁੰਦਾ ਹੀ ਨਹੀਂ ਕਿ ਉਹ ਅਜਿਹੀਆਂ ਫਿਲਮਾਂ ਦਾ ਹਿੱਸਾ ਬਣੇ। ਯਾਦ ਰਹੇ ਕਿ ਅਭੈ ਦਿਓਲ ਨੇ 'ਏਕ ਚਾਲੀਸ ਕੀ ਲਾਸਟ ਲੋਕਲ', 'ਮਨੋਰਮਾ ਸਿਕਸ ਫੀਟ ਅੰਡਰ', 'ਓਏ ਲੱਕੀ! ਲੱਕੀ ਓਏ!', 'ਦੇਵ ਡੀ', 'ਆਇਸ਼ਾ', 'ਜ਼ਿੰਦਗੀ ਨਾ ਮਿਲੇਗੀ ਦੁਬਾਰਾ', 'ਸ਼ੰਘਾਈ', 'ਚੱਕਰਵਿਊ', 'ਰਾਂਝਨਾ', 'ਵਨ ਬਾਈ ਟੂ' ਵਰਗੀਆਂ ਲੀਕ ਤੋਂ ਹਟਵੀਆਂ ਫਿਲਮਾਂ ਕੀਤੀਆਂ ਹਨ। ਛੇਤੀ ਹੀ ਉਸ ਦੀ ਨਵੀਂ ਫਿਲਮ 'ਹੈਪੀ ਭਾਗ ਜਾਏਗੀ' ਰਿਲੀਜ਼ ਹੋ ਰਹੀ ਹੈ। 'ਰੌਕ ਦਿ ਸ਼ਾਦੀ' ਅਤੇ 'ਬਾਊਂਟੀ ਹੰਟਰ' ਫਿਲਮਾਂ ਦੀ ਤਿਆਰੀ ਚੱਲ ਰਹੀ ਹੈ। ਅਭੈ ਦਿਓਲ ਦਾ ਕਹਿੰਦਾ ਹੈ- "ਸਾਡੇ ਨਾਲ ਸਾਡੀ ਪਰੰਪਰਾ ਇੰਨੀ ਜ਼ਿਆਦਾ ਚਿੰਬੜੀ ਹੋਈ ਹੈ ਕਿ ਅਸੀਂ ਇਸ ਨੂੰ ਛੱਡਣ ਬਾਰੇ ਸੋਚ ਵੀ ਨਹੀਂ ਰਹੇ ਹਾਂ। ਇਸੇ ਕਰ ਕੇ ਕੋਈ ਵੀ ਨਵੀਂ ਗੱਲ ਛੇਤੀ ਕੀਤੇ ਪਰਵਾਨ ਨਹੀਂ ਕੀਤੀ ਜਾ ਰਹੀ।" ਇਕ ਗੱਲ ਉਹ ਬੜੇ ਧੜੱਲੇ ਨਾਲ ਕਹਿੰਦਾ ਹੈ, ਕਿ ਬਦਲਵਾਂ ਸਿਨਮਾ (ਆਲਟਰਨੇਟਿਵ ਸਿਨਮਾ ਜਿਸ ਨੂੰ ਸਾਰਥਕ ਸਿਨਮਾ ਵੀ ਕਿਹਾ ਜਾਂਦਾ ਹੈ) ਸਰਕਾਰ ਦੀ ਇਮਦਾਦ ਤੋਂ ਬਗੈਰ ਉਚੀ ਉਡਾਣ ਨਹੀਂ ਭਰ ਸਕਦਾ। ਅਜਿਹੀਆਂ ਫਿਲਮਾਂ ਦਾ ਤਾਂ ਖਰਚ ਪੂਰਾ ਹੋਣ ਦਾ ਡਰ ਲੱਗਿਆ ਰਹਿੰਦਾ ਹੈ। ਅਜਿਹੇ ਹਾਲਾਤ ਵਿਚ ਉਲਟੇ ਰੁਖ ਉਡਣਾ ਭਾਵੇਂ ਔਖਾ ਹੁੰਦਾ ਹੈ, ਪਰ ਇਸ ਵਰਗਾ ਅਨੰਦ ਕੋਈ ਹੋਰ ਨਹੀਂ। ਇਸ ਨਾਲ ਤੁਹਾਡੀ ਸੀਮਾ ਅਤੇ ਸਮਰੱਥਾ ਵੀ ਜ਼ਾਹਰ ਹੁੰਦੀ ਹੈ। ਇਸੇ ਕਰ ਕੇ ਤਾਂ ਅਭੈ ਵਰਗਾ ਕੋਈ ਹੋਰ ਨਹੀਂ ਹੈ! ਅਭੈ ਦਿਓਲ ਦੀ ਨਵੀਂ ਫਿਲਮ 'ਹੈਪੀ ਭਾਗ ਜਾਏਗੀ' ਉਸ ਦੀ ਪਲੇਠੀ ਫਿਲਮ 'ਸੋਚਾ ਨਾ ਥਾ' ਅਤੇ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਦੀ ਹੀ ਅਗਲੀ ਕੜੀ ਹੈ। ਫਿਲਮ ਦੀ ਵਧੇਰੇ ਸ਼ੂਟਿੰਗ ਅੰਮ੍ਰਿਤਸਰ ਦੀ ਹੈ। ਅਭੈ ਦਿਓਲ ਨੂੰ ਆਸ ਹੈ ਕਿ ਲੋਕ ਇਸ ਫਿਲਮ ਨੂੰ ਪਸੰਦ ਕਰਨਗੇ ਅਤੇ ਇਸ ਨਾਲ ਲੀਕ ਤੋਂ ਹਟਵੀਆਂ ਫਿਲਮਾਂ ਨੂੰ ਹੱਲਾਸ਼ੇਰੀ ਮਿਲੇਗੀ। -0-



*ਫਿਲਮ 'ਹੈਪੀ ਭਾਗ ਜਾਏਗੀ' ਵਿਚ ਅਭੈ ਦਿਓਲ ਅਤੇ (ਸੱਜੇ) ਡਿਆਨਾ ਪੇਂਟੀ।*

# ਅਦਾਕਾਰ ਨਸੀਰੂਦੀਨ ਸ਼ਾਹ ਬਣਿਆ ਸਵਾਲ



ਅਦਾਕਾਰ ਨਸੀਰੂਦੀਨ ਸ਼ਾਹ ਵੱਲੋਂ ਫਿਲਮ ਜਗਤ ਦੇ ਪਹਿਲੇ ਸੁਪਰ ਸਟਾਰ ਰਾਜੇਸ਼ ਖੰਨਾ ਨੂੰ 'ਕਮਜ਼ੋਰ ਅਦਾਕਾਰ' ਆਖਣ ਨਾਲ ਸ਼ੁਰੂ ਹੋਇਆ ਵਿਵਾਦ ਠੱਲ੍ਹ ਨਹੀਂ ਰਿਹਾ। ਰਾਜੇਸ਼ ਖੰਨਾ ਦੀ ਧੀ ਟਵਿੰਕਲ ਖੰਨਾ ਅਤੇ ਕੁਝ ਹੋਰ ਲੋਕਾਂ ਵੱਲੋਂ ਨਸੀਰੂਦੀਨ ਦੀ ਨੁਕਤਾਚੀਨੀ ਤੋਂ ਬਾਅਦ ਉਸ ਨੇ ਭਾਵੇਂ ਰਸਮੀ ਤੌਰ 'ਤੇ ਮੁਆਫ਼ੀ ਮੰਗ ਲਈ ਹੈ, ਪਰ ਨਾਲ ਹੀ ਕਹਿ ਸੁਣਾਇਆ ਹੈ ਕਿ ਉਹ ਆਪਣੇ ਬਿਆਨ ਉਤੇ ਕਾਇਮ ਹੈ। ਉਸ ਮੁਤਾਬਕ, ਉਸ ਨੇ ਮੁਆਫ਼ੀ ਇਸ ਕਰ ਕੇ ਮੰਗੀ ਕਿਉਂਕਿ ਉਸ ਦੀ ਟਿੱਪਣੀ ਨਾਲ ਘਰਵਾਲਿਆਂ ਦਾ ਦਿਲ ਦੁਖਿਆ ਹੈ ਅਤੇ ਉਸ ਦਾ ਮਕਸਦ ਘਰਵਾਲਿਆਂ ਦਾ ਦਿਲ ਦੁਖਾਣਾ ਨਹੀਂ ਸੀ, ਬਲਕਿ ਫਿਲਮ ਸਨਅਤ ਵਿਚ ਆਏ ਨਿਘਾਰ ਦੀ ਨਿਸ਼ਾਨਦੇਹੀ ਕਰਨਾ ਸੀ। ਉਸ ਨੇ ਫਿਰ ਸਪਸ਼ਟ ਸਵਾਲ ਕੀਤਾ ਹੈ ਕਿ ਕਿਸੇ ਦੀ ਚੰਗੀ ਜਾਂ ਮਾੜੀ ਅਦਾਕਾਰੀ ਦਾ ਮੀਟਰ ਸਿਰਫ਼ ਭੀੜ ਹੀ ਹੁੰਦਾ ਹੈ? ਯਾਦ ਰਹੇ ਕਿ ਨਸੀਰੂਦੀਨ ਦੀ ਨੁਕਤਾਚੀਨੀ ਕਰਦਿਆਂ ਪਟਕਥਾ ਲੇਖਕ ਸਲੀਮ ਖਾਨ ਨੇ ਕਿਹਾ ਸੀ ਕਿ ਰਾਜੇਸ਼ ਖੰਨਾ ਦੇ ਘਰ ਅੱਗੇ ਉਸ ਦੇ ਪੁੱਤਰ (ਸਲਮਾਨ ਖਾਨ) ਨਾਲੋਂ ਵੀ ਵੱਧ ਭੀੜ ਜੁੜਦੀ ਹੁੰਦੀ ਸੀ।


ਨਸੀਰੂਦੀਨ ਨੇ ਕਿਹਾ ਹੈ ਕਿ ਉਸ ਦੀ ਟਿੱਪਣੀ ਨੂੰ ਲੋਕਾਂ ਨੇ ਬਿਨਾਂ ਵਜ੍ਹਾ ਰਾਜੇਸ਼ ਖੰਨਾ ਦੇ ਮਾਣ-ਸਨਮਾਨ ਨਾਲ ਜੋੜ ਲਿਆ ਹੈ ਅਤੇ ਇਹ ਲੋਕ ਵਾਰ-ਵਾਰ ਇਕ ਹੀ ਸਵਾਲ ਉਠਾ ਰਹੇ ਹਨ। ਮੇਰਾ ਸਵਾਲ ਹੈ ਕਿ ਰਾਜੇਸ਼ ਖੰਨਾ ਦਾ ਫਿਲਮ ਸਨਅਤ ਨੇ ਕਿੰਨਾ ਕੁ ਮਾਣ-ਸਨਮਾਨ ਕੀਤਾ? ਰਾਜੇਸ਼ ਖੰਨਾ ਦੇ ਆਖਰੀ ਸਮੇਂ ਬਾਰੇ ਟਿੱਪਣੀ ਕਰਦਿਆਂ ਨਸੀਰੂਦੀਨ ਨੇ ਪੁੱਛਿਆ ਕਿ ਰਾਜੇਸ਼ ਖੰਨਾ ਨੇ ਆਪਣੇ ਆਖਰੀ ਸਮੇਂ ਦੌਰਾਨ ਬਹੁਤ ਮਾੜੀਆਂ ਫਿਲਮਾਂ ਕੀਤੀਆਂ ਅਤੇ ਫਿਰ ਫਿਲਮ ਸਨਅਤ ਨੇ ਉਸ ਨੂੰ ਵਗਾਹ ਮਾਰਿਆ। 1970 ਦੇ ਦਹਾਕੇ ਦੇ ਹਵਾਲੇ ਨਾਲ ਨਸੀਰ ਨੇ ਕਿਹਾ ਕਿ ਸਾਹਿਤਕ ਚੋਰੀ ਇਸ ਸਮੇਂ ਹੀ ਸ਼ੁਰੂ ਹੋਈ ਸੀ। ਉਸ ਵੇਲੇ ਦੇਵ ਅਨੰਦ, ਰਾਜ ਕਪੂਰ ਅਤੇ ਦਲੀਪ ਕੁਮਾਰ ਤਿੱਕੜੀ ਦੀ ਖਿੱਚ ਢਿੱਲੀ ਪੈ ਰਹੀ ਸੀ ਅਤੇ ਰਾਜੇਸ਼ ਖੰਨਾ ਦੇ ਨਾਲ ਜੌਇ ਮੁਖਰਜੀ, ਵਿਸ਼ਵਜੀਤ ਚੈਟਰਜੀ ਵਰਗੇ ਔਸਤ ਦਰਜੇ ਦੇ ਕਲਾਕਾਰ ਪਾਪੂਲਰ ਹੋ ਰਹੇ ਸਨ। ਇਸ ਸੂਰਤੇਹਾਲ ਵਿਚ ਫਿਲਮ ਸਨਅਤ ਨੂੰ ਕਿਸੇ ਆਈਕਨ ਦੀ ਜ਼ਰੂਰਤ ਸੀ ਅਤੇ ਇਹ ਜ਼ਰੂਰਤ ਰਾਜੇਸ਼ ਖੰਨਾ ਨੇ ਪੂਰੀ ਕਰ ਦਿੱਤੀ। ਇਸ ਤਰ੍ਹਾਂ ਫਿਲਮ ਸਨਅਤ ਨੇ ਪਹਿਲਾਂ ਰਾਜੇਸ਼ ਖੰਨਾ ਨੂੰ ਬਣਾਇਆ, ਫਿਰ ਖੂਬ ਇਸਤੇਮਾਲ ਕੀਤਾ ਅਤੇ ਜਦੋਂ ਉਹ ਪੈਸਾ ਬਣਾਉਣ ਵਾਲੀ ਮਸ਼ੀਨ ਨਾ ਰਿਹਾ ਤਾਂ ਪਰ੍ਹਾਂ ਵਗਾਹ ਮਾਰਿਆ। ਰਾਜੇਸ਼ ਖੰਨਾ ਚਾਹੁੰਦਾ ਤਾਂ ਇਸ ਤੋਂ ਬਚ ਸਕਦਾ ਸੀ, ਪਰ ਉਸ ਨੇ ਇਸ ਬਾਰੇ ਸੋਚਿਆ ਤਕ ਨਹੀਂ। -0-




*'ਜੀਵਨ ਹਾਥੀ' ਵਿਚ ਇਕ ਸਾਥੀ ਕਲਾਕਾਰ ਨਾਲ ਨਸੀਰੂਦੀਨ।*

# ਮੋਹਨ ਅਗਾਸ਼ੇ ਦੀ ਅਦਾਕਾਰੀ ਦੀਆਂ ਬਰਕਤਾਂ

ਅਦਾਕਾਰ ਮੋਹਨ ਅਗਾਸ਼ੇ ਕਿਤੇ ਵਜੋਂ ਡਾਕਟਰ ਹੈ ਅਤੇ ਉਹ ਪੁਣੇ ਦੇ ਬੀ.ਜੇ. ਮੈਡੀਕਲ ਕਾਲਜ ਅਤੇ ਸਸੂਨ ਹਸਪਤਾਲ ਵਿਚ ਅੱਜ ਵੀ ਮਨੋਵਿਗਿਆਨਕ ਵਿਭਾਗ ਵਿਚ ਸੇਵਾਵਾਂ ਦੇ ਰਿਹਾ ਹੈ। ਇਸ ਦੇ ਨਾਲ ਹੀ ਉਸ ਨੇ ਅਦਾਕਾਰੀ ਦੇ ਖੇਤਰ ਵਿਚ ਚੋਖਾ ਨਾਮ ਕਮਾਇਆ ਹੈ। ਆਪਣੇ ਕਿੱਤੇ ਦੇ ਰੁਝੇਵਿਆਂ ਅਤੇ ਜ਼ਿੰਮੇਵਾਰੀਆਂ ਦੇ ਬਾਵਜੂਦ ਉਹ ਅਦਾਕਾਰੀ ਲਈ ਸਮਾਂ ਕੱਢ ਲੈਂਦਾ ਹੈ। ਬੁਨਿਆਦੀ ਰੂਪ ਵਿਚ ਉਹ ਥੀਏਟਰ ਕਲਾਕਾਰ ਹੈ ਅਤੇ ਉਸ ਨੇ ਸ਼ੁਰੂਆਤ 1972 ਵਿਚ ਮਰਾਠੀ ਨਾਟਕ 'ਘਾਸੀਰਾਮ ਕੋਤਵਾਲ' ਨਾਲ ਕੀਤੀ ਸੀ। 1976 ਵਿਚ ਇਸ ਨਾਟਕ ਦੇ ਆਧਾਰ 'ਤੇ ਫਿਲਮ ਵੀ ਬਣੀ ਜਿਸ ਵਿਚ ਉਹਨੇ ਵੀ ਕਿਰਦਾਰ ਨਿਭਾਇਆ। ਉਸ ਸਮੇਂ ਦੀਆਂ ਅਹਿਮ ਸਾਰਥਕ ਫਿਲਮਾਂ ਵਿਚ ਮੋਹਨ ਅਗਾਸ਼ੇ ਨੇ ਅਹਿਮ ਕਿਰਦਾਰ ਨਿਭਾਏ ਜਿਨ੍ਹਾਂ ਵਿਚ ਨਿਸ਼ਾਂਤ, ਮੰਥਨ, ਭੂਮਿਕਾ, ਆਕਰੋਸ਼, ਸਦਗਤੀ, ਪਾਰ, ਮਿਸ਼ਾਲ ਸ਼ਾਮਲ ਹਨ। ਇਸ ਤੋਂ ਇਲਾਵਾ ਉਸ ਨੇ ਵਪਾਰਕ ਫਿਲਮਾਂ ਵਿਚ ਵੀ ਕੰਮ ਕੀਤਾ।






**'ਅਸਤੂ' ਫਿਲਮ ਬਣ ਰਹੀ ਸੀ ਤਾਂ ਪ੍ਰੋਡਿਊਸਰ ਕੋਲ ਪੈਸੇ ਮੁੱਕ ਗਏ ਅਤੇ ਫਿਲਮ ਡੱਬਾ-ਬੰਦ ਹੋਣ ਦੀ ਤਲਵਾਰ ਸਿਰ ਉਤੇ ਲਟਕਣ ਲੱਗ ਪਈ। ਉਸ ਵੇਲੇ ਮੋਹਨ ਅਗਾਸ਼ੇ ਨੇ ਆਪਣੀ ਪੈਨਸ਼ਨ ਦੇ ਜੋੜੇ ਪੈਸੇ ਇਸ ਫਿਲਮ ਉਤੇ ਲਗਾ ਦਿਤੇ ਅਤੇ ਇਹ ਫਿਲਮ ਦਰਸ਼ਕਾਂ ਤੱਕ ਪੁੱਜਦੀ ਕੀਤੀ। ਮਗਰੋਂ ਇਸ ਫਿਲਮ ਦੀ ਖੂਬ ਚਰਚਾ ਹੋਈ ਅਤੇ ਇਸ ਫਿਲਮ ਨੂੰ ਕੌਮੀ ਪੁਰਸਕਾਰ ਨਾਲ ਨਵਾਜਿਆ ਗਿਆ। ਮੋਹਨ ਅਗਾਸ਼ੇ ਚਾਹੁੰਦਾ ਹੈ ਕਿ ਅਜਿਹੀਆਂ ਫਿਲਮਾਂ ਹਰ ਹਾਲ ਅਤੇ ਹਰ ਹੀਲੇ ਬਣਨੀਆਂ ਚਾਹੀਦੀਆਂ ਹਨ। ਅਜਿਹੀਆਂ ਫਿਲਮਾਂ ਹੀ ਦਰਸ਼ਕਾਂ ਅਤੇ ਸਮਾਜ ਨੂੰ ਸੇਧ ਦੇ ਸਕਦੀਆਂ ਹਨ।**

ਅਪਰੈਲ 1997 ਤੋਂ ਅਪਰੈਲ 2002 ਤੱਕ ਉਹ ਪੁਣੇ ਦੀ ਮਸ਼ਹੂਰ ਸੰਸਥਾ ਐਫ਼.ਟੀ.ਆਈ.ਆਈ ਦਾ ਡਾਇਰੈਕਟਰ ਜਨਰਲ ਵੀ ਰਿਹਾ।

ਮੋਹਨ ਅਗਾਸ਼ੇ ਇੰਟਰਨੈੱਟ ਦੀ ਦੁਨੀਆਂ ਤੋਂ ਖੁਸ਼ ਤਾਂ ਬਹੁਤ ਹੈ, ਪਰ ਉਸ ਮੁਤਾਬਕ, ਇਸ ਨੇ ਨਵੀਂ ਪੀੜ੍ਹੀ ਨੂੰ ਸ਼ਾਰਟ-ਕੱਟ ਦੇ ਰਾਹ ਪਾ ਦਿੱਤਾ ਹੈ। ਇਹ ਪੀੜ੍ਹੀ ਤੱਟ-ਫੱਟ ਨਤੀਜੇ ਲੋਚਦੀ ਹੈ ਅਤੇ ਇਸੇ ਕਾਹਲ ਕਰ ਕੇ ਕਲਾ ਦੀਆਂ ਬੁਨਿਆਦਾਂ ਹਿੱਲ ਰਹੀਆਂ ਹਨ। ਉਹ ਆਖਦਾ ਹੈ ਕਿ ਅਸਲ ਸਿਖਲਾਈ ਜ਼ਿੰਦਗੀ ਦੇ ਪਿੜ ਵਿਚ ਪੁੱਜ ਕੇ ਹੀ ਮਿਲਦੀ ਹੈ। ਅਨੁਭਵ ਤੋਂ ਬਗੈਰ ਕਿਸੇ ਵੀ ਖੇਤਰ ਵਿਚ ਅੱਗੇ ਵਧਣਾ ਮੁਸ਼ਕਿਲ ਹੈ। ਫਿਲਮ ਸੰਸਥਾਵਾਂ ਵਿਚ ਚੱਲਦੀ ਸਿਆਸਤ ਬਾਰੇ ਉਹ ਬੜਾ ਦੁਖੀ ਹੈ ਅਤੇ ਕਹਿੰਦਾ ਹੈ ਕਿ ਜਿਸ ਮਕਸਦ ਲਈ ਇਹ ਸੰਸਥਾਵਾਂ ਬਣਾਈਆਂ ਸਨ, ਉਹ ਮਕਸਦ ਪਿਛੇ ਛੁੱਟ ਗਿਆ ਹੈ। ਫਿਰ ਵੀ ਉਹ ਆਸ ਕਰਦਾ ਹੈ ਕਿ ਇਸ ਸੌੜੀ ਸਿਆਸਤ ਖਿਲਾਫ਼ ਸੰਜੀਦਾ ਲੋਕ ਜੂਝ ਰਹੇ ਹਨ। ਇਨ੍ਹਾਂ ਵਿਚ ਨਵੀਂ ਪੀੜ੍ਹੀ ਦਾ ਯੋਗਦਾਨ ਅਹਿਮ ਹੋਵੇਗਾ। -0-

# SikhsPAC

Sikh's Political Action Committee

"A Voice for Diversity & Humanity"

SikhsPAC.com

## ਸਿੱਖ ਕੌਮ ਦਾ ਰਣਜੀਤ ਨਗਾਰਾ

ਵਾਹਿਗੁਰੂ ਦੀ ਮਿਹਰ ਅਤੇ ਭਾਈਚਾਰੇ ਦੀ ਸਹਾਇਤਾ ਨਾਲ ਅਮਰੀਕਾ ਭਰ 'ਚ *ਸਥਾਨਕ *ਸਟੇਟ ਤੇ ਫੈਡਰਲ ਪੱਧਰ ਤੱਕ ਅਮਰੀਕਨ ਰਾਜਨੀਤੀ 'ਚ ਬਾਕਾਇਦਾ ਦਾਖ਼ਲਾ


**ਤਿਆਰੀ ਫੰਡ** **ਪ੍ਰਚਾਰ ਮੁਹਿਮ** **ਹਿਮਾਇਤ ਯਕੀਨੀ ਬਨਾਉਣਾ**

- ਉਨ੍ਹਾਂ ਰਾਜਨੀਤਕ ਉਮੀਦਵਾਰਾਂ ਲਈ, ਜੋ ਅਮਰੀਕਾ ਭਰ 'ਚ ਸਿੱਖ ਧਰਮ, ਕੀਰਤੀ, ਇਤਿਹਾਸ, ਸੱਭਿਆਚਾਰ ਅਤੇ ਅੱਡਰੀ ਪਹਿਚਾਣ ਨੂੰ ਪ੍ਰਚਾਰਣ, ਹਿਮਾਇਤ ਦੇਣ ਅਤੇ ਯਕੀਨੀ ਬਣਾਉਣ ਲਈ ਕੰਮ ਕਰਨਗੇ।
- ਅਮਰੀਕੀ ਰਾਜਨੀਤੀ 'ਚ ਇਛੁਕ ਸਿੱਖ ਉਮੀਦਵਾਰਾਂ ਲਈ।
- ਲੋਕ ਸੇਵਾਵਾਂ ਅਤੇ ਸਿਆਸੀ ਲੀਡਰਸ਼ਿਪ ਲਈ ਅਮਰੀਕੀ ਨੌਜਵਾਨਾਂ ਨੂੰ ਤਿਆਰ ਕਰਨ ਲਈ।
- ਅਮਰੀਕਾ ਭਰ ਦੇ ਹਾਈ ਸਕੂਲਾਂ ਦੇ ਸਿਲੇਬਸ 'ਚ ਸਿੱਖ ਧਰਮ, ਕੀਰਤੀ, ਇਤਿਹਾਸ, ਸੱਭਿਆਚਾਰ ਅਤੇ ਵੱਖਰੀ ਪਹਿਚਾਣ ਦਾ ਵਿਸ਼ਾ ਲਾਗੂ ਕਰਾਉਣੇ ਲਈ।
- ਸਿੱਖ ਰਾਜਨੀਤਕ ਮੰਚ-ਅਨੇਕਤਾ ਅਤੇ ਮਾਨਵਤਾ ਦੀ ਆਵਾਜ਼ ਅਤੇ 'ਅੰਤਰ ਧਰਮ, ਸਿੱਖਿਆ ਅਤੇ ਆਰਥਿਕ ਵਿਕਾਸ ਸਿੱਖ ਆਵਾਜ਼।

**Join SikhsPAC.com**

***ਜਿਸ ਦਾ ਅਗਸਤ 31 ਨੂੰ ਉਦਘਾਟਨ 12.30 ਬਜੇ ਬਾਅਦ ਦੁਪਹਿਰ ਕੋਲੰਬੀਆ ਕਲੱਬ, ਇੰਡੀਅਨਏਪਲਸ, ਇੰਡਿਆਨਾ ਵਿਚ ਕੀਤਾ ਜਾਵੇਗਾ। ਇਸ ਮੌਕੇ ਦੋਹਾਂ ਮੁੱਖ ਪਾਰਟੀਆਂ ਦੇ ਗਵਰਨਰ ਪੱਦ ਲਈ ਉਮੀਦਵਾਰ ਸੰਬੋਧਨ ਕਰਨਗੇ।***

*ਅਮਰੀਕਾ ਦੇ ਸਾਰੇ ਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜੋ ਸਾਰੀ ਮਨੁੱਖਤਾ ਦੀ ਭਲਾਈ ਲਈ ਸਾਡੇ ਅੰਦਰ ਸ਼ਕਤੀ ਤੇ ਸਿੱਦਕ ਸੰਚਾਰ ਕੀਤਾ ਹੋਇਆ ਹੈ, ਉਸ ਨੂੰ ਅਮਲੀ ਤੇ ਠੋਸ ਰੂਪ ਦੇਣ ਲਈ, ਹੁੰਮ ਹੁੰਮਾ ਕੇ ਸਿੱਖਜ਼ਪੈਕ 'ਚ ਸ਼ਾਮਲ ਹੋਵੋ ਤਾਂ ਜੋ ਅਮਰੀਕਾ 'ਚ ਸਿੱਖ ਧਰਮ, ਕੀਰਤੀ, ਇਤਿਹਾਸ, ਸੱਭਿਆਚਾਰ ਅਤੇ ਵੱਖਰੀ ਪਹਿਚਾਣ ਨੂੰ ਸਿਆਸੀ ਤਾਕਤ ਵਜੋਂ ਸਾਬਤ ਕੀਤਾ ਜਾ ਸਕੇ।*





**ਗੁਰਿੰਦਰ ਸਿੰਘ ਖਾਲਸਾ**

ਕਨਵੀਨਰ

## ਸੈਨਹੋਜ਼ੇ ਵਿਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਉਤਸਵ ਦੇ ਪਵਿੱਤਰ ਦਿਹਾੜੇ 'ਤੇ ਮਹਾਨ ਨਗਰ



# ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ 'ਤੇ

# ਮਹਾਨ ਨਗਰ ਕੀਰਤਨ 4 ਸਤੰਬਰ, 2016 (ਐਤਵਾਰ)

# ਪਵਿੱਤਰ ਦਿਹਾੜੇ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦੇ ਪਵਿੱਤਰ ਦਿਹਾੜੇ 'ਤੇ ਪਹਿਲੀ ਵਾਰ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਤੋਂ ਬਾਹਰ ਸੈਨ ਹੋਜ਼ੇ ਨਗਰ ਦੀਆਂ ਸੜਕਾਂ 'ਤੇ ਨਗਰ ਕੀਰਤਨ ਕੱਢਿਆ ਜਾਵੇਗਾ। ਨਗਰ ਕੀਰਤਨ ਸਵੇਰੇ 11 ਵਜੇ ਗੁਰੂਘਰ ਤੋਂ ਰਵਾਨਾ ਹੋਵੇਗਾ। ਨਗਰ ਕੀਰਤਨ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਤਾਜਵਿੰਦਰ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ), ਪੰਥ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਦਰਬਾਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਗੁਰੂ ਘਰ ਵਿਖੇ 5 ਦਿਨ ਹਾਜ਼ਰੀਆਂ ਭਰਨਗੇ। ਇਸ ਤੋਂ ਇਲਾਵਾ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ, ਸ੍ਰੀ ਦਰਬਾਰ ਸਾਹਿਬ ਦੇ ਪ੍ਰਸਿੱਧ ਹਜ਼ੂਰੀ ਰਾਗੀ ਜਥੇ, ਢਾਡੀ ਤੇ ਕਵੀਸ਼ਰੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਆਪ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਸਭ ਨੇ ਸਮੇਂ ਸਿਰ ਪੁੱਜਣ ਦੀ ਕਿਰਪਾਲਤਾ ਕਰਨੀ ਜੀ।





### ਕਾਰ ਪਾਰਕਿੰਗ

ਗੁਰਦੁਆਰਾ ਸਾਹਿਬ ਦੀ ਕਾਰ ਪਾਰਕਿੰਗ ਤੋਂ ਇਲਾਵਾ, ਐਵਰਗਰੀਨ ਹਾਈ ਸਕੂਲ ਵਿੱਚ ਵੀ ਕਾਰ ਪਾਰਕਿੰਗ ਦਾ ਇੰਤਜ਼ਾਮ ਕੀਤਾ ਗਿਆ ਹੈ।

ਗੁਰਦੁਆਰਾ ਸਾਹਿਬ ਪ੍ਰਬੰਧਕਾਂ ਵੱਲੋਂ ਇਸ ਨਗਰ ਕੀਰਤਨ ਵਿਚ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਨੂੰ ਵੀ ਸਨਿਮਰ ਬੇਨਤੀ ਹੈ ਕਿ ਗੁਰੂ ਕੇ ਲੰਗਰਾਂ, ਨਗਰ ਕੀਰਤਨ ਵਿਚ ਅਤੇ ਕਾਰ ਪਾਰਕਿੰਗ ਲਈ ਸੇਵਾ ਨਿਭਾਉਣ ਲਈ ਹਾਜ਼ਰੀਆਂ ਭਰਨ ਜੀ।


### ਪੰਥ ਪ੍ਰਸਿੱਧ ਜਥੇ ਸੰਗਤ ਨੂੰ ਕੀਰਤਨ ਨਾਲ ਨਿਹਾਲ ਕਰਨਗੇ:

ਭਾਈ ਤਾਜਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਹਰਜਿੰਦਰ ਸਿੰਘ ਸ੍ਰੀ ਨਗਰ, ਭਾਈ ਜਸਵਿੰਦਰ ਸਿੰਘ (ਸਾਬਕਾ ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ), ਭਾਈ ਭੁਪਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਰਸ਼ਪਾਲ ਸਿੰਘ, ਭਾਈ ਭੁਪਿੰਦਰ ਸਿੰਘ ਗੰਗਾਨਗਰ, ਭਾਈ ਬਲਜੀਤ ਸਿੰਘ, ਭਾਈ ਦਲੀਪ ਸਿੰਘ (ਹਜ਼ੂਰੀ ਰਾਗੀ ਸ੍ਰੀ ਕੇਸਗੜ ਸਾਹਿਬ) ਦੇ ਜਥਿਆਂ ਤੋਂ ਇਲਾਵਾ ਬੀਬੀ ਚੰਚਲਦੀਪ ਕੋਰ (ਹਜ਼ੂਰੀ ਢਾਡੀ ਜਥਾ ਸ੍ਰੀ ਦਰਬਾਰ ਸਾਹਿਬ) ਦਾ ਢਾਡੀ ਜਥਾ ਸੰਗਤਾਂ ਨੂੰ ਗੁਰ ਸ਼ਬਦ ਅਤੇ ਗੁਰ ਜਸ ਸਰਵਣ ਕਰਵਾਉਣਗੇ।

**ਵਿਸ਼ੇਸ਼ ਕੀਰਤਨ ਦਰਬਾਰ:** 31 ਅਗਸਤ ਤੋਂ 3 ਸਤੰਬਰ ਨੂੰ (6 - 9pm) ਵਿਸ਼ੇਸ਼ ਕੀਰਤਨ ਦਰਬਾਰ ਸਜਣਗੇ।

ਦੂਰ ਦੁਰਾਡੇ ਸ਼ਹਿਰਾਂ ਤੋਂ ਆਈਆਂ ਸੰਗਤਾਂ ਲਈ ਗੁਰੂ ਘਰ ਵਿਖੇ ਰਿਹਾਇਸ਼ ਦਾ ਇੰਤਜ਼ਾਮ ਕੀਤਾ ਜਾਵੇਗਾ। ਸੰਗਤਾਂ

**ਕਾਰ-ਚਾਰਜਿੰਗ ਸਟੇਸ਼ਨ**
ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਲਈ ਗੁਰੂ ਘਰ ਵਿਖੇ ਕਾਰ-ਚਾਰਜਿੰਗ ਸਟੇਸ਼ਨ ਦਾ ਉਦਘਾਟਨ ਸਤੰਬਰ 4, 2016 ਸਵੇਰੇ 10 ਵਜੇ ਹੋਵੇਗਾ। ਸੈਨ ਹੋਜ਼ੇ ਦੇ ਮੇਅਰ ਵੀ ਇਸ ਸਮਾਰੋਹ ਵਿਚ ਸ਼ਾਮਲ ਹੋਣਗੇ।




### ਹੋਰ ਜਾਣਕਾਰੀ ਲਈ ਸੰਪਰਕ ਕਰੋ:

ਹੈਡ ਗ੍ਰੰਥੀ ਮਹਿੰਦਰ ਸਿੰਘ ਬਾਜਵਾ 408-274-9373; ਭੁਪਿੰਦਰ ਸਿੰਘ ਢਿੱਲੋਂ 408-568-0034; ਰਜਿੰਦਰ ਸਿੰਘ ਮੰਗਰ 408-712-4145; ਕਿਰਪਾਲ ਸਿੰਘ ਅਠਵਾਲ 408-835-7712; ਸੁਖਦੇਵ ਸਿੰਘ ਬੈਨੀਵਾਲ 408-421-9463; ਸਰਵਜੋਤ ਸਿੰਘ ਸਵੱਦੀ 408-449-1639; ਸੁਰਜੀਤ ਸਿੰਘ ਬੈਂਸ 408-394-3595, ਜਸਵੀਰ ਸਿੰਘ ਪਵਾਰ 408-416-7200

**ਲੰਗਰ ਸੇਵਾ ਲਈ** ਕੁਲਦੀਪ ਸਿੰਘ ਸ਼ੇਰਗਿੱਲ 408-230-8319 ਅਤੇ

**ਬੂਥ ਬੁੱਕ ਕਰਵਾਉਣ ਲਈ** ਸਰਬਜੀਤ ਸਿੰਘ ਸੰਧੂ 408-504-9365 ਨਾਲ ਸੰਪਰਕ ਕਰੋ ਜੀ।

ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ 3636 Murillo Ave. San Jose CA 95148
ਗੁਰਦੁਆਰਾ ਵੈਬ-ਸਾਈਟ: www.sanjosegurdwara.org ਅਤੇ ਫੋਨ ਨੰਬਰ: 408-274-9373